Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad Space Available
Please call:
847-359-0746

Global Green INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 35, September 2, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਗੁਨਾਹਾਂ ਦਾ 'ਗੁਰੂ' ਅਸਲ ਟਿਕਾਣੇ ਲੱਗਾ

## ਡੇਰਾ ਸਿਰਸਾ ਮੁਖੀ ਦੀ ਸਾਰੀ ਉਮਰ ਹੁਣ ਜੇਲ੍ਹ ਵਿਚ ਹੀ ਨਿਕਲੇਗੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਆਪਣੇ ਆਪ ਨੂੰ 'ਰੱਬ ਦਾ ਦੂਤ' ਦੱਸਣ ਵਾਲਾ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਆਖਰਕਾਰ ਕਾਨੂੰਨ ਦੇ ਲੰਮੇ ਹੱਥਾਂ ਵਿਚ ਆ ਗਿਆ। ਸੀ.ਬੀ.ਆਈ. ਅਦਾਲਤ ਨੇ ਰਾਮ ਰਹੀਮ ਨੂੰ ਦੋ ਸਾਧਵੀਆ ਨਾਲ ਬਲਾਤਕਾਰ ਦੇ ਮਾਮਲਿਆਂ ਵਿਚ 10-10 ਸਾਲ ਦੀ ਕੈਦ ਅਤੇ 15-15 ਲੱਖ ਰੁਪਏ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਡੇਰਾ ਮੁਖੀ ਨੂੰ ਹੁਣ 20 ਸਾਲ ਕੈਦ ਕੱਟਣੀ ਪਵੇਗੀ।

ਰਾਮ ਰਹੀਮ ਨੇ ਭਾਵੇਂ ਫੈਸਲਾ ਸੁਣਾਉਣ ਵਾਲੇ ਸੀ.ਬੀ.ਆਈ. ਜੱਜ 'ਤੇ ਦਬਾਅ ਪਾਉਣ ਲਈ ਆਪਣੇ ਪ੍ਰੇਮੀਆਂ ਰਾਹੀਂ ਖੁੱਲ੍ਹ ਕੇ ਗੁੰਡਾਗਰਦੀ ਕਰਵਾਈ, ਪਰ ਅਦਾਲਤ ਉਤੇ ਇਸ ਦਾ ਰਤਾ ਵੀ ਅਸਰ ਨਾ ਹੋਇਆ ਤੇ ਅੰਤ ਬਾਬੇ ਨੂੰ ਜੱਜ ਸਾਹਮਣੇ ਰੋਂਦੇ-ਕੁਰਲਾਉਂਦਿਆਂ ਰਹਿਮ ਦੀ ਭੀਖ ਮੰਗਣ ਲਈ ਮਜਬੂਰ ਹੋਣਾ ਪਿਆ। ਡੇਰਾ ਮੁਖੀ ਹੁਣ ਜੇਲ੍ਹ ਵਿਚ 20 ਰੁਪਏ ਦਿਹਾੜੀ 'ਤੇ ਕੰਮ ਕਰੇਗਾ। ਡੇਰਾ ਮੁਖੀ ਨੂੰ ਇਹ ਦਿਨ ਦਿਖਾਉਣ ਲਈ ਪੀੜਤਾਂ ਨੂੰ 15 ਸਾਲ ਦੀ ਕਾਨੂੰਨੀ ਲੜਨੀ ਪਈ। ਸਾਲ 2002 ਵਿਚ ਡੇਰੇ ਦੀ ਇਕ ਸਾਧਵੀ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾ ਕੇ ਡੇਰਾ ਮੁਖੀ ਖਿਲਾਫ਼ ਹਾਈ ਕੋਰਟ ਅਤੇ ਪ੍ਰਧਾਨ ਮੰਤਰੀ ਦੇ ਨਾਮ ਚਿੱਠੀ ਲਿਖੀ ਸੀ। ਇਸ ਤੋਂ ਬਾਅਦ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਸਾਲ 2007 ਵਿਚ ਇਸ ਮਾਮਲੇ ਵਿਚ ਰਾਮ ਰਹੀਮ ਪਹਿਲੀ ਵਾਰ ਅੰਬਾਲਾ ਅਦਾਲਤ ਵਿਚ ਪੇਸ਼ ਹੋਇਆ। ਇਸ ਮਗਰੋਂ ਇਹ



ਮਾਮਲਾ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵਿਚ ਚੱਲ ਰਿਹਾ ਸੀ।

ਡੇਰੇ ਦੇ ਪ੍ਰਬੰਧਕਾਂ ਨੇ ਕਾਨੂੰਨੀ ਕਾਰਵਾਈ ਵਿਚ ਅੜਿੱਕੇ ਡਾਹੁਣ ਲਈ ਹਰ ਹਰਬਾ ਵਰਤਿਆ। ਫੈਸਲੇ ਪਿੱਛੋਂ ਸੀ.ਬੀ.ਆਈ. ਦੇ ਇਕ ਜਾਂਚ ਅਧਿਕਾਰੀ ਵੱਲੋਂ ਕੀਤੇ ਖੁਲਾਸੇ ਤੋਂ ਪਤਾ ਲੱਗਦਾ ਹੈ ਕਿ ਇਹ ਲੜਾਈ ਕਿੰਨੀ ਮੁਸ਼ਕਿਲ ਸੀ। ਇਸ ਅਧਿਕਾਰੀ ਦਾ ਕਹਿਣਾ ਹੈ ਕਿ ਡੇਰੇ ਨੇ ਸੀ.ਬੀ.ਆਈ. ਉਤੇ ਇੰਨਾ ਦਬਾਅ ਬਣਾਇਆ ਕਿ ਉਸ ਦੇ ਸੀਨੀਅਰ ਅਧਿਕਾਰੀ ਉਸ ਨੂੰ ਕੇਸ ਤੋਂ ਪਾਸੇ ਹਟਣ ਲਈ ਆਖਣ ਲੱਗੇ। ਉਸ ਨੂੰ ਲਾਲਚ ਅਤੇ ਧਮਕੀਆਂ ਵੀ ਦਿੱਤੀਆਂ ਗਈਆਂ, ਪਰ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਡਟਿਆ ਰਿਹਾ। ਡੇਰਾ ਮੁਖੀ ਨੂੰ ਆਪਣੀ ਹੋਣੀ ਦਾ ਪਤਾ ਦੋ ਮਹੀਨੇ ਪਹਿਲਾਂ ਲੱਗ ਗਿਆ ਸੀ, ਜਦੋਂ ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਦੇ ਜੱਜ ਨੇ ਕੇਸ ਦੀ ਰੋਜ਼ਾਨਾ ਸੁਣਵਾਈ ਕਰਨ ਦੇ ਹੁਕਮ ਸੁਣਾ ਦਿੱਤੇ।

ਇਸ ਪਿੱਛੋਂ ਡੇਰੇ ਦਾ ਸਾਰਾ ਜ਼ੋਰ ਅਦਾਲਤੀ ਕਾਰਵਾਈ ਵਿਚ ਵਿਘਨ ਪਾਉਣ 'ਤੇ ਲੱਗ ਗਿਆ। ਇਸ ਕੰਮ ਲਈ ਹਰਿਆਣਾ ਵਿਚ ਮਨੋਹਰ ਲਾਲ ਖੱਟਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੀ ਬਾਬੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਗਈ ਅਤੇ ਪੰਚਕੂਲਾ ਵਿਚ ਧਾਰਾ 144 ਲਾਉਣ ਦੇ ਬਾਵਜੂਦ 4 ਲੱਖ ਲੋਕਾਂ ਦਾ ਇਕੱਠ ਹੋਣ ਦਿੱਤਾ।

*(ਬਾਕੀ ਸਫਾ 6 'ਤੇ)*

## ਅਜੇ ਤਾਂ ਬੱਸ ਸ਼ੁਰੂਆਤ ਹੈ...

**ਕੁਰੂਕਸ਼ੇਤਰ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਅਜੇ ਸਿਰਫ ਦੋ ਸਾਧਵੀਆਂ ਨਾਲ ਬਲਾਤਕਾਰ ਮਾਮਲੇ ਵਿਚ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚੋਂ ਇਕ ਸਾਧਵੀ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਦੱਸਿਆ ਸੀ ਕਿ ਉਸ ਵਰਗੀਆਂ ਹਜ਼ਾਰਾਂ ਕੁੜੀਆਂ ਨੂੰ ਡੇਰਾ ਮੁਖੀ ਨੇ ਬਰਬਾਦ ਕੀਤਾ ਹੈ ਪਰ ਉਹ ਡਰ ਦੇ ਮਾਰੇ ਸਾਹਮਣੇ ਨਹੀਂ ਆ ਰਹੀਆਂ। ਹੁਣ ਡੇਰਾ ਮੁਖੀ ਦੇ ਜੇਲ੍ਹ ਜਾਣ ਪਿੱਛੋਂ ਅਜਿਹੀਆਂ ਪੀੜਤਾਂ ਦੇ ਸਾਹਮਣੇ ਆਉਣ ਦੇ ਆਸਾਰ ਹਨ। ਇਸ ਤੋਂ ਇਲਾਵਾ ਡੇਰੇ ਵਿਚ ਕੰਮ ਕਰਨ ਵਾਲੇ ਬਾਬੇ ਦੇ ਕੁਝ ਕਰੀਬੀ ਵੀ ਰਾਮ ਰਹੀਮ ਦੀਆਂ ਕਰਤੂਤਾਂ ਬਾਰੇ ਖੁੱਲ੍ਹ ਕੇ ਬੋਲਣ ਲੱਗੇ ਹਨ। ਰਾਮ ਰਹੀਮ 'ਤੇ ਜਿਣਸੀ ਸ਼ੋਸ਼ਣ ਤੋਂ ਡੇਰੇ ਦੇ 400 ਸੇਵਕਾਂ ਨੂੰ ਨਾਮਰਦ ਬਣਾਉਣ, ਪੱਤਰਕਾਰ ਰਾਮ ਚੰਦਰ ਛੱਤਰਪਤੀ ਦਾ ਕਤਲ, 2003 ਵਿਚ ਡੇਰੇ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵੀ ਚੱਲ ਰਹੇ ਹਨ। ਇਸ ਤੋਂ ਇਲਾਵਾ 2007 ਵਿਚ ਰਾਮ ਰਹੀਮ ਨੂੰ ਇਕ ਇਸ਼ਤਿਹਾਰ ਵਿਚ ਸਿੱਖਾਂ ਦੇ 10ਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਦਿਆਂ ਉਨ੍ਹਾਂ ਵਰਗੀ ਪੋਸ਼ਾਕ ਪਾਉਣ ਬਾਰੇ ਕੇਸ ਵੀ ਮੁੜ ਖੁੱਲ੍ਹ ਸਕਦਾ ਹੈ। ਇਸ ਕੇਸ ਨੂੰ ਬਾਦਲ ਸਰਕਾਰ ਸਮੇਂ ਬੰਦ ਕਰ ਦਿੱਤਾ ਗਿਆ ਸੀ।

## ਸਿਆਸੀ ਆਗੂਆਂ ਨੂੰ ਵੀ ਦਿਸਣ ਲੱਗੇ ਬਾਬੇ ਦੇ ਗੁਨਾਹ

ਰਾਮ ਰਹੀਮ ਦੇ ਜੇਲ੍ਹ ਜਾਣ ਪਿੱਛੋਂ ਹਰਿਆਣਾ ਤੇ ਪੰਜਾਬ ਦੇ ਸਿਆਸੀ ਆਗੂਆਂ ਨੂੰ ਡੇਰਾ ਸਿਰਸਾ ਮੁਖੀ ਬੁਰਾ ਲੱਗਣ ਲੱਗਾ ਹੈ। ਜਿਹੜੇ ਰਾਜਸੀ ਨੇਤਾ 25 ਅਗਸਤ ਤੋਂ ਪਹਿਲਾਂ ਡੇਰਾ ਮੁਖੀ ਨੂੰ ਇਨਸਾਨੀਅਤ ਦਾ ਮਸੀਹਾ ਅਤੇ ਦੀਨ ਦੁਖੀਆਂ ਦਾ ਪਾਲਣਹਾਰ ਦੱਸਦੇ ਫਿਰਦੇ ਸਨ, ਉਹ ਹੁਣ ਉਸ ਨੂੰ ਠੱਗ ਤੇ ਹਤਿਆਰਾ ਦੱਸਣ ਵਿਚ ਰਤਾ ਵੀ ਝਿਜਕ ਮਹਿਸੂਸ ਨਹੀਂ ਕਰ ਰਹੇ। ਡੇਰੇ ਦਾ ਆਸਰਾ ਲੈ ਕੇ ਸੱਤਾ ਹਾਸਲ ਕਰਨ ਵਾਲੀ ਖੱਟਰ ਸਰਕਾਰ ਨੇ ਝੱਟ ਆਪਣਾ ਰੁਖ ਬਦਲ ਲਿਆ। ਜੱਜ ਦੇ ਫੈਸਲਾ ਸੁਣਾਉਣ ਤੱਕ ਚੁੱਪ ਰਹੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਬਾਬੇ ਨੂੰ ਬੁਰਾ ਭਲਾ ਕਹਿਣ ਲਈ ਮੈਦਾਨ ਵਿਚ ਨਿੱਤਰ ਆਏ। ਕਾਂਗਰਸ ਦੇ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਫੈਸਲੇ ਤੋਂ ਪਹਿਲਾਂ ਤੱਕ ਡੇਰਾ ਮੁਖੀ ਬਾਰੇ ਸਵਾਲਾਂ ਨੂੰ ਟਾਲਦੇ ਆ ਰਹੇ ਸਨ, ਪਰ ਉਹ ਵੀ ਹੁਣ 'ਜੋ ਕਰੇਗਾ ਸੋ ਭਰੇਗਾ' ਵਰਗੀਆਂ ਟਿੱਪਣੀਆਂ ਕਰ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਿਸ ਕਾਰਵਾਈ ਵਿਚ ਮਾਰੇ ਗਏ ਡੇਰਾ ਪ੍ਰੇਮੀਆਂ ਨੂੰ ਮੁਆਵਜ਼ਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ।

We Do Real Estate in
Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


PUNJABI
MEGA
PACK
$14.99 FOR
24 MONTHS
Save $240 over 2 years
dish
YOUR CULTURE AT HOME
Dish.com/Punjabi
1-888-621-5401
PTC PUNJABI
etc ਪੰਜਾਬੀ
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/18/17. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਗੁਰਦੁਆਰਾ ਸੈਨ ਹੋਜੇ 'ਚ ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਬਾਰੇ ਚਰਚਾ

**ਸੈਨ ਹੋਜੇ (ਬਿਊਰੋ):** ਗੁਰਦੁਆਰਾ ਸੈਨ ਹੋਜੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਵਸ ਮਨਾਉਣ ਲਈ ਛੇਵੀਂ ਸਾਲਾਨਾ ਕਾਨਫਰੰਸ ਕਰਵਾਈ ਗਈ। ਕਾਨਫਰੰਸ ਦੌਰਾਨ ਸਿੱਖ ਵਿਦਵਾਨਾਂ ਨੇ ਸ੍ਰੀ ਗੁਰੂ ਸਾਹਿਬ ਸਾਹਿਬ ਦੇ ਸੁਨੇਹੇ ਬਾਰੇ ਚਾਨਣਾ ਪਾਇਆ ਅਤੇ ਚਰਚਾ ਕੀਤੀ ਕਿ ਇਸ ਸੁਨੇਹੇ ਨੂੰ ਵੱਧ ਤੋਂ ਵੱਧ ਸੰਗਤ ਤੱਕ ਪਹੁੰਚਾਉਣ ਲਈ ਹੰਭਲਾ ਮਾਰਿਆ ਜਾਵੇ। ਇਹ ਕਾਨਫਰੰਸ ਚੜ੍ਹਦੀ ਕਲਾ ਫਾਊਂਡੇਸ਼ਨ, ਸਿੱਖ ਗੁਰਦੁਆਰਾ ਸੈਨ ਹੋਜੇ ਅਤੇ ਸਿੱਖਨੈਟ ਵੱਲੋਂ ਸਾਂਝੇ ਤੌਰ 'ਤੇ ਕਰਵਾਈ ਗਈ।

ਕਾਨਫਰੰਸ ਦਾ ਮੁੱਖ ਵਿਸ਼ਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ' ਸੀ। ਸ਼ੁਰੂਆਤ ਸੈਨ ਹੋਜੇ ਦੇ ਗੁਰੂ ਨਾਨਕ ਖਾਲਸਾ ਸਕੂਲ ਦੇ ਵਿਦਿਆਰਥੀਆਂ ਦੇ ਦੋ ਗਰੁਪਾਂ ਵੱਲੋਂ ਗਾਏ ਸ਼ਬਦਾਂ ਨਾਲ ਕੀਤੀ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਸੰਖੇਪ ਵਿਚਾਰ-ਚਰਚਾ ਵੀ ਕੀਤੀ। ਹਰਨੂਰ ਕੌਰ ਨੇ ਸ੍ਰੀ ਗੁਰੂ ਨਾਨਕ ਦੇਵ ਵੱਲੋਂ ਚਲਾਈ ਸਿੱਖ ਰਹਿਤ ਬਾਰੇ ਦੱਸਿਆ। ਗੀਤਾ ਕੌਰ ਨੇ ਭਾਈ ਵੀਰ ਸਿੰਘ ਦੇ ਨਾਵਲ 'ਸਤਵੰਤ ਕੌਰ' ਵਿਚ ਦਰਸਾਈ ਸਿੱਖੀ ਜੀਵਨ ਜਾਚ ਦੇ ਹਵਾਲੇ ਨਾਲ ਸੰਗਤ ਨੂੰ ਸੁਨੇਹਾ ਦਿੱਤਾ। ਸੁਖਬੀਰ ਸਿੰਘ ਨੇ ਸਿੱਖ ਰਹਿਤ ਮਰਿਆਦਾ ਬਾਰੇ ਚਾਨਣਾ ਪਾਇਆ।



ਇਸ ਤੋਂ ਬਾਅਦ ਚੜ੍ਹਦੀ ਕਲਾ ਫਾਊਂਡੇਸ਼ਨ ਦੇ ਚੇਅਰਮੈਨ ਡਾ. ਇੰਦਰਮੋਹਨ ਸਿੰਘ ਨੇ "ਹੁਕਮ" ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਬ੍ਰਹਿਮੰਡ ਵਾਹਿਗੁਰੂ ਦੇ ਹੁਕਮ ਅਨੁਸਾਰ ਸਾਜਿਆ ਅਤੇ ਨਿਵਾਜਿਆ ਗਿਆ ਹੈ। ਅਸੀਂ ਜੋ ਕੁਝ ਕਰਦੇ ਹਾਂ, ਉਹ ਉਸ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਡਾ. ਆਈ.ਜੇ. ਸਿੰਘ ਨੇ ਵੀ ਹੁਕਮ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।



*ਡਾ. ਜਸਪਾਲ ਸਿੰਘ*

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਰੋਕਾਰਾਂ ਬਾਰੇ ਗੱਲ ਕੀਤੀ ਜੋ ਸੰਸਾਰ ਭਰ ਦੀ ਸੰਗਤ ਨਾਲ ਸਿੱਧੇ ਜੁੜੇ ਹੋਏ ਹਨ। ਉਨ੍ਹਾਂ ਸੰਸਾਰ ਦੇ ਪ੍ਰਸੰਗ ਵਿਚ "ਗਲੋਬਲ" ਸ਼ਬਦ ਦੀ ਵਿਆਖਿਆ ਕਰਦਿਆਂ ਕਿਹਾ ਕਿ ਇਸ ਸ਼ਬਦ ਨਾਲ ਸਭ ਹੱਦਾਂ-ਸਰਹੱਦਾਂ ਪਾਰ ਹੋ ਜਾਂਦੀਆਂ ਹਨ।

ਲੋਇਲਾ ਮੈਰੀਮਾਊਂਟ ਯੂਨੀਵਰਸਿਟੀ (ਲਾਸ ਏਂਜਲਸ) ਦੇ ਜੈਨ ਤੇ ਸਿੱਖ ਸਟੱਡੀਜ਼ ਵਿਭਾਗ ਦੀ ਪ੍ਰੋਫੈਸਰ ਡਾ. ਨਿਰੰਜਿਨ ਖਾਲਸਾ ਨੇ ਕਿਹਾ ਕਿ ਸੰਸਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਭਾਈਚਾਰਕ ਸਾਂਝ ਦਾ ਦਿੱਤਾ ਸੁਨੇਹਾ ਬਹੁਤ ਅਹਿਮ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਦੀ ਮੁਖੀ ਡਾ. ਜਸਪਾਲ ਕੌਰ ਕਾਂਗ ਕਿਸੇ ਕਾਰਨ ਪਹੁੰਚ ਨਾ ਸਕੇ ਅਤੇ ਉਨ੍ਹਾਂ ਦਾ ਪੇਪਰ ਡਾ. ਗੁਰਿੰਦਰਪਾਲ ਸਿੰਘ ਨੇ ਪੜ੍ਹਿਆ। ਆਪਣੇ ਪੇਪਰ ਵਿਚ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਜ ਬਹੁਵਾਦ ਬਾਰੇ ਉਚੇਚੀ ਗੱਲ ਕੀਤੀ। ਬੀਬੀ ਹਰਦੀਪ ਭਾਟੀਆ ਨੇ ਸਿੱਖੀ ਨਾਲ ਜੁੜੇ ਮੁੱਖ ਗੁਣਾਂ ਬਾਰੇ ਵਿਸਥਾਰ ਸਾਹਿਤ ਦੱਸਿਆ।

ਸ. ਸੰਦੀਪ ਸਿੰਘ ਬੇਦੀ ਜੋ ਗੁਰਬਾਣੀ ਦਾ ਸੁਨੇਹਾ ਆਡੀਓ, ਵਿਜ਼ੂਅਲ ਮੀਡੀਆ ਰਾਹੀਂ ਵੱਡੇ ਪੱਧਰ 'ਤੇ ਦੇ ਰਹੇ ਹਨ, ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਸਟੈਨਫਰਡ ਯੂਨੀਵਰਸਿਟੀ ਸਕੂਲ ਆਫ ਮੈਡੀਸਨ ਦੇ ਪ੍ਰੋ. ਕਵਲਜੀਤ ਸਿੰਘ ਅਨੰਦ ਨੇ ਪ੍ਰੇਮ ਦੇ ਵਿਸ਼ੇ ਬਾਰੇ ਚਰਚਾ ਕੀਤੀ ਅਤੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮੌਕੇ 200 ਤੋਂ ਉਪਰ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਵਿਚਾਰ-ਚਰਚਾ ਵਿਚ ਵੀ ਹਿੱਸਾ ਲਿਆ। ਪ੍ਰਬੰਧਕਾਂ ਵੱਲੋਂ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ।

# ਦਿੱਲੀ ਵਿਚ ਅਜੇ ਵੀ ਆਮ ਆਦਮੀ ਪਾਰਟੀ ਦਾ ਦਬਦਬਾ

**ਨਵੀਂ ਦਿੱਲੀ:** ਭਾਰਤ ਦੀ ਰਾਜਧਾਨੀ ਦਿੱਲੀ ਵਿਚ ਅਜੇ ਆਮ ਆਦਮੀ ਪਾਰਟੀ (ਆਪ) ਦਾ ਹੀ ਦਬਦਬਾ ਹੈ। ਦਿੱਲੀ ਦੇ ਵਿਧਾਨ ਸਭਾ ਹਲਕੇ ਬਵਾਨਾ ਦੀ ਜਿਮਨੀ ਚੋਣ ਮੁੜ ਆਪ ਨੇ ਜਿੱਤ ਲਈ ਹੈ। ਭਾਜਪਾ ਲਈ ਇਹ ਹਾਰ ਬੜੀ ਨਮੋਸ਼ੀ ਵਾਲੀ ਹੈ। ਸਾਬਕਾ ਵਿਧਾਇਕ ਵੇਦ ਪ੍ਰਕਾਸ਼ ਦਿੱਲੀ ਨਿਗਮ ਚੋਣਾਂ ਸਮੇਂ ਵਿਧਾਇਕ ਦਾ ਅਹੁਦਾ ਤਿਆਗ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਸੀ, ਜਿਸ ਕਾਰਨ ਜ਼ਿਮਨੀ ਚੋਣ ਕਰਵਾਉਣੀ ਪਈ।

ਨਿਗਮ ਚੋਣਾਂ ਵਿਚ ਆਪਣੇ ਪ੍ਰਦਰਸ਼ਨ ਤੋਂ ਖੁਸ਼ ਭਾਜਪਾ ਇਸ ਜ਼ਿਮਨੀ ਚੋਣ ਮੌਕੇ ਜਿੱਤ ਲਈ ਆਤਮ-ਵਿਸ਼ਵਾਸ ਨਾਲ ਭਰਪੂਰ ਸੀ ਪਰ ਨਤੀਜੇ ਉਲਟ ਹੀ ਆਏ ਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਚੜ੍ਹਤ ਇਕ ਵਾਰ ਫਿਰ ਤੋਂ ਬਣ ਗਈ ਹੈ।

'ਆਪ' ਦੇ ਰਾਮ ਚੰਦਰ ਨੇ ਇਸ ਚੋਣ ਵਿਚ 59,886 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ। ਵੇਦ ਪ੍ਰਕਾਸ਼ ਜੋ ਪਹਿਲਾਂ 'ਆਪ' ਦੇ ਹੀ ਵਿਧਾਇਕ ਸਨ, ਹੁਣ ਭਾਜਪਾ ਵੱਲੋਂ ਚੋਣ ਲੜ ਰਹੇ ਸਨ, ਨੂੰ 35,834 ਵੋਟਾਂ ਪਈਆਂ। ਇਸ ਤੋਂ ਇਲਾਵਾ ਕਾਂਗਰਸ ਦੇ ਉਮੀਦਵਾਰ ਸੁਰਿੰਦਰ ਕੁਮਾਰ 31,919 ਵੋਟਾਂ ਪ੍ਰਾਪਤ ਕੀਤੀਆਂ। ਉਧਰ, ਗੋਆ ਜਿਥੇ ਪਹਿਲਾਂ ਤੋਂ ਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ, ਮੁੱਖ ਮੰਤਰੀ ਮਨੋਹਰ ਪਰੀਕਰ ਤੇ ਸਿਹਤ ਮੰਤਰੀ ਵਿਸ਼ਵਜੀਤ ਰਾਣੇ ਨੇ ਆਪੋ-ਆਪਣੀ ਜਿੱਤ ਦਰਜ ਕੀਤੀ ਹੈ ਪਰ ਇਹ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਹਿਸਾਬ ਨਾਲ ਕੋਈ ਬਹੁਤੀ ਸੰਤੋਸ਼ਜਨਕ ਜਿੱਤ ਨਹੀਂ।

ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ਵਿਚ ਸੱਤਾਧਾਰੀ ਧਿਰ ਤੇਲਗੂ ਦੇਸ਼ਮ ਪਾਰਟੀ ਦੀ ਤਾਕਤ ਵਧ ਗਈ ਹੈ। ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦੀ ਅਗਵਾਈ ਵਾਲੀ ਟੀ.ਡੀ.ਪੀ. ਦੇ ਉਮੀਦਵਾਰ ਭੂਮਾ ਬ੍ਰਹਮਨੰਦਾ ਰੈਡੀ ਨੇ ਵਾਈ.ਐਸ.ਆਰ. ਕਾਂਗਰਸ ਦੇ ਸ਼ਿਲਪਾ ਚੰਦਰ ਮੋਹਨ ਰੈੱਡੀ ਨੂੰ ਲਗਭਗ 27,000 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਹੈ।

ਗੋਆ ਵਿਚ ਭਾਜਪਾ ਨੇ ਚੰਗਾ ਪ੍ਰਦਰਸ਼ਨ ਕਰਦਿਆਂ ਵਿਧਾਨ ਸਭਾ ਵਿਚ ਆਪਣੇ 40 ਵਿਧਾਇਕਾਂ ਨੂੰ ਸਫਲਤਾਪੂਰਬਕ ਦਾਖਲਾ ਦਵਾ ਲਿਆ ਹੈ। ਇਥੇ ਮੁੱਖ ਮੰਤਰੀ ਮਨੋਹਰ ਪਰੀਕਰ ਨੇ ਕਾਂਗਰਸੀ ਉਮੀਦਵਾਰ ਗਿਰੀਸ਼ ਚੰਡੋਕਰ ਨੂੰ 4,803 ਵੋਟਾਂ ਨਾਲ ਆਪਣੀ ਜਿੱਤ ਦਰਜ ਕੀਤੀ। ਦੱਸਣਾ ਬਣਦਾ ਹੈ ਕਿ ਗੋਆ ਵਿਚ ਬੀ.ਜੇ.ਪੀ. ਦੀ ਸਰਕਾਰ ਬਣਾਉਣ ਲਈ ਤਤਕਾਲੀ ਕੇਂਦਰੀ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ 12 ਮਾਰਚ 2017 ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਗੋਆ ਦੇ ਮੁੱਖ ਮੰਤਰੀ ਦੀ ਕੁਰਸੀ ਸੰਭਾਲ ਲਈ ਸੀ।

## ਗਊ ਰੱਖਿਅਕਾਂ ਵੱਲੋਂ ਦੋ ਕਤਲ

**ਜਲਪਾਈਗੁੜੀ:** ਇਕ ਪਿਕਅੱਪ ਵੈਨ ਵਿਚ ਗਾਵਾਂ ਲੈਜਾ ਰਹੇ ਦੋ ਵਿਅਕਤੀਆਂ ਨੂੰ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਮ੍ਰਿਤਕਾਂ ਦੀ ਸ਼ਨਾਖਤ ਅਨਵਰ ਹੁਸੈਨ ਅਤੇ ਹਾਫੀਜ਼ੁਲ ਸ਼ੇਖ ਵਜੋਂ ਹੋਈ ਹੈ।






# ਬੜੀ ਲੰਮੀ ਹੈ ਰਾਮ ਰਹੀਮ ਦੇ ਗੁਨਾਹਾਂ ਦੀ ਸੂਚੀ



## ਇੰਜ ਹੋਇਆ ਰਾਮ ਰਹੀਮ ਦਾ ਸਾਮਰਾਜ ਢਹਿ-ਢੇਰੀ

**ਸਿਰਸਾ:** ਅਦਾਲਤ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਜਿਸ ਮਾਮਲੇ ਵਿਚ ਸਜ਼ਾ ਸੁਣਾਈ ਹੈ, ਉਹ 2002 ਦਾ ਹੈ। ਡੇਰਾ ਸਿਰਸਾ ਵਿਚ ਰਹਿੰਦੀ ਸਾਧਵੀ ਨੇ ਡੇਰਾ ਮੁਖੀ ਵੱਲੋਂ ਸਾਧਵੀਆਂ 'ਤੇ ਕੀਤੇ ਜਾਂਦੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ ਸਨਸਨੀਖੇਜ਼ ਖੁਲਾਸਾ ਕਰਦਿਆਂ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਚਿੱਠੀ ਲਿਖੀ ਸੀ। ਚਿੱਠੀ ਪੜ੍ਹਨ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ। ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ 'ਚ ਡੇਰਾ ਸਿਰਸਾ ਮੁਖੀ ਨੂੰ ਸੀ.ਬੀ.ਆਈ. ਨੇ 15 ਸਾਲ ਦੀ ਕਾਨੂੰਨੀ ਜੱਦੋ-ਜਹਿਦ ਮਗਰੋਂ ਦਬੋਚ ਹੀ ਲਿਆ। ਸੀ.ਬੀ.ਆਈ. ਦੇ ਵਿਸ਼ੇਸ਼ ਅਦਾਲਤ ਨੇ ਰਾਮ ਰਹੀਮ ਨੂੰ ਬਲਾਤਕਾਰ ਦਾ ਦੋਸ਼ੀ ਠਹਿਰਾਇਆ ਹੈ। ਰਾਮ ਰਹੀਮ ਨੇ ਆਪਣੇ ਪ੍ਰਭਾਵ ਨਾਲ ਇਸ ਕੇਸ ਨੂੰ 15 ਸਾਲ ਤੱਕ ਲਟਕਾਇਆ। 2011 ਤੋਂ 2016 ਵਿਚ ਲੰਬਾ ਟਰਾਇਲ ਚੱਲਿਆ। ਡੇਰਾ ਮੁਖੀ ਵੱਲੋਂ ਹੋਰ ਵੀ ਅਪੀਲਾਂ ਦਾਇਰ ਹੋਈਆਂ। ਜੁਲਾਈ 2016 ਵਿਚ ਕੇਸ ਦੌਰਾਨ 52 ਗਵਾਹ ਪੇਸ਼ ਹੋਏ। 15 ਇਸਤਗਾਸਾ ਤੇ 37 ਡਿਫੈਂਸ ਦੇ ਸਨ। ਜੂਨ 2017 ਵਿਚ ਡੇਰਾ ਪ੍ਰਮੁੱਖ ਨੇ ਵਿਦੇਸ਼ ਜਾਣ ਲਈ ਅਪੀਲ ਦਾਇਰ ਕੀਤੀ ਤਾਂ ਕੋਰਟ ਨੇ ਰੋਕ ਲਾ ਦਿੱਤੀ। 25 ਜੁਲਾਈ 2017 ਨੂੰ ਕੋਰਟ ਨੇ ਰੋਜ਼ ਸੁਣਵਾਈ ਕਰਨ ਦੇ ਨਿਰਦੇਸ਼ ਦਿੱਤੇ ਤਾਂ ਕਿ ਕੇਸ ਜਲਦ ਨਿਪਟ ਸਕੇ। 17 ਅਗਸਤ 2017 ਨੂੰ ਬਹਿਸ ਖਤਮ ਹੋਈ ਤੇ ਹੁਣ 28 ਅਗਸਤ ਨੂੰ ਫੈਸਲਾ ਸੁਣਾਇਆ ਗਿਆ।

**ਨਵੀਂ ਦਿੱਲੀ:** ਲੋਕਾਂ ਨੂੰ ਹਰ ਸਮੱਸਿਆ ਤੋਂ ਮੁਕਤੀ ਦਿਵਾਉਣ ਦਾ ਦਾਅਵਾ ਕਰਨ ਵਾਲਾ ਰਾਮ ਰਹੀਮ ਵਿਵਾਦਾਂ ਦੇ 'ਬਾਬੇ' ਵਜੋਂ ਜਾਣਿਆ ਜਾਂਦਾ ਹੈ। ਉਸ ਨਾਲ ਜੁੜੇ ਵਿਵਾਦਾਂ ਦੀ ਸੂਚੀ ਲੰਮੀ ਹੈ, ਜਿਸ ਵਿਚ ਇਕ-ਦੋ ਨਹੀਂ ਹਨ ਸਗੋਂ ਅਜਿਹੇ ਕਈ ਮਾਮਲੇ ਹਨ ਜਿਨ੍ਹਾਂ ਵਿਚ ਡੇਰਾ ਮੁਖੀ ਦਾ ਨਾਂ ਜੁੜਿਆ ਹੈ। ਰਾਮ ਰਹੀਮ ਦਾ ਮੁੱਢ ਤੋਂ ਹੀ ਵਿਵਾਦਾਂ ਨਾਲ ਨਾਤਾ ਰਿਹਾ ਹੈ। ਰਾਮ ਰਹੀਮ 'ਤੇ ਜਿਣਸੀ ਸ਼ੋਸ਼ਣ ਤੋਂ ਇਲਾਵਾ ਸਿੱਖਾਂ ਦੇ 10ਵੇਂ ਗੁਰੂ ਗੋਬਿੰਦ ਸਿੰਘ ਦੀ ਨਕਲ ਕਰ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਤੇ ਡੇਰੇ ਦੇ 400 ਸੇਵਕਾਂ ਨੂੰ ਨਾਮਰਦ ਬਣਾਉਣ ਦੇ ਵੀ ਇਲਜ਼ਾਮ ਹਨ। ਸਾਲ 2002 ਵਿਚ ਰਾਮ ਰਹੀਮ 'ਤੇ ਡੇਰੇ ਦੀ ਸਾਧਵੀ ਨੇ ਸਰੀਰਕ ਸ਼ੋਸ਼ਣ ਦੇ ਇਲਜ਼ਾਮ ਲਾਏ ਸਨ। ਇਸ ਦੌਰਾਨ ਸਿਰਸੇ ਦੇ 'ਪੂਰਾ ਸੱਚ' ਅਖਬਾਰ ਵਿਚ ਸਾਧਵੀ ਬਾਰੇ ਖਬਰ ਛਪਣ ਤੋਂ ਬਾਅਦ ਪੱਤਰਕਾਰ ਰਾਮ ਚੰਦਰ ਛੱਤਰਪਤੀ ਦਾ ਕਤਲ ਹੋ ਗਿਆ। ਇਸ ਪਿੱਛੇ ਵੀ ਡੇਰੇ ਦਾ ਨਾਂ ਆਉਣ ਲੱਗਾ।

2003 ਵਿਚ ਡੇਰੇ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਦੀ ਵੀ ਹੱਤਿਆ ਹੋ ਗਈ। ਇਸ ਪਿੱਛੇ ਵੀ ਡੇਰੇ ਦਾ ਨਾਂ ਆਇਆ ਸੀ, ਕਿਉਂਕਿ ਉਹ ਡੇਰੇ ਦੇ ਕਈ ਰਾਜ ਜਾਣ ਚੁੱਕਿਆ ਸੀ। 2007 ਵਿਚ ਬਾਬਾ ਰਾਮ ਰਹੀਮ ਨੂੰ ਇਕ ਇਸ਼ਤਿਹਾਰ ਵਿਚ ਸਿੱਖਾਂ ਦੇ 10ਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਦਿਆਂ ਉਨ੍ਹਾਂ ਵਰਗੀ ਪੋਸ਼ਾਕ ਪਾਏ ਵਿਖਾਈ ਦੇ ਰਿਹਾ ਸੀ। ਇਸ ਤੋਂ ਬਾਅਦ ਪੰਜਾਬ ਹਿੰਸਾ ਵੀ ਭੜਕੀ ਉਠੀ ਸੀ। ਇੰਨਾ ਹੀ ਨਹੀਂ ਪੰਜਾਬ ਦੇ ਸੁਨਾਮ ਵਿਚ 17 ਮਈ, 2007 ਨੂੰ ਪ੍ਰਦਰਸ਼ਨ ਕਰ ਰਹੇ ਸਿੱਖਾਂ ਉਤੇ ਡੇਰਾ ਪ੍ਰੇਮੀ ਨੇ ਗੋਲੀ ਚਲਾਈ। ਇਸ ਕਾਰਨ ਸਿੱਖ ਨੌਜਵਾਨ ਕੋਮਲ ਸਿੰਘ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਸਿੱਖਾਂ ਨੇ ਡੇਰਾ ਮੁਖੀ ਨੂੰ ਗ੍ਰਿਫਤਾਰ ਕਰਨ ਲਈ ਅੰਦੋਲਨ ਕੀਤਾ। ਇਸ ਕਾਰਨ ਪੰਜਾਬ ਵਿਚ ਰਾਮ ਰਹੀਮ ਦੇ ਆਉਣ 'ਤੇ ਰੋਕ ਲੱਗ ਗਈ। 2010 ਵਿਚ ਡੇਰੇ ਦੇ ਹੀ ਸਾਬਕਾ ਸਾਧੂ ਰਾਮ ਕੁਮਾਰ ਬਿਸ਼ਨੋਈ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਡੇਰੇ ਦੇ ਸਾਬਕਾ ਮੈਨੇਜਰ ਫਕੀਰ ਚੰਦ ਦੀ ਗੁਮਸ਼ੁਦਗੀ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਉਸ ਨੇ ਇਲਜ਼ਾਮ ਲਾਇਆ ਕਿ ਡੇਰਾ ਮੁਖੀ ਦੇ ਹੁਕਮ 'ਤੇ ਹੀ ਫਕੀਰ ਚੰਦ ਦੀ ਹੱਤਿਆ ਕੀਤੀ ਗਈ ਹੈ। ਹਾਈ ਕੋਰਟ ਵੱਲੋਂ ਸੀ.ਬੀ.ਆਈ. ਜਾਂਚ ਦੇ ਹੁਕਮ ਤੋਂ ਤੈਸ਼ ਵਿਚ ਆਏ ਡੇਰਾ ਪ੍ਰੇਮੀਆਂ ਨੇ ਹਰਿਆਣਾ, ਪੰਜਾਬ ਤੇ ਰਾਜਸਥਾਨ ਵਿਚ ਇਕੋ ਸਮੇਂ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਤੇ ਬੱਸਾਂ ਵੀ ਫੂਕ ਦਿੱਤੀਆਂ। ਫਤਿਹਾਬਾਦ ਜ਼ਿਲ੍ਹੇ ਦੇ ਰਹਿਣ ਵਾਲੇ ਡੇਰੇ ਦੇ ਸਾਬਕਾ ਸਾਧੂ ਹੰਸਰਾਜ ਚੌਹਾਨ ਨੇ 17 ਜੁਲਾਈ, 2012 ਨੂੰ ਹਾਈ ਕੋਰਟ ਵਿਚ ਪਟੀਸ਼ਨ ਦਰਜ ਕਰ ਦੇ ਡੇਰਾ ਮੁਖੀ 'ਤੇ ਡੇਰੇ ਦੇ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਇਲਜ਼ਾਮ ਲਾਇਆ ਸੀ।

## ਡੇਰਾ ਸਿਰਸਾ ਦੇ ਮੁਖੀ ਤੋਂ ਜੇਲ੍ਹ ਤੱਕ ਦਾ ਸਫਰ

**ਚੰਡੀਗੜ੍ਹ:** ਡੇਰਾ ਮੁਖੀ ਗੁਰਮੀਤ ਦਾ ਜਨਮ 15 ਅਗਸਤ, 1967 ਨੂੰ ਰਾਜਸਥਾਨ ਦੇ ਸ੍ਰੀਗੰਗਾਨਗਰ ਜ਼ਿਲ੍ਹੇ ਦੇ ਸ੍ਰੀ ਗੁਰੂਸਰ ਮੋਦੀਆਂ ਪਿੰਡ ਵਿਚ ਹੋਇਆ, ਜਦੋਂ ਉਸ ਦੀ ਉਮਰ ਸੱਤ ਸਾਲ ਦੀ ਹੋਈ ਤਾਂ ਡੇਰੇ ਦੇ ਤਤਕਾਲੀ ਮੁਖੀ ਸ਼ਾਹ ਸਤਨਾਮ ਸਿੰਘ ਨੇ ਉਸ ਨੂੰ ਰਾਮ ਰਹੀਮ ਦਾ ਨਾਂ ਦਿੱਤਾ।

16 ਸਾਲ ਬਾਅਦ 1990 ਵਿਚ ਸ਼ਾਹ ਸਤਨਾਮ ਸਿੰਘ ਨੇ ਪੂਰੇ ਦੇਸ਼ ਵਿਚੋਂ ਆਪਣੇ ਸਮਰਥਕਾਂ ਨੂੰ ਸਿਰਸਾ ਵਿਖੇ ਸਤਿਸੰਗ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਜਿਥੇ ਸ਼ਾਹ ਸਤਨਾਮ ਨੇ 23 ਸਾਲਾ ਗੁਰਮੀਤ ਰਾਮ ਰਹੀਮ ਨੂੰ ਆਪਣਾ ਉਤਰਾਧਿਕਾਰੀ ਐਲਾਨਿਆ। ਰਾਮ ਰਹੀਮ ਦੇ ਮੁਖੀ ਬਣਨ ਪਿੱਛੋਂ ਡੇਰੇ ਚੜ੍ਹਾਈ ਸ਼ੁਰੂ ਹੋ ਗਈ, ਪਰ 2002 ਵਿਚ ਗੁਰਮੀਤ ਰਾਮ ਰਹੀਮ ਖਿਲਾਫ਼ ਅਪਰਾਧਾਂ ਤੇ ਵਿਵਾਦਾਂ ਦਾ ਦੌਰ ਸ਼ੁਰੂ ਹੋਇਆ। ਉਸ ਤੋਂ ਬਾਅਦ ਉਸ ਖਿਲਾਫ਼




ਜਬਰ ਜਨਾਹ, ਹੱਤਿਆ ਤੇ ਜਬਰੀ ਨਿਪੁੰਸਕ ਬਣਾਉਣ ਦੇ ਮਾਮਲੇ ਦਰਜ ਹਨ। 2007 'ਚ ਉਸ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਜਦੋਂ ਉਸ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਬਦਨਾਮੀ ਦੇ ਬਾਵਜੂਦ ਗੁਰਮੀਤ ਸਿਰਸਾ ਵਿਖੇ ਕਈ ਏਕੜ ਫੈਲੇ ਡੇਰੇ 'ਤੇ ਰਾਜ ਕਰਦਾ ਹੈ। ਤਕਰੀਬਨ 1000 ਏਕੜ 'ਚ ਫੈਲਿਆ ਡੇਰਾ ਸਿਰਸਾ ਆਪਣੇ ਆਪ 'ਚ ਇਕ ਸ਼ਹਿਰ ਹੈ, ਜਿਥੇ ਸਕੂਲ, ਕਾਲਜ, ਖੇਡ ਪਿੰਡ, ਹਸਪਤਾਲ, ਸਿਨੇਮਾ ਹਾਲ, ਸ਼ਾਪਿੰਗ ਮਾਲ ਤੇ ਹੋਰ ਸੁੱਖ ਸਹੂਲਤਾਂ ਮੌਜੂਦ ਹਨ। ਰਾਜਨੀਤੀ ਪਾਰਟੀਆਂ ਦਾ ਡੇਰਾ ਸਿਰਸਾ ਵਿਖੇ ਆਉਣ-ਜਾਣ ਲੱਗਾ ਰਹਿੰਦਾ ਹੈ। ਡੇਰਾ ਮੁਖੀ ਸਿਆਸੀ ਵਿੰਗ ਵੀ ਬਣਾਇਆ ਹੋਇਆ ਹੈ। 2014 ਦੀਆਂ ਚੋਣਾਂ 'ਚ ਡੇਰੇ ਦੇ ਰਾਜਨੀਤਕ ਵਿੰਗ ਨੇ ਹਰਿਆਣਾ ਵਿਚ ਭਾਜਪਾ ਦਾ ਸਮਰਥਨ ਕੀਤਾ ਸੀ।


## ਗੁਰਮੀਤ ਰਾਮ ਰਹੀਮ ਦੇ ਜੇਲ੍ਹ 'ਚੋਂ ਬਾਹਰ ਆਉਣ ਦੇ ਘੱਟ ਹੀ ਆਸਾਰ

**ਚੰਡੀਗੜ੍ਹ:** ਅਦਾਲਤ ਨੇ ਭਾਵੇਂ ਸਾਧਵੀ ਜਬਰ ਜਨਾਹ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਨੂੰ 20 ਸਾਲ ਦੀ ਸਜ਼ਾ ਸੁਣਾਈ ਹੈ ਪਰ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਰਾਮ ਰਹੀਮ ਦੇ ਹੁਣ ਜੇਲ੍ਹ ਵਿਚੋਂ ਬਾਹਰ ਆਉਣ ਦੇ ਘੱਟ ਹੀ ਆਸਾਰ ਹਨ। ਕਿਉਂਕਿ ਜਬਰ ਜਨਾਹ ਦੇ ਮਾਮਲੇ ਪਿੱਛੋਂ ਕਤਲ ਤੇ ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਕੇਸਾਂ ਦੇ ਫੈਸਲੇ ਵੀ ਛੇਤੀ ਹੀ ਆ ਸਕਦੇ ਹਨ। ਡੇਰੇ ਵੱਲੋਂ ਚਾਰ ਸੌ ਤੋਂ ਵੱਧ ਵਿਅਕਤੀਆਂ ਨੂੰ ਨਿਪੁੰਸਕ ਬਣਾਉਣ ਦੇ ਕੇਸ ਦੀ ਸੁਣਵਾਈ ਪੰਜਾਬ ਹਰਿਆਣਾ ਹਾਈ ਕੋਰਟ ਵਿਚ 25 ਅਕਤੂਬਰ ਨੂੰ ਹੋਣੀ ਹੈ। ਇਸ ਤੋਂ ਪਹਿਲਾਂ 'ਪੂਰਾ ਸੱਚ' ਦੇ ਮਰਹੂਮ ਸੰਪਾਦਕ ਰਾਮ ਚੰਦਰ ਛੱਤਰਪਤੀ ਦੇ ਕਤਲ ਕੇਸ ਦੀ ਸੁਣਵਾਈ ਅੰਤਿਮ ਪੜਾਅ ਵੱਲ ਵਧ ਰਹੀ ਹੈ ਤੇ ਅਗਲੇ ਮਹੀਨੇ ਇਸ ਦੀ ਸੁਣਵਾਈ ਹੋਣੀ ਹੈ। ਬਲਾਤਕਾਰ ਕੇਸ ਦੀ ਗਵਾਹ ਇਕ ਸਾਧਵੀ ਦੇ ਭਰਾ ਰਣਜੀਤ ਸਿੰਘ ਦੇ ਕਤਲ ਕੇਸ ਦੀ ਸੁਣਵਾਈ ਵੀ ਚੱਲ ਰਹੀ ਹੈ। ਡੇਰੇ ਮੁਖੀ ਦੇ ਜੇਲ੍ਹ ਵਿਚੋਂ ਬਾਹਰ ਆਉਣ ਦੇ ਰਸਤੇ ਬੰਦ ਹੋਣ ਦੇ ਆਸਾਰ ਬਣ ਰਹੇ ਹਨ।





# ਇਹ ਨੇ ਔਰਤਾਂ ਨਾਲ ਵਧੀਕੀਆਂ ਬਦਲੇ ਜੇਲ੍ਹ ਜਾਣ ਵਾਲੇ ਬਾਬੇ


ਆਸਾ ਰਾਮ


ਪਰਮਾਨੰਦ


ਸਵਾਮੀ ਭੀਮਾਨੰਦ


ਨਿਤਿਆ ਨੰਦ


ਗੁਰਮੀਤ ਰਾਮ ਰਹੀਮ

**ਚੰਡੀਗੜ੍ਹ:** ਇਹ ਪਹਿਲਾ ਮਾਮਲਾ ਨਹੀਂ ਜਦੋਂ ਕਿਸੇ ਡੇਰਾ ਮੁਖੀ ਨੂੰ ਸਰੀਰਕ ਸ਼ੋਸ਼ਣ ਦੇ ਦੋਸ਼ਾਂ ਵਿਚ ਜੇਲ੍ਹ ਦੀ ਹਵਾ ਖਾਣੀ ਪਈ ਹੋਵੇ ਅਤੇ ਉਸ ਦੇ ਸਮਰਥਕਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਕਰਦੇ ਹੋਏ ਸਾੜ ਫੂਕ ਤੇ ਭੰਨ ਤੋੜ ਕੀਤੀ ਗਈ ਹੋਵੇ। ਅਜਿਹੇ ਕਈ ਮਾਮਲੇ ਦੇਸ਼ ਅੰਦਰ ਪਹਿਲਾਂ ਵੀ ਵਾਪਰ ਚੁੱਕੇ ਹਨ। ਹਰ ਵਾਰ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਅਜਿਹੇ ਬਾਬਿਆਂ ਕੋਲ ਵੋਟ ਬੈਂਕ ਹੋਣ ਕਾਰਨ ਸਰਕਾਰਾਂ ਵੀ ਇਨ੍ਹਾਂ ਨੂੰ ਹੱਥ ਪਾਉਣ ਤੋਂ ਕੰਨ੍ਹੀ ਕਤਰਾਉਂਦੀਆਂ ਹਨ।

ਪਿਛਲੇ ਸਾਲ ਅਜਿਹਾ ਇਕ ਮਾਮਲਾ ਉਤਰ ਪ੍ਰਦੇਸ਼ ਦੇ ਬਾਰਾਬੰਕੀ ਜ਼ਿਲ੍ਹੇ ਵਿਚ ਸਾਹਮਣੇ ਆਇਆ ਸੀ, ਜਦੋਂ ਇਕ ਪਰਮਾਨੰਦ (ਅਸਲੀ ਨਾਂ ਰਾਮ ਸ਼ੰਕਰ ਤਿਵਾੜੀ) ਨਾਮ ਦੇ ਬਾਬੇ ਉਪਰ ਦੋਸ਼ ਲੱਗੇ ਸਨ ਕਿ ਉਹ ਬਾਂਝ ਔਰਤਾਂ ਨਾਲ ਬੱਚਾ ਪੈਦਾ ਕਰਨ ਦੀ ਆੜ ਹੇਠ ਜਬਰ ਜਨਾਹ ਕਰਦਾ ਸੀ ਅਤੇ ਉਨ੍ਹਾਂ ਦੀ ਵੀਡੀਓ ਬਣਾ ਕੇ ਬਲੈਕਮੇਲ ਕਰਦਾ ਸੀ। ਅਖੀਰ ਇਹ ਭੇਦ ਖੁੱਲ੍ਹਣ ਉਤੇ 24 ਮਈ 2016 ਨੂੰ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਆਪਣੇ ਹੀ ਆਸ਼ਰਮ ਦੀ ਇਕ ਨਾਬਾਲਗ ਕੁੜੀ ਨਾਲ ਜਬਰ ਜਨਾਹ ਦੇ ਮਾਮਲੇ ਵਿਚ ਬਾਪੂ ਆਸਾ ਰਾਮ ਪਹਿਲੀ ਸਤੰਬਰ 2013 ਤੋਂ ਜੋਧਪੁਰ ਜੇਲ੍ਹ 'ਚ ਬੰਦ ਹੈ।

ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਵੀ ਉਸ ਦੀ ਜ਼ਮਾਨਤ ਦੀ ਅਪੀਲ ਨੂੰ ਖਾਰਜ ਕਰ ਦਿੱਤਾ। ਇਥੋਂ ਤੱਕ ਕਿ ਉਸ ਦਾ ਪੁੱਤਰ ਨਰਾਇਣ ਸਾਈਂ ਭੀਮ ਵੀ ਸਰੀਰਕ ਸ਼ੋਸ਼ਣ ਮਾਮਲੇ 'ਚ ਜੇਲ੍ਹ ਅੰਦਰ ਬੰਦ ਹੈ। ਫਰਵਰੀ 2010 ਵਿਚ ਜਦੋਂ ਪੁਲਿਸ ਨੇ ਦੋ ਏਅਰ ਹੋਸਟਸਾਂ ਸਮੇਤ 8 ਲੋਕਾਂ ਨੂੰ ਜਬਰ ਜਨਾਹ ਰੈਕਟ ਚਲਾਉਣ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ ਤਾਂ ਜਾਂਚ ਦੌਰਾਨ ਇਹ ਖੁਲਾਸਾ ਹੋਇਆ ਸੀ ਕਿ ਇਸ ਗਰੋਹ ਦਾ ਸਰਗਨਾ 39 ਸਾਲ ਦਾ ਸ਼ਿਵ ਮੂਰਤ ਦਿਵੇਦੀ ਹੈ ਜਿਸ ਨੂੰ ਦੁਨੀਆਂ ਇੱਛਾਧਾਰੀ ਸੰਤ ਸਵਾਮੀ ਭੀਮਾਨੰਦ ਚਿਤਰਕੂਟ ਵਾਲੇ ਦੇ ਨਾਂ ਜਾਣਦੀ ਹੈ।

ਜ਼ਿਕਰਯੋਗ ਹੈ ਕਿ ਉਤਰ ਪ੍ਰਦੇਸ਼ ਦੇ ਚਿਤਰਕੂਟ ਦਾ ਰਹਿਣ ਵਾਲਾ ਸ਼ਿਵ ਮੂਰਤੀ 1988 ਵਿਚ ਦਿੱਲੀ ਦੇ ਇਕ 5 ਤਾਰਾ ਹੋਟਲ ਵਿਚ ਸੁਰੱਖਿਆ ਗਾਰਡ ਸੀ। 1997 ਵਿਚ ਉਹ ਲਾਜਪਤ ਨਗਰ ਵਿਖੇ ਇਕ ਮਸਾਜ ਪਾਰਲਰ ਵਿਚ ਕੰਮ ਕਰਨ ਲੱਗ ਗਿਆ, ਜਿਥੋਂ ਉਸ ਨੂੰ 1998 ਵਿਚ ਵੇਸ਼ਵਾਵਿਰਤੀ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਗਿਆ।

ਜੇਲ੍ਹ ਵਿਚੋਂ ਬਾਹਰ ਆਉਣ ਦੇ ਬਾਅਦ ਉਸ ਨੇ ਆਪਣਾ ਨਾਂ ਬਦਲ ਕੇ ਇੱਛਾਧਾਰੀ ਸੰਤ ਸਵਾਮੀ ਭੀਮਾਨੰਦ ਰੱਖ ਲਿਆ ਅਤੇ ਮੁੜ ਆਸਥਾ ਦੀ ਆੜ ਹੇਠ ਗਲਤ ਕੰਮ ਕਰਨ ਲੱਗਾ ਸੀ। ਉਹ 2010 ਤੋਂ ਜੇਲ੍ਹ ਵਿਚ ਬੰਦ ਹੈ ਅਤੇ ਉਸ ਦੀ ਜਾਇਦਾਦ ਈ.ਡੀ. ਵੱਲੋਂ ਜ਼ਬਤ ਕਰ ਲਈ ਹੋਈ ਹੈ।

ਬੰਗਲੂਰੂ ਸਥਿਤ ਅਧਿਨਮ ਮੱਠ ਦੇ 293ਵੇਂ ਮੁਖੀ ਨਿਤਿਆ ਨੰਦ ਨੂੰ ਜੂਨ 2012 'ਚ ਸਰੀਰਕ ਸ਼ੋਸ਼ਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਮਾਮਲਾ ਉਸ ਸਮੇਂ ਉਜਾਗਰ ਹੋਇਆ ਸੀ ਜਦੋਂ ਇਸ ਬਾਬੇ ਦੇ ਕੁਝ ਚੇਲਿਆਂ ਨੇ ਹੀ ਇਕ ਟੀ. ਵੀ. ਚੈਨਲ 'ਤੇ ਇਸ ਦਾ ਭੇਦ ਖੋਲ੍ਹ ਦਿੱਤਾ ਸੀ। ਇਸ ਦੀ ਇਕ ਤਾਮਿਲ ਅਦਾਕਾਰਾ ਨਾਲ ਵੀਡੀਓ ਵੀ ਵਾਇਰਲ ਹੋਈ ਸੀ।

# 'ਇੰਸਾਂ' ਦਾ ਪਾਠ ਪੜ੍ਹਨ ਵਾਲਿਆਂ ਦੀ ਗੁੰਡਾਗਰਦੀ

## ਡੇਰਾ ਸਿਰਸਾ ਮੁਖੀ ਨੂੰ ਸਜ਼ਾ ਪਿੱਛੋਂ ਹਿੰਸਾ ਵਿਚ 38 ਮੌਤਾਂ



**ਚੰਡੀਗੜ੍ਹ:** ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵੱਲੋਂ ਸਾਧਵੀ ਜਬਰ ਜਨਾਹ ਮਾਮਲੇ ਵਿਚ ਦੋਸ਼ੀ ਕਰਾਰ ਦੇਣ ਪਿੱਛੋਂ ਪੂਰਾ ਸ਼ਹਿਰ ਬਲ ਉਠਿਆ। ਜਿਵੇਂ ਹੀ ਅਦਾਲਤ ਨੇ ਬਾਬੇ ਨੂੰ ਦੋਸ਼ੀ ਐਲਾਨਿਆਂ ਤਾਂ ਡੇਰਾ ਪ੍ਰੇਮੀ ਸ਼ੱਰੇਆਮ ਗੁੰਡਾਗਰਦੀ ਉਤੇ ਉਤਰ ਆਏ। ਬੇਖੌਫ ਪ੍ਰੇਮੀਆਂ ਨੇ ਮੀਡੀਆ ਤੇ ਸੁਰੱਖਿਆ ਕਰਮੀਆਂ ਨੂੰ ਵੀ ਨਹੀਂ ਛੱਡਿਆ ਤੇ ਪੱਥਰਬਾਜ਼ੀ ਕਰਨ ਲੱਗੇ।

ਉਨ੍ਹਾਂ ਸਰਕਾਰੀ ਦਫਤਰਾਂ, ਪੈਟਰੌਲ ਪੰਪਾਂ, ਗੱਡੀਆਂ ਨੂੰ ਅੱਗ ਲਾ ਦਿੱਤੀ, ਜਿਸ ਨਾਲ ਕਰੋੜਾਂ ਰੁਪਏ ਦੀ ਸੰਪਤੀ ਨੁਕਸਾਨੀ ਗਈ। ਇਸ ਪੂਰੀ ਹਿੰਸਕ ਘਟਨਾ ਵਿਚ 38 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਤੇ 250 ਤੋਂ ਵੱਧ ਜਖ਼ਮੀ ਹੋ ਗਏ ਹਨ। ਬਾਬੇ ਦੇ ਚੇਲੇ ਪਹਿਲਾਂ ਦਾਅਵਾ ਕਰਦੇ ਰਹੇ ਕਿ ਉਹ ਰਾਮ ਰਹੀਮ ਦੇ ਦਰਸ਼ਨ ਕਰਨ ਆਏ ਹਨ ਪਰ ਡੇਰਾ ਮੁਖੀ ਨੂੰ ਬਲਾਤਕਾਰੀ ਕਰਾਰ ਦੇਣ ਮਗਰੋਂ ਉਨ੍ਹਾਂ ਦਾ ਅਸਲੀ ਰੂਪ ਸਾਹਮਣੇ ਆ ਗਿਆ। ਉਹ ਪੁਲਿਸ 'ਤੇ ਟੁੱਟ ਪਏ ਤੇ ਸਰਕਾਰੀ ਦਫਤਰਾਂ, ਪੈਟਰੌਲ ਪੰਪਾਂ, ਗੱਡੀਆਂ ਨੂੰ ਅੱਗ ਲਾ ਦਿੱਤੀ। ਇਹ ਲੋਕ ਜਿਸ ਤਰੀਕੇ ਨਾਲ ਹਮਲਾ ਕਰ ਰਹੇ ਹਨ, ਉਸ ਤੋਂ ਸਪਸ਼ਟ ਹੈ ਕਿ ਇਹ ਪੂਰੀ ਤਿਆਰੀ ਨਾਲ ਆਏ ਸਨ। ਦਰਅਸਲ, ਜਾਪਦਾ ਹੈ ਕਿ ਪਹਿਲਾਂ ਹੀ ਇਹ ਯੋਜਨਾ ਤਿਆਰ ਕੀਤੀ ਹੋਈ ਸੀ ਕਿ ਉਹ ਹਾਲਾਤ ਖਰਾਬ ਕਰ ਕੇ ਅਦਾਲਤ ਤੇ ਸਰਕਾਰ 'ਤੇ ਦਬਾਅ ਬਣਾਉਣਗੇ।

ਇਸ ਕੰਮ ਵਿਚ ਹਰਿਆਣਾ ਸਰਕਾਰ ਵੀ ਬਾਬੇ ਦਾ ਸਾਥ ਦਿੰਦੀ ਨਜ਼ਰ ਆਈ। ਸਰਕਾਰ ਦੀ ਮਿਹਰਬਾਨੀ ਕਰ ਕੇ ਹੀ ਦਫਾ 144 ਲੱਗੀ ਹੋਣ ਦੇ ਬਾਵਜੂਦ ਚਾਰ ਲੱਖ ਤੋਂ ਵੱਧ ਬਾਬੇ ਦੇ ਭਗਤ ਪੰਚਕੂਲਾ ਪਹੁੰਚ ਗਏ। ਇਨ੍ਹਾਂ ਭਗਤਾਂ ਵਿਚ ਹੀ ਬਾਬੇ ਦੇ ਟ੍ਰੇਂਡ ਗੁੰਡੇ ਸ਼ਾਮਲ ਸਨ। ਉਹ ਸ਼ੱਰੇਆਮ ਸਾੜ-ਫੂਕ ਕਰਦੇ ਰਹੇ ਤੇ ਪੁਲਿਸ ਡਰਦੀ ਜਾਨ ਬਚਾਉਂਦੀ ਰਹੀ। ਸਰਕਾਰ ਦੀ ਨਾਲਾਇਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਸਭ ਕੁਝ ਜਦੋਂ ਹਾਈ ਕੋਰਟ ਦੇ ਧਿਆਨ ਵਿਚ ਆਇਆ ਤਾਂ ਅਦਾਲਤ ਨੇ ਖੁਦ ਫੌਜ ਨੂੰ ਨਿਰਦੇਸ਼ ਦੇਣ ਦੀ ਗੱਲ ਕਹਿ ਦਿੱਤੀ।

ਇਸ ਮਗਰੋਂ ਕੇਂਦਰ ਤੇ ਹਰਿਆਣਾ ਸਰਕਾਰਾਂ ਹਰਕਤ ਵਿਚ ਆਈਆਂ ਪਰ ਉਦੋਂ ਤੱਕ ਬਹੁਤ ਦੇਰ ਹੋ ਚੁਕੀ ਸੀ। ਬਾਬੇ ਨੇ ਇਕ ਦਿਨ ਪਹਿਲਾਂ ਟਵਿੱਟਰ ਜ਼ਰੀਏ ਲੋਕਾਂ ਨੂੰ ਸ਼ਾਂਤ ਰਹਿਣ ਲਈ ਕਿਹਾ ਜਿਸ ਦਾ ਕੋਈ ਅਰਥ ਨਹੀਂ ਸੀ। ਕੁਲ ਮਿਲਾ ਕੇ ਬਾਬੇ ਦੇ ਗੁੰਡਿਆਂ ਦਾ ਜੁਲਮ ਕਈ ਸਵਾਲ ਖੜ੍ਹੇ ਕਰ ਗਿਆ ਹੈ।

### ਦਿੱਲੀ ਤੇ ਪੰਜਾਬ ਨੂੰ ਵੀ ਲੱਗਾ ਹਿੰਸਾ ਦਾ ਸੇਕ

ਪੰਜਾਬ ਵੀ ਪ੍ਰੇਮੀਆਂ ਦੀ ਹਿੰਸਾ ਦੀ ਲਪੇਟ ਵਿਚ ਆ ਗਿਆ। ਮਲੋਟ, ਮਾਨਸਾ ਤੇ ਬਰਨਾਲਾ ਵਿਚ ਸਾੜਫੂਕ ਹੋਈ ਹੈ ਅਤੇ ਫਿਰੋਜ਼ਪੁਰ ਸਮੇਤ ਕਈ ਸ਼ਹਿਰਾਂ 'ਚ ਕਰਫਿਊ ਲਾਉਣਾ ਪਿਆ। ਪ੍ਰੇਮੀਆਂ ਵੱਲੋਂ ਕੀਤੀ ਹਿੰਸਾ ਦਾ ਸੇਕ ਕੌਮੀ ਰਾਜਧਾਨੀ ਦਿੱਲੀ ਨੂੰ ਵੀ ਲੱਗਾ ਹੈ। ਪ੍ਰੇਮੀਆਂ ਵੱਲੋਂ ਡੀ.ਟੀ.ਸੀ. ਦੀਆਂ ਦੋ ਬੱਸਾਂ ਦੀ ਭੰਨਤੋੜ ਕੀਤੀ ਗਈ। ਭੀੜ ਵੱਲੋਂ ਆਨੰਦ ਵਿਹਾਰ ਰੇਲਵੇ ਸਟੇਸ਼ਨ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਅਤੇ ਰੀਵਾ ਐਕਸਪ੍ਰੈਸ ਗੱਡੀ ਦੇ ਦੋ ਡੱਬਿਆਂ ਨੂੰ ਪੈਟਰੌਲ ਛਿੜਕ ਕੇ ਅੱਗ ਲਾ ਦਿੱਤੀ ਗਈ।

### ਮਿਰਚਾਂ ਵਾਲੇ ਗੋਲੇ ਸਿਰਫ ਕਸ਼ਮੀਰੀਆਂ ਵਾਸਤੇ: ਉਮਰ

**ਸ੍ਰੀਨਗਰ:** ਰਾਮ ਰਹੀਮ ਨੂੰ ਦੋਸ਼ੀ ਠਹਿਰਾਏ ਜਾਣ ਪਿੱਛੋਂ ਹਰਿਆਣਾ ਦੇ ਕੁਝ ਹਿੱਸਿਆਂ ਵਿਚ ਹਿੰਸਾ ਫੈਲਾਅ ਰਹੀ ਭੀੜ ਖਿਲਾਫ਼ ਸੁਰੱਖਿਆ ਬਲਾਂ ਦੀ ਕਾਰਵਾਈ 'ਤੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਵਾਲ ਉਠਾਏ ਹਨ। ਉਮਰ ਨੇ ਟਵੀਟ ਕੀਤਾ, "ਮਿਰਚਾਂ ਵਾਲੇ ਗੋਲੇ, ਪੈਲੇਟ ਗੰਨਜ਼, ਕੀ ਸੁਰੱਖਿਆ ਬਲਾਂ ਨੇ ਇਹ ਸਭ ਕਸ਼ਮੀਰੀ ਪ੍ਰਦਰਸ਼ਨਕਾਰੀਆਂ ਵਾਸਤੇ ਹੀ ਰੱਖੇ ਹਨ?"

### ਬਾਬੇ ਦੇ ਇਨ੍ਹਾਂ ਪੰਜ ਭਗਤਾਂ ਨੇ ਭੜਕਾਈ ਭੀੜ



**ਚੰਡੀਗੜ੍ਹ:** ਪੁਲਿਸ ਨੇ ਹਿੰਸਾ ਭੜਕਾਉਣ ਦੇ ਦੋਸ਼ ਵਿਚ ਡੇਰਾ ਮੁਖੀ ਦੀ ਸੱਜੀ ਬਾਂਹ ਮੰਨੇ ਜਾਂਦੇ ਅਤੇ ਡੇਰੇ ਦੇ ਬੁਲਾਰੇ ਡਾ. ਅਦਿੱਤਿਆ ਇੰਸਾਂ ਤੇ ਧੀਮਾਨ ਇੰਸਾਂ ਆਦਿ ਵਿਰੁੱਧ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਹੈ। ਅਦਿੱਤਿਆ ਤੇ ਧੀਮਾਨ ਉਪਰ 25 ਅਗਸਤ ਨੂੰ ਪੰਚਕੂਲਾ ਵਿਖੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵੱਲੋਂ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦੇਣ ਮੌਕੇ ਉਥੇ ਮੌਜੂਦ ਪ੍ਰੇਮੀਆਂ ਦੀ ਭੀੜ ਨੂੰ ਉਕਸਾਉਣ ਦੇ ਦੋਸ਼ ਲੱਗੇ ਹਨ। ਜ਼ਿਕਰਯੋਗ ਹੈ ਕਿ ਦੈਨਿਕ ਭਾਸਕਰ ਅਖਬਾਰ ਵਿਚ ਇਨ੍ਹਾਂ ਦੀਆਂ ਤਸਵੀਰਾਂ ਛਾਪ ਕੇ ਦਾਅਵਾ ਕੀਤਾ ਸੀ ਕਿ ਅਦਿੱਤਿਆ ਤੇ ਧੀਮਾਨ ਸਮੇਤ ਡੇਰੇ ਦੇ 5 ਪ੍ਰਮੁੱਖ ਪ੍ਰਬੰਧਕਾਂ ਨੇ ਪੰਚਕੂਲਾ 'ਚ ਪ੍ਰੇਮੀਆਂ ਨੂੰ ਉਕਸਾਇਆ ਸੀ ਜਿਸ ਮਗਰੋਂ ਹਿੰਸਾ ਸ਼ੁਰੂ ਹੋਈ ਸੀ।

### ਅਦਾਲਤੀ ਕਾਰਵਾਈ ਵਿਚ ਵਿਘਨ ਦੀ ਸੀ ਰਣਨੀਤੀ

**ਚੰਡੀਗੜ੍ਹ:** ਕੁਝ ਡੇਰਾ ਸਮਰਥਕਾਂ ਨੇ ਖੁਲਾਸਾ ਕੀਤਾ ਹੈ ਕਿ ਡੇਰੇ ਦੀ ਯੋਜਨਾ ਸੀ ਕਿ ਪੰਚਕੂਲਾ ਵਿਚ ਅਦਾਲਤੀ ਕੰਪਲੈਕਸ ਨੂੰ ਪੂਰਾ ਘੇਰਾ ਪਾ ਲਿਆ ਜਾਵੇ ਪਰ ਥੋੜੀ ਚੌਕਸੀ ਕਰ ਕੇ ਉਹ ਨਾਕਾਮ ਹੋ ਗਏ। ਲੋਕਾਂ ਖਾਸ ਕਰ ਕੇ ਔਰਤਾਂ ਨੇ ਅਦਾਲਤ ਦੇ ਬਾਹਰ ਚਾਰੇ ਪਾਸੇ ਚੌਕੜੀ ਮਾਰ ਕੇ ਬੈਠ ਜਾਣਾ ਸੀ ਜਿਸ ਕਾਰਨ ਫੈਸਲਾ ਸੁਣਾਉਣਾ ਤਾਂ ਦੂਰ ਦੀ ਗੱਲ, ਅਦਾਲਤ ਲੱਗਣੀ ਵੀ ਮੁਸ਼ਕਲ ਹੋ ਜਾਣੀ ਸੀ। ਸਿਰਸਾ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਡੇਰੇ ਦੇ ਸ਼ਰਧਾਲੂ ਅਜਿਹਾ ਕਾਰਾ ਪਹਿਲਾਂ ਕਈ ਵਾਰ ਕਰ ਚੁੱਕੇ ਸਨ। ਇਸ ਬਾਰੇ ਰਣਨੀਤੀ ਤੈਅ ਕਰਨ ਲਈ ਡੇਰੇ ਵੱਲੋਂ 12 ਮੈਂਬਰੀ ਕਮੇਟੀ ਬਣਾਈ ਗਈ ਸੀ। ਪੰਚਕੂਲਾ ਵਿਚ ਡੇਰਾ ਮੁਖੀ ਦਾ ਫੈਸਲਾ ਸੁਣਨ ਵਾਲਿਆਂ ਵਿਚ ਸਿਰਫ ਸ਼ਰਧਾਲੂ ਹੀ ਨਹੀਂ ਸਗੋਂ ਦਿਹਾੜੀ 'ਤੇ ਲਿਆਂਦੇ ਗਏ ਲੋਕ ਵੀ ਸ਼ਾਮਲ ਸਨ। ਪਤਾ ਲੱਗਾ ਹੈ ਕਿ ਵੱਡੀ ਗਿਣਤੀ 'ਚ ਲੋਕਾਂ ਨੂੰ ਹਜ਼ਾਰ-ਹਜ਼ਾਰ ਰੁਪਏ ਦਿਹਾੜੀ ਉਤੇ ਲਿਆਂਦਾ ਗਿਆ ਸੀ। ਅਦਾਲਤ ਅਤੇ ਅਧਿਕਾਰੀਆਂ 'ਤੇ ਦਬਾਅ ਬਣਾਉਣ ਦੀ ਚਾਲ ਤਹਿਤ ਡੇਰਾ ਮੈਨੇਜਰਾਂ ਨੇ ਗਰੀਬ ਲੋਕਾਂ ਨੂੰ ਪੰਚਕੂਲਾ ਭੇਜਣ ਲਈ ਮੁਫਤ ਭੋਜਨ ਦੇ ਨਾਲ ਇਕ-ਇਕ ਹਜ਼ਾਰ ਰੁਪਏ ਦਿਹਾੜੀ ਦੇਣ ਦੀ ਪੇਸ਼ਕਸ਼ ਕੀਤੀ ਸੀ। ਸਿਰਸਾ 'ਚ ਇਕ ਕਾਰੋਬਾਰੀ ਨੇ ਦੱਸਿਆ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਨੌਕਰਾਣੀ ਨੇ ਕੰਮ 'ਤੇ ਆਉਣਾ ਬੰਦ ਕਰ ਦਿੱਤਾ ਸੀ। ਉਸ ਨੇ ਦੱਸਿਆ ਕਿ ਉਹ ਡੇਰਾ ਸ਼ਰਧਾਲੂਆਂ ਨਾਲ ਪੰਚਕੂਲਾ ਜਾ ਰਹੀ ਹੈ ਤੇ ਡੇਰਾ ਉਨ੍ਹਾਂ ਨੂੰ ਦਿਹਾੜੀ ਦੇ ਰਿਹਾ ਹੈ।

### ਹਿੰਸਾ ਵਿਚ ਮਰੇ ਪ੍ਰੇਮੀਆਂ ਨੂੰ ਕੋਈ ਮੁਆਵਜ਼ਾ ਨਹੀਂ



**ਬਠਿੰਡਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਚਕੂਲਾ ਵਿਚ ਕਾਨੂੰਨ ਤੋੜਨ ਵਾਲਿਆਂ ਨੂੰ ਪੰਜਾਬ ਸਰਕਾਰ ਵੱਲੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਡੇਰਾ ਪੈਰੋਕਾਰਾਂ ਨੇ ਸਰਕਾਰੀ ਤੇ ਪ੍ਰਾਈਵੇਟ ਸੰਪਤੀ ਦਾ ਜੋ ਨੁਕਸਾਨ ਕੀਤਾ ਹੈ, ਉਸ ਦੀ ਭਰਪਾਈ ਹਾਈ ਕੋਰਟ ਰਾਹੀਂ ਡੇਰਾ ਸਿਰਸਾ ਤੋਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰਾਂ ਨੂੰ ਨੁਕਸਾਨ ਦੀਆਂ ਸੂਚੀਆਂ ਤਿਆਰ ਕਰਨ ਵਾਸਤੇ ਹਦਾਇਤ ਕੀਤੀ ਹੈ। ਜਿਹੜੇ ਸੱਤ ਪਰਿਵਾਰਾਂ ਦੇ ਜੀਅ ਚਲੇ ਗਏ ਹਨ, ਉਨ੍ਹਾਂ ਨੂੰ ਸਰਕਾਰੀ ਖਜ਼ਾਨੇ 'ਚੋਂ ਮੁਆਵਜ਼ਾ ਦੇਣ ਦੀ ਕੋਈ ਤੁਕ ਨਹੀਂ ਬਣਦੀ ਹੈ।

# ਸਿਰਸੇ ਵਾਲੇ ਨੂੰ ਬਚਾਉਣ ਦੇ ਚੱਕਰ 'ਚ ਮੁੜ ਗੋਡਿਆਂ ਪਰਨੇ ਖੱਟਰ ਸਰਕਾਰ

**ਚੰਡੀਗੜ੍ਹ:** ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿਚ ਪੇਸ਼ੀ ਮੌਕੇ ਹਾਲਾਤ ਦੀ ਨਾਜ਼ੁਕਤਾ ਨੂੰ ਸਮਝਣ ਵਿਚ ਮੁੜ ਚਕਮਾ ਖਾਂਦਿਆਂ ਚਾਰੇ ਖਾਨੇ ਚਿੱਤ ਹੋ ਗਈ।



ਘਟਨਾਕ੍ਰਮ ਤੋਂ ਲੱਗਦਾ ਹੈ ਕਿ ਖੱਟਰ ਸਰਕਾਰ ਨੇ ਅਮਨ ਤੇ ਕਾਨੂੰਨ ਦੀ ਬਹਾਲੀ ਨੂੰ ਲੈ ਕੇ ਆਪਣੀਆਂ ਪਿਛਲੀਆਂ ਨਾਕਾਮੀਆਂ ਰਾਮਪਾਲ (2014) ਤੇ ਜਾਟ ਅੰਦੋਲਨ (2016) ਤੋਂ ਕੋਈ ਸਬਕ ਨਹੀਂ ਸਿੱਖਿਆ। ਰਾਮਪਾਲ ਦੇ ਹਮਾਇਤੀਆਂ ਨਾਲ ਹੋਏ ਟਕਰਾਅ ਦੌਰਾਨ ਛੇ ਜਦਕਿ ਜਾਟ ਅੰਦੋਲਨ ਦੇ ਹਿੰਸਕ ਹੋਣ ਕਰ ਕੇ 30 ਜਾਨਾਂ ਜਾਂਦੀਆਂ ਰਹੀਆਂ ਸਨ। ਸ੍ਰੀ ਖੱਟਰ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਮੂਹਰੇ ਹੋ ਕੇ ਅਗਵਾਈ ਦੇਣ ਵਿਚ ਅਸਫਲ ਰਹੇ। ਡੇਰਾ ਸਿਰਸਾ ਮੁਖੀ ਦੀ ਪੇਸ਼ੀ ਮੌਕੇ 'ਸੰਕਟਮਈ ਹਾਲਾਤ' ਨਾਲ ਨਜਿੱਠਣ ਲਈ ਉਹ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਉਤੇ ਹੀ ਮੁਨੱਸਰ ਰਹੇ, ਪਰ ਪੰਚਕੂਲਾ ਵਿਚ ਹਾਲਾਤ ਬੱਦ ਤੋਂ ਬਦਤਰ ਹੋ ਗਏ।

ਧਾਰਾ 144 ਆਇਦ ਹੋਣ ਦੇ ਬਾਵਜੂਦ ਚਾਰ ਲੱਖ ਤੋਂ ਵੱਧ ਡੇਰਾ ਸਮਰਥਕਾਂ ਦੇ ਪੰਚਕੂਲਾ ਵਿਚ ਇਕੱਠੇ ਹੋਣ ਤੋਂ ਸਾਫ ਸੀ ਕਿ ਇਸ ਦਾ ਅੰਤ ਹਿੰਸਾ ਦੇ ਰੂਪ ਵਿਚ ਹੋਵੇਗਾ। ਅਸਲ ਵਿਚ ਰਾਜ ਤੇ ਕੇਂਦਰੀ ਖੁਫੀਆ ਏਜੰਸੀਆਂ ਹਾਲਾਤ ਦੀ ਸੰਜੀਦਗੀ ਦਾ ਅਨੁਮਾਨ ਲਾਉਣ ਵਿਚ ਖੁੰਝ ਗਈਆਂ ਤੇ ਨਾ ਹੀ ਉਨ੍ਹਾਂ ਰਾਜ ਸਰਕਾਰ ਦੀ ਲੀਡਰਸ਼ਿਪ ਨੂੰ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਵਾਇਆ। ਇਸ ਦਾ ਨਤੀਜਾ ਇਹ ਹੋਇਆ ਕਿ ਡੇਰਾ ਮੁਖੀ ਖਿਲਾਫ਼ ਫੈਸਲੇ ਮਗਰੋਂ ਸਥਿਤੀ ਹੱਥੋਂ ਬਾਹਰੀ ਹੋ ਗਈ।

ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵੱਲੋਂ ਸਾਂਝਾ ਕੰਟਰੋਲ ਰੂਮ ਬਣਾਉਣ ਦੇ ਬਾਵਜੂਦ ਸੁਰੱਖਿਆ ਏਜੰਸੀਆਂ ਵਿਚਾਲੇ ਤਾਲਮੇਲ ਦੀ ਘਾਟ ਦੇ ਚਲਦਿਆਂ ਡੇਰਾ ਸਮਰਥਕਾਂ ਦਾ ਵੱਡਾ ਹਜੂਮ ਡੇਰਾ ਮੁਖੀ ਖਿਲਾਫ਼ ਫੈਸਲੇ ਤੋਂ ਬਾਅਦ ਹਿੰਸਕ ਹੋ ਗਿਆ। ਮੁੱਖ ਮੰਤਰੀ ਤੇ ਉਨ੍ਹਾਂ ਦੀ ਕੈਬਨਿਟ ਵਿਚਲੇ ਕੁਝ ਮੰਤਰੀ ਚੰਡੀਗੜ੍ਹ ਵਿਚ ਮੌਜੂਦ ਹੋਣ ਦੇ ਬਾਵਜੂਦ ਪੰਚਕੂਲਾ ਜਾ ਕੇ ਪੁਲਿਸ ਬਲਾਂ ਦਾ ਹੌਸਲਾ ਵਧਾਉਣਾ ਵਿਚ ਵੀ ਫਾਡੀ ਰਹੇ। ਸਰਕਾਰ ਦੀ ਨਲਾਇਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਸਭ ਕੁਝ ਜਦੋਂ ਹਾਈ ਕੋਰਟ ਦੇ ਧਿਆਨ ਵਿਚ ਆਇਆ ਤਾਂ ਅਦਾਲਤ ਨੇ ਖੁਦ ਫੌਜ ਨੂੰ ਨਿਰਦੇਸ਼ ਦੇਣ ਦੀ ਗੱਲ ਕਹਿ ਦਿੱਤੀ। ਇਸ ਮਗਰੋਂ ਕੇਂਦਰ ਤੇ ਹਰਿਆਣਾ ਸਰਕਾਰਾਂ ਹਰਕਤ ਵਿਚ ਆਈਆਂ ਪਰ ਉਦੋਂ ਤੱਕ ਵੇਲਾ ਲੰਘ ਚੁੱਕਾ ਸੀ। ਇਸ ਪੂਰੀ ਘਟਨਾ ਤੋਂ ਬਾਅਦ ਸਵਾਲ ਉਠਦਾ ਹੈ ਕਿ ਇਸ ਦਾ ਪਹਿਲਾਂ ਹੀ ਅੰਦਾਜ਼ਾ ਹੋਣ ਦੇ ਬਾਵਜੂਦ ਭਾਜਪਾ ਸਰਕਾਰ ਵੱਲੋਂ ਪੂਰੇ ਪ੍ਰਬੰਧ ਕਿਉਂ ਨਹੀਂ ਕੀਤੇ ਗਏ। ਹਾਈ ਕੋਰਟ ਵਿਚ ਪਾਈ ਪਟੀਸ਼ਨ 'ਚ ਵੀ ਸਵਾਲ ਕੀਤਾ ਗਿਆ ਸੀ ਕਿ ਜੇਕਰ ਧਾਰਾ 144 ਲਾਗੂ ਕੀਤੀ ਗਈ ਹੈ ਤਾਂ ਰਾਮ ਰਹੀਮ ਦੇ 4 ਲੱਖ ਤੋਂ ਵੱਧ ਸਮਰਥਕ ਕਿਵੇਂ ਪੰਚਕੂਲਾ ਪਹੁੰਚ ਗਏ। ਇਸ ਤੋਂ ਬਾਅਦ ਵੀ ਸਰਕਾਰ ਦੀਆਂ ਅੱਖਾਂ ਨਹੀਂ ਖੁੱਲ੍ਹੀਆਂ। ਜਦਕਿ ਹਾਈ ਕੋਰਟ ਨੇ ਸਰਕਾਰ ਨੂੰ ਤਾੜਦਿਆਂ ਪੂਰੀ ਸਖਤੀ ਵਰਤਣ ਲਈ ਕਿਹਾ ਸੀ। ਸਰਕਾਰ ਨੂੰ ਇਹ ਕੋਈ ਖਾਸ ਵੱਡੀ ਘਟਨਾ ਨਹੀਂ ਲੱਗਦੀ ਸੀ ਤੇ ਸਿੱਖਿਆ ਮੰਤਰੀ ਰਾਮ ਵਿਲਾਸ ਨੇ ਬਿਆਨ ਦਿੱਤਾ ਕਿ ਧਾਰਾ 144 ਸ਼ਰਧਾਲੂਆਂ 'ਤੇ ਲਾਗੂ ਨਹੀਂ ਹੁੰਦੀ। ਜਿਸ ਤੋਂ ਇਕ ਗੱਲ ਸਾਫ ਹੁੰਦੀ ਹੈ ਕਿ ਸਰਕਾਰ ਬਣਨ ਵੇਲੇ ਡੇਰੇ ਤੋਂ ਲਈਆਂ ਵੋਟਾਂ ਦਾ ਮੁੱਲ ਸਰਕਾਰ ਤਾਰਨਾ ਚਾਹੁੰਦੀ ਸੀ।

### ਸਿਆਸੀ ਲਾਹੇ ਲਈ ਡੇਰੇ 'ਤੇ ਮਿਹਰਬਾਨ ਰਹੀ ਸਰਕਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਵੀ ਇਹ ਗੱਲ ਕਹਿਣੀ ਪਈ ਕਿ ਹਰਿਆਣਾ ਦੀ ਖੱਟਰ ਸਰਕਾਰ ਨੇ ਡੇਰਾ ਸੱਚਾ ਸੌਦਾ ਨੂੰ ਸਿਆਸੀ ਪੁਸ਼ਤ ਪਨਾਹੀ ਦਿੱਤੀ ਹੋਈ ਸੀ। ਅਦਾਲਤ ਨੇ ਕੇਂਦਰ ਸਰਕਾਰ ਨੂੰ ਵੀ ਘੇਰਦਿਆਂ ਕਿਹਾ ਕਿ ਉਹ ਖਿਤੇ ਨੂੰ ਕਾਲੋਨੀ ਵਜੋਂ ਵਰਤ ਰਿਹਾ ਹੈ ਅਤੇ ਉਸ ਨੂੰ ਇਸ ਦੀ ਕੋਈ ਪਰਵਾਹ ਨਹੀਂ ਹੈ। ਹਾਈ ਕੋਰਟ ਨੇ ਇਸ 'ਤੇ ਵੀ ਨਾਰਾਜ਼ਗੀ ਜਤਾਈ ਕਿ ਸੂਬੇ ਦੇ ਅਧਿਕਾਰੀਆਂ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖਿਲਾਫ਼ ਬਲਾਤਕਾਰ ਦੇ ਮਾਮਲੇ 'ਚ ਫੈਸਲਾ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਗੁੰਮਰਾਹ ਕੀਤਾ। ਅਦਾਲਤ ਨੇ ਸਪਸ਼ਟ ਕਿਹਾ ਕਿ ਇਸ ਲਈ ਸਿਰਫ ਅਧਿਕਾਰੀਆਂ ਨੂੰ ਬਲੀ ਦਾ ਬੱਕਰਾ ਨਾ ਬਣਾਇਆ ਜਾਵੇ।

### ਭਾਜਪਾ ਦੇ ਸਾਕਸ਼ੀ ਮਹਾਰਾਜ ਡੇਰੇ ਦੇ ਹੱਕ ਵਿਚ ਖੜ੍ਹੇ

**ਚੰਡੀਗੜ੍ਹ:** ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਡੇਰਾ ਮੁਖੀ ਰਾਮ ਰਹੀਮ ਦੇ ਹੱਕ ਵਿਚ ਆ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਕ ਵਿਅਕਤੀ ਡੇਰਾ ਮੁਖੀ ਦੇ ਖਿਲਾਫ਼ ਸ਼ਿਕਾਇਤ ਲੈ ਕੇ ਖੜ੍ਹਾ ਸੀ ਜਦੋਂਕਿ ਕਰੋੜਾਂ ਲੋਕ ਉਸ ਦੇ ਸਮਰਥਨ ਵਿਚ ਸਨ। ਜੇਕਰ ਰਾਮ ਰਹੀਮ ਖਿਲਾਫ਼ ਸਖਤ ਕਦਮ ਨਾ ਚੁੱਕਿਆ ਹੁੰਦਾ ਤਾਂ ਇਹ ਵੱਡਾ ਵਿਵਾਦ ਕਦੇ ਖੜ੍ਹਾ ਨਾ ਹੁੰਦਾ। ਉਤਰ ਪ੍ਰਦੇਸ਼ ਦੇ ਉਨਾਵ ਤੋਂ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਜਾਂ ਫਿਰ ਹਾਈ ਕੋਰਟ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਖਿਲਾਫ਼ ਕਦਮ ਕਿਉਂ ਨਹੀਂ ਚੁੱਕਦੇ। ਸਾਕਸ਼ੀ ਦਾ ਕਹਿਣਾ ਹੈ ਕਿ ਇਮਾਮ ਦੇ ਖਿਲਾਫ਼ ਕਈ ਸ਼ਿਕਾਇਤਾਂ ਹਨ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਾਧਾਰਨ ਕੁਟੀਆ ਤੋਂ 700 ਏਕੜ ਦੇ ਡੇਰੇ ਤੱਕ ਦਾ ਸਫਰ

## ਸਤਾਈ ਸਾਲਾਂ ਵਿਚ ਖੜ੍ਹਾ ਹੋਇਆ ਡੇਰੇ ਦਾ ਸਾਮਰਾਜ

**ਸਿਰਸਾ:** ਡੇਰਾ ਸਿਰਸਾ ਦਾ ਸਾਮਰਾਜ ਗੁਰਮੀਤ ਰਾਮ ਰਹੀਮ ਦੇ ਗੱਦੀਨਸ਼ੀਨ ਹੋਣ ਮਗਰੋਂ ਹੀ ਖੜ੍ਹਾ ਹੋਇਆ ਹੈ। ਡੇਰੇ ਦੀ ਸਥਾਪਨਾ 1948 ਵਿਚ ਹੋਈ ਸੀ। ਡੇਰੇ ਦੇ ਪਹਿਲੇ ਗੱਦੀਨਸ਼ੀਨ ਸ਼ਾਹ ਮਸਤਾਨਾ ਸਨ ਜਿਨ੍ਹਾਂ ਮਗਰੋਂ ਗੱਦੀ ਸ਼ਾਹ ਸਤਨਾਮ ਸਿੰਘ ਨੂੰ ਸੌਂਪੀ ਗਈ। ਡੇਰੇ ਦੀ ਸਥਾਪਨਾ ਮੌਕੇ ਡੇਰੇ ਕੋਲ ਸਿਰਫ਼ ਪੰਜ ਕਿੱਲੇ ਜ਼ਮੀਨ ਸੀ ਜੋ ਦੂਜੀ ਗੱਦੀ ਤੱਕ ਵਧ ਕੇ 25 ਕਿੱਲੇ ਤੱਕ ਪੁੱਜੀ। ਸਾਲ 1990 ਵਿਚ ਡੇਰੇ ਦੇ ਤੀਜੇ ਗੱਦੀਨਸ਼ੀਨ ਗੁਰਮੀਤ ਰਾਮ ਰਹੀਮ ਸਿੰਘ ਦੀ ਨਿਯੁਕਤੀ ਨਾਲ ਡੇਰੇ ਦਾ ਵਿਸ਼ਾਲ ਸਾਮਰਾਜ ਸਥਾਪਤ ਹੋਣਾ ਸ਼ੁਰੂ ਹੋ ਗਿਆ।

ਸੂਤਰਾਂ ਅਨੁਸਾਰ ਡੇਰੇ ਦੀ ਜਾਇਦਾਦ ਛੇ ਹਜ਼ਾਰ ਕਰੋੜ ਤੋਂ ਵੱਧ ਦੱਸੀ ਜਾ ਰਹੀ ਹੈ। ਨਵਾਂ ਡੇਰਾ ਸੱਤ ਸੌ ਕਿੱਲੇ ਜ਼ਮੀਨ ਵਿਚ ਬਣਿਆ ਹੈ ਜਿਸ ਵਿਚ ਐਮ.ਐਸ.ਜੀ. ਬਰਾਂਡ ਦੀਆਂ ਚੀਜ਼ਾਂ ਬਣਾਉਣ ਵਾਲੀਆਂ ਵੱਖ-ਵੱਖ ਫੈਕਟਰੀਆਂ ਤੋਂ ਇਲਾਵਾ ਡੇਰੇ ਦੇ ਸਕੂਲ ਤੇ ਕਾਲਜ ਵੀ ਹਨ। 'ਸੱਚ' ਮਾਰਕੀਟ ਦੀ ਸਥਾਪਨਾ ਤੋਂ ਇਲਾਵਾ ਕਈ ਰਿਹਾਇਸ਼ੀ ਕਾਲੋਨੀਆਂ ਵੀ ਬਣੀਆਂ ਹੋਈਆਂ ਹਨ। ਜਾਣਕਾਰੀ ਮੁਤਾਬਕ, ਪਹਿਲਾਂ ਇਹ ਡੇਰਾ ਕੱਚਾ ਹੁੰਦਾ ਸੀ। ਜਿਉਂ ਜਿਉਂ ਡੇਰੇ ਦੀ ਤਾਕਤ ਵਧਦੀ ਗਈ, ਇਸ ਦਾ ਫੈਲਾਓ ਵੀ ਹੁੰਦਾ ਗਿਆ। ਹੁਣ ਪਤਾ ਲੱਗਿਆ ਹੈ ਕਿ ਅਧਿਕਾਰੀਆਂ ਵੱਲੋਂ ਡੇਰੇ ਦੇ ਖਾਤੇ ਸੀਲ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ।

ਡੇਰਾ ਮੁਖੀ ਅਤੇ ਡੇਰੇ ਅੰਦਰਲੇ ਹੋਰ ਰਾਜ਼ ਖੁੱਲ੍ਹਣੇ ਅਜੇ ਬਾਕੀ ਹਨ। ਇਹ ਗੱਲ ਵੀ ਆਖੀ ਜਾ ਰਹੀ ਹੈ ਕਿ ਹਰਿਆਣਾ ਦੀ ਖੱਟਰ ਸਰਕਾਰ ਕਿਉਂਕਿ ਡੇਰੇ ਅਤੇ ਡੇਰੇ ਮੁਖੀ ਪ੍ਰਤੀ ਨਰਮੀ ਵਰਤ ਰਹੀ ਹੈ, ਇਸ ਲਈ ਡੇਰੇ ਦੇ ਭੇਤ ਦਬਾਏ ਵੀ ਜਾ ਸਕਦੇ ਹਨ। ਜੇ ਫੌਜ ਡੇਰੇ ਅੰਦਰ ਦਾਖਲ ਹੋ ਜਾਂਦੀ ਹੈ, ਤਾਂ ਇਸ ਬਾਰੇ ਹੋਰ ਭੇਤ ਖੁੱਲ੍ਹਣ ਦੀ ਸੰਭਾਵਨਾ ਬਣ ਸਕਦੀ ਹੈ।




## ਹਾਈ ਕੋਰਟ ਨੇ ਹੁੱਲੜਬਾਜ਼ਾਂ 'ਤੇ ਗੋਲੀ ਚਲਾਉਣ ਨੂੰ ਜਾਇਜ਼ ਦੱਸਿਆ

**ਚੰਡੀਗੜ੍ਹ:** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਚਕੂਲਾ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਦੋਸ਼ੀ ਗਰਦਾਨੇ ਜਾਣ ਬਾਅਦ ਭੜਕੀ ਹਿੰਸਾ ਦੌਰਾਨ ਪੁਲਿਸ ਫਾਇਰਿੰਗ ਬਾਰੇ ਕਿੰਤੂ ਕਰਦੀ ਪਟੀਸ਼ਨ ਨੂੰ ਦਰਕਿਨਾਰ ਕਰਦਿਆਂ ਹਾਈ ਕੋਰਟ ਨੇ ਕਿਹਾ ਕਿ ਇਹ ਜੰਗ ਵਰਗੀ ਸਥਿਤੀ ਸੀ ਅਤੇ ਇਕ ਜੰਗ ਦੀ ਤਰ੍ਹਾਂ ਹੀ ਲੜਨ ਦੀ ਲੋੜ ਸੀ। ਕੁਝ ਵਕੀਲਾਂ ਵੱਲੋਂ ਦਾਇਰ ਪਟੀਸ਼ਨ ਕਿ ਭੀੜ ਨੂੰ ਖਿਡਾਉਣ ਲਈ ਸਿੱਧੀ ਗੋਲੀ ਚਲਾਉਣ ਦੀ ਥਾਂ ਪੈਲੇਟ ਗੰਨਾਂ ਦੀ ਵਰਤੋਂ ਕੀਤੀ ਜਾ ਸਕਦੀ ਸੀ, ਨੂੰ ਸੁਣਵਾਈ ਲਈ ਸਵੀਕਾਰ ਨਾ ਕਰਦਿਆਂ ਹਾਈ ਕੋਰਟ ਦਾ ਪੂਰਾ ਬੈਂਚ ਨੇ ਇਕਸੁਰ ਹੋ ਕੇ ਗਰਜਿਆ, 'ਤੁਸੀ ਚਾਹੁੰਦੇ ਹੋ ਕਿ ਪੁਲਿਸ ਨਰਮ ਰਹੇ। ਜੇ ਲੋਕ ਬਦਅਮਨੀ ਫੈਲਾਉਂਦੇ ਦੇਖੇ ਜਾਂਦੇ ਨੇ ਤਾਂ ਉਨ੍ਹਾਂ ਨੂੰ ਗੋਲੀ ਮਾਰੀ ਜਾ ਸਕਦੀ ਹੈ।'

## ਜਸਟਿਸ ਦੀਪਕ ਮਿਸ਼ਰਾ ਬਣੇ ਭਾਰਤ ਦੇ ਨਵੇਂ ਚੀਫ ਜਸਟਿਸ

**ਨਵੀਂ ਦਿੱਲੀ:** ਜਸਟਿਸ ਦੀਪਕ ਮਿਸ਼ਰਾ ਨੇ ਮੁਲਕ ਦੇ 45ਵੇਂ ਚੀਫ ਜਸਟਿਸ ਵਜੋਂ ਅਹੁਦਾ ਸੰਭਾਲ ਲਿਆ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਵਿਚ ਜਸਟਿਸ ਮਿਸ਼ਰਾ ਨੂੰ ਅਹੁਦੇ ਦੀ ਸਹੁੰ ਚੁਕਾਈ। ਜਸਟਿਸ ਮਿਸ਼ਰਾ (64) ਨੇ ਸਹੁੰ ਅੰਗਰੇਜ਼ੀ ਵਿਚ ਚੁੱਕੀ ਤੇ ਉਨ੍ਹਾਂ ਸੇਵਾ ਮੁਕਤ ਹੋਏ ਜਸਟਿਸ ਜੇ.ਐਸ.ਖੇਹਰ ਦੀ ਥਾਂ ਲਈ ਹੈ। ਜਸਟਿਸ ਮਿਸ਼ਰਾ 2 ਅਕਤੂਬਰ 2018 ਤੱਕ ਇਸ ਅਹੁਦੇ ਉਤੇ ਬਣੇ ਰਹਿਣਗੇ। ਯਾਦ ਰਹੇ ਕਿ ਸਥਾਪਤ ਰਵਾਇਤ ਮੁਤਾਬਕ ਜਸਟਿਸ ਖੇਹਰ ਨੇ ਹੀ ਅਗਲੇ ਚੀਫ ਜਸਟਿਸ ਵਜੋਂ ਖੇਹਰ ਦੇ ਨਾਂ ਦੀ ਸਿਫਾਰਸ਼ ਕੀਤੀ ਸੀ।

## ਧਾਰਮਿਕ ਵੰਡੀਆਂ ਪਾ ਰਹੀ ਭਾਜਪਾ: ਮਮਤਾ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਾਜਪਾ 'ਤੇ ਦੋਸ਼ ਲਾਇਆ ਹੈ ਕਿ ਉਹ ਲੋਕਾਂ ਨੂੰ ਧਾਰਮਿਕ ਆਧਾਰ 'ਤੇ ਵੰਡ ਰਹੀ ਹੈ। ਭਾਜਪਾ ਨੂੰ 2019 ਦੀਆਂ ਲੋਕ ਸਭਾ ਚੋਣਾਂ 'ਚ ਕੇਂਦਰ ਤੋਂ ਲਾਂਭੇ ਕਰਨ ਦਾ ਉਨ੍ਹਾਂ ਸੱਦਾ ਦਿੱਤਾ। ਮਮਤਾ ਬੈਨਰਜੀ ਨੇ ਕਿਹਾ ਕਿ ਕੇਂਦਰ ਸਰਕਾਰ ਹਰ ਥਾਂ 'ਤੇ ਆਧਾਰ ਕਾਰਡ ਥੋਪ ਕੇ ਲੋਕਾਂ ਦੀ ਨਿੱਜਤਾ ਦੇ ਹੱਕ ਵਿਚ ਦਖਲ ਦੇ ਰਹੀ ਹੈ।

## ਗੁਨਾਹਾਂ ਦਾ 'ਗੁਰੂ' ਅਸਲ ਟਿਕਾਣੇ ਲੱਗਾ

*(ਸਫਾ ਇਕ ਦੀ ਬਾਕੀ)*

ਹਾਲਾਤ ਇਥੋਂ ਤੱਕ ਮਾੜੇ ਹੋ ਗਏ ਕਿ ਡੇਰਾ ਮੁਖੀ ਅਤੇ ਭਾਜਪਾ ਸਰਕਾਰ ਦੇ 'ਗੱਠਜੋੜ' ਨੂੰ ਤੋੜਨ ਲਈ ਹਾਈ ਕੋਰਟ ਨੂੰ ਦਖਲ ਦੇਣਾ ਪਿਆ। ਹਾਈ ਕੋਰਟ ਵੱਲੋਂ ਸਰਕਾਰ ਨੂੰ ਹਾਲਾਤ ਦਾ ਸਾਹਮਣਾ ਕਰਨ ਲਈ ਫੌਜ ਸੱਦਣ ਦਾ ਹੁਕਮ ਦਿੱਤਾ ਗਿਆ, ਪਰ ਉਦੋਂ ਤੱਕ ਬੜੀ ਦੇਰ ਹੋ ਚੁੱਕੀ ਸੀ। ਡੇਰੇ ਪ੍ਰੇਮੀ ਭਾਵੇਂ ਆਪਣੇ ਮਕਸਦ ਵਿਚ ਸਫਲ ਨਾ ਹੋ ਸਕੇ, ਪਰ ਉਨ੍ਹਾਂ ਵੱਲੋਂ ਵੱਡੇ ਪੱਧਰ 'ਤੇ ਸਾੜ ਫੂਕ ਕੀਤੀ ਗਈ ਤੇ ਪੁਲਿਸ ਦੀ ਕਾਰਵਾਈ ਵਿਚ 38 ਜਾਨਾਂ ਚਲੀਆਂ ਗਈਆਂ।

ਦੱਸ ਦਈਏ ਕਿ ਰਾਮ ਰਹੀਮ 1990 ਵਿਚ 23 ਸਾਲ ਦੀ ਉਮਰ ਵਿਚ ਡੇਰਾ ਮੁਖੀ ਬਣਿਆ ਸੀ। ਉਸ ਪਿੱਛੋਂ ਡੇਰੇ ਦੀ ਚੜ੍ਹਾਈ ਸ਼ੁਰੂ ਹੋ ਗਈ, ਪਰ 2002 ਵਿਚ ਰਾਮ ਰਹੀਮ ਖਿਲਾਫ਼ ਅਪਰਾਧਾਂ ਅਤੇ ਵਿਵਾਦਾਂ ਦਾ ਦੌਰ ਸ਼ੁਰੂ ਹੋਇਆ। ਉਸ ਤੋਂ ਬਾਅਦ ਉਸ ਖਿਲਾਫ਼ ਜਬਰ ਜਨਾਹ, ਹੱਤਿਆ ਤੇ ਜਬਰੀ ਨਿਪੁੰਸਕ ਬਣਾਉਣ ਦੇ ਮਾਮਲੇ ਦਰਜ ਹਨ। 2007 ਵਿਚ ਉਸ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਜਦੋਂ ਉਸ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ।

ਡੇਰਾ ਸਿਰਸਾ 700 ਏਕੜ 'ਚ ਫੈਲਿਆ ਹੋਇਆ ਇਕ ਸ਼ਹਿਰ ਹੀ ਹੈ ਜਿਥੇ ਸਕੂਲ, ਕਾਲਜ, ਖੇਡ ਪਿੰਡ, ਹਸਪਤਾਲ, ਸਿਨੇਮਾ ਹਾਲ, ਸ਼ਾਪਿੰਗ ਮਾਲ ਅਤੇ ਹੋਰ ਸੁੱਖ ਸਹੂਲਤਾਂ ਮੌਜੂਦ ਹਨ। ਰਾਜਨੀਤੀ ਪਾਰਟੀਆਂ ਦਾ ਡੇਰਾ ਸਿਰਸਾ ਵਿਖੇ ਆਉਣ-ਜਾਣ ਲੱਗਾ ਰਹਿੰਦਾ ਹੈ। ਡੇਰਾ ਮੁਖੀ ਸਿਆਸੀ ਵਿੰਗ ਵੀ ਬਣਾਇਆ ਹੋਇਆ ਹੈ। 2014 ਦੀਆਂ ਚੋਣਾਂ 'ਚ ਡੇਰੇ ਦੇ ਰਾਜਨੀਤਕ ਵਿੰਗ ਨੇ ਹਰਿਆਣਾ ਵਿਚ ਭਾਜਪਾ ਦਾ ਸਮਰਥਨ ਕੀਤਾ ਸੀ। ਇਹੀ ਕਾਰਨ ਹੈ ਕਿ ਹਰਿਆਣਾ ਸਰਕਾਰ ਡੇਰਾ ਮੁਖੀ ਦੇ ਜੇਲ੍ਹ ਜਾਣ ਤੱਕ ਉਸ ਦੇ ਹੀ ਗੁਣ ਗਾਉਂਦੀ ਰਹੀ।

## ਲੋਕ ਸਭਾ ਤੇ ਅਸੈਂਬਲੀ ਚੋਣਾਂ ਇਕੱਠਿਆਂ ਕਰਾਉਣ ਦੀ ਵਕਾਲਤ

**ਨਵੀਂ ਦਿੱਲੀ:** ਨੀਤੀ ਆਯੋਗ ਨੇ 2024 ਤੋਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਦੋ ਪੜਾਵਾਂ 'ਚ ਇਕੱਠਿਆਂ ਕਰਾਉਣ ਦੀ ਵਕਾਲਤ ਕੀਤੀ ਹੈ ਤਾਂ ਜੋ ਪ੍ਰਚਾਰ ਦਾ ਸਮਾਂ ਘਟੇ।

ਆਯੋਗ ਨੇ ਕਿਹਾ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠਿਆਂ ਕਰਾਉਣਾ ਕੌਮ ਦੇ ਹਿੱਤ 'ਚ ਹੈ ਅਤੇ ਸੁਝਾਅ ਦਿੱਤਾ ਕਿ ਮਾਹਰਾਂ ਦਾ ਗਰੁੱਪ ਬਣਾ ਕੇ ਇਸ ਸਬੰਧੀ ਕੰਮ ਅੱਗੇ ਤੋਰਿਆ ਜਾਵੇ।

## ਚੀਨ ਨਾਲ ਡੋਕਲਾਮ ਵਿਵਾਦ ਨਿਬੜਿਆ

**ਨਵੀਂ ਦਿੱਲੀ:** ਭਾਰਤ ਨੇ ਐਲਾਨ ਕੀਤਾ ਹੈ ਕਿ ਪਿਛਲੇ ਦਿਨਾਂ ਤੋਂ ਚੀਨ ਨਾਲ ਡੋਕਲਾਮ ਵਿਚ ਚੱਲ ਰਿਹਾ ਸਰਹੱਦੀ ਵਿਵਾਦ ਆਪਸੀ ਸਹਿਮਤੀ ਨਾਲ ਨਿੱਬੜ ਗਿਆ ਹੈ।

ਦੋਵੇਂ ਦੇਸ਼ ਪੜਾਅਵਾਰ ਆਪਣੀਆਂ ਫੌਜਾਂ ਨੂੰ ਪਿੱਛੇ ਹਟਾਉਣਗੇ। ਦੋਵਾਂ ਦੇਸ਼ਾਂ ਦੀ ਇਸ ਪਹਿਲਕਦਮੀ ਨੂੰ ਅਗਲੇ ਹਫਤੇ ਸ਼ੁਰੂ ਹੋਣ ਵਾਲੇ ਬਰਿਕਸ ਸੰਮੇਲਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਫੈਸਲੇ ਨੂੰ ਭਾਰਤ ਦੀ ਕੂਟਨੀਤਕ ਜਿੱਤ ਮੰਨਿਆ ਜਾ ਰਿਹਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਇਸ ਮੁੱਦੇ ਉਤੇ ਦੋਵੇਂ ਦੇਸ਼ ਕੂਟਨੀਤਕ ਤੌਰ 'ਤੇ ਆਪਣੀਆਂ ਤਰਜੀਹਾਂ, ਫਿਕਰਮੰਦੀਆਂ ਅਤੇ ਹਿਤਾਂ ਬਾਰੇ ਵਿਚਾਰ ਚਰਚਾ ਕਰਨਗੇ।

ਭਾਰਤੀ ਫੌਜ ਦੇ ਸੂਤਰਾਂ ਨੇ ਦੱਸਿਆ ਕਿ ਸਿੱਕਮ ਨੇੜੇ ਡੋਕਲਾਮ ਵਿਚ ਭਾਰਤ ਦੇ 350 ਫੌਜੀ ਤਾਇਨਾਤ ਹਨ ਅਤੇ ਇਨ੍ਹਾਂ ਨੂੰ ਪਿੱਛੇ ਹਟਾਉਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਡੋਕਲਾਮ ਵਿਚ ਭਾਰਤੀ ਫੌਜੀਆਂ ਵੱਲੋਂ ਚੀਨ ਦੇ ਫੌਜੀਆਂ ਨੂੰ ਸੜਕ ਬਣਾਉਣ ਤੋਂ ਰੋਕ ਦੇਣ ਬਾਅਦ 16 ਜੂਨ ਤੋਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਆਹਮੋ ਸਾਹਮਣੇ ਸਨ।

## ਡੇਰਾ ਮੁਖੀ ਦੇ ਪਰਿਵਾਰ ਵੱਲੋਂ ਸੁਰੱਖਿਆ ਲੈਣ ਤੋਂ ਨਾਂਹ

**ਬਠਿੰਡਾ:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਪਰਿਵਾਰ ਨੇ ਸਰਕਾਰੀ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਹੈ। ਡੇਰਾ ਮੁਖੀ ਦੀ ਮਾਂ ਨਸੀਬ ਕੌਰ, ਪਤਨੀ ਹਰਜੀਤ ਕੌਰ, ਲੜਕਾ ਜਸਮੀਤ ਇੰਸਾਂ ਅਤੇ ਉਸ ਦੀ ਪਤਨੀ ਆਪਣੇ ਜੱਦੀ ਪਿੰਡ ਗੁਰੂਸਰ ਮੋਡੀਆ (ਹਨੂੰਮਾਨਗੜ੍ਹ) ਪੁੱਜ ਗਏ ਹਨ। ਪਰਿਵਾਰ ਕਿਸੇ ਨੂੰ ਵੀ ਮਿਲਣ ਤੋਂ ਗੁਰੇਜ਼ ਕਰ ਰਿਹਾ ਹੈ।

ਡੇਰਾ ਮੁਖੀ ਦਾ ਪਰਿਵਾਰ ਆਪਣੇ ਪਿੰਡ ਵਿਚਲੇ ਘਰ ਵਿਚ ਠਹਿਰਿਆ ਹੋਇਆ ਹੈ ਜਿਸ ਦੇ ਬੂਹੇ ਬੰਦ ਕੀਤੇ ਹੋਏ ਹਨ ਅਤੇ ਕਿਸੇ ਨੂੰ ਵੀ ਘਰ ਵਿਚ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ। ਡੇਰਾ ਸਿਰਸਾ ਦੇ ਦਰਜਨਾਂ ਪੈਰੋਕਾਰਾਂ ਨੇ ਰਿਹਾਇਸ਼ ਉਤੇ ਪਹਿਰਾ ਲਾਇਆ ਹੋਇਆ ਹੈ। ਰਾਜਸਥਾਨ ਪੁਲਿਸ ਨੇ ਪਰਿਵਾਰ ਨੂੰ ਸੁਰੱਖਿਆ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਪਰਿਵਾਰ ਨੇ ਠੁਕਰਾ ਦਿੱਤੀ ਹੈ। ਜ਼ਿਲ੍ਹਾ ਹਨੂੰਮਾਨਗੜ੍ਹ ਦੇ ਥਾਣਾ ਗੋਲੂਵਾਲਾ ਦੇ ਮੁੱਖ ਥਾਣਾ ਅਫਸਰ ਬੂਟਾ ਸਿੰਘ ਡੇਰਾ ਮੁਖੀ ਦੇ ਘਰ ਗਏ ਸਨ ਅਤੇ ਸਰਕਾਰ ਦੀ ਤਰਫ਼ੋਂ ਸੁਰੱਖਿਆ ਦੀ ਪੇਸ਼ਕਸ਼ ਕੀਤੀ, ਪਰ ਕਿਸੇ ਨੇ ਹਾਮੀ ਨਹੀਂ ਭਰੀ। ਪਰਿਵਾਰ ਦੇ ਨੇੜਲਿਆਂ ਨੇ ਦੱਸਿਆ ਕਿ ਪਰਿਵਾਰ ਬਹੁਤ ਸਦਮੇ ਵਿਚ ਹੈ। ਪੁਲਿਸ ਨੇ ਵੀ ਇਹੋ ਹਦਾਇਤ ਦਿੱਤੀ ਹੈ ਕਿ ਆਮ ਲੋਕਾਂ ਨੂੰ ਫਿਲਹਾਲ ਪਰਿਵਾਰ ਤੋਂ ਦੂਰ ਰੱਖਿਆ ਜਾਵੇ। ਜਾਣਕਾਰੀ ਅਨੁਸਾਰ ਕਾਂਗਰਸ ਦੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਜੋ ਡੇਰਾ ਮੁਖੀ ਦੇ ਰਿਸ਼ਤੇਦਾਰ ਹਨ, ਵੀ ਪਿੰਡ ਗੁਰੂਸਰ ਮੋਡੀਆ ਜਾ ਕੇ ਪਰਿਵਾਰ ਨੂੰ ਮਿਲੇ



*ਰਾਜਸਥਾਨ ਵਿਖੇ ਡੇਰਾ ਮੁਖੀ ਦਾ ਜੱਦੀ ਘਰ।*

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪਾਕਿਸਤਾਨ ਦੇ 19 ਪ੍ਰਧਾਨ ਮੰਤਰੀਆਂ ਵਿਚੋਂ 14 ਦੀ ਸੱਤਾ ਅੱਧ ਵਿਚਾਲਿਓਂ ਖੁੱਸੀ

**ਇਸਲਾਮਾਬਾਦ:** ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਇਸ ਮੁਲਕ ਦੇ 19 ਪ੍ਰਧਾਨ ਮੰਤਰੀਆਂ ਵਿਚੋਂ ਸਿਰਫ ਪੰਜ ਹੀ ਸੇਵਾ-ਮੁਕਤ ਹੋਂਦ ਤੱਕ ਸੱਤਾ ਸੁੱਖ ਭੋਗਣ ਵਿਚ ਸਫਲ ਰਹੇ, ਜਦੋਂਕਿ ਬਾਕੀ 14 ਵਿਚੋਂ ਇਕ ਦੀ ਕਾਰਜਕਾਲ ਦੌਰਾਨ ਹੱਤਿਆ ਕਰਵਾਈ ਗਈ, ਇਕ ਨੂੰ ਫਾਹੇ ਲਾਇਆ ਗਿਆ ਤੇ ਬਾਕੀਆਂ ਵਿਚੋਂ ਕੁਝ ਨੂੰ ਬਰਖਾਸਤ ਕਰ ਦਿੱਤਾ ਗਿਆ। ਕੁਝ ਪਾਸੋਂ ਜਬਰੀ ਅਸਤੀਫਾ ਲੈ ਕੇ ਬੇਇੱਜ਼ਤ ਤਰੀਕੇ ਨਾਲ ਸੱਤਾ ਤੋਂ ਹਟਾ ਦਿੱਤਾ ਗਿਆ।



ਸੱਤਾ ਸੁੱਖ ਭੋਗਦਿਆਂ ਇੱਜ਼ਤ ਨਾਲ ਸੇਵਾ ਮੁਕਤ ਹੋਣ ਵਾਲੇ ਪ੍ਰਧਾਨ ਮੰਤਰੀਆਂ ਵਿਚੋਂ ਵੀ ਵਧੇਰੇ ਅਸਥਾਈ ਤੌਰ 'ਤੇ ਬਣਾਏ ਗਏ ਪ੍ਰਧਾਨ ਮੰਤਰੀ ਸਨ। ਹਾਲ ਹੀ ਵਿਚ ਪਨਾਮਾ ਕੇਸ ਵਿਚ ਭ੍ਰਿਸ਼ਟਾਚਾਰ ਦੇ ਦੋਸ਼ 'ਚ ਬਰਖਾਸਤ ਕੀਤੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਇਸ ਤੋਂ ਪਹਿਲਾਂ ਵੀ ਇਕ ਵਾਰ ਬਰਖਾਸਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਤੋਂ ਇਲਾਵਾ ਚੌਧਰੀ ਮੁਹੰਮਦ ਅਲੀ ਤੇ ਬੇਨਜ਼ੀਰ ਭੁੱਟੋ ਵੀ ਦੋਹਰੀ ਵਾਰ ਬਰਖਾਸਤ ਕੀਤੇ ਗਏ ਸਨ। ਉਪਰੋਕਤ ਦੇ ਇਲਾਵਾ ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਂ ਦੀ ਸੰਨ 1951 'ਚ ਰਹੱਸਮਈ ਹਾਲਾਤ ਵਿਚ ਕੀਤੀ ਹੱਤਿਆ ਦੀ ਗੁੱਥੀ ਅਜੇ ਤੱਕ ਸੁਲਝ ਨਹੀਂ ਸਕੀ।

ਉਨ੍ਹਾਂ ਦੀ ਹੱਤਿਆ ਦੇ ਬਾਅਦ ਸੰਨ 1951 ਤੋਂ ਲੈ ਕੇ ਸੰਨ 1957 ਤੱਕ ਗਵਰਨਰ ਜਨਰਲ ਦੇ ਹੁਕਮ 'ਤੇ ਲਗਾਤਾਰ 6 ਪ੍ਰਧਾਨ ਮੰਤਰੀ ਬਰਖਾਸਤ ਕੀਤੇ ਗਏ। ਇਸੇ ਤਾਨਾਸ਼ਾਹੀ ਰਵੀਏ ਦੇ ਚੱਲਦਿਆਂ ਪ੍ਰਧਾਨ ਮੰਤਰੀ ਖਵਾਜਾ ਨਜ਼ੀਮੁਦੀਨ, ਮੁਹੰਮਦ ਅਲੀ ਬੋਗਰਾ, ਚੌਧਰੀ ਮੁਹੰਮਦ ਅਲੀ, ਹੁਸੈਨ ਸ਼ਹੀਦ ਸੁਹਰਾਵਰਦੀ, ਇਬਰਾਹੀਮ ਇਸਮਾਈਲ ਚੁਨਦਰੀਗਰ (ਇਹ ਸਿਰਫ ਦੋ ਮਹੀਨੇ ਤਕ ਪ੍ਰਧਾਨ ਮੰਤਰੀ ਰਹੇ), ਫਿਰੋਜ਼ ਖਾਂ ਨੂਨ, ਮੁਹੰਮਦ ਖਾਂ ਜੁਨੇਜੋ, ਮੀਰ ਜ਼ਫ਼ਰਉੱਲਾ ਖਾਂ ਜ਼ਮਾਲੀ, ਚੌਧਰੀ ਸੁਜਾਤ ਹੁਸੈਨ, ਸ਼ੌਕਤ ਅਜ਼ੀਜ਼, ਯੂਸਫ਼ ਰਜ਼ਾ ਗਿਲਾਨੀ ਤੇ ਨਵਾਜ਼ ਸ਼ਰੀਫ ਵਿਚੋਂ ਕੁਝ ਨੂੰ ਬਰਖਾਸਤ ਕੀਤਾ ਗਿਆ ਤੇ ਕੁਝ ਪਾਸੋਂ 'ਸਵੈ-ਇੱਛਾ' ਦੇ ਨਾਂ ਉਤੇ ਜ਼ਬਰਦਸਤੀ ਅਸਤੀਫਾ ਲਿਆ ਗਿਆ।

ਇਨ੍ਹਾਂ ਦੇ ਇਲਾਵਾ ਪਾਕਿ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਪਿਤਾ ਜ਼ੁਲਫਿਕਾਰ ਅਲੀ ਭੁੱਟੋ ਨੂੰ ਜਨਰਲ ਜ਼ਿਆ ਉੱਲ ਹੱਕ ਵੱਲੋਂ ਫਾਹੇ ਲਾਏ ਜਾਣ ਦੇ ਬਾਅਦ ਸੱਤਾ 'ਤੇ ਅਧਿਕਾਰ ਕਾਇਮ ਕੀਤਾ ਗਿਆ। ਪਾਕਿਸਤਾਨੀ ਰਾਜਨੀਤੀ ਦੇ ਜਾਣਕਾਰਾਂ ਅਨੁਸਾਰ ਨਵਾਜ਼ ਸ਼ਰੀਫ ਨੂੰ ਸੱਤਾ ਤੋਂ ਹਟਾਏ ਜਾਣ ਤੋਂ ਬਾਅਦ ਭਾਵੇਂ ਕਿ ਸ਼ਾਹਿਦ ਖਾਕਾਨ ਅੱਬਾਸੀ ਨੂੰ 45 ਦਿਨਾਂ ਲਈ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ ਪਰ ਇਸ ਬਾਰੇ ਕੁਝ ਵੀ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਨੂੰ ਕਦੋਂ ਤੇ ਕਿਸ ਦੋਸ਼ ਅਧੀਨ ਸੱਤਾਹੀਣ ਕਰ ਦਿੱਤਾ ਜਾਵੇ। ਇਸ ਦੇ ਹੱਲ ਲਈ ਪਿਛਲੇ ਦਿਨੀਂ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਨਵਾਜ਼ ਸ਼ਰੀਫ ਨੇ ਕਿਹਾ ਕਿ ਮੁੜ ਸੱਤਾ 'ਚ ਆਉਣ ਉਤੇ ਉਹ ਪਾਕਿ ਦੇ ਪੁਰਾਣੇ ਤੇ ਦੋਸ਼ ਪੂਰਨ ਢਾਂਚੇ 'ਚ ਪਰਿਵਰਤਨ ਕਰਦਿਆਂ ਇਸ ਤਰ੍ਹਾਂ ਦੇ ਨਿਯਮ ਲਾਗੂ ਕਰਨਗੇ ਜਿਸ ਨਾਲ ਕਿਸੇ ਵੀ ਪ੍ਰਧਾਨ ਮੰਤਰੀ ਨੂੰ ਅਚਾਨਕ ਬਰਖਾਸਤ ਨਾ ਕੀਤਾ ਜਾ ਸਕੇ।

## ਸ਼ਰੀਫ ਪਰਿਵਾਰ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਚੁਣੌਤੀ


**ਇਸਲਾਮਾਬਾਦ:** ਪਾਕਿਸਤਾਨ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਯੋਗ ਠਹਿਰਾਏ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਪਰਿਵਾਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇ ਦਿੱਤੀ ਹੈ। ਸ੍ਰੀ ਸ਼ਰੀਫ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਾਇਰ ਪਟੀਸ਼ਨਾਂ ਵਿਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਅਯੋਗ ਠਹਿਰਾਉਣ ਅਤੇ ਉਨ੍ਹਾਂ ਖਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਨੂੰ ਚੁਣੌਤੀ ਦਿੱਤੀ ਹੈ। ਸ੍ਰੀ ਸ਼ਰੀਫ ਪਹਿਲਾਂ ਹੀ ਆਪਣੇ ਵਿਰੁੱਧ ਆਏ ਸੁਪਰੀਮ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇ ਚੁੱਕੇ ਹਨ। ਸ਼ਰੀਫ ਦੇ ਪੁੱਤਰਾਂ ਹਸਨ ਤੇ ਹੁਸੈਨ, ਧੀ ਮਰੀਅਮ ਅਤੇ ਜਵਾਈ ਕੈਪਟਨ (ਸੇਵਾ ਮੁਕਤ) ਮੁਹੰਮਦ ਸਫ਼ਦਰ ਨੇ ਆਪਣੇ ਵਕੀਲ ਸਲਮਾਨ ਅਕਰਮ ਰਾਜਾ ਦੇ ਰਾਹੀਂ ਇਕ ਰੀਵਿਊ ਪਟੀਸ਼ਨ ਦਾਇਰ ਕੀਤੀ ਹੈ।


## ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
28-35


## ਸਮੁੰਦਰੀ ਤੂਫਾਨ 'ਹਾਰਵੇਅ' ਮਗਰੋਂ ਸਾਊਥ ਟੀਸਟ ਟੈਕਸਸ ਪਾਣੀ ਵਿਚ ਡੁਬਿਆ

**ਹਿਊਸਟਨ (ਬਿਊਰੋ):** ਸਾਊਥ ਈਸਟ ਟੈਕਸਸ ਸੂਬੇ ਵਿਚ ਪਿਛਲੇ ਦਿਨੀਂ ਆਏ ਸਮੁੰਦਰੀ ਚੱਕਰਵਤੀ ਤੂਫਾਨ 'ਹਾਰਵੇਅ' ਮਗਰੋਂ ਪੂਰਾ ਸਾਊਥ ਟੀਸਟ ਟੈਕਸਸ ਹੀ ਪਾਣੀ ਵਿਚ ਡੁਬਿਆ ਜਾਪ ਰਿਹਾ ਹੈ। ਪਿਛਲੇ 13 ਸਾਲਾਂ 'ਚ ਅਮਰੀਕੀ



ਤੱਟ 'ਤੇ ਆਇਆ ਇਹ ਸਭ ਤੋਂ ਵੱਡਾ ਤੂਫਾਨ ਸੀ। ਸਭ ਤੋਂ ਵੱਧ ਭਿਆਨਕ ਸਥਿਤੀ ਇਸ ਸਮੇਂ ਅਮਰੀਕਾ ਦੇ ਚੌਥੇ ਵੱਡੇ ਸ਼ਹਿਰ ਹਿਊਸਟਨ ਦੀ ਬਣੀ ਹੋਈ ਹੈ, ਜਿਥੇ ਤੂਫਾਨ ਤੋਂ ਬਾਅਦ ਆਏ ਹੜ੍ਹ ਨੇ ਤਬਾਹੀ ਮਚਾਈ ਹੋਈ ਹੈ। ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਲੋਕਾਂ ਦੇ ਘਰਾਂ ਅੰਦਰ ਪਾਣੀ ਦਾਖਲ ਹੋ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਮੇਂ ਸ਼ਹਿਰ ਦਾ ਏਅਰਪੋਰਟ, ਰੇਲਵੇ ਲਾਈਨਾਂ, ਸੜਕਾਂ ਅਤੇ ਪੁਲ ਪਾਣੀ ਹੇਠ ਡੁੱਬੇ ਹੋਏ ਹੋਣ ਕਰਕੇ ਸ਼ਹਿਰ ਦਾ ਲਿੰਕ ਬਾਕੀ ਟੈਕਸਸ ਨਾਲੋਂ ਟੁੱਟਿਆ ਹੋਇਆ ਹੈ। ਘਰਾਂ ਅਤੇ ਬਿਲਡਿੰਗਾਂ ਵਿਚ ਫਸੇ ਲੋਕਾਂ ਨੂੰ ਹੈਲੀਕਾਪਟਰ ਅਤੇ ਕਿਸ਼ਤੀਆਂ ਰਾਹੀਂ ਕੱਢਿਆ ਜਾ ਰਿਹਾ ਹੈ। ਸ਼ਹਿਰ ਦੇ ਕਨਵੈਨਸ਼ਨ ਸੈਂਟਰ ਨੂੰ ਸ਼ੈਲਟਰ ਲਈ ਵਰਤਿਆ ਜਾ ਰਿਹਾ ਹੈ। ਬਹੁਤ ਸਾਰੇ ਲੋਕ ਨੀਵੇਂ ਪੁਲਾਂ ਹੇਠ ਕਾਰਾਂ ਵਿਚ ਫਸ ਗਏ ਸਨ ਜਿਨ੍ਹਾਂ ਨੂੰ ਕੱਢਣ ਲਈ ਪ੍ਰਸ਼ਾਸਨ ਨੂੰ ਕਾਫੀ ਮੁਸ਼ੱਕਤ ਕਰਨੀ ਪਈ। ਹੁਣ ਤੱਕ ਇਸ ਤੂਫਾਨ ਵਿਚ 15 ਲੋਕਾਂ ਦੇ ਜ਼ਖਮੀ ਹੋ ਜਾਣ ਦੀਆਂ ਖਬਰਾਂ ਹਨ। ਭਾਰੀ ਵਰਖਾ ਅਜੇ ਜਾਰੀ ਹੈ ਅਤੇ ਪਾਣੀ ਦਾ ਲੈਵਲ ਹੋਰ ਵਧਣ ਦੇ ਅਸਾਰ ਬਣੇ ਹੋਏ ਹਨ।

## ਭਾਰਤ-ਪਾਕਿ ਜੰਗ ਵੇਲੇ ਦੇ ਬੰਬ ਮਿਲੇ

**ਤਰਨ ਤਾਰਨ:** ਥਾਣਾ ਗੋਇੰਦਵਾਲ ਸਾਹਿਬ ਅਧੀਨ ਆਉਂਦੇ ਪਿੰਡ ਧੁੰਦਾ ਵਿਚ ਬਾਬਾ ਅਨਾਇਤ ਸ਼ਾਹ ਦੀ ਜਗ੍ਹਾ ਤੋਂ ਸ਼ਰਧਾਲੂਆਂ ਨੂੰ 53 ਪੁਰਾਣੇ



ਬੰਬ ਮਿਲੇ ਹਨ।

ਤਕਰੀਬਨ ਛੇ ਮਹੀਨੇ ਪਹਿਲਾਂ ਇਸੇ ਥਾਂ ਤੋਂ ਅਜਿਹੇ 28 ਬੰਬ ਮਿਲੇ ਸਨ। ਇਹ ਜਗ੍ਹਾ ਦਰਿਆ ਬਿਆਸ ਦੇ ਨੇੜੇ ਸਥਿਤ ਹੈ। ਸ਼ਰਧਾਲੂ ਜਦੋਂ ਬਾਬਾ ਅਨਾਇਤ ਸ਼ਾਹ ਦੀ ਜਗ੍ਹਾ 'ਤੇ ਕਿਸੇ ਉਸਾਰੀ ਲਈ ਨੀਂਹ ਪੁੱਟ ਰਹੇ ਸਨ ਤਾਂ ਉਨ੍ਹਾਂ ਨੂੰ ਇਹ ਬੰਬ ਮਿਲੇ। ਪ੍ਰਬੰਧਕਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਇਹ ਬੰਬ 1965 ਦੀ ਭਾਰਤ-ਪਾਕਿ ਜੰਗ ਵੇਲੇ ਦੇ ਲੱਗਦੇ ਹਨ, ਜਦੋਂ ਇਥੇ ਫੌਜੀ ਟੁਕੜੀਆਂ ਰੁਕੀਆਂ ਹੋਈਆਂ ਸਨ।

## ਸੈਮਸੰਗ ਦੇ ਜਾਨਸ਼ੀਨ ਨੂੰ ਜੇਲ੍ਹ

**ਸਿਓਲ:** ਵਿਸ਼ਵ ਦੀ ਸਭ ਤੋਂ ਵੱਡੀ ਮੋਬਾਈਲ ਅਤੇ ਇਲੈਕਟ੍ਰੋਨਿਕਸ ਦੇ ਯੰਤਰ ਬਣਾਉਣ ਵਾਲੀ ਦੱਖਣੀ ਕੋਰੀਆ ਦੀ ਕੰਪਨੀ ਸੈਮਸੰਗ ਦੇ ਉਤਰਾਧਿਕਾਰੀ ਲੀ ਜੇਈ-ਯੋਂਗ ਨੂੰ ਰਿਸ਼ਵਤ ਲੈਣ, ਅਦਾਲਤ ਸਾਹਮਣੇ ਗਲਤ ਬਿਆਨਬਾਜ਼ੀ ਕਰਨ ਅਤੇ ਹੋਰ ਦੋਸ਼ਾਂ ਵਿਚ 5 ਸਾਲ ਲਈ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ 'ਤੇ ਸੈਮਸੰਗ ਕੰਪਨੀ ਦਾ ਪੱਖ ਲੈਣ ਲਈ ਲਗਭਗ 2 ਅਰਬ 45 ਕਰੋੜ 37 ਲੱਖ 89 ਹਜ਼ਾਰ ਰੁਪਏ (3 ਕਰੋੜ 83 ਲੱਖ ਡਾਲਰ) ਦੀ ਰਿਸ਼ਵਤ ਦੇਣ ਦੀ ਪੇਸ਼ਕਸ਼ ਦਾ ਦੋਸ਼ ਹੈ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605



www.princebarbershop.com



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email:
Homeomedicine@yahoo.com

**7021 Village Park Way, Dublin, CA 94568**



## ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਕੈਂਬਰਿਜ ਸਿਟੀ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਹੈਲਪਰ ਦੀ ਲੋੜ ਹੈ। ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ:
ਫੋਨ: 317-750-1900
33-36

# 'ਸੱਚਾ ਸੌਦਾ' ਡੇਰੇ ਵੱਲੋਂ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਨਾਲ ਹੁੰਦਾ ਸੀ ਸੌਦਾ

**ਚੰਡੀਗੜ੍ਹ:** ਸਿਰਸਾ ਡੇਰਾ ਮੁਖੀ ਰਾਮ ਰਹੀਮ ਵੋਟਾਂ ਵੇਲੇ ਹਮੇਸ਼ਾ ਆਪਣੇ ਫਾਇਦੇ ਦੇ ਹਿਸਾਬ ਨਾਲ ਸਿਆਸੀ ਧਿਰਾਂ ਨਾਲ ਵੋਟਾਂ ਦਾ ਸੌਦਾ ਕਰਦਾ ਸੀ। ਉਹ ਕਦੇ ਇਕ ਸਿਆਸੀ ਧਿਰ ਦਾ ਨਹੀਂ ਹੋਇਆ, ਬਲਕਿ ਕੇਂਦਰ ਵਿਚ ਕਿਸ ਦੀ ਸਰਕਾਰ ਹੈ, ਇਸ ਹਿਸਾਬ ਨਾਲ ਪੰਜਾਬ ਤੇ ਹਰਿਆਣਾ ਵਿਚ 'ਵੋਟ ਵੇਚਦਾ' ਸੀ।

ਡੇਰਾ ਸਿਰਸਾ ਵਾਲੇ ਬਾਬੇ ਦਾ ਸਿਆਸੀ ਪਾਰਟੀਆਂ ਨਾਲ ਅੱਖ-ਮਟੱਕਾ ਪਹਿਲੀ ਵਾਰ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ੁਰੂ ਹੋਇਆ, ਜਦ ਉਸ ਵੱਲੋਂ ਸਿੱਧੇ ਤੌਰ 'ਤੇ ਕਾਂਗਰਸ ਦੀ ਹਮਾਇਤ ਦਾ ਐਲਾਨ ਹੋਇਆ ਤੇ ਪਹਿਲੀ ਵਾਰ ਮਾਲਵਾ ਖੇਤਰ ਵਿਚੋਂ ਅਕਾਲੀਆਂ ਦੇ ਪੈਰ ਚੁੱਕੇ ਗਏ। ਉਸ ਵੇਲੇ ਡੇਰੇ ਵੱਲੋਂ ਧਾਰਮਿਕ ਦੇ ਇਲਾਵਾ ਸਿਆਸੀ ਮਸਲਿਆਂ ਨਾਲ ਨਜਿੱਠਣ ਲਈ ਇਕ 45 ਮੈਂਬਰੀ ਰਾਜਸੀ ਮਾਮਲੇ ਵਿੰਗ ਖੜ੍ਹਾ ਕੀਤਾ ਗਿਆ।

ਡੇਰਾ ਸਿਰਸਾ ਪਹਿਲਾ ਅਜਿਹਾ ਧਾਰਮਿਕ ਅਖਵਾਉਂਦਾ ਡੇਰਾ ਹੈ, ਜਿਸ ਨੇ ਆਪਣਾ ਸਿਆਸੀ ਵਿੰਗ ਖੜ੍ਹਾ ਕਰ ਕੇ ਚੋਣਾਂ ਵਿਚ ਸਿਆਸੀ ਧਿਰਾਂ ਨਾਲ 'ਸੌਦੇਬਾਜ਼ੀ' ਦੀ ਨੰਗੀ ਚਿੱਟੀ ਖੇਡ ਖੇਡਣੀ ਸ਼ੁਰੂ ਕੀਤੀ। 2002 ਦੀਆਂ ਵਿਧਾਨ ਸਭਾ ਚੋਣਾਂ 'ਚ ਲਹਿੰਦੇ ਮਾਲਵਾ ਖੇਤਰ ਮਾਨਸਾ, ਬਠਿੰਡਾ, ਮੁਕਤਸਰ, ਫਿਰੋਜ਼ਪੁਰ, ਮੋਗਾ, ਫਰੀਦਕੋਟ, ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ 'ਚ ਕਾਂਗਰਸ ਦੀ ਵੱਡੀ ਜਿੱਤ ਪਿੱਛੇ ਕੈਪਟਨ ਅਮਰਿੰਦਰ ਸਿੰਘ ਦੀ ਸਾਖ ਤੇ ਕੱਦ ਅਤੇ ਡੇਰਾ ਸਿਰਸਾ ਵਿਚੋਂ ਕਿਸ ਦੀ ਭੂਮਿਕਾ ਅਹਿਮ ਸੀ, ਇਸ ਬਾਰੇ ਤਾਂ ਕਦੇ ਵੀ ਇਕਮੱਤਤਾ ਨਹੀਂ ਹੋਈ, ਪਰ ਇਹ ਗੱਲ ਜ਼ਰੂਰ ਉਭਰ ਗਈ ਕਿ ਬਾਬੇ ਦੀ ਹਮਾਇਤ ਨੇ ਮਾਲਵੇ 'ਚ ਕੈਪਟਨ ਦੇ ਪੈਰ ਲਗਾ ਦਿੱਤੇ ਤੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ।

ਸੰਨ 2007 ਦੀ ਵਿਧਾਨ ਸਭਾ ਚੋਣ ਵੇਲੇ



ਅਕਾਲੀ ਲੀਡਰਸ਼ਿਪ ਨੇ ਵੀ ਡੇਰਾ ਸਿਰਸੇ ਵਾਲੇ ਬਾਬੇ 'ਤੇ ਬਥੇਰੇ ਡੋਰੇ ਪਾਏ ਪਰ ਕੇਂਦਰ ਸਰਕਾਰ ਦੀ ਸੀ.ਬੀ.ਆਈ. ਦੀ ਹਮਾਇਤ ਲੈਣ ਦੀ ਗਰਜ ਨਾਲ ਚਲਾਕ ਬਾਬੇ ਨੂੰ ਕਾਂਗਰਸ ਦੇ ਹੱਕ 'ਚ ਭੁਗਤਣਾ ਹੀ ਲਾਹੇਵੰਦਾ ਲੱਗਾ।

2007 'ਚ ਮੁੜ ਮਾਲਵਾ ਖੇਤਰ 'ਚ ਕਾਂਗਰਸ ਦਾ ਹੱਥ ਕਾਫੀ ਉੱਚਾ ਰਿਹਾ ਅਤੇ ਮਾਲਵਾ ਖੇਤਰ ਦੀਆਂ 69 ਸੀਟਾਂ ਵਿਚੋਂ ਕਾਂਗਰਸ ਦੇ ਹੱਥ 37 ਸੀਟਾਂ ਆ ਗਈਆਂ, ਪਰ ਮਾਝਾ ਤੇ ਦੁਆਬਾ 'ਚ ਕਾਂਗਰਸ ਦਾ ਹੂੰਝਾ ਫਿਰਨ ਕਾਰਨ ਸਰਕਾਰ ਅਕਾਲੀ-ਭਾਜਪਾ ਦੀ ਬਣ ਗਈ। 2007 ਦੀ ਸਰਕਾਰ ਬਣਦਿਆਂ ਡੇਰਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾਏ ਜਾਣ ਬਾਅਦ ਮਾਲਵਾ ਖੇਤਰ 'ਚ ਪੈਦਾ ਹੋਏ ਹਿੰਸਕ ਟਕਰਾਵਾਂ ਤੇ ਬਾਬੇ ਵਿਰੁੱਧ ਸਰੀਰਕ ਦੋਸ਼ਾਂ ਹੇਠ ਮੁਕੱਦਮੇ ਦਰਜ ਹੋਣ ਨਾਲ ਬਾਬੇ ਲਈ ਲਾਹੇ ਦਾ ਰੁਖ ਅਕਾਲੀਆਂ ਵੱਲ ਬਦਲ ਗਿਆ। ਅਕਾਲੀ ਦਲ ਨੇ ਵੀ ਉਵੇਂ ਰੁਖ ਬਦਲਦਿਆਂ ਬਾਬੇ ਵਿਰੁੱਧ ਦਰਜ ਕੇਸ ਵਾਪਸ ਲੈਣੇ ਸ਼ੁਰੂ ਕਰ ਦਿੱਤੇ ਤੇ ਇਵਜ ਵਿਚ 2009 ਦੀਆਂ ਲੋਕ ਸਭਾ ਚੋਣਾਂ ਵਿਚ ਬਠਿੰਡਾ ਤੋਂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਤੇ ਫਰੀਦਕੋਟ ਤੋਂ ਬੀਬੀ ਪਰਮਜੀਤ ਕੌਰ ਗੁਲਸ਼ਨ ਦੀ ਹਮਾਇਤ ਦਾ ਐਲਾਨ ਕਰ ਦਿੱਤਾ, ਜਦਕਿ ਬਾਕੀ ਥਾਵਾਂ 'ਤੇ ਕਾਂਗਰਸ ਉਮੀਦਵਾਰਾਂ ਦੀ ਹਮਾਇਤ ਕੀਤੀ।

ਇਸ ਤਰ੍ਹਾਂ ਬਾਬੇ ਨੇ ਬੜੇ ਚਲਾਕ ਸਿਆਸਤਦਾਨਾਂ ਵਾਂਗ ਰਾਜ ਸਰਕਾਰ ਤੇ ਕੇਂਦਰ ਸਰਕਾਰ ਨੂੰ ਖੁਸ਼ ਰੱਖਣ ਦਾ ਰੁਖ ਅਖਤਿਆਰ ਕੀਤਾ। 2012 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਕਾਂਗਰਸ ਤੇ ਅਕਾਲੀ ਦਲ ਬਾਬੇ ਦੀ ਹਮਾਇਤ ਲਈ ਤਰਲੋ ਮੱਛੀ ਹੁੰਦੇ ਰਹੇ ਪਰ ਬਦਲੇ ਹਾਲਾਤ ਵਿਚ ਬਾਬੇ ਨੇ ਮੁੜ ਫਿਰ ਕਿਸੇ ਇਕ ਪਾਰਟੀ ਦੀ ਹਮਾਇਤ ਦੀ ਥਾਂ ਚੁਣਵੇਂ ਉਮੀਦਵਾਰਾਂ ਵੱਲ ਗੁਣਾ ਪਾ ਦਿੱਤਾ। ਉਸ ਤੋਂ ਬਾਅਦ 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਬਾਬੇ ਨੇ ਸਿੱਧੀ ਭਾਜਪਾ ਦੀ ਹਮਾਇਤ ਕਰ ਦਿੱਤੀ। ਚਰਚਾ ਇਹੀ ਹੈ ਕਿ ਸਿਆਸਤਦਾਨਾਂ ਦੀ ਵੋਟ ਲਾਹਾ ਲੈਣ ਦੀ ਨੀਤੀ ਨੇ ਹੀ ਉਸ ਨੂੰ ਅਸਮਾਨੇ ਚੜ੍ਹਾਇਆ ਤੇ ਉਸ ਵੱਲੋਂ ਚੜ੍ਹਾਏ ਜਾ ਰਹੇ ਚੰਦ ਬਾਰੇ ਉਹ ਹੁਣ ਮੂੰਹਾਂ ਵਿਚ ਘੁੰਗਣੀਆਂ ਵੀ ਪਾਈ ਬੈਠੇ ਹਨ।

## ਬਾਬੇ ਦੇ ਜਾਲ ਵਿਚ ਇੰਜ ਫਸਦੇ ਸਨ ਚੇਲੇ...

**ਚੰਡੀਗੜ੍ਹ:** ਡੇਰਾ ਸਿਰਸਾ ਵਿਚ ਆਖਰ ਅਜਿਹਾ ਕੀ ਪੜ੍ਹਾਇਆ ਜਾਂਦਾ ਹੈ ਕਿ ਉਸ ਦੇ ਪੈਰੋਕਾਰ ਆਪਣੇ 'ਗੁਰੂ' ਦੇ ਕਹਿਣ 'ਤੇ ਕੁਝ ਵੀ ਕਰਨ-ਮਰਨ ਲਈ ਤਿਆਰ ਹੋ ਜਾਂਦੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਖੁਦ ਕਤਲ, ਬਲਾਤਕਾਰ ਵਰਗੇ ਗੰਭੀਰ ਦੋਸ਼ਾਂ ਵਿਚ ਫਸਿਆ ਡੇਰਾ ਮੁਖੀ ਆਪਣੇ ਪੈਰੋਕਾਰਾਂ ਨੂੰ ਨਿਮਰਤਾ ਤੇ ਅਦਬ ਦਾ ਪਾਠ ਪੜ੍ਹਾਉਂਦਾ ਹੈ। ਡੇਰੇ ਦੇ ਪੈਰੋਕਾਰਾਂ ਦਾ ਕਹਿਣਾ ਹੈ ਕਿ ਡੇਰੇ ਵਿਚ ਉਨ੍ਹਾਂ ਨੂੰ ਬਰਾਬਰੀ ਨਾਲ ਵੇਖਿਆ ਜਾਂਦਾ ਹੈ। ਡੇਰੇ ਵੱਲੋਂ ਸਾਰੇ ਪ੍ਰੇਮੀਆਂ ਨੂੰ 'ਇੰਸਾਂ' ਨਾਂ ਦਿੱਤਾ ਗਿਆ, ਜਿਸ ਦਾ ਮਤਲਬ ਸਾਰੇ ਇਨਸਾਨ ਹਨ ਤੇ ਡੇਰਾ ਹਮੇਸ਼ਾ ਮਨੁੱਖਤਾ ਦਾ ਸੰਦੇਸ਼ ਦਿੰਦਾ ਹੈ। ਡੇਰੇ ਦੇ ਪ੍ਰਬੰਧਨ ਲਈ ਵੱਖ-ਵੱਖ ਟੁਕੜੀਆਂ ਬਣਾਈਆਂ ਹਨ, ਜਿਨ੍ਹਾਂ ਦੀ ਅਗਵਾਈ ਕਰਨ ਵਾਲੇ ਨੂੰ 'ਭੰਗੀ ਦਾਸ' ਦਾ ਦਰਜਾ ਦਿੱਤਾ ਗਿਆ ਹੈ। ਭੰਗੀ ਸ਼ਬਦ ਛੋਟੀ ਜਾਤ ਲਈ ਵਰਤਿਆ ਜਾਂਦਾ ਹੈ ਪਰ ਡੇਰੇ ਵਿਚ ਇਕ ਮੁਖੀ ਦੇ ਅਹੁਦੇ ਨੂੰ ਭੰਗੀ ਦਾ ਨਾਂ ਦੇ ਕੇ ਬਰਾਬਰਤਾ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਡੇਰਾ ਪ੍ਰੇਮੀਆਂ ਨੂੰ ਰਿਆਇਤੀ ਭੋਜਨ ਤੇ ਮੁਫਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਡੇਰੇ ਦੇ ਪੈਰੋਕਾਰਾਂ ਨੇ ਦੱਸਿਆ ਕਿ ਭ੍ਰਿਸ਼ਟ ਤੇ ਸੁਸਤ ਸਰਕਾਰੀ ਸਕੀਮਾਂ ਦੇ ਉਲਟ ਡੇਰਾ ਆਪਣੇ ਪੈਰੋਕਾਰਾਂ ਲਈ ਰਿਆਇਤੀ ਰਾਸ਼ਨ ਮੁਹੱਈਆ ਕਰਵਾਉਂਦਾ ਹੈ ਜੋ ਗਰੀਬਾਂ ਲਈ ਵੀ ਮਹਿੰਗਾ ਨਹੀਂ ਹੁੰਦਾ। ਇਸ ਤੋਂ ਇਲਾਵਾ ਡੇਰਾ ਸੱਚਾ ਸੌਦਾ ਵਾਤਾਵਰਣ ਤੇ ਸਮਾਜਕ ਕਾਰਜਾਂ ਵਿਚ ਵੀ ਅੱਗੇ ਰਹਿੰਦਾ ਹੈ। ਉਹ ਭਾਵੇਂ ਪੌਦੇ ਲਾਉਣੇ ਹੋਣ, ਵੇਸਵਾਗਿਰੀ ਵਿਚ ਧੱਕੀਆਂ ਔਰਤਾਂ ਦੇ ਮੁੜ ਵਿਆਹ ਕਰਵਾਉਣੇ ਹੋਣ ਜਾਂ ਕਿਸੇ ਗਰੀਬ ਤੇ ਵਿਧਵਾ ਔਰਤ ਲਈ ਸਾਰਿਆਂ ਦੇ ਸਹਿਯੋਗ ਨਾਲ ਘਰ ਤਿਆਰ ਕਰਨਾ ਹੋਵੇ। ਅਜਿਹੇ ਕਾਰਜ ਆਮ ਇਨਸਾਨਾਂ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਡੇਰੇ ਦੇ ਜ਼ਿਆਦਾਤਰ ਸਮਰਥਕ ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ, ਫਾਜ਼ਿਲਕਾ, ਫਰੀਦਕੋਟ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਤੋਂ ਹਨ। ਇਹ ਉਹੋ ਥਾਵਾਂ ਹਨ ਜਿਥੇ ਜ਼ਮੀਨ ਹੇਠਲਾ ਪਾਣੀ ਸ਼ੁੱਧ ਨਾ ਹੋਣ ਕਾਰਨ ਕੈਂਸਰ ਬਹੁਤ ਜ਼ਿਆਦਾ ਫੈਲਿਆ ਹੋਇਆ ਹੈ। ਹਰ ਖਿੱਤੇ ਵਿਚੋਂ ਭੰਗੀ ਦਾਸ ਬਿਮਾਰ ਲੋਕਾਂ ਦੀ ਇਕ ਸੂਚੀ ਤਿਆਰ ਕਰਦਾ ਹੈ ਤੇ ਆਪਣੇ ਹੈਡਕੁਆਟਰ ਨੂੰ ਭੇਜਦਾ ਹੈ ਤੇ ਡੇਰਾ ਉਨ੍ਹਾਂ ਮਰੀਜ਼ਾਂ ਦਾ ਮੁਫਤ ਇਲਾਜ ਕਰਵਾਉਂਦਾ ਹੈ। ਇਹ ਆਮ ਲੋਕਾਂ ਨੂੰ ਬਹੁਤ ਵੱਡੀ ਰਾਹਤ ਹੈ। ਆਮ ਇਨਸਾਨ ਜਦੋਂ ਅਜਿਹੇ ਕੰਮ ਵੇਖਦਾ ਹੈ ਤਾਂ ਸ਼ਾਇਦ ਉਹ ਇਹ ਨਹੀਂ ਵੇਖਦਾ ਕਿ ਡੇਰਾ ਮੁਖੀ ਉਤੇ ਬਲਾਤਕਾਰ, ਕਤਲ, ਪੁਰਸ਼ਾਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਦਰਜ ਹਨ। ਇਹੋ ਡੇਰਾ ਸੱਚਾ ਸੌਦਾ ਦੀ ਪ੍ਰਸਿੱਧੀ ਦਾ ਰਾਜ ਹੈ, ਜੋ ਇਨਸਾਨ ਨੂੰ ਜਨੂੰਨੀ ਬਣਾ ਦਿੰਦਾ ਹੈ।



# ਡੇਰਾ ਵਿਵਾਦ ਨਾਲ ਹਰਿਮੰਦਰ ਸਾਹਿਬ ਵਿਚ ਸ਼ਰਧਾਲੂਆਂ ਦੀ ਆਮਦ ਘਟੀ

**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਖਿਲਾਫ਼ ਆਏ ਫੈਸਲੇ ਦਾ ਭਾਵੇਂ ਸਿੱਧੇ ਤੌਰ 'ਤੇ ਅੰਮ੍ਰਿਤਸਰ ਸ਼ਹਿਰ ਉਤੇ ਕੋਈ ਅਸਰ ਨਹੀਂ ਪਿਆ ਪਰ ਬੱਸ ਅਤੇ ਰੇਲ ਸੇਵਾਵਾਂ ਠੱਪ ਹੋਣ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀ ਆਮਦ ਕਾਫੀ ਘਟ ਗਈ। ਇਹ ਆਮਦ ਆਮ ਦਿਨਾਂ ਨਾਲੋਂ ਚੌਥਾ ਹਿੱਸਾ ਹੀ ਰਹੀ।

ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲਗਭਗ 80 ਹਜ਼ਾਰ ਤੋਂ 90 ਹਜ਼ਾਰ ਤੱਕ ਸ਼ਰਧਾਲੂ ਅੰਮ੍ਰਿਤਸਰ ਪੁੱਜਦੇ ਹਨ। ਹਰ ਹਫਤੇ ਸ਼ੁੱਕਰਵਾਰ ਤੋਂ ਐਤਵਾਰ ਸ਼ਰਧਾਲੂਆਂ ਦੀ ਗਿਣਤੀ ਇਕ ਲੱਖ ਤੋਂ ਵੀ ਵੱਧ ਜਾਂਦੀ ਹੈ, ਪਰ ਇਨ੍ਹਾਂ ਦਿਨਾਂ ਵਿਚ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਘੱਟ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਡੇਰਾ ਵਿਵਾਦ ਕਾਰਨ ਹਰਿਆਣੇ ਤੇ ਪੰਜਾਬ ਵਿਚ ਤਣਾਅ ਪੈਦਾ ਹੋਣ ਕਾਰਨ ਅਤੇ ਬੱਸ ਤੇ ਰੇਲ ਸੇਵਾਵਾਂ ਠੱਪ ਹੋਣ ਕਰ ਕੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਘੱਟ ਰਹੀ। ਉਨ੍ਹਾਂ ਦਾ ਦਾਅਵਾ ਸੀ ਕਿ ਆਮ ਦਿਨਾਂ ਨਾਲੋਂ 70 ਫੀਸਦੀ ਘੱਟ ਸ਼ਰਧਾਲੂ ਦਰਬਾਰ ਸਾਹਿਬ ਪੁੱਜੇ। ਹਰਿਮੰਦਰ ਸਾਹਿਬ ਦੇ ਆਲੇ-



ਦੁਆਲੇ ਦੇ ਬਾਜ਼ਾਰ ਭਾਵੇਂ ਖੁੱਲ੍ਹੇ ਰਹੇ, ਪਰ ਗਾਹਕਾਂ ਦੀ ਆਮਦ ਬਹੁਤ ਘੱਟ ਰਹੀ। ਖਾਣ-ਪੀਣ ਵਾਲੀਆਂ ਦੁਕਾਨਾਂ ਵੀ ਸੁੰਨੀਆਂ ਨਜ਼ਰ ਆਈਆਂ।

## ਪੰਜਾਬ 'ਤੇ ਰੋਜ਼ਾਨਾ ਡੇਢ ਕਰੋੜ ਦਾ ਪਿਆ ਬੋਝ

**ਬਠਿੰਡਾ:** ਡੇਰਾ ਵਿਵਾਦ ਕਾਰਨ ਪੰਜਾਬ 'ਤੇ ਨੀਮ ਫੌਜੀ ਬਲਾਂ ਦੀ ਤਾਇਨਾਤੀ ਦਾ ਰੋਜ਼ਾਨਾ ਡੇਢ ਕਰੋੜ ਦਾ ਬੋਝ ਪਿਆ, ਜਦੋਂ ਕਿ ਖਜ਼ਾਨੇ ਦੀ ਹਾਲਤ ਪਹਿਲਾਂ ਹੀ ਮਾੜੀ ਹੈ। ਪੰਜਾਬ ਅਤੇ ਹਰਿਆਣਾ ਵਿਚ ਨੀਮ ਫੌਜੀ ਬਲਾਂ ਦੀਆਂ 150 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਨਿਰਧਾਰਤ ਰੇਟਾਂ 'ਤੇ ਕੇਂਦਰੀ ਬਲਾਂ ਦਾ ਖਰਚਾ ਸੂਬਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ। ਇਸ ਤਰ੍ਹਾਂ ਪੰਜਾਬ ਅਤੇ ਹਰਿਆਣਾ ਨੂੰ ਕੇਂਦਰੀ ਬਲਾਂ ਦਾ ਰੋਜ਼ਾਨਾ ਦਾ 2.65 ਕਰੋੜ ਰੁਪਏ ਦਾ ਖਰਚਾ ਪਵੇਗਾ ਤੇ ਹੋਰ ਖਰਚੇ ਵੱਖਰੇ ਹਨ।

ਤੱਥਾਂ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪ੍ਰਤੀ ਕੰਪਨੀ 1.77 ਲੱਖ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲ ਕੀਤੇ ਜਾਂਦੇ ਹਨ। ਕੇਂਦਰੀ ਬਲ ਘੱਟੋ-ਘੱਟ ਦੋ ਹਫਤੇ ਤਾਇਨਾਤ ਰਹਿੰਦੇ ਹਨ ਤਾਂ ਪੰਜਾਬ ਅਤੇ ਹਰਿਆਣਾ 'ਤੇ ਕੇਂਦਰੀ ਬਲਾਂ ਦਾ 37 ਕਰੋੜ ਦਾ ਬੋਝ ਪੈ ਜਾਵੇਗਾ।

# ਸਵਾਂਗ ਮਾਮਲਾ: ਡੇਰਾ ਸਿਰਸਾ ਮੁਖੀ ਖਿਲਾਫ ਕੇਸ ਮੁੜ ਖੁੱਲ੍ਹਣ ਦੇ ਆਸਾਰ

**ਪਟਿਆਲਾ:** ਡੇਰਾ ਸਿਰਸਾ ਮੁਖੀ ਖਿਲਾਫ਼ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾ ਕੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਦਾ ਖਾਰਜ ਹੋਇਆ ਕੇਸ ਮੁੜ ਖੁੱਲ੍ਹ ਸਕਦਾ ਹੈ। ਇਸ ਸਬੰਧੀ ਹਾਈ ਕੋਰਟ ਵਿਚ ਰੀਵੀਊ ਪਟੀਸ਼ਨ ਅਜੇ ਪੈਂਡਿੰਗ ਹੈ। ਪੰਜਾਬ ਸਿੱਖ ਕੌਂਸਲ ਨੇ ਇਸ ਕੇਸ ਨੂੰ ਮੁੜ ਖੁੱਲ੍ਹਵਾਉਣ ਲਈ ਕਾਨੂੰਨੀ ਚਾਰਾਜੋਈ ਵਿੱਢਣ ਦਾ ਫੈਸਲਾ ਕੀਤਾ ਹੈ। ਦੱਸਣਯੋਗ ਹੈ ਕਿ 2007 ਦੌਰਾਨ ਡੇਰਾ ਮੁਖੀ ਵੱਲੋਂ ਪੰਜਾਬ ਵਿਚ ਆਪਣੇ ਸਲਾਬਤਪੁਰ ਡੇਰੇ ਵਿਚ ਧਾਰਮਿਕ ਪ੍ਰੋਗਰਾਮ ਦੌਰਾਨ ਗੁਰੂ ਗੋਬਿੰਦ ਸਿੰਘ ਵਾਂਗ ਵਸਤਰ ਪਾ ਕੇ ਅੰਮ੍ਰਿਤ ਛਕਾਉਣ ਦੀ ਤਰਜ਼ ਉਤੇ 'ਜਾਮ-ਏ-ਇੰਸਾਂ' ਦਾ ਸਵਾਂਗ ਰਚਾਇਆ ਸੀ। ਸਿੱਖਾਂ ਨੇ ਇਸ ਦਾ ਸਖਤ ਵਿਰੋਧ ਕੀਤਾ ਸੀ ਤੇ ਉਦੋਂ ਡੇਰਾ ਮੁਖੀ ਖਿਲਾਫ਼ ਕੇਸ ਵੀ ਦਰਜ ਕਰਾਇਆ ਸੀ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਇਹ ਕੇਸ ਵਾਪਸ ਲੈ ਲਿਆ ਗਿਆ।

# ਅਦਾਲਤੀ ਅਮਲ ਉਤੇ ਪੰਛੀ ਝਾਤ

**ਅਪਰੈਲ 2002:** ਡੇਰਾ ਸੱਚਾ ਸੌਦਾ, ਸਿਰਸਾ 'ਚ ਸ਼ਰਧਾਲੂ ਔਰਤਾਂ ਦੇ ਜਿਨਸੀ ਸ਼ੋਸ਼ਣ ਬਾਰੇ ਅਣਪਛਾਤੇ ਵਿਅਕਤੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਪੱਤਰ ਲਿਖਿਆ

**ਮਈ 2002:** ਹਾਈ ਕੋਰਟ ਨੇ ਸਿਰਸਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੂੰ ਇਸ ਪੱਤਰ ਵਿਚਲੇ ਦੋਸ਼ਾਂ ਦੀ ਜਾਂਚ ਦਾ ਹੁਕਮ

**ਸਤੰਬਰ 2002:** ਜ਼ਿਲ੍ਹਾ ਅਦਾਲਤ ਵੱਲੋਂ ਜਿਸਮਾਨੀ ਸ਼ੋਸ਼ਣ ਦੇ ਸੰਕੇਤਾਂ ਬਾਅਦ ਹਾਈ ਕੋਰਟ ਵੱਲੋਂ ਕੇਸ ਸੀਬੀਆਈ ਹਵਾਲੇ

**ਦਸੰਬਰ 2002:** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ਼ ਸੀ.ਬੀ.ਆਈ. ਵੱਲੋਂ ਬਲਾਤਕਾਰ ਤੇ ਧਮਕਾਉਣ ਬਾਰੇ ਕੇਸ ਦਰਜ

**ਜੁਲਾਈ 2007:** ਅੰਬਾਲਾ ਦੀ ਇਕ ਅਦਾਲਤ 'ਚ ਸੀ.ਬੀ.ਆਈ. ਵੱਲੋਂ ਡੇਰਾ ਮੁਖੀ ਖਿਲਾਫ਼ ਚਾਰਜਸ਼ੀਟ ਦਾਖ਼ਲ। ਇਹ ਚਾਰਜਸ਼ੀਟ ਸਾਲ 1999 ਤੇ 2001 ਦਰਮਿਆਨ ਦੋ 'ਸਾਧਵੀਆਂ' ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਸੀ

**ਸਤੰਬਰ 2008:** ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਡੇਰਾ ਮੁਖੀ ਖਿਲਾਫ਼ ਆਈ.ਪੀ.ਸੀ. ਦੀ ਧਾਰਾ 376 ਤੇ 506 ਤਹਿਤ ਦੋਸ਼ ਆਇਦ

**2009 ਤੇ 2010 ਦਰਮਿਆਨ:** ਦੋਵੇਂ ਸ਼ਿਕਾਇਤਕਰਤਾਵਾਂ ਨੇ ਅਦਾਲਤ ਅੱਗੇ ਬਿਆਨ ਦਰਜ ਕਰਾਏ





**ਅਪਰੈਲ 2011:** ਵਿਸ਼ੇਸ਼ ਸੀਬੀਆਈ. ਅਦਾਲਤ ਅੰਬਾਲਾ ਤੋਂ ਪੰਚਕੂਲਾ ਤਬਦੀਲ। ਡੇਰਾ ਮੁਖੀ ਖਿਲਾਫ਼ ਕੇਸ ਵੀ ਪੰਚਕੂਲਾ ਤਬਦੀਲ

**ਜੁਲਾਈ 2017:** ਵਿਸ਼ੇਸ਼ ਸੀ.ਬੀਆਈ ਅਦਾਲਤ ਵੱਲੋਂ ਰੋਜ਼ਾਨਾ ਸੁਣਵਾਈ ਦਾ ਆਦੇਸ਼

**17 ਅਗਸਤ, 2017:** ਬਹਿਸ ਮੁਕੰਮਲ ਤੇ ਵਿਸ਼ੇਸ਼ ਸੀਬੀਆਈ ਜੱਜ ਜਗਦੀਪ ਸਿੰਘ ਨੇ ਫੈਸਲਾ ਸੁਣਾਉਣ ਲਈ 25 ਅਗਸਤ ਤਰੀਕ ਐਲਾਨੀ। ਗੁਰਮੀਤ ਨੂੰ ਫੈਸਲੇ ਮੌਕੇ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ

**25 ਅਗਸਤ, 2017:** ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਗੁਰਮੀਤ ਰਾਮ ਰਹੀਮ ਦੋਸ਼ੀ ਕਰਾਰ। 28 ਅਗਸਤ ਨੂੰ 20 ਸਾਲ ਦੀ ਸਜ਼ਾ ਸੁਣਾਈ।

# ਜੱਜ ਜਗਦੀਪ ਸਿੰਘ ਨੇ ਬਾਲਿਆ ਨਿਆਂ ਦਾ ਦੀਵਾ

**ਚੰਡੀਗੜ੍ਹ:** ਸਾਧਵੀ ਜਬਰ ਜਨਾਹ ਮਾਮਲੇ 'ਚ ਡੇਰਾ ਸਿਰਸਾ ਮੁਖੀ ਨੂੰ ਸਜ਼ਾ ਸੁਣਾਉਣ ਵਾਲੇ ਜੱਜ ਦੀ ਹਰ ਪਾਸੇ ਵਾਹ ਵਾਹ ਹੋ ਰਹੀ ਹੈ। ਸੀ.ਬੀ.ਆਈ. ਅਦਾਲਤ ਦੇ ਜੱਜ ਜਗਦੀਪ ਸਿੰਘ ਇਸ ਤੋਂ ਪਹਿਲਾਂ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਅਪਰਾਧਕ ਕੇਸਾਂ ਦੇ ਵਕੀਲ ਵਜੋਂ ਕੰਮ ਕਰਦੇ ਸਨ। ਉਨ੍ਹਾਂ ਨੇ ਸਾਲ 2000 ਤੋਂ 2012 ਤੱਕ ਕਈ ਅਪਰਾਧਕ ਕੇਸ ਲੜੇ।

ਪੰਜਾਬ ਯੂਨੀਵਰਸਿਟੀ ਤੋਂ ਵਕਾਲਤ ਪਾਸ ਕਰਨ ਵਾਲੇ ਜਗਦੀਪ ਸਿੰਘ ਸਾਲ 2016 ਵਿਚ ਉਸ ਸਮੇਂ ਚਰਚਾ 'ਚ ਆਏ ਜਦੋਂ ਹਿਸਾਰ ਤੋਂ ਅੰਬਾਲਾ ਆਉਂਦੇ ਉਨ੍ਹਾਂ ਨੇ ਜੀਂਦ ਕੋਲ ਹੋਏ ਸੜਕ ਹਾਦਸੇ ਦੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਸੀ.ਬੀ.ਆਈ. ਅਦਾਲਤ ਵਿਚ ਜੱਜ ਨਿਯੁਕਤ ਹੋਣ ਤੋਂ ਪਹਿਲਾਂ ਜਗਦੀਪ ਸਿੰਘ ਸੋਨੀਪਤ 'ਚ ਵੀ ਤਾਇਨਾਤ ਸਨ। ਡੇਰਾ ਮੁਖੀ 'ਤੇ ਸਾਧਵੀਆਂ ਦੇ ਸਰੀਰਕ ਸ਼ੋਸ਼ਣ ਮਾਮਲੇ ਦੇ



ਫੈਸਲੇ 'ਤੇ ਪੂਰੇ ਦੇਸ਼ ਦੀ ਹੀ ਨਹੀਂ ਬਲਕਿ ਵਿਦੇਸ਼ਾਂ 'ਚ ਨਜ਼ਰਾਂ ਲੱਗੀਆਂ ਹੋਈਆਂ ਸਨ।

## ਡੇਰੇ ਦੀ ਜਾਇਦਾਦ ਜ਼ਬਤ

**ਚੰਡੀਗੜ੍ਹ:** ਡੇਰਾ ਪ੍ਰੇਮੀਆਂ ਦੀ ਹਿੰਸਾ ਤੋਂ ਭਖੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਮੁਖੀ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਮੁਤਾਬਕ, ਇਹ ਜਾਇਦਾਦਾਂ ਮੁਲਕ ਦੇ ਨਾਗਰਿਕਾਂ ਦੀਆਂ ਹਨ ਤੇ ਜਿਥੇ ਕਿਤੇ ਵੀ ਸੰਪਤੀ ਦਾ ਨੁਕਸਾਨ ਹੋਇਆ ਹੈ ਉਸ ਦੀ ਵਸੂਲੀ ਕੀਤੀ ਜਾਵੇਗੀ। ਡੇਰੇ ਤੇ ਇਸ ਦੇ ਪ੍ਰੇਮੀਆਂ ਨੂੰ ਸਖਤ ਚਿਤਾਵਨੀ ਦਿੰਦਿਆਂ ਬੈਂਚ ਨੇ ਪ੍ਰਸ਼ਾਸਨ ਨੂੰ ਨੁਕਸਾਨ ਦਾ ਜਾਇਜ਼ਾ ਲੈਣ ਅਤੇ ਰਿਪੋਰਟ ਦੇਣ ਲਈ ਕਿਹਾ ਹੈ। ਬੈਂਚ ਨੇ ਕਿਹਾ ਕਿ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੋ ਕੋਈ ਵੀ ਭੀੜ ਨੂੰ ਭੜਕਾ ਰਿਹਾ ਹੈ, ਜੋ ਅਗਜ਼ਨੀ ਤੇ ਹਿੰਸਾ ਲਈ ਇਕੱਤਰ ਹੋਈ ਸੀ, ਉਨ੍ਹਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ। ਜਨਤਕ ਤੇ ਪ੍ਰਾਈਵੇਟ ਸੰਪਤੀ ਦਾ ਜੋ ਨੁਕਸਾਨ ਹੋਇਆ ਹੈ ਉਸ ਦੀ ਉਨ੍ਹਾਂ ਤੋਂ ਭਰਪਾਈ ਕੀਤੀ ਜਾਵੇਗੀ।

# ਨਿੱਜਤਾ ਦਾ ਹੱਕ ਖੋਹਣ ਬਾਰੇ ਮੋਦੀ ਸਰਕਾਰ ਦੀ ਇਕ ਨਾ ਚੱਲੀ

## ਸੁਪਰੀਮ ਕੋਰਟ ਵੱਲੋਂ ਨਿੱਜਤਾ ਨਾਗਰਿਕ ਦਾ ਬੁਨਿਆਦੀ ਹੱਕ ਕਰਾਰ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲਾ ਦਿੰਦਿਆਂ ਨਿੱਜਤਾ (ਪ੍ਰਾਈਵੇਸੀ) ਨੂੰ ਹਰ ਭਾਰਤੀ ਨਾਗਰਿਕ ਦਾ ਬੁਨਿਆਦੀ ਅਧਿਕਾਰ ਦੱਸਿਆ ਹੈ ਅਤੇ ਕਿਹਾ ਹੈ ਕਿ ਸਰਕਾਰ ਇਸ ਵਿਚ ਦਖਲ ਨਹੀਂ ਦੇ ਸਕਦੀ। ਚੀਫ ਜਸਟਿਸ ਜਗਦੀਸ਼ ਸਿੰਘ ਖੇਹਰ ਦੀ ਅਗਵਾਈ ਵਾਲੇ ਨੌਂ ਮੈਂਬਰੀ ਸੰਵਿਧਾਨਕ ਬੈਂਚ ਨੇ ਇਹ ਫੈਸਲਾ, ਆਧਾਰ ਕਾਰਡਾਂ ਨੂੰ ਲਾਜ਼ਮੀ ਕਰਾਰ ਦੇਣ ਸਬੰਧੀ ਪਟੀਸ਼ਨਾਂ ਵਿਚ ਉਠਾਏ ਨਿੱਜਤਾ ਦੇ ਹੱਕਾਂ ਵਾਲੇ ਨੁਕਤੇ ਉਤੇ ਸੁਣਵਾਈ ਤੋਂ ਬਾਅਦ ਸੁਣਾਇਆ। ਇਹ ਫੈਸਲਾ ਮੋਦੀ ਸਰਕਾਰ ਲਈ ਇਕ ਵੱਡਾ ਝਟਕਾ ਹੈ ਕਿਉਂਕਿ ਉਸ ਨੇ ਸਰਬ ਉਚ ਅਦਾਲਤ ਅੱਗੇ ਇਹ ਤਰਕ ਦਿੱਤਾ ਸੀ ਕਿ ਭਾਰਤੀ ਸੰਵਿਧਾਨ, ਵਿਅਕਤੀਗਤ ਨਿੱਜਤਾ ਨੂੰ ਅਭਿੰਨ ਬੁਨਿਆਦੀ ਹੱਕ ਵਜੋਂ ਮਾਨਤਾ ਨਹੀਂ ਦਿੰਦਾ।

ਜੱਜਾਂ ਦੇ ਫੈਸਲੇ ਵਿਚ ਬਹੁਤੇ ਪਟੀਸ਼ਨਰਾਂ ਦੀ ਇਸ ਦਲੀਲ ਉਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਕਿ ਸਾਰੇ ਵਿੱਤੀ ਲੈਣ-ਦੇਣ ਨੂੰ ਆਧਾਰ ਕਾਰਡ ਨਾਲ ਜੋੜਿਆ ਜਾਣਾ ਭਾਰਤੀ ਨਾਗਰਿਕ ਦੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ। ਚੀਫ ਜਸਟਿਸ ਨੇ ਸਪਸ਼ਟ ਕੀਤਾ ਕਿ ਇਸ ਨੁਕਤੇ ਬਾਰੇ ਸੁਣਵਾਈ ਇਕ ਵੱਖਰਾ ਤੇ ਛੋਟਾ ਬੈਂਚ ਕਰੇਗਾ।

ਬੈਂਚ ਨੇ ਕਿਹਾ ਕਿ ਨਿੱਜਤਾ ਦਾ ਅਧਿਕਾਰ, ਸੰਵਿਧਾਨ ਦੇ ਸਮੁੱਚੇ ਭਾਗ-3 ਅਤੇ ਧਾਰਾ 21 ਅਧੀਨ ਮਿਲੇ 'ਜੀਣ ਦਾ ਅਧਿਕਾਰ ਤੇ ਸ਼ਖਸੀ ਆਜ਼ਾਦੀ' ਦਾ ਮੂਲ ਤੱਤ ਹੈ। ਇਸ ਬੇਹੱਦ ਵਿਵਾਦੀ ਮੁੱਦੇ ਉਤੇ ਫੈਸਲਾ ਉਨ੍ਹਾਂ ਪਟੀਸ਼ਨਾਂ ਦੇ ਪੁਲੰਦੇ ਉਪਰ ਸੁਣਵਾਈ ਦੌਰਾਨ ਆਇਆ, ਜਿਨ੍ਹਾਂ ਵਿਚ ਵੱਖ-ਵੱਖ ਸਮਾਜ ਭਲਾਈ ਸਕੀਮਾਂ ਦੀ ਪ੍ਰਾਪਤੀ ਲਈ ਕੇਂਦਰ ਸਰਕਾਰ ਵੱਲੋਂ ਆਧਾਰ ਕਾਰਡ ਨੂੰ ਲਾਜ਼ਮੀ ਕਰਨ ਦੇ ਕਦਮ ਨੂੰ ਚੁਣੌਤੀ ਦਿੱਤੀ ਗਈ ਸੀ। ਇਸ ਕੇਸ ਦਾ ਫੈਸਲਾ ਨਿੱਜਤਾ ਦੇ ਅਧਿਕਾਰ ਦੇ ਮਸਲੇ ਤੱਕ ਸੀਮਤ ਸੀ ਅਤੇ ਆਧਾਰ ਨਾਲ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਦੇ ਸਵਾਲ ਨਾਲ ਪੰਜ ਜੱਜਾਂ ਦਾ ਬੈਂਚ ਸਿੱਝੇਗਾ, ਜੋ 2015 ਤੋਂ ਇਨ੍ਹਾਂ ਪਟੀਸ਼ਨਾਂ ਦੀ ਸੁਣਵਾਈ ਕਰ ਰਿਹਾ ਹੈ।

### 'ਗਊ ਮਾਸ ਬਾਰੇ ਫੈਸਲੇ ਉਤੇ ਪਵੇਗਾ ਅਸਰ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਨਿੱਜਤਾ ਨੂੰ ਮੌਲਿਕ ਅਧਿਕਾਰ ਐਲਾਨਨ ਵਾਲੇ ਉਸ ਦੇ ਫੈਸਲੇ ਨਾਲ ਮਹਾਰਾਸ਼ਟਰ ਵਿਚ ਗਊ ਮਾਸ ਰੱਖਣ ਸਬੰਧੀ ਮਾਮਲਿਆਂ ਵਿਚ ਕੁਝ ਅਸਰ ਪਵੇਗਾ। ਹੋਰ ਸੂਬਿਆਂ ਤੋਂ ਆਏ ਗਊ ਮਾਸ ਰੱਖਣ ਨੂੰ ਗੈਰਅਪਰਾਧਕ ਕੀਤੇ ਜਾਣ ਵਾਲੇ ਮੁੰਬਈ ਹਾਈ ਕੋਰਟ ਦੇ 6 ਮਈ, 2016 ਦੇ ਫੈਸਲੇ ਖਿਲਾਫ਼ ਅਪੀਲਾਂ ਦੇ ਪੁਲੰਦੇ ਉਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਇਹ ਟਿੱਪਣੀਆਂ ਕੀਤੀਆਂ। ਬੈਂਚ ਨੂੰ ਇਕ ਵਕੀਲ ਨੇ ਜਾਣਕਾਰੀ ਦਿੱਤੀ ਕਿ ਨੌਂ ਜੱਜਾਂ ਦੇ ਸੰਵਿਧਾਨਕ ਬੈਂਚ ਵੱਲੋਂ ਨਿੱਜਤਾ ਨੂੰ ਮੌਲਿਕ ਅਧਿਕਾਰ ਐਲਾਨਿਆ ਜਾਣਾ ਇਨ੍ਹਾਂ ਅਪੀਲਾਂ ਉਤੇ ਫੈਸਲੇ ਲਈ ਅਹਿਮ ਹੈ।

### ਕੇਂਦਰ ਤੇ ਪਟੀਸ਼ਨਰਾਂ ਦੀਆਂ ਦਲੀਲਾਂ...

ਅਟਾਰਨੀ ਜਰਨਲ ਕੇ.ਕੇ. ਵੇਣੂਗੋਪਾਲ ਨੇ ਨਿੱਜਤਾ ਦੇ ਹੱਕ ਨੂੰ ਜਿਊਣ ਅਤੇ ਸੁਤੰਤਰਤਾ ਦੇ ਅਧਿਕਾਰ ਨਾਲ ਜੋੜ ਕੇ ਵੇਖਣ ਦਾ ਵਿਰੋਧ ਕਰਦਿਆਂ ਕਿਹਾ ਕਿ ਕੀ ਨਿੱਜਤਾ ਨੂੰ ਬੁਨਿਆਦੀ ਹੱਕ ਕਿਹਾ ਜਾ ਸਕਦਾ ਹੈ ਪਰ ਕੁਝ ਸ਼ਰਤਾਂ ਦੇ ਨਾਲ। ਵੇਣੂਗੋਪਾਲ ਨੇ ਦਲੀਲ ਦਿੰਦਿਆਂ ਕਿਹਾ ਕਿ 27 ਕਰੋੜ ਲੋਕਾਂ ਨਾਲ ਜੁੜੀਆਂ ਯੋਜਨਾਵਾਂ ਜਿਊਣ ਦੇ ਹੱਕ ਨਾਲ ਜੁੜੀਆਂ ਹਨ। ਅਟਾਰਨੀ ਜਰਨਲ ਨੇ ਕਿਹਾ ਕਿ ਨਿੱਜਤਾ ਧੁੰਦਲਾ ਅਤੇ ਅਨਿਸਚਿਤ ਅਧਿਕਾਰ ਹੈ।

ਨਿੱਜਤਾ ਦੇ ਪੱਖ ਵਿਚ ਪਟੀਸ਼ਨਰਾਂ ਵੱਲੋਂ ਦਲੀਲ ਦਿੰਦਿਆਂ ਕਿਹਾ ਗਿਆ ਕਿ ਨਿੱਜਤਾ ਦਾ ਹੱਕ ਜੀਵਨ ਅਤੇ ਸੁਤੰਤਰਤਾ ਦੇ ਦਾਇਰੇ ਵਿਚ ਹੀ ਆਉਂਦਾ ਹੈ। ਉਨ੍ਹਾਂ ਕਿਹਾ ਕਿ ਸੁਤੰਤਰਤਾ ਸੰਵਿਧਾਨ ਦੀ ਆਤਮਾ ਹੈ। ਦਲੀਲ 'ਚ ਸੀਨੀਅਰ ਐਡਵੋਕੇਟ ਨੇ ਪ੍ਰੈਸ ਦੀ ਆਜ਼ਾਦੀ ਦਾ ਹਵਾਲਾ ਵੀ ਦਿੰਦਿਆਂ ਕਿਹਾ ਕਿ ਪ੍ਰੈਸ ਦੀ ਆਜ਼ਾਦੀ ਦੀ ਵਿਆਖਿਆ ਧਾਰਾ 19 (1) ਦੇ ਤਹਿਤ ਕੀਤੀ ਹੈ, ਜੋ ਲਿਖਿਆ ਨਹੀਂ ਹੈ, ਉਹ ਹੋਂਦ 'ਚ ਵੀ ਨਹੀਂ, ਅਜਿਹਾ ਮੰਨਿਆ ਨਹੀਂ ਜਾ ਸਕਦਾ।

# ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤੇ ਦਾਭੋਲਕਰ ਤੇ ਪਨਸਾਰੇ ਦੇ ਕਤਲ

**ਮੁੰਬਈ:** ਹਾਈ ਕੋਰਟ ਨੇ ਕਿਹਾ ਹੈ ਕਿ ਉਘੇ ਤਰਕਸ਼ੀਲਾਂ ਨਰਿੰਦਰ ਦਾਭੋਲਕਰ ਅਤੇ ਗੋਵਿੰਦ ਪਨਸਾਰੇ ਦੇ ਕਤਲ ਸੋਚੀ ਸਮਝੀ ਸਾਜ਼ਿਸ਼ ਸਨ ਅਤੇ ਸਾਜ਼ਿਸ਼ ਘਾੜਿਆਂ ਨੂੰ ਜਥੇਬੰਦੀਆਂ ਦੀ ਹਮਾਇਤ ਹਾਸਲ ਹੈ। ਹਾਈ ਕੋਰਟ ਨੇ ਜਾਂਚਕਾਰਾਂ ਨੂੰ ਕਿਹਾ ਹੈ ਕਿ ਉਹ ਆਪਣੀ ਜਾਂਚ ਦਾ ਘੇਰਾ ਵਧਾ ਕੇ ਦੋਸ਼ੀਆਂ ਨੂੰ ਕਾਬੂ ਕਰਨ। ਬੈਂਚ ਨੇ ਕਿਹਾ ਕਿ ਦੋਵੇਂ ਤਰਕਸ਼ੀਲਾਂ ਦੇ ਕਤਲਾਂ ਦਾ ਆਪਸ ਵਿਚ ਸਬੰਧ ਹੈ। ਸੀ.ਆਈ.ਡੀ. ਵੱਲੋਂ ਪਨਸਾਰੇ ਅਤੇ ਸੀ.ਬੀ.ਆਈ. ਵੱਲੋਂ ਦਾਭੋਲਕਰ ਦੇ ਕਤਲਾਂ ਸਬੰਧੀ ਜਾਂਚ ਰਿਪੋਰਟਾਂ ਸੌਂਪੇ ਜਾਣ ਮਗਰੋਂ ਜਸਟਿਸ ਧਰਮਅਧਿਕਾਰੀ ਨੇ ਕਿਹਾ,"ਰਿਪੋਰਟਾਂ ਤੋਂ ਖੁਲਾਸਾ ਹੁੰਦਾ ਹੈ ਕਿ ਇਹ ਇਕ ਜਾਂ ਦੋ ਵਿਰਲੀਆਂ ਹੱਤਿਆਵਾਂ ਨਹੀਂ ਹਨ।

ਕੁਝ ਖਾਸ ਜਥੇਬੰਦੀਆਂ ਉਨ੍ਹਾਂ (ਕਾਤਲਾਂ) ਨੂੰ ਹਮਾਇਤ ਅਤੇ ਵਿੱਤ ਪੱਖੋਂ ਸਹਾਇਤਾ ਦੇ ਰਹੀਆਂ ਹਨ। " ਉਨ੍ਹਾਂ ਕਿਹਾ ਕਿ ਕਾਤਲਾਂ ਦੀ ਭਾਲ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇ। ਚਾਰ ਜਾਂ ਪੰਜ ਸੂਬਿਆਂ ਦੀਆਂ ਹੱਦਾਂ ਇਕ-ਦੂਜੇ ਨਾਲ ਲੱਗਦੀਆਂ ਹਨ ਜਿਥੇ ਕਿ ਇਹ ਦੋਸ਼ੀ ਭੱਜੇ ਹੋਣਗੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ 'ਚ ਇੰਨੇ ਲੰਬੇ ਸਮੇਂ ਤੱਕ ਛਿਪੇ ਰਹਿਣਾ



ਮੁਸ਼ਕਲ ਹੈ। ਬੈਂਚ ਨੇ ਜਾਂਚ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਉਹ ਦਿੱਤੇ ਗਏ ਸੁਝਾਵਾਂ 'ਤੇ ਚੱਲਣ ਅਤੇ 13 ਸਤੰਬਰ ਨੂੰ ਨਵੀਂ ਪ੍ਰਗਤੀ ਰਿਪੋਰਟ ਪੇਸ਼ ਕਰਨ। ਉਨ੍ਹਾਂ ਪਟੀਸ਼ਨਰਾਂ ਅਤੇ ਤਰਕਸ਼ੀਲਾਂ ਦੇ ਪਰਿਵਾਰਕ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਉਹ ਵੀ ਆਪਣੀਆਂ ਮੰਗਾਂ ਸਬੰਧੀ ਹਲਫਨਾਮਾ ਦਾਖਲ ਕਰਨ।

## ਗੁਜਰਾਤ ਦੰਗਿਆਂ ਬਾਰੇ ਸੁਣਵਾਈ ਤੈਅ ਸਮੇਂ ਵਿਚ ਮੁਕੰਮਲ ਕਰਨ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੁਜਰਾਤ ਵਿਚ ਦੰਗਿਆਂ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ ਨੂੰ ਆਦੇਸ਼ ਦਿੱਤੇ ਹਨ ਕਿ ਉਹ ਆਪਣਾ ਫੈਸਲਾ ਚਾਰ ਮਹੀਨੇ ਦੇ ਵਿਚ-ਵਿਚ ਦੇਵੇ। ਇਹ ਕੇਸ ਨਾਰਦਾ ਗਾਮ ਘਟਨਾ ਨਾਲ ਸਬੰਧਤ ਹੈ ਜਿਸ ਵਿਚ ਗੋਧਰਾ ਕਾਂਡ ਬਾਅਦ ਘੱਟ ਗਿਣਤੀ ਫਿਰਕੇ ਦੇ 11 ਲੋਕ ਮਾਰੇ ਗਏ ਸਨ।

ਸੁਪਰੀਮ ਕੋਰਟ ਨੇ ਕੇਸ ਸੁਣ ਰਹੀ ਅਦਾਲਤ ਨੂੰ ਹੁਕਮ ਦਿੱਤੇ ਹਨ ਕਿ ਉਹ ਇਸ ਕੇਸ ਵਿਚ ਬਚਾਅ ਪੱਖ ਦੇ ਗਵਾਹਾਂ ਦੀਆਂ ਰਹਿੰਦੀਆਂ ਗਵਾਹੀਆਂ ਦੋ ਮਹੀਨੇ 'ਚ ਦਰਜ ਕਰੇ। ਸੁਪਰੀਮ ਕੋਰਟ ਨੇ ਅਦਾਲਤ ਤੋਂ ਇਸ ਆਸ ਦਾ ਪ੍ਰਗਟਾਵਾ ਕੀਤਾ ਹੈ ਕਿ ਉਹ ਇਸ ਮਾਮਲੇ ਵਿਚ ਚਾਰ ਮਹੀਨੇ ਵਿਚ ਆਪਣਾ ਫੈਸਲਾ ਦੇ ਦੇਵੇਗੀ।

## ਆਇਨਸਟਾਈਨ ਦੀਆਂ ਚਿੱਠੀਆਂ ਹੋਣਗੀਆਂ ਨਿਲਾਮ

**ਲਾਸ ਏਂਜਲਸ:** ਮਸ਼ਹੂਰ ਵਿਗਿਆਨੀ ਐਲਬਰਟ ਆਇਨਸਟਾਈਨ ਵੱਲੋਂ ਲਿਖੀਆਂ ਤਿੰਨ ਚਿੱਠੀਆਂ ਨਿਲਾਮ ਕੀਤੀਆਂ ਜਾਣਗੀਆਂ। ਇਨ੍ਹਾਂ ਵਿਚੋਂ ਇਕ ਵਿਚ ਉਸ ਨੇ ਜਰਮਨ ਤਾਨਾਸ਼ਾਹ ਹਿਟਲਰ ਬਾਰੇ ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਚਿਤਾਵਨੀ ਵੀ ਦਿੱਤੀ ਸੀ। ਇਹ ਚਿੱਠੀਆਂ ਆਇਨਸਟਾਈਨ ਨੇ ਆਪਣੇ ਦੋਸਤ ਐਮ. ਬਿਸੋ ਨੂੰ ਲਿਖੀਆਂ ਸਨ ਤੇ ਇਥੇ ਨੈਟ ਡੀ ਸੈਂਡਰਜ਼ ਨਿਲਾਮੀ ਵਿਚ ਨਿਲਾਮ ਕੀਤੀਆਂ ਜਾਣਗੀਆਂ।

# ਡਾਕਟਰਾਂ ਦੀ ਅੜੀ ਅੱਗੇ ਝੁਕੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਐਮ. ਬੀ. ਬੀ.ਐਸ. ਡਾਕਟਰਾਂ ਨੂੰ ਬੇਸਿਕ ਤਨਖਾਹ ਦੀ ਸ਼ਰਤ ਤੋਂ ਬਾਹਰ ਕਰ ਦਿੱਤਾ ਹੈ। ਸਿਹਤ ਵਿਭਾਗ ਨੇ ਮੁਢਲੀ ਤਨਖਾਹ 'ਤੇ ਪਹਿਲਾਂ ਭਰਤੀ ਕੀਤੇ ਐਮ. ਬੀ.ਬੀ.ਐਸ. ਡਾਕਟਰਾਂ ਸਣੇ ਨਵਿਆਂ ਨੂੰ ਪੂਰਾ ਸਕੇਲ ਦੇਣ ਦਾ ਫੈਸਲਾ ਕੀਤਾ ਹੈ। ਪੂਰੀ ਤਨਖਾਹ ਦਾ ਪ੍ਰਸਤਾਵ ਸਰਕਾਰ ਕੋਲ ਅੰਤਿਮ ਪ੍ਰਵਾਨਗੀ ਲਈ ਭੇਜ ਦਿੱਤਾ ਗਿਆ ਹੈ। ਸਿਹਤ ਵਿਭਾਗ ਵਿਚ ਕੰਮ ਕਰਦੇ ਮਾਹਿਰ ਡਾਕਟਰਾਂ ਨੂੰ ਪਹਿਲਾਂ ਹੀ ਪੂਰਾ ਤਨਖਾਹ ਸਕੇਲ ਮਿਲ ਰਿਹਾ ਹੈ।

ਸਾਬਕਾ ਅਕਾਲੀ-ਭਾਜਪਾ ਸਰਕਾਰ ਨੇ 2015 ਵਿਚ ਨਵੇਂ ਭਰਤੀ ਕੀਤੇ ਮੁਲਾਜ਼ਮਾਂ ਨੂੰ ਪਹਿਲੇ ਦੋ ਸਾਲ ਦੇ ਪਰਖ ਕਾਲ ਦੌਰਾਨ ਬੇਸਿਕ ਤਨਖਾਹ ਦੇਣ ਦਾ ਫੈਸਲਾ ਕੀਤਾ ਸੀ। ਸਾਲ 2016 ਵਿਚ ਸਰਕਾਰ ਨੇ ਪਰਖ ਕਾਲ ਵਧਾ ਕੇ ਤਿੰਨ ਸਾਲ ਦਾ ਕਰ ਦਿੱਤਾ ਸੀ। ਸਰਕਾਰ ਨੇ 2015 ਵਿਚ 350 ਅਤੇ 2016 ਵਿਚ 204 ਐਮ.ਬੀ.ਬੀ.ਐਸ. ਡਾਕਟਰ ਬੇਸਿਕ ਤਨਖਾਹ 'ਤੇ ਭਰਤੀ ਕੀਤੇ ਸਨ। ਸਾਲ 2015 ਵਿਚ ਭਰਤੀ ਕੀਤੇ ਐਮ.ਬੀ.ਬੀ.ਐਸ. ਡਾਕਟਰਾਂ ਦਾ ਪਰਖ ਕਾਲ ਖਤਮ ਹੋ ਗਿਆ ਹੈ ਤੇ ਸਰਕਾਰ 2016 ਦੇ ਤਿੰਨ ਸਾਲਾਂ ਦੇ ਪਰਖ ਕਾਲ ਵਾਲੀ ਸ਼ਰਤ ਦੇ ਮੱਦੇਨਜ਼ਰ ਕੋਈ ਵੀ ਫੈਸਲਾ ਲੈਣ ਸਬੰਧੀ ਦੁਚਿੱਤੀ ਵਿਚ ਸੀ। ਇਸੇ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਅਗਸਤ ਨੂੰ ਬੇਸਿਕ ਤਨਖਾਹ ਉਤੇ ਕੰਮ ਕਰਦੇ ਡਾਕਟਰਾਂ ਦੀ ਇਕ ਪਟੀਸ਼ਨ ਉਤੇ ਸਰਕਾਰ ਦੀ ਝਾੜ-ਝੰਬ ਕੀਤੀ ਸੀ। ਅਦਾਲਤ ਨੇ ਪੰਜਾਬ ਸਰਕਾਰ ਨੂੰ ਅਗਲੀ ਪੇਸ਼ੀ ਤੱਕ ਐਮ.ਬੀ.ਬੀ.ਐਸ. ਡਾਕਟਰਾਂ ਨਾਲ ਇਨਸਾਫ ਕਰਨ ਦੀ ਹਦਾਇਤ ਜਾਰੀ ਕਰ ਦਿੱਤੀ ਸੀ, ਜਿਸ ਦੇ ਚੱਲਦਿਆਂ ਪੰਜਾਬ ਸਰਕਾਰ ਐਮ.ਬੀ.ਬੀ. ਐਸ. ਡਾਕਟਰਾਂ ਨੂੰ ਪੂਰਾ ਤਨਖਾਹ ਸਕੇਲ ਦੇਣ ਲਈ ਤਿਆਰ ਹੋ ਗਈ ਹੈ।

ਹਾਈ ਕੋਰਟ ਦੇ ਜਸਟਿਸ ਮਹੇਸ਼ ਗਰੋਵਰ ਅਤੇ ਜਸਟਿਸ ਰਾਜ ਸ਼ੇਖਰ ਅਤਰੀ ਨੇ ਪੰਜਾਬ ਸਰਕਾਰ ਨੂੰ ਆਖਰੀ ਮੌਕਾ ਦਿੰਦਿਆਂ ਪਹਿਲਾਂ ਵਰਤੀ ਢਿੱਲਮੱਠ ਲਈ ਵੀਹ ਹਜ਼ਾਰ ਰੁਪਏ ਦਾ ਹਰਜਾਨਾ ਪਾਇਆ ਹੈ, ਜੋ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਐਂਪਲਾਈਜ਼ ਵੈਲਫੇਅਰ ਐਸੋਸੀਏਸ਼ਨ ਦੇ ਖਾਤੇ ਵਿਚ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਹੈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਜ਼ਮੀਨ ਘੁਟਾਲਾ: ਰਾਹਤ ਲੈਣ ਦੇ ਚੱਕਰ 'ਚ ਬੁਰੇ ਫਸੇ ਕੈਪਟਨ

## ਨਗਰ ਟਰੱਸਟ ਘੁਟਾਲੇ ਦੀ ਨਵੇਂ ਸਿਰਿਓਂ ਜਾਂਚ ਦੇ ਹੁਕਮ



**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਰਾਹਤ ਦੇਣ ਦੇ ਯਤਨ 'ਤੇ ਪਾਣੀ ਫਿਰ ਗਿਆ ਹੈ। ਕੈਪਟਨ ਅਤੇ ਹੋਰਨਾਂ ਮੁਲਜ਼ਮਾਂ ਖਿਲਾਫ਼ ਕੇਸ ਨੂੰ ਮੁਹਾਲੀ ਅਦਾਲਤ ਨੇ ਮੁੱਢੋਂ ਖਤਮ ਕਰਨ ਲਈ ਪੰਜਾਬ ਵਿਜੀਲੈਂਸ ਦੀ ਅਰਜ਼ੀ ਨੂੰ ਨਾਮਨਜ਼ੂਰ ਕਰ ਦਿੱਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਵੱਖ-ਵੱਖ ਪਹਿਲੂਆਂ 'ਤੇ ਨਵੇਂ ਸਿਰਿਓਂ ਜਾਂਚ ਕਰਨ ਦੇ ਹੁਕਮ ਜਾਰੀ ਕਰਦਿਆਂ ਅਗਲੀ ਸੁਣਵਾਈ 6 ਨਵੰਬਰ ਤੱਕ ਟਾਲ ਦਿੱਤੀ। ਮੁੱਖ ਮੰਤਰੀ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰ ਅਦਾਲਤ ਵਿਚ ਪੇਸ਼ ਹੋਏ ਸਨ।

ਉਨ੍ਹਾਂ ਨੂੰ ਕੇਸ ਵਿਚੋਂ ਖ਼ਲਾਸੀ ਮਿਲਣ ਦੀ ਉਮੀਦ ਸੀ। ਕੇਸ ਵਿਚ ਨਾਮਜ਼ਦ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ, ਸਾਬਕਾ ਸੰਯੁਕਤ ਸਕੱਤਰ ਤਾਰਾ ਸਿੰਘ, ਬ੍ਰਿਗੇਡੀਅਰ (ਸੇਵਾ ਮੁਕਤ) ਗੁਰਚਰਨ ਸਿੰਘ ਖਾਰਾ, ਰਜਿੰਦਰ ਸ਼ਰਮਾ, ਅਸ਼ਵਨੀ ਕਾਲੇ ਸ਼ਾਹ ਤੇ ਮਹੇਸ਼ ਖੰਨਾ ਨੇ ਵੀ ਪੇਸ਼ੀ ਭੁਗਤੀ। ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸਿੰਘ ਨੇ ਕੇਸ ਦੀ ਸੁਣਵਾਈ ਦੌਰਾਨ ਸਾਫ ਕਿਹਾ ਕਿ ਅਦਾਲਤ ਕੇਸ ਖਤਮ ਕਰਨ ਸਬੰਧੀ ਵਿਜੀਲੈਂਸ ਦੀਆਂ ਦਲੀਲਾਂ ਤੋਂ ਸੰਤੁਸ਼ਟ ਨਹੀਂ ਹੈ ਕਿਉਂਕਿ ਵਿਜੀਲੈਂਸ ਦੀ ਅਰਜ਼ੀ ਵਿਚ ਕਾਫੀ ਤਰੁੱਟੀਆਂ ਹਨ।

ਜੱਜ ਨੇ ਅਗਲੀ ਸੁਣਵਾਈ 'ਤੇ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ। ਜ਼ਿਕਰਯੋਗ ਹੈ ਕਿ 9 ਦਸੰਬਰ 2016 ਨੂੰ ਪੰਜਾਬ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਨੇ ਮੁਹਾਲੀ ਅਦਾਲਤ ਵਿਚ ਪੇਸ਼ ਹੋ ਕੇ ਕਿਹਾ ਸੀ ਕਿ ਜੇਕਰ ਅਦਾਲਤ ਕੈਪਟਨ ਤੇ ਹੋਰਨਾਂ ਮੁਲਜ਼ਮਾਂ ਖਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਖਤਮ ਕਰਦੀ ਹੈ ਤਾਂ ਵਿਧਾਨ ਸਭਾ ਨੂੰ ਕੋਈ ਇਤਰਾਜ਼ ਨਹੀਂ ਹੈ। ਕੈਪਟਨ ਦੇ ਵਕੀਲਾਂ ਰਮਦੀਪ ਪ੍ਰਤਾਪ ਸਿੰਘ ਅਤੇ ਐਚ. ਐਸ. ਪੰਨੂ ਨੇ ਅਦਾਲਤ ਨੂੰ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਵਿਜੀਲੈਂਸ ਬਿਊਰੋ ਵੱਲੋਂ ਕੇਸ ਦੀ ਨਵੇਂ ਸਿਰਿਓਂ ਕੀਤੀ ਪੜਤਾਲ ਵਿਚ ਕੈਪਟਨ ਸਣੇ ਹੋਰ ਮੁਲਜ਼ਮਾਂ ਖਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ। ਲਿਹਾਜ਼ਾ ਇਸ ਕੇਸ ਨੂੰ ਖਤਮ ਕੀਤਾ ਜਾਵੇ। ਪਿਛਲੇ ਸਾਲ 7 ਅਕਤੂਬਰ ਨੂੰ ਵਿਜੀਲੈਂਸ ਬਿਊਰੋ ਨੇ ਕੈਪਟਨ ਖਿਲਾਫ਼ ਕੇਸ ਖਤਮ ਕਰਨ ਲਈ ਮੁਹਾਲੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਇਹ ਮਾਮਲਾ ਮੁਹਾਲੀ ਅਦਾਲਤ ਵਿਚ ਵਿਚਾਰ ਅਧੀਨ ਹੈ।

ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਵੱਲੋਂ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਵੱਖ-ਵੱਖ ਅਰਜ਼ੀਆਂ ਦਾਇਰ ਕਰ ਕੇ ਉਨ੍ਹਾਂ ਵਿਰੁੱਧ ਦਰਜ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਵਿਜੀਲੈਂਸ ਵੱਲੋਂ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ ਹੈ। ਵਿਧਾਨ ਸਭਾ ਤੋਂ ਕੈਪਟਨ ਨੂੰ ਮੁਅੱਤਲ ਕੀਤਾ ਗਿਆ ਸੀ ਪਰ ਬਾਅਦ ਵਿਚ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਭਾਰੀ ਰਾਹਤ ਦਿੰਦਿਆਂ ਵਿਧਾਨ ਸਭਾ ਦੇ ਮੁਅੱਤਲੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਸੀ। ਇਸ ਮਾਮਲੇ ਵਿਚ ਵਿਜੀਲੈਂਸ ਵੱਲੋਂ ਸਾਲ 2009 ਵਿਚ ਮੁਲਜ਼ਮਾਂ ਵਿਰੁੱਧ ਚਲਾਨ ਪੇਸ਼ ਕੀਤਾ ਗਿਆ ਸੀ।

## ਬੀਰਦਵਿੰਦਰ ਵੱਲੋਂ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਨਿਆਂਪਾਲਿਕਾ ਨੂੰ ਵੱਖ-ਵੱਖ ਪਹਿਲੂਆਂ ਦੀਆਂ ਬਾਰੀਕੀਆਂ ਅਤੇ ਅਸਲੀਅਤ ਤੋਂ ਜਾਣੂ ਕਰਵਾਉਣ ਲਈ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼ ਕੀਤੀ ਹੈ। ਸ੍ਰੀ ਬੀਰਦਵਿੰਦਰ ਸਿੰਘ ਨੇ ਕੇਸ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਮਾਮਲੇ ਨੂੰ ਵਿਜੀਲੈਂਸ ਵੱਲੋਂ ਬਾਦਲਾਂ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਸਿਆਸੀ ਦਬਾਅ ਹੇਠ ਰਫਾ-ਦਫ਼ਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ ਅਕਾਲੀ-ਭਾਜਪਾ ਸਰਕਾਰ ਵੇਲੇ ਬਾਦਲ ਪਰਿਵਾਰ ਅਤੇ ਅਮਰਿੰਦਰ ਸਿੰਘ ਵਿਚਾਲੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਖਤਮ ਕਰਨ ਦੀ ਸਹਿਮਤੀ ਬਣ ਗਈ ਸੀ। ਇਸੇ ਤਹਿਤ ਪਹਿਲਾਂ ਤਾਂ ਕੈਪਟਨ ਸਰਕਾਰ ਨੇ ਬਾਦਲ ਪਰਿਵਾਰ ਖਿਲਾਫ਼ ਸਾਲ 2002-03 ਵਿਚ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਆਪਣੇ ਚੋਣਵੇਂ ਵਿਜੀਲੈਂਸ ਦੇ ਅਫ਼ਸਰਾਂ ਨੂੰ ਬਾਦਲਾਂ ਵਿਰੁੱਧ ਭੁਗਤਣ ਤੋਂ ਮੁਕਰਾ ਦਿੱਤਾ ਸੀ ਅਤੇ ਹੁਣ ਬਾਦਲ ਵਜ਼ਾਰਤ ਵੇਲੇ ਵਿਜੀਲੈਂਸ ਵੱਲੋਂ ਕੈਪਟਨ ਤੇ ਹੋਰਨਾਂ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਖ਼ਤਮ ਲਈ ਵਿਜੀਲੈਂਸ ਦੇ ਅਧਿਕਾਰੀਆਂ ਨੂੰ ਮੁਕਰਾਇਆ ਜਾ ਰਿਹਾ ਹੈ।

# ਸੁੱਤੇ ਪਏ ਪਰਿਵਾਰ ਨੂੰ ਲਾਈ ਅੱਗ, ਤਿੰਨ ਜੀਆਂ ਦੀ ਮੌਤ

**ਜਲੰਧਰ:** ਮਹਿਤਪੁਰ ਦੀ ਖੁਰਮਪੁਰ ਕਾਲੋਨੀ ਵਿਚ ਨਾਜਾਇਜ਼ ਸਬੰਧਾਂ ਦੇ ਚੱਲਦਿਆਂ ਗੁਆਂਢੀ ਨੇ ਸੁੱਤੇ ਪਏ ਪਰਿਵਾਰ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ, ਜਿਸ ਕਾਰਨ ਤਿੰਨ ਜਣਿਆਂ ਦੀ ਮੌਤ ਹੋ ਗਈ ਤੇ ਚਾਰ ਗੰਭੀਰ ਰੂਪ ਵਿਚ ਝੁਲਸ ਗਏ।

ਜਾਣਕਾਰੀ ਅਨੁਸਾਰ ਅੱਧੀ ਰਾਤ ਨੂੰ ਵਾਪਰੀ ਇਸ ਘਟਨਾ ਵਿਚ ਜਦੋਂ ਪਰਵਾਸੀ ਮਜ਼ਦੂਰ ਨਸੀਬ ਦਾ ਪਰਿਵਾਰ ਸੌਂ ਰਿਹਾ ਸੀ ਤਾਂ ਉਨ੍ਹਾਂ ਦੇ ਗੁਆਂਢੀ ਰਾਜੂ ਨੇ ਉਨ੍ਹਾਂ ਉਪਰ ਪੈਟਰੋਲ ਛਿੜਕ ਦਿੱਤਾ। ਅੱਗ ਦੇ ਇਕਦਮ ਭੜਕਣ ਨਾਲ ਪਰਿਵਾਰ ਪੂਰੀ ਤਰ੍ਹਾਂ ਝੁਲਸ ਗਿਆ। ਨਸੀਬ ਦੀ ਪਤਨੀ ਸੋਨੀਆ (35 ਸਾਲ), ਉਸ ਦੀ ਧੀ ਰਹਿਮਤ (5 ਸਾਲ) ਅਤੇ ਸਾਨੀਆ (ਡੇਢ ਸਾਲ)



ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦਕਿ ਇਸ ਘਟਨਾ 'ਚ ਬੁਰੀ ਤਰ੍ਹਾਂ ਝੁਲਸ ਜਾਣ ਵਾਲੇ ਨਸੀਬ ਅਤੇ ਉਸ ਦੀਆਂ ਤਿੰਨ ਧੀਆਂ ਨੇਹਾ, ਪ੍ਰਿਆ ਤੇ ਵੰਦਨਾ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁਤਾਬਕ ਰਾਜੂ ਨਾਂ ਦੇ ਵਿਅਕਤੀ ਦੇ ਸੋਨੀਆ ਨਾਲ ਨਾਜਾਇਜ਼ ਸਬੰਧ ਸਨ। ਇਸ ਕਾਰਨ ਸੋਨੀਆ ਅਤੇ ਉਸ ਦੇ ਪਤੀ ਨਸੀਬ ਵਿਚਾਲੇ ਝਗੜਾ ਹੁੰਦਾ ਰਹਿੰਦਾ ਸੀ। ਇਸ ਕਾਰਨ ਸੋਨੀਆ ਨੇ ਰਾਜੂ ਨੂੰ ਉਸ ਦੇ ਘਰ ਆਉਣ ਤੋਂ ਰੋਕਣਾ ਸ਼ੁਰੂ ਕਰ ਦਿੱਤਾ। ਰਾਜੂ, ਜੋ ਕਿ ਨਸ਼ੇੜੀ ਸੀ, ਨੇ ਇਹ ਕਾਰਾ ਨਸ਼ੇ ਦੀ ਹਾਲਤ ਵਿਚ ਕੀਤਾ।

## 'ਆਪ' ਦੇ 12 ਵਿਧਾਇਕਾਂ ਨੇ ਖੜਕਾਇਆ ਅਦਾਲਤ ਦਾ ਦਰਵਾਜ਼ਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਲਾਭ ਦੇ ਅਹੁਦੇ ਸੰਭਾਲਨ ਦੇ ਮਾਮਲੇ ਵਿਚ ਸੁਣਵਾਈ ਜਾਰੀ ਰੱਖਣ ਦੇ ਚੋਣ ਕਮਿਸ਼ਨ ਦੇ ਫੈਸਲੇ ਖਿਲਾਫ਼ 12 'ਆਪ' ਵਿਧਾਇਕਾਂ ਦੀ ਪਟੀਸ਼ਨ ਉਤੇ ਕਮਿਸ਼ਨ ਤੋਂ ਜਵਾਬ ਮੰਗਿਆ ਹੈ। ਇਨ੍ਹਾਂ ਪਟੀਸ਼ਨਾਂ ਵਿਚ ਦਾਅਵਾ ਕੀਤਾ ਹੈ ਕਿ ਹਾਈ ਕੋਰਟ ਨੇ ਜਦ ਇਹ ਆਦੇਸ਼ ਦੇ ਦਿੱਤਾ ਹੈ ਕਿ ਉਨ੍ਹਾਂ ਦੀਆਂ ਨਿਯੁਕਤੀਆਂ ਅਸੰਵਿਧਾਨਕ ਹਨ ਤੇ ਉਸ ਨੇ ਉਨ੍ਹਾਂ ਨੂੰ ਇਕ ਪਾਸੇ ਕਰ ਦਿੱਤਾ ਹੈ, ਤਾਂ ਇਸ ਗੱਲ ਦੀ ਕੋਈ ਜ਼ਰੂਰਤ ਨਹੀਂ ਹੈ ਕਿ ਕਮਿਸ਼ਨ ਮਾਮਲੇ ਦੀ ਸੁਣਵਾਈ ਜਾਰੀ ਰੱਖੇ।

## ਓਮ ਸਵਾਮੀ ਨੂੰ 10 ਲੱਖ ਜੁਰਮਾਨਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜਸਟਿਸ ਦੀਪਕ ਮਿਸ਼ਰਾ ਨੂੰ ਨਵਾਂ ਚੀਫ ਜਸਟਿਸ ਬਣਾਏ ਜਾਣ ਨੂੰ ਚੁਣੌਤੀ ਦੇਣ ਵਾਲੇ ਓਮ ਸਵਾਮੀ ਤੇ ਉਸ ਦੇ ਸਹਿਯੋਗੀ ਮੁਕੇਸ਼ ਜੈਨ ਨੂੰ 10-10 ਲੱਖ ਰੁਪਏ ਦੇ ਜੁਰਮਾਨਾ ਲਗਾਇਆ ਹੈ।

ਬੈਂਚ ਨੇ ਬਿਨਾਂ ਵਜ੍ਹਾ ਪਟੀਸ਼ਨ ਦਾਇਰ ਕਰਨ ਲਈ ਓਮ ਸਵਾਮੀ ਤੇ ਉਸ ਦੇ ਸਹਿਯੋਗੀ 'ਤੇ ਜੁਰਮਾਨਾ ਲਗਾਇਆ। ਅਦਾਲਤ ਨੇ ਪਟੀਸ਼ਨਕਾਰੀਆਂ ਨੂੰ ਜੁਰਮਾਨੇ ਦੀ ਰਾਸ਼ੀ ਇਕ ਮਹੀਨੇ ਦੇ ਵਿਚ-ਵਿਚ ਪ੍ਰਧਾਨ ਮੰਤਰੀ ਰਾਹਤ ਕੋਸ਼ 'ਚ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ। ਅਦਾਲਤ ਨੇ ਕਿਹਾ ਕਿ ਜੇਕਰ ਰਾਸ਼ੀ ਜਮ੍ਹਾਂ ਨਾ ਕਰਵਾਈ ਗਈ ਤਾਂ ਇਸ ਮਾਮਲੇ ਨੂੰ ਇਕ ਮਹੀਨੇ ਬਾਅਦ ਫਿਰ ਸੂਚੀਬੱਧ ਕੀਤਾ ਜਾਵੇ।

## *ਵਿਰਾਸਤੀ ਸੰਭਾਲ ਲਈ ਨੀਤੀ ਉਤੇ ਮੋਹਰ*

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਮੰਤਰੀ ਮੰਡਲ ਨੇ ਨਵੀਂ ਪੰਜਾਬ ਰਾਜ ਸੱਭਿਆਚਾਰਕ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਮਨੀਪੁਰ ਤੋਂ ਬਾਅਦ ਪੰਜਾਬ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਦੀ ਰਾਖੀ ਤੇ ਸੰਭਾਲ ਲਈ ਅਜਿਹੀ ਨੀਤੀ ਬਣਾਉਣ ਵਾਲਾ ਦੂਜਾ ਸੂਬਾ ਬਣ ਗਿਆ ਹੈ। ਸੂਬੇ ਦੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਤੋਂ ਇਲਾਵਾ ਨਵੀਂ ਨੀਤੀ ਆਪਣੀ ਕਲਾ ਤੇ ਵਿਰਸੇ ਦੀ ਵਿਲੱਖਣਤਾ ਨੂੰ ਪ੍ਰਫੁੱਲਿਤ ਕਰੇਗੀ।

ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਵੱਲੋਂ ਉੱਘੇ ਇਤਿਹਾਸਕਾਰਾਂ, ਲੇਖਕਾਂ, ਕਵੀਆਂ ਅਤੇ ਸੰਗੀਤ ਤੇ ਫਿਲਮ ਜਗਤ ਦੀਆਂ ਹੋਰ ਨਾਮਵਰ ਸ਼ਖ਼ਸੀਅਤਾਂ ਨਾਲ ਲੜੀਵਾਰ ਮੀਟਿੰਗਾਂ ਤੋਂ ਬਾਅਦ ਇਹ ਨੀਤੀ ਘੜੀ ਗਈ ਹੈ। ਇਹ ਨੀਤੀ ਸਾਰੇ ਭਾਈਵਾਲਾਂ ਪਾਸੋਂ ਪ੍ਰਾਪਤ ਕੀਤੇ ਸੁਝਾਵਾਂ ਅਤੇ ਸਿਫਾਰਸ਼ਾਂ ਉਤੇ ਅਧਾਰਤ ਹੈ।

ਸੂਬੇ ਦੇ ਅਮੀਰ ਵਿਰਸੇ ਨੂੰ ਸੁਰੱਖਿਅਤ ਰੱਖਣ ਤੇ ਸੰਭਾਲ ਸਮੇਤ ਇਸ ਨੀਤੀ ਦੇ ਕਈ ਉਦੇਸ਼ ਹਨ, ਜਿਸ ਤਹਿਤ ਪੰਜਾਬ ਦੀ ਮਹਾਨ ਵਿਰਾਸਤ ਦਾ ਹਰ ਪੱਧਰ 'ਤੇ ਪ੍ਰਚਾਰ ਤੇ ਪਾਸਾਰ ਤੋਂ ਇਲਾਵਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਵਿਰਾਸਤੀ ਖਜ਼ਾਨੇ ਬਾਰੇ ਜਾਣੂ ਕਰਵਾਉਣਾ ਹੈ।

# ਵੱਧ ਸ਼ਰਾਬ ਪੀਣ ਵਾਲੇ ਸਾਵਧਾਨ !

**ਬੋਸਟਨ:** ਭਾਰਤ ਦੇ ਦੱਖਣੀ ਰਾਜਾਂ ਵਿਚ ਤਪਦਿਕ ਦੇ ਰੋਗ ਪਿੱਛੇ ਦੋ ਮੁੱਖ ਕਾਰਨ ਗੈਰਮਿਆਰੀ ਭੋਜਨ ਅਤੇ ਸ਼ਰਾਬ ਦੀ ਵੱਧ ਵਰਤੋਂ ਸਾਹਮਣੇ ਆਏ ਹਨ। ਬੋਸਟਨ ਯੂਨੀਵਰਸਿਟੀ ਆਫ ਮੈਡੀਸਨ ਅਤੇ ਅਤੇ ਤਾਮਿਲਨਾਡੂ ਸਥਿਤ ਪੋਸਟ ਗਰੈਜੂਏਟ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਦੇ ਵਿਗਿਆਨੀਆਂ ਵੱਲੋਂ ਕੀਤੀ ਖੋਜ ਅਨੁਸਾਰ ਗੈਰਮਿਆਰੀ ਭੋਜਨ, ਲੋੜ ਤੋਂ ਵੱਧ ਸ਼ਰਾਬ ਪੀਣ ਦਾ ਦੱਖਣੀ ਭਾਰਤ ਵਿਚ ਤਪਦਿਕ ਦੇ ਰੋਗ (ਟੀਬੀ) ਨਾਲ ਡੂੰਘਾ ਸਬੰਧ ਸਾਹਮਣੇ ਆਇਆ ਹੈ। ਇਹ ਖੋਜ ਪਾਂਡੂਚੇਰੀ ਅਤੇ ਤਾਮਿਲਨਾਡੂ ਵਿਚ ਲੋਕਾਂ ਦੇ ਕੇਸਾਂ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। 'ਪਲੌਸ ਵਨ' ਮੈਡੀਕਲ ਰਸਾਲੇ ਵਿਚ ਪ੍ਰਕਾਸ਼ਿਤ ਖੋਜ ਅਨੁਸਾਰ ਇਹ ਵੀ ਪਤਾ ਲਾਇਆ ਗਿਆ ਹੈ ਕਿ ਕੀ ਮਰਦਾਂ ਦੇ ਖ਼ੂਨ ਵਿਚ ਟੀਵੀ ਦੇ ਰਗਾਣੂ ਹੋਣ ਅਤੇ ਰੋਗ ਦਾ ਇਲਾਜ ਨਾ ਕਰਵਾਏ ਜਾਣ ਦਾ ਉਨ੍ਹਾਂ ਦੀਆਂ ਪਤਨੀਆਂ ਉਤੇ ਕਿਸ ਤਰ੍ਹਾਂ ਅਸਰ ਪੈਂਦਾ ਹੈ।



ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ 61 ਫੀਸਦੀ ਔਰਤਾਂ ਨੂੰ ਟੀਬੀ ਰੋਗ ਪਿੱਛੇ ਮੁੱਖ ਕਾਰਨ ਉਨ੍ਹਾਂ ਨੂੰ ਪੂਰਨ ਖੁਰਾਕ ਦਾ ਨਾ ਮਿਲਣਾ ਹੈ।

ਖੋਜ ਦੇ ਅਨੁਸਾਰ 75 ਫੀਸਦੀ ਕੇਸ ਅਜਿਹੇ ਸਨ ਕਿ ਜਿਨ੍ਹਾਂ ਮਰਦਾਂ ਨੇ ਸ਼ਰਾਬ ਦੀ ਵਰਤੋਂ ਘਟਾ ਦਿੱਤੀ ਉਨ੍ਹਾਂ ਵਿਚ ਟੀਵੀ ਰੋਗ ਦੇ ਲੱਛਣ ਖਤਮ ਹੋ ਗਏ ਪਾਏ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਵਿਸ਼ਵ ਵਿਚ ਆਏ ਸਾਲ ਟੀਬੀ ਦੇ ਕਰੀਬ 10 ਲੱਖ 60 ਹਜ਼ਾਰ ਕੇਸ ਸਾਹਮਣੇ ਆਉਂਦੇ ਹਨ ਅਤੇ ਇਸ ਦਾ 27 ਫੀਸਦੀ ਟੀਬੀ ਰੋਗੀ ਭਾਰਤ ਵਿਚ ਹੁੰਦੇ ਹਨ। ਇਹ ਖੋਜ ਵਿਸ਼ਵ ਸਿਹਤ ਸੰਸਥਾ ਦੀ ਪਹਿਲਕਦਮੀ ਉਤੇ ਕੀਤੀ ਗਈ ਹੈ। ਇਸ ਖੋਜ ਤੋਂ ਬਾਅਦ ਭਾਰਤ ਸਰਕਾਰ ਨੇ ਟੀਬੀ ਦੇ ਰੋਗੀਆਂ ਦੀ ਖੁਰਾਕ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਹੈ।

# ਸਵਾਈਨ ਫਲੂ ਦੇ ਟਾਕਰੇ ਲਈ ਅਵੇਸਲੀ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਦਾ ਸਿਹਤ ਵਿਭਾਗ ਬਿਨਾਂ ਹਥਿਆਰਾਂ ਤੋਂ ਸਵਾਈਨ ਫਲੂ ਵਿਰੁੱਧ ਲੜਾਈ ਲੜ ਰਿਹਾ ਹੈ। ਹਸਪਤਾਲਾਂ ਵਿਚ ਵੈਂਟੀਲੇਟਰ ਨਹੀਂ ਹਨ ਅਤੇ ਮਾਹਿਰ ਡਾਕਟਰਾਂ ਦੀ ਘਾਟ ਹੈ। ਸਵਾਈਨ ਫਲੂ ਦੇ ਇਲਾਜ ਲਈ ਬੱਚਿਆਂ ਨੂੰ ਪੀਣ ਲਈ ਦਿੱਤੀ ਜਾਣ ਵਾਲੀ ਦਵਾਈ ਦੀ ਮਿਆਦ ਵੀ ਚਾਲੂ ਮਹੀਨੇ ਦੇ ਅੰਤ ਤੱਕ ਪੁੱਗ ਜਾਵੇਗੀ, ਜਿਸ ਨਾਲ ਹੋਰ ਵੱਡਾ ਸੰਕਟ ਖੜ੍ਹਾ ਹੋਣ ਦਾ ਡਰ ਬਣ ਗਿਆ ਹੈ। ਸਵਾਈਨ ਫਲੂ ਦਾ ਹਮਲਾ ਤੇਜ਼ ਹੋ ਗਿਆ ਹੈ ਅਤੇ ਪਿਛਲੇ ਚੌਦਾਂ ਦਿਨਾਂ ਵਿਚ 42 ਮਰੀਜ਼ਾਂ ਦੀ ਪੁਸ਼ਟੀ ਹੋਈ ਹੈ।



ਪੰਜਾਬ ਭਰ ਵਿਚ ਹੁਣ ਤੱਕ ਸਵਾਈਨ ਫਲੂ ਨਾਲ 21 ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਸੱਤ ਮੌਤਾਂ ਲੁਧਿਆਣਾ ਜ਼ਿਲ੍ਹੇ ਵਿਚ ਹੋਈਆਂ ਹਨ। ਜਲੰਧਰ ਵਿਚ ਮ੍ਰਿਤਕਾਂ ਦੀ ਗਿਣਤੀ ਤਿੰਨ ਨੂੰ ਪੁੱਜ ਗਈ ਹੈ ਜਦੋਂਕਿ ਪਟਿਆਲਾ, ਮੁਹਾਲੀ, ਸ਼ਹੀਦ ਭਗਤ ਸਿੰਘ ਨਗਰ ਅਤੇ ਬਰਨਾਲਾ ਵਿਚ ਦੋ-ਦੋ ਮੌਤਾਂ ਹੋਈਆਂ ਹਨ।

ਫਰੀਦਕੋਟ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਰੋਪੜ ਅਤੇ ਸੰਗਰੂਰ ਵਿਚ ਇਕ-ਇਕ ਮੌਤ ਹੋਈ ਹੈ। ਉਂਜ ਜੁਲਾਈ ਤੋਂ ਲੈ ਕੇ ਅੱਜ ਤੱਕ 104 ਮਰੀਜ਼ਾਂ ਨੂੰ ਸਵਾਈਨ ਫਲੂ ਦੀ ਪੁਸ਼ਟੀ ਹੋਈ ਹੈ। ਪਿਛਲੇ ਦੋ ਹਫਤਿਆਂ ਦੌਰਾਨ ਲੁਧਿਆਣਾ ਵਿਚ 19 ਮਰੀਜ਼ਾਂ, ਜਲੰਧਰ ਵਿਚ ਗਿਆਰਾਂ, ਫਤਹਿਗੜ੍ਹ ਵਿਚ ਸੱਤ, ਪਟਿਆਲਾ ਵਿੱਚ ਛੇ, ਹੁਸ਼ਿਆਰਪੁਰ ਵਿਚ ਚਾਰ, ਸੰਗਰੂਰ ਵਿਚ ਇਕ, ਬਰਨਾਲਾ ਵਿਚ ਇਕ ਅਤੇ ਨਵਾਂ ਸ਼ਹਿਰ ਵਿਚ ਇਕ ਮਰੀਜ਼ ਸਵਾਈਨ ਫਲੂ ਦਾ ਸ਼ਿਕਾਰ ਹੋਇਆ ਹੈ।

ਜੁਲਾਈ ਤੋਂ ਲੈ ਕੇ ਹੁਣ ਤੱਕ ਲੁਧਿਆਣਾ 'ਚ 36, ਮੁਹਾਲੀ ਵਿਚ 19, ਜਲੰਧਰ ਵਿਚ 11 ਅਤੇ ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਵਿਚ ਕ੍ਰਮਵਾਰ ਛੇ ਅਤੇ ਸੱਤ ਮਰੀਜ਼ ਸਵਾਈਨ ਫਲੂ ਦਾ ਸ਼ਿਕਾਰ ਹੋਏ ਹਨ। ਜਾਣਕਾਰੀ ਅਨੁਸਾਰ ਮੁਕਤਸਰ, ਕਪੂਰਥਲਾ ਅਤੇ ਨਵਾਂ ਸ਼ਹਿਰ ਦੇ ਸਰਕਾਰੀ ਹਸਪਤਾਲਾਂ ਵਿਚ ਗੰਭੀਰ ਮਰੀਜ਼ਾਂ ਦੇ ਇਲਾਜ ਲਈ ਵੈਂਟੀਲੇਟਰ ਨਹੀਂ ਹਨ ਅਤੇ ਦੋ ਹੋਰ ਫਾਜ਼ਿਲਕਾ ਤੇ ਮੋਗਾ ਜ਼ਿਲ੍ਹਿਆਂ ਦੇ ਹਸਪਤਾਲਾਂ ਵਿਚ ਵੈਂਟੀਲੇਟਰ ਤਾਂ ਹਨ ਪਰ ਇਹ ਕੰਮ ਕਰਨ ਦੀ ਹਾਲਤ ਵਿਚ ਨਹੀਂ ਹਨ।

ਇਕ ਹੋਰ ਜਾਣਕਾਰੀ ਮੁਤਾਬਕ ਸਵਾਈਨ ਫਲੂ ਦੀ ਬਿਮਾਰੀ ਤੋਂ ਪੀੜਤ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਪੀਣ ਦੀ ਦਵਾਈ ਵੀ ਮਿਆਦ ਪੁੱਗਣ ਦੇ ਨੇੜੇ ਹੈ। ਇਸ ਨਾਲ ਅਗਲੇ ਦਿਨੀਂ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਦਵਾਈ ਦਾ ਸੰਕਟ ਖੜ੍ਹਾ ਹੋ ਜਾਣ ਦਾ ਡਰ ਬਣ ਗਿਆ ਹੈ। ਸਿਹਤ ਵਿਭਾਗ ਦਵਾਈ ਖਰੀਦਣ ਤੋਂ ਪਹਿਲਾਂ ਇਸ ਦੇ ਸੈਂਪਲ ਦੀ ਜਾਂਚ ਕਰਾਉਂਦਾ ਹੈ, ਜਿਸ ਲਈ ਦੋ ਤੋਂ ਤਿੰਨ ਹਫਤਿਆਂ ਦਾ ਸਮਾਂ ਚਾਹੀਦਾ ਹੈ। ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਰਾਜੀਵ ਭੱਲਾ ਨੇ ਮੰਨਿਆ ਕਿ ਤਿੰਨ ਜ਼ਿਲ੍ਹਿਆਂ ਦੇ ਸਰਕਾਰੀ ਹਸਪਤਾਲਾਂ ਵਿਚ ਵੈਂਟੀਲੈਟਰ ਨਹੀਂ ਹਨ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਇਲਾਜ ਵਿਚ ਕੋਈ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ।

## ਲੁਧਿਆਣਾ ਵਿਚ ਵੀ ਆਣ ਪੁੱਜਾ 'ਬਲੂ ਵ੍ਹੇਲ' ਗੇਮ ਦਾ ਕਹਿਰ

**ਲੁਧਿਆਣਾ:** ਦੁਨੀਆਂ ਵਿਚ ਸੈਂਕੜੇ ਲੋਕਾਂ ਦੀ ਜਾਨ ਲੈਣ ਵਾਲੀ 'ਬਲੂ ਵ੍ਹੇਲ' ਗੇਮ ਦਾ ਕਹਿਰ ਲੁਧਿਆਣਾ ਵਿਚ ਵੀ ਪੁੱਜ ਗਿਆ ਹੈ। ਜਮਾਲਪੁਰ ਦੇ ਮੁੰਡੀਆਂ ਇਲਾਕੇ ਵਿਚ ਨਾਨ ਮੈਡੀਕਲ ਗਰੁੱਪ ਦੇ ਵਿਦਿਆਰਥੀ ਅਭਿਸ਼ੇਕ ਭਾਰਗਵ (17) ਦੀ ਲਾਸ਼ ਸ਼ੱਕੀ ਹਾਲਤ ਵਿਚ ਆਪਣੇ ਘਰ ਵਿਚ ਲਟਕਦੀ ਮਿਲੀ। ਅਭਿਸ਼ੇਕ ਦੀ ਮੌਤ 'ਬਲੂ ਵੇਲ' ਗੇਮ ਕਾਰਨ ਹੋਈ ਮੰਨੀ ਜਾ ਰਹੀ ਹੈ।

ਅਭਿਸ਼ੇਕ ਭਾਰਗਵ ਦੀ ਮੌਤ ਦਾ ਪਤਾ ਉਸ ਵੇਲੇ ਲੱਗਿਆ, ਜਦੋਂ ਉਸ ਦੇ ਪਿਤਾ ਘਰ ਪਰਤੇ। ਉਨ੍ਹਾਂ ਆਪਣੇ ਲੜਕੇ ਦੀ ਲਾਸ਼ ਲਟਕਦੀ ਦੇਖੀ ਤਾਂ ਫੌਰੀ ਪੁਲਿਸ ਨੂੰ ਸੂਚਨਾ ਦਿੱਤੀ।

ਸੂਚਨਾ ਮਿਲਣ ਤੋਂ ਬਾਅਦ ਥਾਣਾ ਜਮਾਲਪੁਰ ਅਧੀਨ ਆਉਂਦੀ ਚੌਕੀ ਮੁੰਡੀਆਂ ਕਲਾਂ ਦੀ ਪੁਲਿਸ ਮੌਕੇ 'ਤੇ ਪੁੱਜ ਗਈ। ਜਾਂਚ ਦੌਰਾਨ ਪਤਾ ਲੱਗਿਆ ਕਿ ਅਭਿਸ਼ੇਕ ਦੇ ਹੱਥ ਵਿਚ 'ਬਲੂ ਵ੍ਹੇਲ' ਗੇਮ ਦੀ ਤਰ੍ਹਾਂ ਚਾਕੂ ਮਾਰਨ ਦੇ ਨਿਸ਼ਾਨ ਸਨ। ਇਸ ਲਈ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਅਭਿਸ਼ੇਕ ਦੀ ਜਾਨ 'ਬਲੂ ਵ੍ਹੇਲ' ਗੇਮ ਨੇ ਲਈ ਹੈ।

ਮੌਕੇ ਤੋਂ ਚਾਕੂ ਵੀ ਬਰਾਮਦ ਹੋਇਆ ਹੈ। ਪੁਲਿਸ ਨੇ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ। ਅਭਿਸ਼ੇਕ ਦੇ ਕਬਜ਼ੇ 'ਚੋਂ ਖੁਦਕੁਸ਼ੀ ਨੋਟ ਬਰਾਮਦ ਹੋਇਆ ਹੈ, ਜਿਸ ਵਿਚ 'ਆਈ ਗਿਵ ਅਪ' ਲਿਖਿਆ ਹੋਇਆ ਸੀ। ਇਸ ਤੋਂ ਇਲਾਵਾ ਕੁਝ ਨਹੀਂ ਲਿਖਿਆ ਸੀ।

## ਡਾ. ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਬਣਾਏ ਜਾਣ ਦਾ ਸਵਾਗਤ

**ਸੈਕਰਾਮੈਂਟੋ (ਬਿਊਰੋ):** ਸਥਾਨਕ ਪੰਜਾਬੀ ਸਾਹਿਤਕਾਰਾਂ ਨੇ ਡਾ. ਸੁਰਜੀਤ ਸਿੰਘ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਥਾਪੇ ਜਾਣ ਦਾ ਸਵਾਗਤ ਕਰਦਿਆਂ ਇਸ ਨੂੰ ਸਾਹਿਤ ਤੇ ਕਲਾ ਨੂੰ ਪ੍ਰਫੁਲਿਤ ਕਰਨ ਲਈ ਇਕ ਸਾਰਥਕ ਕਦਮ ਕਰਾਰ ਦਿੱਤਾ ਹੈ।

ਸਥਾਨਕ ਲੇਖਿਕਾ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੇ ਗ੍ਰਹਿ ਵਿਖੇ ਹੋਈ ਸਾਹਿਤਕਾਰਾਂ ਦੀ ਇਕ ਪਰਿਵਾਰਕ ਮਿਲਣੀ ਵਿਚ ਡਾ. ਪਾਤਰ ਦੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਡਾ. ਪਾਤਰ ਨੂੰ ਵਧਾਈ ਦਿੱਤੀ। ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਦੇ ਧਰੂ ਤਾਰੇ ਡਾ. ਪਾਤਰ ਦੀ ਇਸ ਨਿਯੁਕਤੀ 'ਤੇ ਤਸੱਲੀ ਜ਼ਾਹਰ ਕਰਦਿਆਂ ਆਸ ਪ੍ਰਗਟਾਈ ਕਿ ਉਹ ਪੰਜਾਬੀ ਸਾਹਿਤ ਨੂੰ ਤਰੱਕੀ ਦੀਆਂ ਅਗਲੇਰੀਆਂ ਮੰਜ਼ਿਲਾਂ 'ਤੇ ਲੈ ਜਾਣ ਲਈ ਮਾਰਗ ਦਰਸ਼ਕ ਸਾਬਤ ਹੋਣਗੇ।

ਮੀਟਿੰਗ ਵਿਚ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੇ ਫਾਊਂਡਰ ਹਰਬੰਸ ਸਿੰਘ ਜਗਿਆਸੂ ਤੇ ਮਹਿੰਦਰ ਸਿੰਘ ਘੱਗ, ਸਾਬਕਾ ਪ੍ਰਧਾਨ ਬੀਬੀ ਮਨਜੀਤ ਕੌਰ ਸੇਖੋਂ, ਮੌਜੂਦਾ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ, ਫਾਊਂਡਰ ਮੈਂਬਰ ਸਤਨਾਮ ਸਿੰਘ ਤਾਤਲਾ ਤੋਂ ਇਲਾਵਾ ਰਾਜਵਿੰਦਰ ਸਰੋਤਾ, ਗਗਨਦੀਪ ਸੋਨੂੰ, ਜਸਪ੍ਰੀਤ ਜੱਸੀ, ਸ. ਕਿਹਰ



ਡਾ. ਸੁਰਜੀਤ ਸਿੰਘ ਪਾਤਰ

ਸਿੰਘ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਸ਼ਾਮਲ ਸਨ।

## ਜਬਰ ਜਨਾਹ ਦੇ ਦੋਸ਼ੀ ਤਿੰਨ ਨੌਜਵਾਨਾਂ ਨੂੰ 20-20 ਸਾਲ ਕੈਦ

**ਗੁਰਦਾਸਪੁਰ:** ਨਾਬਾਲਗ ਲੜਕੀ ਨਾਲ ਜਬਰ ਜਨਾਹ ਦੇ ਦੋਸ਼ ਵਿਚ ਅਦਾਲਤ ਨੇ ਤਿੰਨ ਨੌਜਵਾਨਾਂ ਨੂੰ 20-20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਪੀੜਤ ਲੜਕੀ ਦੀ ਮਾਤਾ ਵੱਲੋਂ ਸ੍ਰੀ ਹਰਗੋਬਿੰਦਪੁਰ ਥਾਣਾ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੇ ਮੁਹੱਲੇ 'ਚ ਰਹਿਣ ਵਾਲੇ ਬਲਵੰਤ ਸਿੰਘ ਉਰਫ ਮੰਨੂ, ਦੀਪਕ ਕੁਮਾਰ ਉਰਫ ਦੀਪੂ ਵੱਲੋਂ ਉਸ ਦੀ ਲੜਕੀ ਨਾਲ ਆਪਣੇ ਹੀ ਘਰ 'ਚ ਜਬਰ ਜਨਾਹ ਕੀਤਾ ਗਿਆ ਸੀ। ਅਦਾਲਤ ਨੇ ਮੁੱਦਈ ਧਿਰ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤੀ ਜਤਾਉਂਦੇ ਹੋਏ ਤਿੰਨਾਂ ਦੋਸ਼ੀਆਂ ਨੂੰ 20-20 ਸਾਲ ਦੀ ਕੈਦ ਦੀ ਸਜ਼ਾ ਸੁਣਾਈ।

## Matrimonials

### ਲੜਕੀ ਦੀ ਲੋੜ ਹੈ

Wanted citizen or green card holder Nai Sikh girl for a Nai Sikh boy 29 years, 5'-9", BBA on visitor visa. Family of the boy well settled in India. Only sister married in the USA. Simple and early marriage. Contact, Ph: 646-318-1589 35-38

Ramgariah family looking for a suitable Ramgariah match for their U. S. born son, Sr. Financial Analyst 33 years of age. Please contact: jsnov1973@aol.com 28/4

ਆਦਿ ਧਰਮੀ ਉਮਰ 47 ਸਾਲ, ਕੱਦ 5'-6", ਚੰਗੇ ਬਿਜਨਸ ਦੇ ਮਾਲਕ ਵਿਅਕਤੀ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਜਾਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 859-287-6730

Wanted citizen or green card holder life partner for Aad Dharmi 47, 5'-6", good business owner, well settled man. Caste no bar. Widow or divorce can also be considered. Contact, Ph: 859-287-6730 35-38

punjabtimesusa.com

### ਲੜਕੀ ਦੀ ਲੋੜ ਹੈ

Wanted green card or citizen Jatt Sikh girl for Jatt Sikh boy 27 yrs., 5'-10", Masters in Banking & Finance, working as Branch Manager in Bank of India. Maternal family well settled in USA. Non-drinker, non-smoker, No Demands. Contact, Ph: (219) 671-3442. 35-36

ਸੈਣੀ ਸਿੱਖ ਉਮਰ 31 ਸਾਲ, ਕੱਦ 5'8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ: 319-670-8892

### ਵਰ ਦੀ ਲੋੜ ਹੈ

Looking for a Jatt Sikh well-educated US Citizen boy from respected family for U.S. citizen Jatt Sikh girl 28, Height 5'4", CPA. Tax Manager, from SF Bay Area. Contact saabks500@gmail.com 34-37

33 ਸਾਲਾ ਤਲਾਕਸ਼ੁਦਾ ਲੜਕੀ ਐਮ. ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com 33-36

# ਮਜੀਠੀਏ ਨਾਲ ਲਿਹਾਜ਼ਦਾਰੀ ਖਿਲਾਫ ਕਾਂਗਰਸੀ ਵਿਧਾਇਕਾਂ ਦਾ ਏਕਾ

**ਚੰਡੀਗੜ੍ਹ:** ਕਾਂਗਰਸੀ ਵਿਧਾਇਕਾਂ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਰਿਸ਼ਤੇਦਾਰ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਕਾਰਵਾਈ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਤਿੰਨ ਦਰਜਨ ਤੋਂ ਵੱਧ ਵਿਧਾਇਕਾਂ ਨੇ ਆਪਣੇ ਦਸਤਖਤ ਕਰ ਕੇ ਮੁੱਖ ਮੰਤਰੀ ਨੂੰ ਦਿੱਲੀ ਵਿਚ ਮੰਗ ਪੱਤਰ ਦਿੱਤਾ ਹੈ, ਜਿਸ ਵਿਚ ਸ੍ਰੀ ਮਜੀਠੀਆ ਵਿਰੁੱਧ ਕਾਰਵਾਈ ਲਈ ਕਿਹਾ ਹੈ। ਪਤਾ ਲੱਗਾ ਹੈ ਕਿ ਵਿਧਾਇਕਾਂ ਨੂੰ ਇਹ ਮਾਮਲਾ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਤੱਕ ਅੱਗੇ ਪਾਉਣ ਲਈ ਕਿਹਾ ਗਿਆ ਹੈ ਤੇ ਵਿਧਾਇਕਾਂ ਨੇ ਇਸ ਬਾਰੇ ਸਹਿਮਤੀ ਦੇ ਦਿੱਤੀ ਹੈ।

ਕਾਂਗਰਸ ਨੇ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਨਸ਼ਿਆਂ, ਖਾਸ ਕਰ ਕੇ ਚਿੱਟੇ ਦੇ ਸੌਦਾਗਰਾਂ ਵਿਰੁੱਧ ਮੁਹਿੰਮ ਚਲਾਈ ਜਾਵੇਗੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਤਤਕਾਲੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨਗੀ ਸੰਭਾਲਣ ਤੋਂ ਬਾਅਦ ਬਠਿੰਡੇ ਵਿਚ ਤਾਜਪੋਸ਼ੀ ਰੈਲੀ ਵਿਚ ਗੁਟਕਾ ਸਿਰ ਉਤੇ ਰੱਖ ਕੇ ਅਹਿਦ ਲਿਆ ਸੀ ਕਿ ਉਹ ਸੱਤਾ ਸੰਭਾਲਣ ਦੇ 28 ਦਿਨਾਂ ਅੰਦਰ ਚਿੱਟੇ ਦਾ ਸਫਾਇਆ ਕਰ ਦੇਣਗੇ।

ਕਾਂਗਰਸ ਸਰਕਾਰ ਨੇ ਏਡੀਜੀਪੀ ਹਰਪ੍ਰੀਤ ਸਿੱਧੂ ਦੀ ਅਗਵਾਈ ਹੇਠ ਸਪੈਸ਼ਲ ਟਾਸਕ ਫੋਰਸ ਬਣਾ ਕੇ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਦਿੱਤੀ, ਪਰ ਅਜੇ ਤੱਕ ਟਾਸਕ ਫੋਰਸ ਦੇ ਹੱਥ ਕੋਈ ਵਿਵਾਦਿਤ ਤਸਕਰ ਨਹੀਂ ਲੱਗਾ ਹੈ।

ਕਾਂਗਰਸ ਹਲਕਿਆਂ ਵਿਚ ਇਸ ਗੱਲ ਨੂੰ ਲੈ ਕੇ ਵੀ ਰੋਸ ਹੈ ਕਿ ਕੈਪਟਨ ਨੇ ਸੱਤਾ ਸੰਭਾਲਣ ਤੋਂ ਫੌਰੀ ਬਾਅਦ ਲੰਬੀ ਹਲਕੇ ਦੇ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਨੂੰ ਜੇਲ੍ਹ ਡੱਕਣ ਦਾ ਐਲਾਨ ਕੀਤਾ ਸੀ, ਪਰ ਅਜੇ ਤੱਕ ਇਸ ਐਲਾਨ 'ਤੇ ਅਮਲ ਨਹੀਂ ਕੀਤਾ ਗਿਆ, ਸਗੋਂ ਉਸ ਦੀ ਸੁਰੱਖਿਆ ਤੱਕ ਨੂੰ ਵੀ ਨਹੀਂ ਛੇੜਿਆ ਗਿਆ। ਕਾਂਗਰਸ ਵਿਧਾਇਕ ਤੇ ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਰਾਜਾ ਵੜਿੰਗ ਨੇ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਵੀ ਇਹ ਮਾਮਲਾ ਉਠਾਉਂਦਿਆਂ ਕਿਹਾ ਸੀ ਕਿ ਕੈਪਟਨ ਇੰਨੇ ਨਰਮ ਦਿਲ ਹਨ ਕਿ ਉਨ੍ਹਾਂ ਨੇ ਸ੍ਰੀ ਕੋਲਿਆਂਵਾਲੀ ਨੂੰ 'ਖਤਰੇ' ਦੇ ਮੱਦੇਨਜ਼ਰ ਉਨ੍ਹਾਂ ਦੀ ਸੁਰੱਖਿਆ ਵਾਪਸ ਨਹੀਂ ਲਈ, ਪਰ ਜਿਸ ਦਿਨ ਸਬੂਤ ਹੱਥ ਲੱਗੇ, ਉਸ ਦਿਨ ਕਾਰਵਾਈ ਲਾਜ਼ਮੀ ਕਰਨਗੇ।

ਦੱਸਣਯੋਗ ਹੈ ਕਿ ਪਿਛਲੇ ਦਿਨੀਂ ਸ੍ਰੀ ਮਜੀਠੀਆ ਨੇ ਪੁਲਿਸ ਵੱਲੋਂ ਅਕਾਲੀ ਆਗੂਆਂ ਖਿਲਾਫ ਕੇਸ ਦਰਜ ਕਰਨ ਦੇ ਮੁੱਦੇ ਨੂੰ ਲੈ ਕੇ ਮਾਝੇ ਦੇ ਕਾਂਗਰਸੀ ਵਿਧਾਇਕਾਂ, ਖਾਸ ਕਰ ਕੇ ਸੀਨੀਅਰ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵਿਰੁੱਧ ਤਿੱਖੀ ਬਿਆਨਬਾਜ਼ੀ ਕੀਤੀ ਸੀ। ਕਾਂਗਰਸੀ ਵਿਧਾਇਕਾਂ ਤੇ ਆਗੂਆਂ ਵਿਚ ਚਰਚਾ ਹੈ ਕਿ ਮੁੱਖ ਮੰਤਰੀ ਅਕਾਲੀ ਆਗੂਆਂ ਖਿਲਾਫ ਕਾਰਵਾਈ ਕਰਨ ਤੋਂ ਪਿੱਛੇ ਹਟ ਰਹੇ ਹਨ।

## 'ਪ੍ਰੇਮੀ' ਬਣੇ ਸਿੱਖਾਂ ਵੱਲੋਂ ਧੜਾ ਧੜ ਘਰ ਵਾਪਸੀ

**ਬਠਿੰਡਾ:** ਡੇਰਾ ਮੁਖੀ ਰਾਮ ਰਹੀਮ ਨੂੰ ਅਦਾਲਤ ਵੱਲੋਂ ਜਬਰ ਜਨਾਹ ਮਾਮਲੇ ਵਿਚ ਸਜ਼ਾ ਸੁਣਾਏ ਜਾਣ ਮਗਰੋਂ ਡੇਰਾ ਪੈਰੋਕਾਰ ਸਿੱਖ ਪੰਥ ਵਿਚ ਵਾਪਸੀ ਕਰਨ ਲੱਗੇ ਹਨ। ਰਾਮ ਰਹੀਮ ਦੀ ਅਸਲੀਅਤ ਸਾਹਮਣੇ ਆਉਣ ਮਗਰੋਂ ਡੇਰੇ ਨਾਲ ਜੁੜੇ ਕਈ ਸ਼ਰਧਾਲੂਆਂ 'ਚ ਗੁੱਸੇ ਦੀ ਲਹਿਰ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਪਿੰਡਾਂ ਵਿਚ ਸ਼ਰਧਾਲੂਆਂ ਨੇ ਬਲਾਤਕਾਰੀ ਬਾਬੇ ਦੀਆਂ ਤਸਵੀਰਾਂ ਹਟਾ ਦਿੱਤੀਆਂ ਹਨ। ਡੇਰਾ ਸਿਰਸਾ ਨਾਲ ਜੁੜੇ ਸਿੱਖ ਵਾਪਸੀ ਕਰਨ ਲੱਗੇ ਹਨ। ਪੰਚਕੂਲਾ ਵਿਚ ਹੋਈ ਹਿੰਸਾ ਵਿਚ ਮਾਰੇ ਗਏ ਪਿੰਡ ਬੰਗੀ ਨਿਹਾਲ ਸਿੰਘ ਵਾਲਾ ਦੇ ਇਕ ਡੇਰਾ ਪ੍ਰੇਮੀ ਦਾ ਪਰਿਵਾਰ ਤਖਤ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਇਆ ਤੇ ਸਿੱਖ ਧਰਮ ਵਿਚ ਵਾਪਸੀ ਦੀ ਇੱਛਾ ਪ੍ਰਗਟਾਈ। ਵਿਦੇਸ਼ਾਂ ਵਿਚੋਂ ਵੀ ਸੋਸ਼ਲ ਮੀਡੀਆ 'ਤੇ ਡੇਰਾ ਪ੍ਰੇਮੀ ਧੜਾਧੜ ਅਸਤੀਫੇ ਦੇ ਰਹੇ ਹਨ। ਡੇਰਾ ਸਿਰਸਾ ਦੀ 5 ਮੈਂਬਰੀ ਕਮੇਟੀ ਵਿਚ ਰਹੇ ਖੱਟਾ ਸਿੰਘ ਨੇ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਡੇਰੇ ਨਾਲ ਜੁੜੇ ਸਿੱਖਾਂ ਨੂੰ ਸਿੱਖ ਧਰਮ ਵਿਚ ਵਾਪਸ ਲਿਆਉਣ ਲਈ ਮੁਹਿੰਮ ਚਲਾਈ ਜਾਵੇ। ਉਨ੍ਹਾਂ ਕਿਹਾ ਉਹ ਡੇਰੇ ਨੂੰ ਬੇਨਕਾਬ ਕਰਨ ਲਈ ਸਿੱਖ ਸੰਸਥਾਵਾਂ ਦਾ ਹਰ ਹੁਕਮ ਮੰਨਣ ਨੂੰ ਤਿਆਰ ਹਨ।

**ਜਥੇਦਾਰ ਵੱਲੋਂ ਅਪੀਲ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡੇਰੇ ਨਾਲ ਜੁੜੇ 'ਭੁਲਤ' ਸਿੱਖਾਂ ਨੂੰ ਘਰ ਵਾਪਸੀ ਦਾ ਸੱਦਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਅਜਿਹੇ ਭੁੱਲੜ ਸਿੱਖਾਂ ਨੂੰ ਘਰ ਵਾਪਸੀ ਉਤੇ 'ਜੀ ਆਇਆਂ ਨੂੰ' ਆਖਿਆ ਜਾਵੇਗਾ। ਜਥੇਦਾਰ ਨੇ ਅਦਾਲਤ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਫੈਸਲੇ ਨਾਲ ਲੋਕਾਂ ਨੂੰ ਅਤੇ ਖਾਸ ਕਰ ਕੇ ਸਿੱਖਾਂ ਨੂੰ ਸਕੂਨ ਮਿਲਿਆ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 2 ਸਤੰਬਰ 2017*

## ਡੇਰੇ ਦਾ ਨ੍ਹੇਰਾ ਅਤੇ ਨਿਆਂ ਦਾ ਚਾਨਣ

ਵਕਤ ਦਾ ਪਹੀਆ ਅਜਿਹਾ ਗਿੜਿਆ ਹੈ ਕਿ ਵੱਖ ਵੱਖ ਸਿਆਸੀ ਪਾਰਟੀਆਂ ਅਤੇ ਕਹਿੰਦੇ-ਕਹਾਉਂਦੇ ਸਿਆਸਤਦਾਨਾਂ ਨੂੰ ਉਂਗਲ 'ਤੇ ਨਚਾਉਣ ਵਾਲਾ ਡੇਰਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅੱਜ ਸੀਖਾਂ ਪਿਛੇ ਹੈ। ਆਪਣੀਆਂ ਹੀ ਦੋ ਸ਼ਰਧਾਲੂ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਹੇਠ ਹੁਣ ਉਹ ਵੀਹ ਸਾਲ ਜੇਲ੍ਹ ਅੰਦਰ ਰਹੇਗਾ। ਇਹੀ ਨਹੀਂ, ਉਸ ਖਿਲਾਫ ਦਰਜ ਕੁਝ ਹੋਰ ਕੇਸ ਵੀ ਆਖਰੀ ਗੇੜਾਂ ਵਿਚ ਹਨ। ਜ਼ਾਹਰ ਹੈ ਕਿ ਤਾਕਤ ਦੇ ਘੁਮੰਡ ਵਿਚ ਚੂਰ ਚੂਰ ਹੋਇਆ ਇਹ ਸ਼ਖਸ ਹੁਣ ਸਾਰੀ ਉਮਰ ਜੇਲ੍ਹ ਅੰਦਰ ਹੀ ਬਿਤਾਏਗਾ। ਉਹ ਤਕਰੀਬਨ ਢਾਈ ਦਹਾਕੇ ਪਹਿਲਾਂ, ਮਹਿਜ਼ 23 ਵਰ੍ਹਿਆਂ ਦੀ ਉਮਰ ਵਿਚ ਇਸ ਡੇਰੇ ਦਾ ਤੀਜਾ ਮੁਖੀ ਬਣਿਆ ਸੀ ਅਤੇ ਦੇਖਦਿਆਂ ਦੇਖਦਿਆਂ ਉਸ ਨੇ ਇਲਾਕੇ ਵਿਚ ਕੁਟੀਆ ਵਜੋਂ ਜਾਣੀ ਜਾਂਦੀ ਜਗ੍ਹਾ ਨੂੰ ਸਾਮਰਾਜ ਵਜੋਂ ਖੜ੍ਹਾ ਕਰ ਲਿਆ। ਅੱਜ ਇਹ ਡੇਰਾ 700 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਇਸ ਅੰਦਰ ਇਕ ਪੂਰਾ ਸ਼ਹਿਰ ਵੱਸਿਆ ਹੋਇਆ ਹੈ। ਇਸ ਸਾਮਰਾਜ ਦੇ ਸਿਰ ਉਤੇ ਹੀ ਉਸ ਨੇ ਸ਼ਰਧਾਲੂਆਂ ਦੀ ਭੀੜ ਆਪਣੇ ਮਗਰ ਤੋਰ ਲਈ ਅਤੇ ਇਸ ਭੀੜ ਕਾਰਨ ਹੀ ਸਿਆਸੀ ਪਾਰਟੀਆਂ ਦੇ ਆਗੂ ਉਸ ਦੇ ਦਰਬਾਰ ਪੁੱਜਣ ਲੱਗ ਪਏ। ਡੇਰਾ ਮੁਖੀ ਦੀ ਚੜ੍ਹਤ ਅਤੇ ਨਿਘਾਰ ਦੇ ਮਾਮਲਿਆਂ ਵਿਚ ਕੁਝ ਨੁਕਤੇ ਅਜਿਹੇ ਹਨ ਜਿਨ੍ਹਾਂ ਉਤੇ ਵਿਚਾਰ ਬਹੁਤ ਜ਼ਰੂਰੀ ਹੈ। ਇਸ ਨਾਲ ਡੇਰਿਆਂ ਦੇ ਜਾਲ ਅਤੇ ਸਿਆਸਤ ਦੇ ਜੰਜਾਲ ਨੂੰ ਸਮਝਣ/ਸਮਝਾਉਣ ਵਿਚ ਥੋੜ੍ਹੀ ਮਦਦ ਮਿਲੇਗੀ। ਸਭ ਤੋਂ ਅਹਿਮ ਮਸਲਾ ਇਸ ਡੇਰੇ ਦੇ ਸ਼ਰਧਾਲੂਆਂ ਦਾ ਹੈ ਜਿਨ੍ਹਾਂ ਬਾਰੇ ਅੱਜ ਇਹ ਕਿਹਾ ਜਾ ਰਿਹਾ ਹੈ ਕਿ ਇਹ ਅੰਨ੍ਹੇ ਹੋ ਕੇ ਡੇਰਾ ਮੁਖੀ ਪਿਛੇ ਲੱਗੇ ਹੋਏ ਹਨ। ਮਾਮੂਲੀ ਜਿਹੀ ਪੁਣਛਾਣ ਤੋਂ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਸ਼ਰਧਾਲੂ ਸਮਾਜ ਦੇ ਉਸ ਵਰਗ ਵਿਚੋਂ ਆਏ ਹਨ ਜਿਨ੍ਹਾਂ ਦਾ ਸਮਾਜ ਵਿਚ ਦਰਜਾ ਪੌੜੀ ਦੇ ਸਭ ਤੋਂ ਹੇਠਲੇ ਪੌਡੇ ਵਾਲਾ ਹੈ। ਸਿੱਖ ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਕੋਹੜ ਦੇ ਖਾਤਮੇ ਲਈ ਹਰ ਮਾਈ-ਭਾਈ ਨੂੰ ਗਲ ਲਾਉਣ ਦਾ ਹੋਕਾ ਦਿੱਤਾ ਸੀ, ਪਰ ਸਿੱਖ ਸੰਸਥਾਵਾਂ ਉਤੇ ਕਾਬਜ਼ ਹੋਏ ਪ੍ਰਬੰਧਕਾਂ ਨੇ ਇਸ ਹੋਕੇ ਤੋਂ ਮੁਖ ਮੋੜ ਲਿਆ ਅਤੇ ਨਤੀਜਾ ਇਹ ਨਿਕਲਿਆ ਹੈ ਕਿ ਇਸ ਵਰਗ ਦਾ ਚੋਖਾ ਹਿੱਸਾ ਡੇਰਾ ਸ਼ਰਧਾਲੂ ਹੋ ਗਿਆ ਹੈ।

ਦੂਜਾ ਨੁਕਤਾ ਨਿਆਂ ਦਾ ਹੈ। ਅਦਾਲਤ ਦੇ ਇਸ ਫੈਸਲੇ ਦੇ ਨਾਲ ਹੀ ਭਾਰਤ ਦੀ ਨਿਆਂ ਪ੍ਰਣਾਲੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿੱਤੇ ਗਏ ਹਨ। ਬਿਨਾ ਸ਼ੱਕ, ਡੇਰੇ ਵਾਲੇ ਕੇਸ ਵਿਚ ਜਾਂਚ ਏਜੰਸੀ ਅਤੇ ਅਦਾਲਤ ਨੇ ਬੜਾ ਮਿਸਾਲੀ ਕੰਮ ਕੀਤਾ ਹੈ, ਪਰ ਇਸ ਨਾਲ ਉਸ ਨਿਆਂ ਪ੍ਰਣਾਲੀ ਨੂੰ ਬਰੀ ਨਹੀਂ ਕੀਤਾ ਜਾ ਸਕਦਾ ਜਿਸ ਨੂੰ ਖਰੀਦਣ ਲਈ ਡੇਰਾ ਮੁਖੀ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਸੀ। ਇਸ ਕੇਸ ਵਿਚ ਚੰਗੀ ਗੱਲ ਇਹੀ ਹੋਈ ਹੈ ਕਿ ਉਹ ਕਾਮਯਾਬ ਨਹੀਂ ਹੋ ਸਕਿਆ ਹੈ, ਸਗੋਂ ਕਹਿਣਾ ਇਹ ਬਣਦਾ ਹੈ ਕਿ ਇਸ ਮਾਮਲੇ ਵਿਚ ਡੇਰਾ ਮੁਖੀ ਦਾ ਕੋਈ ਜ਼ੋਰ ਨਹੀਂ ਚੱਲਿਆ; ਨਹੀਂ ਤਾਂ ਇਹ ਤੱਥ ਜੱਗ-ਜ਼ਾਹਰ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਆਮ ਬੰਦੇ ਨੂੰ ਜਿਸ ਢੰਗ ਨਾਲ ਲਤਾੜਦੀ ਹੈ, ਇਸ ਬਾਰੇ ਕੋਈ ਟਿੱਪਣੀ ਕਰਨ ਦੀ ਵੀ ਲੋੜ ਨਹੀਂ ਭਾਸਦੀ। ਨਿੱਤ ਦਿਨ ਅਨਿਆਂ ਵਾਲਾ ਇਹ ਸਿਲਸਿਲਾ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆ ਹੀ ਜਾਂਦਾ ਹੈ। ਤੀਜਾ ਨੁਕਤਾ ਡੇਰਾ ਮੁਖੀ ਦੇ ਪਿਛੋਕੜ ਨਾਲ ਸਬੰਧਤ ਹੈ। ਕੁਝ ਧਿਰਾਂ ਨੇ ਡੇਰਾ ਮੁਖੀ ਦਾ ਪਿਛੋਕੜ ਫਰੋਲਦਿਆਂ ਇਸ ਦੀ ਕੜੀ ਖਾੜਕੂਵਾਦ ਨਾਲ ਜਾ ਜੋੜੀ ਹੈ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਸਲ ਵਿਚ ਗੁਰਮੀਤ ਸਿੰਘ ਸਿੱਧੂ ਹੈ ਜਿਹੜਾ ਕਿਸੇ ਵੇਲੇ ਉਘੇ ਖਾੜਕੂ ਗੁਰਜੰਟ ਸਿੰਘ ਰਾਜਸਥਾਨੀ ਦਾ ਸਾਥੀ ਰਿਹਾ ਹੈ। ਕੁਝ ਖੋਜੀਆਂ ਨੇ ਤਾਂ ਦੋਹਾਂ ਵਿਚਕਾਰ ਕੋਈ ਰਿਸ਼ਤੇਦਾਰੀ ਵੀ ਲੱਭ ਲਈ ਹੈ, ਪਰ ਇਨ੍ਹਾਂ ਖਾੜਕੂਆਂ ਦਾ ਡੇਰੇ ਨਾਲ ਜੁੜਨ ਦਾ ਇਕੋ-ਇਕ ਮਕਸਦ ਸ਼ਾਇਦ ਆਪਣੀ ਠਾਹਰ ਪੱਕੀ ਕਰਨਾ ਹੀ ਸੀ। ਇਹ ਗੱਲ ਵੱਖਰੀ ਹੈ ਕਿ ਖਾੜਕੂਆਂ ਵੱਲੋਂ ਡੇਰਿਆਂ ਬਾਰੇ ਅਜਿਹੀ ਕੱਚੀ ਪਹੁੰਚ ਹੋਣ ਕਰ ਕੇ ਹੀ ਵਕਤ ਪੁੱਠਾ ਗਿੜ ਗਿਆ ਅਤੇ ਇਸ ਮਾਮਲੇ ਵਿਚ ਚੌਥਾ ਤੇ ਅਹਿਮ ਨੁਕਤਾ ਵੀ ਇਹ ਬਣ ਗਿਆ ਕਿ ਡੇਰਿਆਂ ਪ੍ਰਤੀ ਪਹੁੰਚ ਆਖਰ ਕੀ ਹੋਵੇ, ਕਿਉਂਕਿ ਡੇਰਾਵਾਦ ਨੇ ਆਮ ਲੋਕਾਈ ਦਾ ਮੁਹਾਣ ਜਿਸ ਪਾਸੇ ਮੋੜ ਦਿੱਤਾ ਹੈ, ਉਹ ਰਾਹ ਸਾਡੇ ਗੁਰੂ ਸਾਹਿਬਾਨ ਵੱਲੋਂ ਦਿਖਾਏ ਸੱਚ ਦੇ ਮਾਰਗ ਤੋਂ ਐਨ ਉਲਟ ਦਿਸ਼ਾ ਵੱਲ ਜਾ ਰਿਹਾ ਹੈ। ਡੇਰਾ ਸਿਰਸਾ ਹੀ ਇਸ ਦੀ ਮਿਸਾਲ ਹੈ। ਜਿਸ ਡੇਰੇ ਨੇ ਖਾੜਕੂਆਂ ਲਈ ਠਾਹਰ ਬਣਨਾ ਸੀ, ਸਮਾਂ ਪਾ ਕੇ ਉਹੀ ਸਿੱਖਾਂ ਲਈ ਵੱਡੀ ਵੰਗਾਰ ਬਣ ਕੇ ਖੜ੍ਹਾ ਹੋ ਗਿਆ। ਅਸਲ ਵਿਚ ਡੇਰਾਵਾਦ ਭਾਰਤ ਦੇ ਸਿਆਸੀ ਢਾਂਚੇ ਦੀ ਉਮਰ ਵਧਾਉਣ ਦੇ ਮਾਮਲੇ ਵਿਚ ਇਸ ਦੇ ਬਹੁਤ ਸੂਤ ਬੈਠਦਾ ਹੈ। ਸਿਆਸਤਦਾਨਾਂ ਨੇ ਚੋਣ ਸਿਸਟਮ ਦੀਆਂ ਚੋਰ-ਮੋਰੀਆਂ ਰਾਹੀਂ ਇਸ ਨੂੰ ਡੇਰਾ ਸਿਆਸਤ ਨਾਲ ਜੋੜ ਦਿੱਤਾ ਹੈ ਅਤੇ ਸਿਆਸਤ ਤੇ ਡੇਰਿਆਂ ਦਾ ਗਠਜੋੜ ਹੁਣ ਇਕ ਤਾਕਤ ਦੇ ਰੂਪ ਵਿਚ ਹਰ ਥਾਂ ਸਾਹਮਣੇ ਆ ਰਿਹਾ ਹੈ। ਡੇਰਾ ਮੁਖੀ ਨੂੰ ਮਿਲੀ ਸਜ਼ਾ ਨੂੰ ਵੀ ਇਸੇ ਪ੍ਰਸੰਗ ਵਿਚ ਵਿਚਾਰਨਾ ਬਣਦਾ ਹੈ। ਪੰਜਵਾਂ ਨੁਕਤਾ ਇਸੇ ਸਿਆਸਤ ਨਾਲ ਜੁੜਿਆ ਹੋਇਆ ਹੈ। ਕੇਂਦਰ ਵਿਚ ਸੱਤਾਧਾਰੀ ਭਾਜਪਾ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਦਾ ਭਾਰਤ ਬਾਰੇ ਖਾਸ ਏਜੰਡਾ ਹੈ। ਇਹ ਜਥੇਬੰਦੀਆਂ ਮੁਲਕ ਦੀ ਹਰ ਸੰਸਥਾ ਅਤੇ ਸ਼ਕਤੀ ਉਤੇ ਕਾਠੀ ਪਾਉਣ ਲਈ ਕਾਹਲੀਆਂ ਹਨ। ਡੇਰਾ ਸਿਰਸਾ ਉਤੇ ਕਾਠੀ ਪਾਉਣਾ ਵੀ ਇਸੇ ਸਿਲਸਿਲੇ ਦਾ ਹੀ ਇਕ ਹਿੱਸਾ ਹੈ। ਕੁਝ ਸਮੇਂ ਬਾਅਦ ਜਦੋਂ ਇਸ ਮਸਲੇ ਦੀ ਧੂੜ ਕੁਝ ਕੁ ਬੈਠੇਗੀ ਤਾਂ ਪਤਾ ਲੱਗੇਗਾ ਕਿ ਡੇਰੇ ਅਤੇ ਸਿਆਸਤ ਬਾਰੇ ਇਹ ਲੋਕ ਕਿੰਨੀ ਸਕੀਮ ਨਾਲ ਚੱਲ ਰਹੇ ਸਨ। ਹੁਣ ਮੁਹਿੰਮਾਂ ਇਸ ਹਿਸਾਬ ਨਾਲ ਚੜ੍ਹਨੀਆਂ ਚਾਹੀਦੀਆਂ ਹਨ ਤਾਂ ਕਿ ਇਸ ਸਿਆਸਤ ਦੀ ਕਾਟ ਲਈ ਕੁਝ ਕਾਰਗਰ ਸਿਆਸਤ ਕੀਤੀ ਜਾ ਸਕੇ ਅਤੇ ਡੇਰਿਆਂ ਵੱਲੋਂ ਆਪਣੇ ਸ਼ਰਧਾਲੂਆਂ ਨੂੰ ਵਰਤ ਕੇ ਕੀਤੀ ਜਾਂਦੀ ਹਰ ਕਿਸਮ ਦੀ ਵਧੀਕੀ ਨਾਲ ਨਜਿੱਠਿਆ ਜਾ ਸਕੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਜਗਦੀਪ ਜਗਾਇਆ ਦੀਪ!*

ਜੋ ਜੋ ਬੀਜਿਆ ਹੁੰਦਾ ਏ ਆਪ ਹੱਥੀਂ, ਓਹੀਓ ਪੈਂਦਾ ਏ ਅੰਤ ਨੂੰ ਕੱਟਣਾ ਜੀ।
ਚੜ੍ਹਿਆ ਹੋਵੇ ਮੁਲੰਮਾ ਜੇ ਧੋਖਿਆਂ ਦਾ, ਹੁੰਦਾ ਕਦੇ ਨਾ ਕਦੇ ਤਾਂ ਲੱਥਣਾ ਜੀ।
ਗੁਲਛੱਰੇ ਉਡਾਉਂਦੇ ਨੂੰ ਦੇਖੀਏ ਨਾ, ਚਾਹੀਏ ਚੋਰ ਦਾ ਹਸ਼ਰ ਵੀ ਤੱਕਣਾ ਜੀ।
'ਕੱਠੇ ਕਰੇ ਹਜੂਮ ਨਾ ਨਾਲ ਨਿਭਦੇ, ਪਾਪੀ ਰਹੇ ਅਖੀਰ ਨੂੰ ਸੱਖਣਾ ਜੀ।
ਸਿਰ ਨੂੰ ਚਿਰਾਂ ਤੋਂ ਚੜ੍ਹਦਾ ਜੋ ਆ ਰਿਹਾ ਸੀ, ਲਾ ਕੇ ਰੱਖ'ਤੀ ਕੁਫਰ ਦੀ 'ਸੀਪ' ਯਾਰੋ।
ਪਾ ਕੇ ਤੇਲ ਜਗਾਇਆ ਜਗਦੀਪ ਸਿੰਘ ਨੇ, ਬੁਝਦਾ ਹੋਇਆ ਇਨਸਾਫ ਦਾ ਦੀਪ ਯਾਰੋ!

# ਡੇਰਿਆਂ ਦੀ ਅੰਨ੍ਹੀ ਸ਼ਰਧਾ ਦੀਆਂ ਅਸਲ ਤੰਦਾਂ

**ਡੇਰਾ ਸਿਰਸਾ ਦੇ ਮੁਖੀ ਨੂੰ ਬਲਾਤਕਾਰ ਵਰਗੇ ਸੰਗੀਨ ਜੁਰਮ ਵਿਚ ਸਜ਼ਾ ਮਿਲਣ ਦੇ ਬਾਵਜੂਦ ਲੱਖਾਂ ਪ੍ਰੇਮੀ ਅੱਜ ਵੀ ਉਸ ਨਾਲ ਅਡੋਲ ਖੜ੍ਹੇ ਹਨ। ਇਸ ਨਾਲ ਬੌਧਿਕ ਹਲਕਿਆਂ ਅੰਦਰ ਇਹ ਬਹਿਸ ਛਿੜੀ ਹੈ ਕਿ ਇਹ ਅੰਨ੍ਹੀ ਸ਼ਰਧਾ ਅਤੇ ਅੰਧਵਿਸ਼ਵਾਸ ਹੈ। ਚੰਡੀਗੜ੍ਹ ਸਥਿਤ ਇੰਸਟੀਚਿਊਟ ਆਫ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ ਦੇ ਡਾਇਰੈਕਟਰ ਪ੍ਰਮੋਦ ਕੁਮਾਰ ਨੇ ਇਸ ਸਮੁੱਚੇ ਮਸਲੇ ਦੀ ਡੂੰਘੀ ਛਾਣਬੀਣ ਕਰਦਿਆਂ ਇਸ ਲੇਖ ਵਿਚ ਕੁਝ ਦਿਲਚਸਪ ਮੁੱਦੇ ਵਿਚਾਰਨ ਦਾ ਯਤਨ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ**

ਭਾਰਤ ਵਿਚ ਲੋਕ ਸਭਾ ਦੀਆਂ 14 ਵਾਰ ਅਤੇ 29 ਰਾਜਾਂ ਤੇ ਸੱਤ ਕੇਂਦਰੀ ਪ੍ਰਦੇਸ਼ਾਂ ਦੀਆਂ ਇਸ ਤੋਂ ਵੀ ਵੱਧ ਵਾਰ ਚੋਣਾਂ ਹੋ ਚੁੱਕੀਆਂ ਹਨ। ਹਰ ਚੋਣ ਵਿਚ ਡੇਰਿਆਂ ਨੇ ਕੋਈ ਨਾ ਕੋਈ ਭੂਮਿਕਾ ਨਿਭਾਈ। ਡੇਰੇ ਅਤੇ ਧਾਰਮਿਕ ਬਾਬੇ ਵੱਖ ਵੱਖ ਧਰਮਾਂ ਤੋਂ ਉਪਜੇ ਹੋਣ ਦੇ ਬਾਵਜੂਦ ਉਨ੍ਹਾਂ ਦੇ ਸ਼ਰੀਕਾਂ ਵਰਗੇ ਹਨ। ਡੇਰੇ ਅਤੇ ਧਾਰਮਿਕ ਬਾਬੇ ਆਪਣੇ ਗਰੀਬ ਤੇ ਮੱਧਵਰਗੀ ਸ਼ਰਧਾਲੂਆਂ ਦੇ ਉਪਦੇਸ਼ਕ ਹੁੰਦੇ ਹਨ। ਇਹ ਬਾਬੇ ਲੋਕਾਂ ਤੇ ਰੱਬ ਵਿਚਾਲੇ ਸੰਦੇਸ਼ ਵਾਹਕ ਮੰਨੇ ਜਾਂਦੇ ਹਨ। ਅਲੈਕਸਿਸ ਮੌਂਟੇਨੀ ਨੇ ਬਹੁਤ ਪਹਿਲਾਂ ਅਠਾਰਵੀਂ ਸਦੀ ਵਿਚ ਕਹਿ ਦਿੱਤਾ ਸੀ: "ਦਲਾਲਾਂ ਨੇ ਸਮਾਜਿਕ ਜੀਵਨ ਦੇ ਸਾਰੇ ਸ਼ੋਅਬਿਆਂ ਵਿਚ ਆਪਣੀ ਚੌਧਰ ਬਣਾਈ ਹੁੰਦੀ ਹੈ ਅਤੇ ਸਭ ਤੋਂ ਵੱਡਾ ਹਿੱਸਾ ਵੀ ਉਨ੍ਹਾਂ ਨੂੰ ਮਿਲਦਾ ਹੈ। ਆਰਥਿਕ

ਪ੍ਰਮੋਦ ਕੁਮਾਰ

ਖੇਤਰ ਵਿਚ ਜਿਵੇਂ ਪੂੰਜੀ ਨਿਵੇਸ਼ਕ, ਸ਼ੇਅਰ ਬਾਜ਼ਾਰਾਂ ਦੇ ਸਟੋਰੀਏ, ਵਪਾਰੀ ਤੇ ਦੁਕਾਨਦਾਰ ਮਲਾਈ ਛਕਦੇ ਹਨ; ਉਵੇਂ ਹੀ ਦੀਵਾਨੀ ਮਾਮਲਿਆਂ ਵਿਚ ਵਕੀਲ ਆਪਣੇ ਮੁਵੱਕਿਲਾਂ ਦੀ ਜੇਬ ਨਿਚੋੜਦੇ ਹਨ; ਸਿਆਸਤ ਵਿਚ ਮੱਤਦਾਤਾਵਾਂ ਨਾਲੋਂ ਨੇਤਾ ਅਹਿਮ ਹੁੰਦਾ ਹੈ। ਧਰਮ ਵਿਚ ਧਾਰਮਿਕ ਵਿਚੋਲੇ ਰੱਬ ਨੂੰ ਵੀ ਪਰਦੇ ਪਿੱਛੇ ਧੱਕ ਦਿੰਦੇ ਹਨ।"

ਰੱਬ ਦੇ ਇਹ ਵਿਚੋਲੇ ਆਪਣੇ ਸ਼ਰਧਾਲੂਆਂ ਨੂੰ ਨਸ਼ੀਲੇ ਪਦਾਰਥਾਂ, ਸ਼ਰਾਬੀਪੁਣੇ ਅਤੇ ਪਤਨੀ ਦੀ ਮਾਰਕੁੱਟ ਵਰਗੀਆਂ ਬੁਰਾਈਆਂ ਤੋਂ ਮੁਕਤ ਕਰਾਉਂਦੇ ਹਨ; ਉਨ੍ਹਾਂ ਨੂੰ ਸਸਤਾ ਭੋਜਨ ਮੁਹੱਈਆ ਕਰਦੇ ਤੇ ਸਿਹਤ ਸੇਵਾਵਾਂ ਦਿੰਦੇ ਹਨ, ਜਦੋਂਕਿ ਇਨ੍ਹਾਂ ਲੋਕਾਂ ਨੂੰ ਸਰਕਾਰ ਦੀਆਂ ਸਮਾਜਿਕ ਸੁਰੱਖਿਆ ਸਕੀਮਾਂ ਦੀਆਂ ਸਹੂਲਤਾਂ ਹਾਸਲ ਕਰਨ ਲਈ ਅਕਸਰ ਧੱਕੇ ਖਾਣੇ ਪੈਂਦੇ ਹਨ। ਸੁਭਾਵਿਕ ਹੈ ਕਿ ਜਦੋਂ ਸਰਕਾਰ ਅਜਿਹੀਆਂ ਸਹੂਲਤਾਂ ਦੇਣ ਤੋਂ ਅਸਮਰੱਥ ਹੋ ਜਾਂਦੀ ਤਾਂ ਲੋਕਾਂ ਦਾ ਝੁਕਾਅ ਅਜਿਹੀਆਂ ਸੰਸਥਾਵਾਂ ਵੱਲ ਹੋ ਜਾਂਦਾ ਹੈ ਜਿਹੜੀਆਂ ਉਨ੍ਹਾਂ ਦੇ 'ਅੱਛੇ ਦਿਨ' ਲਿਆ ਦਿੰਦੀਆਂ ਹਨ। ਸਿੱਟੇ ਵਜੋਂ ਸ਼ਰਧਾਲੂਆਂ ਦੀ ਹੋਰ ਸੰਸਥਾਵਾਂ ਦੇ ਮੁਕਾਬਲੇ ਡੇਰਿਆਂ ਪ੍ਰਤੀ ਸ਼ਰਧਾ ਤੇ ਵਿਸ਼ਵਾਸ ਵਧ ਜਾਂਦਾ ਹੈ। ਇਸ ਅਟੁੱਟ ਵਿਸ਼ਵਾਸ ਨਾਲ ਸ਼ਰਧਾਲੂ ਲੋਕ ਸਰਕਾਰਾਂ, ਸਿਆਸੀ ਪਾਰਟੀਆਂ, ਨਿਆਂਪਾਲਿਕਾ, ਇਥੋਂ ਤੱਕ ਕਿ ਬਾਜ਼ਾਰ ਤੋਂ ਦੂਰ ਹੋ ਜਾਂਦੇ ਹਨ। ਰੱਬ ਦੇ ਵਿਚੋਲਿਆਂ ਨੂੰ ਸ਼ਰਧਾਲੂਆਂ ਦਾ ਇਹ ਅੰਧ-ਵਿਸ਼ਵਾਸ ਬਹੁਤ ਰਾਸ ਆਉਂਦਾ ਹੈ। ਜੇ ਅਦਾਲਤ ਧਾਰਮਿਕ ਬਾਬਿਆਂ ਨੂੰ ਦੋਸ਼ੀ ਕਰਾਰ ਦੇਣ, ਫਿਰ ਵੀ ਸ਼ਰਧਾਲੂ ਉਨ੍ਹਾਂ ਨੂੰ ਨਿਰਦੋਸ਼ ਮੰਨਦੇ ਹਨ। ਅਜਿਹੀ ਅੰਨ੍ਹੀ ਸ਼ਰਧਾ ਕਾਰਨ ਹੀ ਸ਼ਰਧਾਲੂ ਬਾਬਿਆਂ ਦੇ ਨਿੱਜੀ ਸਵਾਰਥਾਂ ਨਾਲ ਜੁੜੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਬਣ ਜਾਂਦੇ ਹਨ। ਬਾਬੇ ਆਪਣੇ ਸ਼ਰਧਾਲੂਆਂ ਦੇ ਅੰਧ-ਵਿਸ਼ਵਾਸ ਦਾ ਸੌਦਾ ਵੋਟਰ, ਪ੍ਰਾਈਵੇਟ ਫੌਜ, ਕਿਰਤ ਦਾਨ, ਸਰੀਰ ਦੇ ਅਹਿਮ ਅੰਗਾਂ, ਖੂਨ, ਮੁਹਾਰਤ ਆਦਿ ਦੇ ਰੂਪ ਵਿਚ ਕਰਦੇ ਹਨ। ਇਹ ਵਸੀਲੇ ਉਨ੍ਹਾਂ ਦੇ ਸ਼ਕਤੀ ਭੰਡਾਰ ਬਣ ਜਾਂਦੇ ਹਨ। ਇਸ ਕਾਰਨ ਉਨ੍ਹਾਂ ਦਾ ਅਕਸ ਵਿਸ਼ਾਲ ਰੂਪ ਧਾਰਨ ਕਰ ਜਾਂਦਾ ਹੈ।

ਅਜਿਹੇ ਧਾਰਮਿਕ ਬਾਬਿਆਂ ਦਾ ਸਮੂਹ ਫਿਰ ਪੰਥ ਬਣ ਜਾਂਦਾ ਹੈ। ਉਹ ਆਪਣੀ ਜਾਤ, ਧਰਮ, ਨਸਲ ਦੀ ਪ੍ਰਵਾਹ ਕੀਤੇ ਬਗੈਰ, ਆਪਸ ਵਿਚ ਵਿਆਹ ਸ਼ਾਦੀਆਂ ਕਰਦੇ ਹਨ। ਨੌਕਰੀਆਂ ਹਾਸਲ ਕਰਨ ਅਤੇ ਕਾਰੋਬਾਰ ਵਧਾਉਣ ਲਈ ਸੰਖਿਆ ਸ਼ਕਤੀ ਦੀ ਧੌਂਸ ਜਮਾਉਂਦੇ ਹਨ। ਅਜਿਹੇ ਮੇਲ-ਮਿਲਾਪ ਨੂੰ ਨੇਪਰੇ ਚਾੜ੍ਹਨ ਵਿਚ, ਇਨ੍ਹਾਂ ਦੇ ਬਾਬੇ ਵਿਚੋਲਗਿਰੀ ਦੀ ਭੂਮਿਕਾ ਨਿਭਾਉਂਦੇ ਹਨ। ਇਕ-ਦੂਜੇ ਉਪਰ ਅਜਿਹੀ ਨਿਰਭਰਤਾ ਹੋਣ ਕਾਰਨ ਸਿਆਸੀ ਆਗੂਆਂ ਨੂੰ ਇਨ੍ਹਾਂ ਧਾਰਮਿਕ ਬਾਬਿਆਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਨਾਲ ਲੈਣ-ਦੇਣ ਕਰਨਾ ਪੈਂਦਾ ਹੈ। ਇਨ੍ਹਾਂ ਬਾਬਿਆਂ ਦੀ ਅਪੀਲ ਟੌਨਿਕ ਵਾਂਗ ਕੰਮ ਕਰਦੀ ਹੈ ਜਿਸ ਨੂੰ ਸਿਆਸੀ ਨੇਤਾ ਹੱਥੋ-ਹੱਥ ਝਪਟ ਲੈਂਦੇ ਹਨ। ਇਹੀ ਕਾਰਨ ਹੈ ਕਿ ਡੇਰਿਆਂ ਨੂੰ ਖੁਸ਼ ਕਰਨ ਲਈ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਵਿਚ ਹੋੜ ਲੱਗੀ ਰਹਿੰਦੀ ਹੈ। ਫਿਰ ਡੇਰੇ ਆਪਣੇ ਸ਼ਰਧਾਲੂਆਂ ਨੂੰ ਵੋਟ, ਆਪਣੀ ਅੰਤਰ ਆਤਮਾ ਦੀ ਬਜਾਏ, ਆਪਣੇ ਉਨ੍ਹਾਂ (ਡੇਰੇ) ਪ੍ਰਤੀ ਵਿਸ਼ਵਾਸ ਨੂੰ ਮੁੱਖ ਰੱਖ ਕੇ ਪਾਉਣ ਦਾ ਹੁਕਮ ਜਾਰੀ ਕਰਦੇ ਹਨ; ਭਾਵ ਡੇਰਾ ਜਿਸ ਪਾਰਟੀ ਨੂੰ ਹਮਾਇਤ ਦਿੰਦਾ ਹੈ, ਸ਼ਰਧਾਲੂਆਂ ਨੂੰ ਵੀ ਵੋਟ ਉਨ੍ਹਾਂ ਨੂੰ ਪਾਉਣ ਦੀ ਹਦਾਇਤ ਜਾਰੀ ਹੁੰਦੀ ਹੈ।

ਸਿਰਸਾ ਡੇਰੇ ਦਾ ਪੰਜਾਬ ਦੇ ਕਰੀਬ 27 ਵਿਧਾਨ ਸਭਾ ਹਲਕਿਆਂ ਵਿਚ ਪ੍ਰਭਾਵ ਹੈ। ਡੇਰੇ ਆਪਣੇ ਪ੍ਰਭਾਵ ਦੀ ਵਰਤੋਂ ਆਪਣੀ ਤਾਕਤ ਵਧਾਉਣ ਲਈ ਚੋਣ 'ਮੰਡੀ' ਵਿਚ ਕਰਦੇ ਆ ਰਹੇ ਹਨ। ਡੇਰਿਆਂ ਦੇ ਸ਼ਰਧਾਲੂ ਵੀ ਚੋਣ 'ਮੰਡੀ' ਵਿਚ ਆਪਣੀ ਇਸ ਬੋਲੀ ਨੂੰ ਨਾ ਸਿਰਫ ਜਾਇਜ਼ ਕਹਿੰਦੇ ਹਨ, ਸਗੋਂ ਇਸ ਨੂੰ ਤਾਕਤ ਹਾਸਲ ਕਰਨ ਦਾ ਜ਼ਰੀਆ ਵੀ ਮੰਨਦੇ ਹਨ। ਸਿਆਸੀ ਪਾਰਟੀਆਂ ਵਲੋਂ ਇਸ ਮਦਦ ਦੇ ਬਦਲੇ ਡੇਰਿਆਂ ਤੇ ਬਾਬਿਆਂ ਨੂੰ ਆਪਣੇ ਕਾਰੋਬਾਰ ਵਧਾਉਣ ਤੇ ਐਸ਼ੋ-ਆਰਾਮ ਦੌਰਾਨ ਹੋਣ ਵਾਲੀ ਕਾਨੂੰਨੀ ਉਲੰਘਣਾ ਤੋਂ ਬਚਾਅ ਲਈ ਸੁਰੱਖਿਆ ਛਤਰੀ ਮੁਹੱਈਆ ਕੀਤੀ ਜਾਂਦੀ ਹੈ। ਡੇਰੇ ਇਸ ਤਰ੍ਹਾਂ ਹਾਸਲ ਕੀਤੀ ਸਿਆਸੀ ਪਹੁੰਚ ਦਾ ਇਸਤੇਮਾਲ ਸਰਕਾਰੀ ਸੁਰੱਖਿਆ ਹਾਸਲ ਕਰਨ ਲਈ ਕਰਦੇ ਹਨ; ਬਲਕਿ ਕਈ ਵਾਰ ਆਪਣੇ ਸ਼ਰਧਾਲੂਆਂ ਦੀ ਅੰਨ੍ਹੀ ਸ਼ਰਧਾ ਦੇ ਸਹਾਰੇ ਕਾਨੂੰਨ ਦੀਆਂ ਧੱਜੀਆਂ ਵੀ ਉਡਾ ਦਿੰਦੇ ਹਨ। ਅੰਨ੍ਹੀ ਸ਼ਰਧਾ ਡੇਰਿਆਂ ਵਿਰੁਧ ਕਿਸੇ ਵੀ ਗੱਲ ਨੂੰ ਪੱਕੇ ਤੌਰ 'ਤੇ ਨਜ਼ਰਅੰਦਾਜ਼ ਕਰ ਕੇ ਨੈਤਿਕ ਘੁਮੰਡ ਦਾ ਮੁਲੰਮਾ ਚੜ੍ਹਾ ਦਿੰਦੀ ਹੈ। ਇਸੇ ਕਾਰਨ ਇਨ੍ਹਾਂ ਸ਼ਕਤੀਸ਼ਾਲੀ ਬਾਬਿਆਂ ਦੇ ਕੁਕਰਮਾਂ ਦੀ ਅਣਦੇਖੀ ਕਰਨਾ ਆਸਾਨ ਹੋ ਜਾਂਦਾ ਹੈ।

ਸਿਰਸਾ ਡੇਰੇ ਦੇ ਮੁਖੀ ਨੂੰ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿਚ ਸੀ.ਬੀ.ਆਈ. ਅਦਾਲਤ ਨੇ ਸਜ਼ਾ ਸੁਣਾਈ ਹੈ। ਉਸ ਉਪਰ ਡੇਰਾ ਸ਼ਰਧਾਲੂ ਰਣਜੀਤ ਸਿੰਘ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਅਤੇ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਕੇਸ ਵੱਖਰੇ ਚੱਲ ਰਹੇ ਹਨ। ਇਸੇ ਤਰ੍ਹਾਂ ਬਾਬਾ ਰਾਮਪਾਲ ਭਜਨ ਗਾਇਕ ਬਣ ਗਿਆ ਅਤੇ ਉਸ ਨੇ ਆਪਣਾ ਕਬੀਰਪੰਥੀ ਫਿਰਕਾ ਚਲਾ ਲਿਆ। ਉਸ ਉਪਰ ਵੀ ਹੱਤਿਆ ਦੇ ਦੋਸ਼ ਲੱਗੇ ਤਾਂ 2014 ਵਿਚ ਅਦਾਲਤ ਨੇ ਉਸ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਉਸ ਦੀ ਗ੍ਰਿਫਤਾਰੀ ਦਾ ਵਿਰੋਧ ਕਰਦਿਆਂ ਸ਼ਰਧਾਲੂਆਂ ਨੇ ਪੈਟਰੋਲ ਬੰਬ, ਪੱਥਰ ਤੇ ਬੋਤਲਾਂ ਚੁੱਕ ਲਈਆਂ। ਉਸ ਤੋਂ ਬਾਅਦ ਕੀ ਹੋਇਆ, ਸਾਰਿਆਂ ਨੂੰ ਪਤਾ ਹੈ। ਬਾਬਾ ਰਾਮਪਾਲ ਅੱਜ ਵੀ ਜੇਲ੍ਹ ਵਿਚ ਸਲਾਖਾਂ ਪਿੱਛੇ ਹੈ। ਉਸ ਦੇ ਸਮਰਥਕ ਵੀ ਅਦਾਲਤੀ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ

> **ਰੱਬ ਦੇ ਇਹ ਵਿਚੋਲੇ ਆਪਣੇ ਸ਼ਰਧਾਲੂਆਂ ਨੂੰ ਨਸ਼ੀਲੇ ਪਦਾਰਥਾਂ, ਸ਼ਰਾਬੀਪੁਣੇ ਅਤੇ ਪਤਨੀ ਦੀ ਮਾਰਕੁੱਟ ਵਰਗੀਆਂ ਬੁਰਾਈਆਂ ਤੋਂ ਮੁਕਤ ਕਰਾਉਂਦੇ ਹਨ; ਉਨ੍ਹਾਂ ਨੂੰ ਸਸਤਾ ਭੋਜਨ ਮੁਹੱਈਆ ਕਰਦੇ ਤੇ ਸਿਹਤ ਸੇਵਾਵਾਂ ਦਿੰਦੇ ਹਨ। ਸੁਭਾਵਿਕ ਹੈ ਕਿ ਜਦੋਂ ਸਰਕਾਰ ਅਜਿਹੀਆਂ ਸਹੂਲਤਾਂ ਦੇਣ ਤੋਂ ਅਸਮਰੱਥ ਹੋ ਜਾਂਦੀ ਤਾਂ ਲੋਕਾਂ ਦਾ ਝੁਕਾਅ ਅਜਿਹੀਆਂ ਸੰਸਥਾਵਾਂ ਵੱਲ ਹੋ ਜਾਂਦਾ ਹੈ।**

ਤਿਆਰ ਹੋ ਜਾਂਦੇ ਹਨ। ਇਹ ਅਮਲ ਇਸ ਤਰ੍ਹਾਂ ਦਾ ਸਰਕਾਰੀ ਸੰਸਥਾਵਾਂ ਅੱਗੇ ਸੰਕਟ ਬਣ ਉਭਰਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਡੇਰਿਆਂ ਪ੍ਰਤੀ ਪ੍ਰੇਮ ਵੋਟਾਂ ਕਾਰਨ ਹੈ; ਜਾਂ ਇਸ ਤੋਂ ਵੀ ਵੱਡੀ ਵਜ੍ਹਾ ਹੈ ਆਮਦਨ ਨਾ ਵਧਣ, ਆਰਥਿਕ ਪਾੜਾ ਵਧਦੇ ਜਾਣ ਅਤੇ ਬੇਰੁਜ਼ਗਾਰੀ ਦੇ ਵਿਕਰਾਲ ਰੂਪ ਧਾਰਨ ਕਰਨ ਕਾਰਨ ਫੈਲੀ ਨਿਰਾਸ਼ਤਾ ਵਾਲੇ ਸਖਤ ਸਿਆਸੀ ਮੁਕਾਬਲੇ ਤੇ ਨਵ-ਉਦਾਰਵਾਦੀ ਆਰਥਿਕ ਦੌਰ ਵਿਚ ਅਜਿਹੇ ਡੇਰੇ ਤੇ 'ਧਾਰਮਿਕ ਬਾਬੇ' ਤਣਾਅ ਮੁਕਤੀ ਦਾ ਕੰਮ ਕਰਦੇ ਹਨ। ਅਜਿਹੀ ਹਾਲਾਤ ਵਿਚ ਇਹ ਬਾਬੇ ਅੰਨ੍ਹੀ ਸ਼ਰਧਾ ਦੇ ਸੌਦਾਗਰ ਬਣ ਜਾਂਦੇ ਹਨ ਅਤੇ ਆਪਣੇ ਸ਼ਰਧਾਲੂਆਂ ਦੀ ਸੋਚ ਬਦਲਣ ਲਈ ਬਾਜ਼ਾਰੂ ਜਨ-ਸੰਸਕ੍ਰਿਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਅਸਲ ਮੁੱਦਿਆਂ ਤੋਂ ਭਟਕਾ ਦਿੰਦੇ ਹਨ। ਇਲੈਕਟਰਾਨਿਕ ਮੀਡੀਆ, ਫਿਲਮਾਂ, ਸੋਸ਼ਲ ਮੀਡੀਆ ਉਪਰ ਪ੍ਰਚਾਰ ਦੇ ਰਾਹੀਂ ਉਨ੍ਹਾਂ ਵਿਚ ਆਪਣੇ ਸਮਾਜਿਕ ਹੋਂਦ ਪ੍ਰਤੀ ਝੂਠੇ ਅਤੇ ਸੁਧਾਰ ਵਿਰੋਧੀ ਵਿਚਾਰ ਭਰ ਦਿੱਤੇ ਜਾਂਦੇ ਹਨ।

ਉਦਾਹਰਣ ਵਜੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੇ ਹਕੀਕਤ ਤੋਂ ਦੂਰ ਆਪਣਾ ਵੱਡਾ ਅਕਸ ਬਣਾਉਣ ਲਈ ਨਾ ਕੇਵਲ ਫਿਲਮਾਂ ਬਣਾਈਆਂ, ਸਗੋਂ ਉਨ੍ਹਾਂ ਵਿਚ ਅਦਾਕਾਰੀ ਵੀ ਕੀਤੀ ਤੇ ਗੀਤ ਵੀ ਗਾਏ। ਉਸ ਨੇ 'ਦਿ ਮੈਸੇਂਜਰ-1', 'ਮੈਸੇਂਜਰ-2', 'ਦਿ ਵਾਰੀਅਰ ਲਾਇਨ ਹਰਟ', 'ਹਿੰਦ ਕਾ ਨਾਪਾਕ ਕੋ ਜੁਆਬ' ਅਤੇ 'ਜੱਟੂ ਇੰਜੀਨੀਅਰ' ਫਿਲਮਾਂ ਬਣਾਈਆਂ। ਇਹ ਸਾਰੀਆਂ ਬਾਕਸ ਆਫਿਸ 'ਤੇ ਹਿੱਟ ਵੀ ਰਹੀਆਂ। ਸਵਾਲ ਹੈ ਕਿ ਸਰਕਾਰਾਂ ਇਨ੍ਹਾਂ ਧਾਰਮਿਕ ਬਾਬਿਆਂ ਪ੍ਰਤੀ ਐਨੀਆਂ ਸੰਕੋਚਮਈ ਕਿਉਂ ਰਹਿੰਦੀਆਂ ਹਨ? ਇਹ ਡੇਰੇ ਅਸਲ ਦਰਦ ਦੇ ਖਿਲਾਫ ਗਰੀਬ ਦੀ ਆਵਾਜ਼ ਨੂੰ ਦਬਾਉਣ ਲਈ ਆਪਣੀ ਸਮੂਹਿਕ ਅਪੀਲ ਦਾ ਸਹਾਰਾ ਲੈਂਦੇ ਹਨ। ਕਾਰਲ ਮਾਰਕਸ ਅਨੁਸਾਰ, 'ਬੇਦਿਲ ਦੁਨੀਆਂ ਦਾ ਦਿਲ ਅਤੇ ਆਤਮਹੀਣ ਹਾਲਾਤ ਦੀ ਆਤਮਾ ਹੈ... ਉਸ ਨੂੰ ਆਪਣੇ ਹਾਲਤ ਪ੍ਰਤੀ ਆਪਣੇ ਭਰਮ ਨੂੰ ਤਿਆਗ ਦੇਣ ਦਾ ਸੱਦਾ ਦੇਣ ਦਾ ਮਤਲਬ ਹੈ, ਉਸ ਨੂੰ ਉਹ ਹਾਲਾਤ ਹੀ ਛੱਡ ਦੇਣ ਲਈ ਕਹਿਣਾ ਜਿਸ ਲਈ ਉਸ ਨੂੰ ਭਰਮ ਦੀ ਜ਼ਰੂਰਤ ਹੋਵੇ।' ਸਰਕਾਰਾਂ ਨੂੰ ਵੀ ਅਜਿਹੇ ਹਾਲਾਤ ਨੂੰ ਬਦਲਣ ਦੀ ਬਜਾਏ, ਉਸ ਨੂੰ ਧੁੰਦਲਾ ਕਰਨਾ ਅਤੇ ਚੋਣਾਂ ਵਿਚ ਸਮਰਥਨ ਲਈ ਡੇਰਿਆਂ ਦਾ ਇਸਤੇਮਾਲ ਕਰਨਾ ਜ਼ਿਆਦਾ ਢੁਕਵਾਂ ਲੱਗਦਾ ਹੈ। ਸਿਆਸੀ ਪ੍ਰਣਾਲੀ, ਨਿਆਂਇਕ ਪ੍ਰਭਾਵਹੀਣਤਾ ਅਤੇ ਬਾਜ਼ਾਰ ਮੂਲਵਾਦ ਵਿਚ ਵਿਆਪਕ ਅਵਿਸ਼ਵਾਸ ਪੈਦਾ ਕਰਨਾ ਅੰਸ਼ਕ ਤੌਰ 'ਤੇ ਸੁਭਾਵਿਕ ਅਤੇ ਮੁਸ਼ਕਿਲ ਨਾਲ ਗੈਰ-ਵਾਜਿਬ ਹੈ। ਬਾਬਿਆਂ ਵੱਲੋਂ ਇਸ ਦੇ ਪਿੱਛੇ ਛੁਪਣਾ ਤੇ ਉਲੰਘਣਾਵਾਂ ਨੂੰ ਜਾਇਜ਼ ਠਹਿਰਾਉਣਾ ਸਪਸ਼ਟ ਤੌਰ 'ਤੇ ਅੰਦਰੂਨੀ ਰੋਸ਼ਨੀ ਤੋਂ ਬੇਖਬਰ ਹੋਣ ਦਾ ਮਾਮਲਾ ਹੈ, ਲੇਕਿਨ ਸਵਾਲ ਇਹ ਹੈ ਕਿ ਕਿਸੇ ਧਾਰਮਿਕ ਬਾਬੇ ਪ੍ਰਤੀ ਅੰਨ੍ਹੀ ਸ਼ਰਧਾ ਅਤੇ ਉਸ ਦੀ ਅਧਿਆਤਮਿਕ ਸ਼ਕਤੀ ਦੀ ਨਾਵਾਜਬ ਅਰਾਧਨਾ ਦੀ ਕਿਸ ਹੱਦ ਤੱਕ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਬਾਬਿਆਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਦੀ ਖੁਸ਼ਾਮਦ ਲਈ ਸਰਕਾਰਾਂ ਆਖਿਰ ਕਦ ਤੱਕ ਖੇਡ ਖੇਡਦੀਆਂ ਰਹਿਣਗੀਆਂ। ਅਜਿਹੇ ਬਾਬਿਆਂ ਦੇ ਗ਼ੈਰ-ਵਾਜਿਬ ਦਾਅਵਿਆਂ ਜਿਨ੍ਹਾਂ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਨੇ ਅੰਨ੍ਹੀ ਸ਼ਰਧਾ ਤਹਿਤ ਪ੍ਰਵਾਨਿਆ ਅਤੇ ਸਿਆਸੀ ਪਾਰਟੀਆਂ ਨੇ ਨਿਭਾਇਆ ਹੈ, ਖਿਲਾਫ ਕਾਨੂੰਨ ਦੇ ਰਾਜ ਨੂੰ ਮਜ਼ਬੂਤ ਕਰਨ ਦੇ ਯਤਨ ਕਰਨਾ ਸਿਆਸੀ ਪਾਰਟੀਆਂ ਤੇ ਹੋਰ ਸੰਸਥਾਵਾਂ ਦੀ ਸੰਵਿਧਾਨਿਕ ਜ਼ਿੰਮੇਵਾਰ ਬਣਦੀ ਹੈ।

# 'ਰੱਬ ਦਾ ਦੂਤ': ਕੁਫਰ ਟੁੱਟਾ ਖੁਦਾ ਖੁਦਾ ਕਰ ਕੇ

***ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀਆਂ ਤੱਦੀਆਂ ਦਾ ਭਾਂਡਾ ਆਖਰਕਾਰ 25 ਅਗਸਤ ਨੂੰ ਨੱਕੋ-ਨੱਕ ਭਰ ਕੇ ਭੱਜ ਗਿਆ ਅਤੇ ਸੀ.ਬੀ.ਆਈ. ਅਦਾਲਤ ਨੇ ਉਸ ਨੂੰ ਬਲਾਤਕਾਰ ਦਾ ਦੋਸ਼ੀ ਗਰਦਾਨ ਦਿੱਤਾ। ਆਪਣੇ ਅੰਤਾਂ ਦੇ ਰਸੂਖ ਦੇ ਬਾਵਜੂਦ ਉਹ ਸਜ਼ਾ ਟਾਲਣ ਤੋਂ ਨਾਕਾਮ ਰਿਹਾ ਅਤੇ ਹੁਣ ਵੀਹ ਸਾਲਾਂ ਲਈ ਜੇਲ੍ਹ ਦੀਆਂ ਸੀਖਾਂ ਪਿਛੇ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਸ਼ਖਸ, ਇਸ ਦੇ ਡੇਰੇ ਅਤੇ ਸਮੁੱਚੇ ਹਾਲਾਤ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***

ਆਖ਼ਰਕਾਰ 25 ਅਗਸਤ ਨੂੰ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸੀ.ਬੀ.ਆਈ. ਦੀ ਅਦਾਲਤ ਵਲੋਂ ਕਸੂਰਵਾਰ ਕਰਾਰ ਦੇ ਦਿੱਤਾ ਗਿਆ। ਤਿੰਨ ਦਿਨ ਬਾਅਦ ਉਸ ਨੂੰ 20 ਸਾਲ ਬਾਮੁਸ਼ੱਕਤ ਕੈਦ ਅਤੇ 30 ਲੱਖ ਰੁਪਏ ਦੀ ਸਜ਼ਾ ਸੁਣਾਈ ਗਈ ਹੈ। ਇਸ ਨਾਲ ਜਿਥੇ ਉਸ ਦਾ ਦੈਵੀ ਮੁਖੌਟਾ ਲਹਿ ਕੇ ਮੁਜਰਿਮ ਕਿਰਦਾਰ ਬੇਪਰਦ ਹੋ ਗਿਆ ਉਥੇ ਉਸ ਦੀ 'ਬਹਾਦਰੀ' ਦੀ ਅਸਲੀਅਤ ਵੀ ਸਾਹਮਣੇ ਆ ਗਈ ਜਿਸ ਦਾ ਅਸ਼ਲੀਲ ਦਿਖਾਵਾ ਉਹ ਆਪਣੀਆਂ ਵਾਹਯਾਤ ਫਿਲਮਾਂ ਵਿਚ ਗੱਜ-ਵੱਜ ਕੇ ਕਰ ਰਿਹਾ ਸੀ। ਉਸ ਉਪਰ ਆਪਣੇ ਡੇਰੇ ਦੀਆਂ ਸਾਧਵੀਆਂ

**ਬੂਟਾ ਸਿੰਘ**
ਫੋਨ: +91-94634-74342

ਨਾਲ ਜਬਰ ਜਨਾਹ ਦਾ ਮੁਕੱਦਮਾ ਚੱਲ ਰਿਹਾ ਸੀ। ਇਸ ਤੋਂ ਬਿਨਾਂ, ਉਸ ਉਪਰ 'ਪੂਰਾ ਸੱਚ' ਅਖ਼ਬਾਰ ਦੇ ਸੰਪਾਦਕ ਰਾਮਚੰਦਰ ਛਤਰਪਤੀ ਅਤੇ ਡੇਰੇ ਦੇ ਸਾਬਕਾ ਪ੍ਰਬੰਧਕੀ ਮੈਂਬਰ ਰਣਜੀਤ ਸਿੰਘ ਨੂੰ ਕਤਲ ਕਰਾਉਣ ਅਤੇ ਡੇਰੇ ਦੇ ਚਾਰ ਸੌ ਸੇਵਾਦਾਰਾਂ ਨੂੰ ਨਪੁੰਸਕ ਬਣਾਉਣ ਦੇ ਤਿੰਨ ਹੋਰ ਮੁਕੱਦਮੇ ਵੀ ਸੁਣਵਾਈ ਅਧੀਨ ਹਨ। ਇਸ ਫ਼ੈਸਲੇ ਦਾ ਇਕ ਪੱਖ ਇਹ ਵੀ ਹੈ ਕਿ ਉਹ ਹਾਕਮ ਜਮਾਤੀ ਸਿਆਸਤਦਾਨ ਕਟਹਿਰੇ ਵਿਚ ਖੜ੍ਹੇ ਹੋਣ ਤੋਂ ਸਾਫ਼ ਬਚ ਗਏ ਜਿਨ੍ਹਾਂ ਦਾ ਇਸ ਮੁਜਰਿਮ ਨਾਲ ਗੰਢ-ਚਿਤਰਾਵਾ ਸੀ ਅਤੇ ਉਹ ਅਸਿੱਧੇ ਤੌਰ 'ਤੇ ਇਸ ਦੇ ਜੁਰਮਾਂ ਵਿਚ ਹਿੱਸੇਦਾਰ ਸਨ। ਮੀਡੀਆ ਦੇ ਵੱਡੇ ਹਿੱਸੇ ਦੀ ਘਿਨਾਉਣੀ ਭੂਮਿਕਾ ਵੀ ਸਾਹਮਣੇ ਆ ਗਈ। ਚਾਪਲੂਸ ਟੀ.ਵੀ. ਚੈਨਲਾਂ ਦਾ ਕਮਾਲ ਦੇਖੋ, ਸਜ਼ਾ ਸੁਣਾਏ ਜਾਣ ਤੋਂ ਬਾਅਦ ਉਹ ਰਾਤੋ-ਰਾਤ 'ਬਾਬਾ' ਤੋਂ 'ਗੁੰਡਾ' ਬਣ ਗਿਆ।

ਜਿਸ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ, ਉਸ ਦਾ ਆਗਾਜ਼ ਡੇਰੇ ਦੀ ਇਕ ਸਾਧਵੀ ਵਲੋਂ ਮਈ 2002 ਵਿਚ ਡੇਰਾ ਮੁਖੀ ਉਪਰ ਜਿਨਸੀ ਸ਼ੋਸ਼ਣ ਦਾ ਇਲਜ਼ਾਮ ਲਗਾਉਂਦੇ ਹੋਏ ਪ੍ਰਧਾਨ ਮੰਤਰੀ ਨੂੰ ਬੇਨਾਮ ਚਿੱਠੀ ਲਿਖੇ ਜਾਣ ਨਾਲ ਹੋਇਆ ਸੀ ਜਿਸ ਦੀ ਨਕਲ ਪੰਜਾਬ-ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਨੂੰ ਭੇਜ ਕੇ ਡੇਰੇ ਵਿਚ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਗਈ ਸੀ। 'ਰੱਬ ਦਾ ਦੂਤ' (ਮਸੈਂਜਰ ਆਫ ਗਾਡ) ਵਲੋਂ ਸੱਤਾ ਦੇ ਗਲਿਆਰਿਆਂ ਵਿਚ ਆਪਣੇ ਜ਼ਬਰਦਸਤ ਰਸੂਖ਼ ਸਮੇਤ ਹਰ ਹਰਬਾ ਇਸਤੇਮਾਲ ਕਰ ਕੇ ਇਸ ਮਾਮਲੇ ਨੂੰ ਦਬਾਉਣ ਦੀ ਪੂਰੀ ਵਾਹ ਲਾਈ ਗਈ। ਇਹ ਮਾਮਲੇ ਉਠਾਉਣ ਅਤੇ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਨੂੰ ਧਮਕੀਆਂ ਦੇਣ ਤੋਂ ਲੈ ਕੇ ਕਤਲਾਂ ਦਾ ਸਿਲਸਿਲਾ ਚੱਲਿਆ। ਡੇਰਾ ਮੁਖੀ ਦੇ ਸਹਾਇਕ ਰਣਜੀਤ ਸਿੰਘ ਅਤੇ ਸੰਪਾਦਕ ਰਾਮਚੰਦਰ ਛਤਰਪਤੀ ਦੇ ਕਤਲ ਹੋਏ। ਹਾਈਕੋਰਟ ਵਲੋਂ ਬੇਨਾਮ ਚਿੱਠੀ ਦਾ ਨੋਟਿਸ ਲੈ ਕੇ ਸੀ.ਬੀ.ਆਈ. ਨੂੰ ਦਿੱਤੇ ਜਾਂਚ ਦੇ ਆਦੇਸ਼ ਤਹਿਤ ਐਫ.ਆਈ.ਆਰ. ਦਰਜ ਹੋਈ ਅਤੇ ਜਾਂਚ ਦੇ ਲੰਮੇ ਅਮਲ ਤੋਂ ਬਾਅਦ ਮੁਕੱਦਮੇ ਚਲਣੇ ਸ਼ੁਰੂ ਹੋ ਗਏ।

ਡੇਰਾ ਮੁਖੀ ਨੂੰ ਆਜ਼ਾਦ ਅਦਾਲਤੀ ਅਮਲ ਹਰਗਿਜ਼ ਮਨਜ਼ੂਰ ਨਹੀਂ ਸੀ। ਉਸ ਵਲੋਂ ਉਪਰਲੀਆਂ ਅਦਾਲਤਾਂ ਵਿਚ ਪਹੁੰਚ ਕਰ ਕੇ ਹੇਠਲੀਆਂ ਅਦਾਲਤਾਂ ਦੇ ਅਮਲ ਵਿਚ ਅੜਿੱਕਾ ਪਾਇਆ ਗਿਆ ਅਤੇ ਆਪਣੇ ਉਪਰ ਦਰਜ ਮਾਮਲੇ ਖਾਰਜ ਕਰਾਉਣ ਲਈ ਦਰਖ਼ਾਸਤਾਂ ਦੇ ਕੇ ਅਦਾਲਤੀ ਅਮਲ ਨੂੰ ਉਲਝਾਇਆ ਅਤੇ ਲਮਕਾਇਆ ਗਿਆ; ਲੇਕਿਨ ਸੰਗੀਨ ਇਲਜ਼ਾਮਾਂ ਦੇ ਸਬੂਤ ਠੋਸ ਸਨ ਅਤੇ ਨਿਆਂ ਲਈ ਲੜ ਰਹੇ ਪੀੜਤ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਨਿਆਂਪਸੰਦ ਆਪਣੇ ਇਰਾਦੇ ਦੇ ਪੱਕੇ ਸਨ। ਓੜਕ ਸੱਚ ਦੀ ਜਿੱਤ ਹੋਈ। ਦਹਿਸ਼ਤੀ ਸਲਤਨਤ ਵਿਰੁਧ ਗਵਾਹੀ ਦੇਣ ਲਈ ਅੱਗੇ ਆਈਆਂ ਸਾਧਵੀਆਂ, ਪੱਤਰਕਾਰ ਛਤਰਪਤੀ ਅਤੇ ਰਣਜੀਤ ਸਿੰਘ ਦੇ ਪਰਿਵਾਰ, ਹੋਰ ਪੀੜਤ ਪਰਿਵਾਰ, ਸੱਚ ਦਾ ਡਟ ਕੇ ਸਾਥ ਦੇਣ ਵਾਲੇ ਮਾਸਟਰ ਬਲਵੰਤ ਸਿੰਘ ਅਤੇ ਹੋਰ ਇਨਸਾਫ਼ਪਸੰਦ ਕਾਰਕੁਨ, ਕੇਸ ਲੜਨ ਵਾਲੇ ਵਕੀਲ ਅਤੇ ਹੋਰ ਬੇਸ਼ੁਮਾਰ ਸਹਿਯੋਗੀ; ਇਹ ਸਾਰੇ ਸਲਾਮ ਦੇ ਹੱਕਦਾਰ ਹਨ ਜਿਨ੍ਹਾਂ ਨੇ ਇਸ ਪਾਖੰਡ ਦੀ ਸਲਤਨਤ ਦੇ ਖ਼ਿਲਾਫ਼ ਕਾਨੂੰਨੀ ਲੜਾਈ ਨੂੰ ਨਿਆਂ ਦੇ ਤਰਕਸੰਗਤ ਅੰਤ ਤਕ ਹੌਸਲੇ ਨਾਲ ਜਾਰੀ ਰੱਖਿਆ ਅਤੇ ਧਰਮ ਦੀ ਆੜ ਹੇਠ ਪਾਪਾਂ ਨੂੰ ਅੰਜਾਮ ਦੇਣ ਵਾਲੀ 'ਰਿਆਸਤ ਅੰਦਰਲੀ ਰਿਆਸਤ' ਨਾਲ ਟੱਕਰ ਲਈ।

ਲੇਕਿਨ ਡੇਰਾ ਮੁਖੀ ਦੀ ਆਪਣੇ ਡੇਰਾ ਪ੍ਰੇਮੀਆਂ ਉਪਰ ਮਨੋਵਿਗਿਆਨਕ ਜਕੜ ਐਨੀ ਕੀਲਵੀਂ ਹੈ ਕਿ ਅਜੇ ਵੀ ਦਹਿ-ਲੱਖਾਂ ਸ਼ਰਧਾਲੂ ਸੱਚ ਦਾ ਸਾਹਮਣਾ ਕਰਨ ਦੀ ਬਜਾਏ ਇਕਸੁਰ ਹੋ ਕੇ ਇਲਜ਼ਾਮਾਂ ਨੂੰ ਝੂਠੇ ਅਤੇ ਸਾਜ਼ਿਸ਼ੀ ਕਰਾਰ ਦੇ ਰਹੇ ਹਨ। ਉਹ ਇਸ ਸਵਾਲ ਉਪਰ ਠੰਡੇ ਦਿਮਾਗ ਨਾਲ ਸੋਚ-ਵਿਚਾਰ ਕਰਨ ਲਈ ਤਿਆਰ ਨਹੀਂ ਕਿ ਪੀੜਤ ਸਾਧਵੀਆਂ ਨੂੰ ਨਿਆਂ ਦੇਣਾ ਕਿਉਂ ਜ਼ਰੂਰੀ ਹੈ। ਇਸ ਮੁਲਕ ਦੀ ਸੰਸਕ੍ਰਿਤੀ ਵਿਚ ਔਰਤਾਂ ਨਾਲ ਧੱਕੇ ਅਤੇ ਦਾਬੇ ਨੂੰ ਸਮਾਜੀ ਪ੍ਰਵਾਨਗੀ ਦੀਆਂ ਜੜ੍ਹਾਂ ਇਸ ਕਦਰ ਮਜ਼ਬੂਤ ਹਨ ਕਿ ਡੇਰੇ ਦੇ ਸ਼ਰਧਾਲੂਆਂ ਨੂੰ ਡੇਰਾ ਮੁਖੀ ਦੇ ਰੂਪ ਵਿਚ 'ਰੱਬ ਦਾ ਦੂਤ' ਤਾਂ ਨਜ਼ਰ ਆਉਂਦਾ ਹੈ, ਪਰ ਸਾਧਵੀਆਂ ਨਾਲ ਜਿਨਸੀ ਹਿੰਸਾ ਅਤੇ ਡੇਰਾ ਮੁਖੀ ਦੀਆਂ ਅੱਯਾਸ਼ੀਆਂ ਦਾ ਨੰਗਾ ਸੱਚ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਦੇ ਨਹੀਂ ਟੁੰਬਦਾ। ਖ਼ਾਲਸਤਾਨੀ ਸਰਗਣੇ ਗੁਰਜੰਟ ਸਿੰਘ ਰਾਜਸਥਾਨੀ ਨਾਲ ਗੂੜ੍ਹੀ ਸਾਂਝ ਤੋਂ ਲੈ ਕੇ ਬੇਹੂਦਾ ਵਿਸ਼ਿਆਂ ਵਾਲੀਆਂ ਭੱਦੀਆਂ ਫਿਲਮਾਂ ਬਣਾਉਣ ਦੀ ਕਲਾਕਾਰੀ ਤਕ ਇਸ ਸਾਧ ਦੇ ਵੱਖੋ-ਵੱਖ ਰੂਪ ਕਿਹੜੇ ਧਾਰਮਿਕ ਅਤੇ ਰੂਹਾਨੀ ਮੁੱਲਾਂ ਦੀ ਨੁਮਾਇੰਦਗੀ ਕਰਦੇ ਹਨ, ਜ਼ਿਹਨੀਂ ਤੌਰ 'ਤੇ ਗ਼ੁਲਾਮ ਲੋਕ ਇਹ ਕਦੇ ਨਹੀਂ ਸੋਚਦੇ। ਪੰਜਾਬ ਦੇ ਬਾਦਲਕਿਆਂ, ਕੈਪਟਨਕਿਆਂ ਤੋਂ ਲੈ ਕੇ ਸੰਘ ਪਰਿਵਾਰ ਦੇ ਚੋਟੀ ਦੇ ਆਗੂ ਇਸ ਸਾਧ ਦਾ ਅਸ਼ੀਰਵਾਦ ਲੈਣ ਲਈ ਅਕਸਰ ਹੀ ਡੇਰੇ ਦੀਆਂ ਚੌਕੀਆਂ ਭਰਦੇ ਰਹਿੰਦੇ ਸਨ, ਪਰ ਡੇਰਾ ਪ੍ਰੇਮੀ ਅੰਨ੍ਹੀ ਸ਼ਰਧਾ ਵਿਚੋਂ ਬਾਹਰ ਨਿਕਲ ਕੇ ਇਹ ਸੋਚਣ ਲਈ ਤਿਆਰ ਨਹੀਂ ਕਿ ਵੋਟ ਬਟੋਰੂ ਹਾਕਮ ਜਮਾਤੀ ਪਾਰਟੀਆਂ ਦੇ ਵੱਡੇ-ਵੱਡੇ ਆਗੂ ਜਿਸ ਡੇਰਾ ਮੁਖੀ ਦੇ ਪੈਰਾਂ ਵਿਚ ਵਿਛਣ ਲਈ ਤਤਪਰ ਰਹਿੰਦੇ ਸਨ, ਉਸ ਦੇ ਖ਼ਿਲਾਫ਼ ਝੂਠੇ ਇਲਜ਼ਾਮਾਂ ਨੂੰ ਲੈ ਕੇ ਅਦਾਲਤੀ ਅਮਲ ਪੰਦਰਾਂ ਸਾਲ ਕਿਵੇਂ ਟਿਕ ਸਕਦਾ ਸੀ। ਉਨ੍ਹਾਂ ਕਦੇ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਸ ਡੇਰਾ ਮੁਖੀ ਨੇ ਨਿੱਜੀ ਸੁਰੱਖਿਆ ਲਈ ਅੱਵਲ ਦਰਜੇ ਦੀ ਜ਼ੈੱਡ+ ਸੁਰੱਖਿਆ ਛੱਤਰੀ ਲੈ ਰੱਖੀ ਹੈ ਅਤੇ ਜਿਸ ਨੇ ਆਪਣੀ ਜਾਨ ਨੂੰ ਖ਼ਤਰੇ ਦੇ ਬਹਾਨੇ ਅਦਾਲਤ ਵਿਚ ਪੇਸ਼ ਹੋਣ ਦੀ ਬਜਾਏ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤੀ ਅਮਲ ਵਿਚ ਸ਼ਾਮਲ ਹੋਣ ਦੀ ਪੱਕੀ ਮੋਹਲਤ ਹਾਈਕੋਰਟ ਤੋਂ ਹਾਸਲ ਕੀਤੀ ਹੋਈ ਸੀ, ਉਸ ਦੇ ਉਪਰ ਬੇਬੁਨਿਆਦ ਮੁਕੱਦਮੇ ਕਿਵੇਂ ਸੰਭਵ ਸਨ।



***ਡੇਰਾ ਮੁਖੀ ਨੂੰ ਆਜ਼ਾਦ ਅਦਾਲਤੀ ਅਮਲ ਹਰਗਿਜ਼ ਮਨਜ਼ੂਰ ਨਹੀਂ ਸੀ। ਉਸ ਵਲੋਂ ਉਪਰਲੀਆਂ ਅਦਾਲਤਾਂ ਵਿਚ ਪਹੁੰਚ ਕਰ ਕੇ ਹੇਠਲੀਆਂ ਅਦਾਲਤਾਂ ਦੇ ਅਮਲ ਵਿਚ ਅੜਿੱਕਾ ਪਾਇਆ ਗਿਆ ਅਤੇ ਆਪਣੇ ਉਪਰ ਦਰਜ ਮਾਮਲੇ ਖਾਰਜ ਕਰਾਉਣ ਲਈ ਦਰਖ਼ਾਸਤਾਂ ਦੇ ਕੇ ਅਦਾਲਤੀ ਅਮਲ ਨੂੰ ਉਲਝਾਇਆ ਅਤੇ ਲਮਕਾਇਆ ਗਿਆ; ਲੇਕਿਨ ਸੰਗੀਨ ਇਲਜ਼ਾਮਾਂ ਦੇ ਸਬੂਤ ਠੋਸ ਸਨ ਅਤੇ ਨਿਆਂ ਲਈ ਲੜ ਰਹੇ ਪੀੜਤ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਨਿਆਂਪਸੰਦ ਆਪਣੇ ਇਰਾਦੇ ਦੇ ਪੱਕੇ ਸਨ। ਓੜਕ ਸੱਚ ਦੀ ਜਿੱਤ ਹੋਈ: ਹਾਲਾਂਕਿ ਉਸ ਵਲੋਂ ਹਰ ਹਰਬਾ ਵਰਤ ਕੇ ਇਸ ਮਾਮਲੇ ਨੂੰ ਦਬਾਉਣ ਦੀ ਪੂਰੀ ਵਾਹ ਲਾਈ ਗਈ।***

ਇਸ ਸਾਧ ਨੂੰ ਕਸੂਰਵਾਰ ਐਲਾਨੇ ਜਾਣ ਦੀ ਦੇਰ ਸੀ ਕਿ ਸ਼ਰਧਾਲੂਆਂ ਨੇ ਅਦਾਲਤੀ ਫ਼ੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦੇਣ ਦਾ ਸਹੀ ਰਸਤਾ ਅਖ਼ਤਿਆਰ ਕਰਨ ਅਤੇ ਇਸ ਦੇ ਖ਼ਿਲਾਫ਼ ਪੁਰਅਮਨ ਵਿਰੋਧ ਪ੍ਰਦਰਸ਼ਨ ਕਰਨ ਦੀ ਬਜਾਏ ਬੇਤਹਾਸ਼ਾ ਸਾੜਫੂਕ ਅਤੇ ਹਿੰਸਾ ਦਾ ਨਹੱਕ ਰਸਤਾ ਅਖ਼ਤਿਆਰ ਕਰ ਲਿਆ। ਇਸ ਤੋਂ ਇਕ ਵਾਰ ਫਿਰ ਸਾਬਤ ਹੋ ਗਿਆ ਹੈ ਕਿ ਇਨ੍ਹਾਂ ਡੇਰਿਆਂ ਦੇ ਸ਼ਾਂਤੀ ਅਤੇ ਮਨੁੱਖਤਾ ਦੀ ਸੇਵਾ ਦੇ ਦਾਅਵੇ ਕਿੰਨੇ ਝੂਠੇ ਹਨ!

ਇਹ ਹਿੰਸਾ ਪਹਿਲੀ ਦਫ਼ਾ ਨਹੀਂ ਹੋਈ, ਇਸ ਤੋਂ ਪਹਿਲਾਂ 2007 ਵਿਚ ਵੀ ਡੇਰਾ ਪ੍ਰੇਮੀਆਂ ਦੇ ਹਜੂਮਾਂ ਵਲੋਂ ਡੇਰਾ ਮੁਖੀ ਉਪਰ ਕਾਨੂੰਨੀ ਕਾਰਵਾਈ ਕੀਤੇ ਜਾਣ ਦੇ ਖ਼ਿਲਾਫ਼ ਚੰਡੀਗੜ੍ਹ ਅਤੇ ਅੰਬਾਲਾ ਵਿਚ ਵੱਡੇ ਸ਼ਕਤੀ ਪ੍ਰਦਰਸ਼ਨ ਕੀਤੇ ਸਨ। ਇਸੇ ਤਰ੍ਹਾਂ, ਪੰਜਾਬ ਦੇ ਮਾਲਵਾ ਖਿੱਤੇ ਵਿਚ ਸਿੱਖਾਂ ਨਾਲ ਟਕਰਾਓ ਵਿਚੋਂ ਵਾਰ ਵਾਰ ਹਿੰਸਕ ਪ੍ਰਦਰਸ਼ਨਾਂ ਦਾ ਸਿਲਸਿਲਾ ਚਲਾਇਆ ਗਿਆ। ਹਾਲੀਆ ਹਿੰਸਾ ਵੀ ਆਪਮੁਹਾਰੀ ਨਹੀਂ, ਸਗੋਂ ਇਸ ਦੀ ਤਿਆਰੀ ਡੇਰਾ ਮੁਖੀ ਦੀ ਸਿੱਧੀ ਅਗਵਾਈ ਹੇਠ ਡੇਰਾ ਪ੍ਰਬੰਧਕਾਂ ਵਲੋਂ ਲੰਮੇ ਸਮੇਂ ਤੋਂ ਗਿਣ-ਮਿਥ ਕੇ ਕੀਤੀ ਗਈ ਸੀ। ਬਹੁਤ ਥਾਵਾਂ ਉਪਰ 'ਨਾਮ ਚਰਚਾ ਘਰਾਂ' ਅੰਦਰੋਂ ਅਤੇ 'ਪ੍ਰੇਮੀਆਂ' ਕੋਲੋਂ ਵਿਸਫੋਟਕ ਸਮੱਗਰੀ ਅਤੇ ਖ਼ਤਰਨਾਕ ਹਥਿਆਰ ਬਰਾਮਦ ਹੋਏ ਹਨ। 25 ਅਗਸਤ ਤੋਂ ਕੁਝ ਦਿਨ ਪਹਿਲਾਂ ਹੀ ਪੰਜਾਬ ਅਤੇ ਹਰਿਆਣਾ ਤੋਂ ਪੰਚਕੂਲਾ ਵਿਚ ਡੇਰੇ ਲਾਈ ਬੈਠੇ ਅਤੇ ਸਿਰਸਾ ਸਦਰ ਮੁਕਾਮ ਤੇ ਹੋਰ 'ਨਾਮ ਚਰਚਾ ਘਰਾਂ' ਵਿਚ ਜਮ੍ਹਾਂ ਹੋ ਚੁੱਕੇ ਹਜੂਮਾਂ ਦੇ ਹਿੰਸਕ ਇਰਾਦਿਆਂ ਅਤੇ ਪ੍ਰੇਮੀਆਂ ਦੇ ਸੰਭਾਵੀ ਪ੍ਰਤੀਕਰਮ ਦੀ ਹਰਿਆਣਾ ਸਰਕਾਰ ਤੇ ਪ੍ਰਸ਼ਾਸਨ ਨੂੰ ਪੂਰੀ ਜਾਣਕਾਰੀ ਸੀ। ਸੱਤਾਧਾਰੀ ਅਤੇ ਆਹਲਾ ਪੁਲਿਸ ਅਧਿਕਾਰੀ ਇਹ ਵੀ ਜਾਣਦੇ ਸਨ ਕਿ ਡੇਰਾ ਮੁਖੀ ਦੇ ਖ਼ਿਲਾਫ਼ ਅਦਾਲਤੀ ਫ਼ੈਸਲਾ ਦਿੱਤੇ ਜਾਣ ਦੇ ਖ਼ਦਸ਼ਿਆਂ ਦੇ ਮੱਦੇਨਜ਼ਰ ਡੇਰਾ ਪ੍ਰਬੰਧਕਾਂ ਵਲੋਂ ਵਿਉਂਤਬੱਧ ਹਿੰਸਾ ਦੀ ਪੂਰੀ ਤਿਆਰੀ ਕੀਤੀ ਗਈ ਹੈ ਅਤੇ ਖੁਫ਼ੀਆ ਏਜੰਸੀਆਂ ਕੋਲ ਇਸ ਦੀਆਂ ਵਿਸਤਾਰਤ ਰਿਪੋਰਟਾਂ ਸਨ। ਇਸ ਦੇ ਬਾਵਜੂਦ ਵੱਡੇ ਇਕੱਠ ਹੋਣ ਤੋਂ ਰੋਕਣ ਦੀ ਕੋਈ ਕਾਰਗਰ ਪੇਸ਼ਬੰਦੀ ਨਹੀਂ ਕੀਤੀ ਗਈ। ਇਸ ਨਰਮਗੋਸ਼ੇ ਦਾ ਨੋਟਿਸ ਲੈ ਕੇ ਹਾਈਕੋਰਟ ਵਲੋਂ ਖਿਚਾਈ ਕੀਤੇ ਜਾਣ ਤੋਂ ਬਾਅਦ ਵੀ ਪੁਲਿਸ ਵਲੋਂ ਲਗਾਏ ਨਾਕਿਆਂ ਉਪਰ ਚੈਕਿੰਗ ਨਾਮਨਿਹਾਦ ਹੀ ਸੀ। ਇਸ ਤੋਂ ਜ਼ਾਹਿਰ ਹੈ ਕਿ ਮਨੋਹਰ ਲਾਲ ਖੱਟਰ ਸਰਕਾਰ ਸਮੇਤ ਪੂਰਾ ਸੰਘ ਬ੍ਰਿਗੇਡ ਜ਼ਾਹਰਾ ਤੌਰ 'ਤੇ ਡੇਰੇ ਦੀ ਨਾਰਾਜ਼ਗੀ ਨਾ ਸਹੇੜਨ ਅਤੇ ਡੇਰਾ ਮੁਖੀ ਨੂੰ ਭਰਮਾ-ਪਤਿਆ ਕੇ ਕਟਹਿਰੇ ਵਿਚ ਲਿਆਉਣ ਦੀ ਸੋਚੀ-ਸਮਝੀ ਨੀਤੀ 'ਤੇ ਚੱਲ ਰਿਹਾ ਸੀ। ਇਸ ਵਿਚ ਉਹ ਕਾਮਯਾਬ ਵੀ ਹੋਇਆ। ਜਦੋਂ ਅਦਾਲਤ ਵਲੋਂ ਕਸੂਰਵਾਰ ਕਰਾਰ ਦਿੱਤੇ ਜਾਣ 'ਤੇ ਹਜੂਮ ਵਲੋਂ ਥਾਂ-ਥਾਂ ਹਿੰਸਾ ਕੀਤੀ ਗਈ ਤਾਂ ਉਸ ਨੂੰ ਦਬਾਉਣ ਲਈ ਪੁਲਿਸ ਅਤੇ ਸੁਰੱਖਿਆ ਬਲਾਂ ਵਲੋਂ ਕੀਤੀ ਬੇਤਹਾਸ਼ਾ ਗੋਲੀਬਾਰੀ ਨੇ 31 ਜਣਿਆਂ ਦੀ ਜਾਨ ਲੈ ਲਈ। ਇਸ ਜਾਨੀ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ। ਇਸ ਦੇ ਕੋਈ ਵੀ ਸਪਸ਼ਟੀਕਰਨ ਦਿੱਤੇ ਜਾਣ ਨਾਲ ਨਾ ਖੱਟਰ ਸਰਕਾਰ ਇਸ ਜੁਰਮ ਤੋਂ ਬਰੀ ਹੋ ਸਕਦੀ ਹੈ, ਨਾ ਡੇਰੇ ਦੇ ਪ੍ਰਬੰਧਕ। ਹਿੰਸਾ ਤੋਂ ਬਾਅਦ ਮੁੱਖ ਮੰਤਰੀ ਖੱਟਰ ਦਾ ਬਿਆਨ ਸਰਕਾਰ ਦੀ ਨੀਅਤ ਅਤੇ ਸੋਚੀ-ਸਮਝੀ ਨੀਤੀ ਨੂੰ ਹੋਰ ਸਪਸ਼ਟ ਕਰਦਾ ਹੈ ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਹਿੰਸਾ ਡੇਰਾ ਪ੍ਰੇਮੀਆਂ ਨੇ ਨਹੀਂ, ਸਗੋਂ 'ਸ਼ਰਾਰਤੀ ਅਨਸਰਾਂ' ਵਲੋਂ ਕੀਤੀ ਗਈ ਹੈ; ਜਦਕਿ ਡੇਰੇ ਦੇ ਉਘੇ ਚਿਹਰੇ ਸਾੜਫੂਕ ਕਰ ਰਹੇ ਹਜੂਮਾਂ ਕੋਲ ਚੁੱਪਚਾਪ ਖੜ੍ਹੇ ਤਮਾਸ਼ਾ ਦੇਖ ਰਹੇ ਸਨ, ਇਸ ਦੇ ਵੀਡੀਓ ਕਲਿਪ ਟੀ.ਵੀ. ਚੈਨਲਾਂ ਉਪਰ ਵਾਰ-ਵਾਰ ਪ੍ਰਸਾਰਤ ਹੋ ਚੁੱਕੇ ਹਨ। ਸਵਾਲ ਇਹ ਹੈ ਕਿ ਖੱਟਰ ਨੇ ਕਿਸ ਆਧਾਰ 'ਤੇ ਫਟਾਫਟ 'ਸ਼ਰਾਰਤੀ ਅਨਸਰਾਂ' ਦੀ ਸ਼ਨਾਖ਼ਤ ਕਰ ਲਈ ਜਿਹੜੇ ਡੇਰਾ ਪ੍ਰੇਮੀ ਨਹੀਂ ਸਨ?

ਜਿਥੋਂ ਤਕ ਸਰਕਾਰੀ ਅਤੇ ਨਿੱਜੀ ਜਾਇਦਾਦਾਂ ਦੀ ਵਿਆਪਕ ਸਾੜਫੂਕ ਦਾ ਨੋਟਿਸ ਲੈ ਕੇ ਹਾਈਕੋਰਟ ਦਾ ਇਸ ਦੀ ਹਰਜਾਨਾ ਪੂਰਤੀ ਡੇਰੇ ਦੀਆਂ ਜਾਇਦਾਦਾਂ ਦੀ ਕੁਰਕੀ ਦੁਆਰਾ ਕਰਨ ਦਾ ਸਵਾਲ ਹੈ, ਇਹ ਫ਼ੈਸਲਾ ਤਾਂ ਸਹੀ ਹੈ, ਪਰ ਪੁਲਿਸ ਵਲੋਂ ਕੀਤੀ ਵਿਆਪਕ ਵੀਡੀਓਗ੍ਰਾਫ਼ੀ ਦੇ ਆਧਾਰ 'ਤੇ ਆਉਣ ਵਾਲੇ ਦਿਨਾਂ ਵਿਚ ਸਾਧਾਰਨ ਸ਼ਰਧਾਲੂਆਂ ਦੀ ਖਿੱਚਧੂਹ ਕੀਤੇ ਜਾਣ ਦੀ ਚੋਖੀ ਸੰਭਾਵਨਾ ਵੀ ਹੈ ਜਿਨ੍ਹਾਂ ਨੂੰ ਡੇਰੇ ਦੇ ਪ੍ਰਬੰਧਕਾਂ ਵਲੋਂ ਉਕਸਾ ਕੇ ਅਤੇ ਲਾਮਬੰਦ ਕਰ ਕੇ ਲਿਆਂਦਾ ਗਿਆ ਸੀ। ਹਿੰਸਾ ਦੇ ਅਸਲ ਸਾਜ਼ਿਸ਼ਘਾੜੇ ਬਾਰਸੂਖ਼ ਪ੍ਰਬੰਧਕ ਮਹਿਫ਼ੂਜ਼ ਰਹਿਣਗੇ ਅਤੇ ਸਾਧਾਰਨ ਸ਼ਰਧਾਲੂਆਂ ਨੂੰ ਪੁਲਿਸ ਹੱਥੋਂ ਲੁੱਟ ਅਤੇ ਖੱਜਲਖ਼ੁਆਰੀ ਦਾ ਸਾਹਮਣਾ ਕਰਨਾ ਪਵੇਗਾ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਕਿਰਤੀ ਅਤੇ ਦੱਬੇਕੁਚਲੇ ਲੋਕ ਹਨ; ਜੋ ਥੁੜ੍ਹਾਂ ਮਾਰੀ ਸੰਤਾਪੀ ਜ਼ਿੰਦਗੀ ਦੀ ਮਾਯੂਸੀ ਵਿਚੋਂ ਡੇਰਿਆਂ ਦੇ ਜਾਲ ਵਿਚ ਫਸਦੇ ਹਨ।

## ਡੇਰਾ ਸਿਰਸਾ ਅਤੇ ਆਰ.ਐਸ.ਐਸ. ਦਾ ਦਾਈਆ...

ਡੇਰਾ ਮੁਖੀ ਨੂੰ ਸਜ਼ਾ ਦੇ ਮਾਮਲੇ ਨਾਲ ਇਕ ਹੋਰ ਖ਼ਤਰਨਾਕ ਸੰਭਾਵਨਾ ਵੀ ਜੁੜੀ ਹੋਈ ਹੈ। ਇਹ ਡੇਰਾ ਖ਼ਾਸ ਕਰ ਕੇ ਹਰਿਆਣਾ ਵਿਚ ਸੰਘ ਪਰਿਵਾਰ ਦੇ ਸਮਾਜੀ ਆਧਾਰ ਦੇ ਫੈਲਾਅ ਵਿਚ ਅੜਿੱਕਾ ਸੀ ਜਿਸ ਨੇ ਦਹਿ ਲੱਖਾਂ ਦੀ ਤਾਦਾਦ ਵਿਚ ਦੱਬੇਕੁਚਲੇ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ। ਡੇਰਾ ਮੁਖੀ ਜੇਲ੍ਹ ਦੇ ਅੰਦਰੋਂ ਡੇਰੇ ਨੂੰ ਚਲਾਉਣ ਦਾ ਯਤਨ ਕਰੇਗਾ।

ਇਧਰ ਆਰ.ਐਸ.ਐਸ. ਵੀ ਇਸ ਖ਼ਲਾਅ ਦੀ ਹਾਲਤ ਵਿਚ ਡੇਰੇ ਵਿਚ ਘੁਸਪੈਠ ਕਰ ਕੇ ਡੇਰੇ ਦੇ ਅੰਦਰੋਂ ਕਿਸੇ ਐਸੇ ਬੰਦੇ ਨੂੰ ਅੱਗੇ ਲਿਆਉਣ ਦਾ ਯਤਨ ਕਰੇਗੀ ਜੋ ਸੰਘ ਪਰਿਵਾਰ ਨਾਲ ਸਹਿਯੋਗ ਕਰਨ ਲਈ ਰਜ਼ਾਮੰਦ ਹੋਵੇ। ਖੱਟਰ ਸਰਕਾਰ ਦਾ ਨਰਮਗੋਸ਼ਾ ਇਸ ਪਾਸੇ ਗੁੱਝਾ ਸੰਕੇਤ ਕਰਦਾ ਹੈ। ਲਿਹਾਜ਼ਾ, ਸੁਚੇਤ ਰਹਿਣਾ ਹੋਵੇਗਾ ਕਿ ਰਾਮ ਰਹੀਮ ਨੂੰ ਸਜ਼ਾ ਦੇ ਘੜਮੱਸ ਵਿਚ ਅਵੇਸਲੇ ਹੋ ਕੇ ਡੇਰਾ ਮੁਖੀ ਤੋਂ ਵੀ ਖ਼ਤਰਨਾਕ ਹਿੰਦੂਤਵੀ ਫਾਸ਼ੀਵਾਦ ਦਾ ਉਹ ਖ਼ਤਰਾ ਨਾ ਵਿਸਰ ਜਾਵੇ ਜੋ ਦਨਦਨਾਉਂਦਾ ਹੋਇਆ ਮੁਲਕ ਨੂੰ ਆਪਣੀ ਜਕੜ ਵਿਚ ਲੈ ਰਿਹਾ ਹੈ।




ਇਹ ਵੀ ਚੇਤੇ ਰੱਖਣਾ ਜ਼ਰੂਰੀ ਹੈ ਕਿ ਇਹ ਸਜ਼ਾ ਇਸ ਡੇਰੇ ਨੂੰ ਕਮਜ਼ੋਰ ਜ਼ਰੂਰ ਕਰ ਸਕਦੀ ਹੈ, ਪਰ ਡੇਰਾਵਾਦ ਨੂੰ ਨਹੀਂ ਜੋ ਇਸ ਪ੍ਰਬੰਧ ਦੀ ਲਾਜ਼ਮੀ ਉਪਜ ਹੈ। ਡੇਰੇ ਅਤੇ ਹਾਕਮ ਜਮਾਤੀ ਸਿਆਸਤਦਾਨ ਇਕ ਦੂਜੇ ਦੇ ਪੂਰਕ ਹਨ। ਇਸ ਤੋਂ ਪਹਿਲਾਂ ਰਾਮਪਾਲ ਅਤੇ ਆਸਾਰਾਮ ਵਰਗੇ ਡੇਰੇਦਾਰਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ, ਉਨ੍ਹਾਂ ਨੂੰ ਸਜ਼ਾਵਾਂ ਹੋਣ ਅਤੇ ਜੇਲ੍ਹਾਂ ਵਿਚ ਡੱਕੇ ਜਾਣ ਦੇ ਬਾਵਜੂਦ ਡੇਰਾਵਾਦ ਦੇ ਮਕੜਜਾਲ ਵਿਚ ਫਸੇ ਲੋਕਾਂ ਦੀ ਸ਼ਰਧਾ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੋਈ; ਸਗੋਂ ਇਸ ਵਿਚ ਇਜ਼ਾਫ਼ਾ ਹੀ ਹੋਇਆ ਹੈ। ਅੰਧਵਿਸ਼ਵਾਸਾਂ ਵਿਚ ਫਸੇ ਲੋਕ ਰੂਹਾਨੀ ਸਕੂਨ ਦੇ ਨਵੇਂ ਠੁੰਮਣੇ ਤਲਾਸ਼ ਲੈਂਦੇ ਹਨ।

## ਪਾਠਕ ਮੰਚ

# 'ਸਿਰ ਦਸਤਾਰ, ਗੁੱਟ 'ਤੇ ਧਾਗਾ'

**ਸਤਿਕਾਰਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਪੜ੍ਹ ਕੇ ਜਿੰਨੀ ਸੰਤੁਸ਼ਟੀ ਹੁੰਦੀ ਹੈ, ਸ਼ਬਦਾਂ 'ਚ ਬਿਆਨ ਕਰਨੀ ਔਖੀ ਹੈ। ਮੈਂ ਇੱਕੋ ਛੀਕ ਨਹੀਂ, ਸਗੋਂ ਸਰਫੇ ਨਾਲ ਪੂਰਾ ਹਫਤਾ ਪੜ੍ਹਦੀ ਹਾਂ। ਘਟੀਆ ਇਸ਼ਤਿਹਾਰਾਂ ਤੋਂ ਪੂਰਾ ਗੁਰੇਜ਼, ਹਰ ਵਿਸ਼ੇ 'ਤੇ ਰੋਚਕ ਤੇ ਗਿਆਨ ਭਰਪੂਰ ਜਾਣਕਾਰੀ, ਇਸ ਦੀ ਖਾਸੀਅਤ ਹੈ।

'ਪੰਜਾਬ ਟਾਈਮਜ਼' ਦੇ 26 ਅਗਸਤ ਦੇ ਅੰਕ ਵਿਚ ਛਪਿਆ ਗੁਰਜੀਤ ਕੌਰ ਦਾ ਲੇਖ 'ਸਿਰ ਦਸਤਾਰ, ਗੁੱਟ 'ਤੇ ਧਾਗਾ' ਪੜ੍ਹ ਕੇ ਚੰਗਾ ਲੱਗਿਆ। ਮੈਂ ਉਨ੍ਹਾਂ ਦੀ ਇਸ ਰਾਏ ਨਾਲ ਸਹਿਮਤ ਹਾਂ ਕਿ ਇਨ੍ਹਾਂ ਦਕੀਆਨੂਸੀ ਰੀਤੀਆਂ ਦੀ ਗੁਲਾਮੀ ਖਤਮ ਹੋਣੀ ਚਾਹੀਦੀ ਹੈ। ਮੇਰਾ ਆਪਣਾ ਮਨ ਵੀ ਰੱਖੜੀ ਵਾਲੇ ਦਿਨ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਵੱਲੋਂ ਖਾਸਾ ਛਾਉਣੀ ਤੇ ਫਿਰ ਅਟਾਰੀ ਬਾਰਡਰ 'ਤੇ ਸਕੂਲਾਂ-ਕਾਲਜਾਂ ਦੀਆਂ ਕੁੜੀਆਂ ਤੋਂ ਬੀ. ਐਸ. ਐਫ. ਦੇ ਜਵਾਨਾਂ ਅਤੇ ਪੁਲਿਸ ਅਧਿਕਾਰੀਆਂ ਦੇ ਰੱਖੜੀ ਬੰਨਵਾਉਣ ਦੀ ਸਿਆਸੀ ਖੇਡ ਲਈ ਰੋਸ ਨਾਲ ਭਰਿਆ ਪਿਆ ਸੀ। ਕੀ ਇਹ ਜਵਾਨ ਸਿਰਫ ਕੁੜੀਆਂ ਦੀ ਹੀ ਰੱਖਿਆ ਕਰਦੇ ਹਨ, ਮੁੰਡਿਆਂ ਦੀ ਨਹੀਂ? ਕੀ ਉਨ੍ਹਾਂ ਜਵਾਨਾਂ ਦੀਆਂ ਆਪਣੀਆਂ ਭੈਣਾਂ ਨੇ ਰੱਖੜੀਆਂ ਨਹੀਂ ਭੇਜੀਆਂ ਹੋਣੀਆਂ! ਕਦੇ ਭੋਰਾ ਭਰ ਕੁੜੀਆਂ ਤੋਂ ਪ੍ਰਧਾਨ ਮੰਤਰੀ ਦੇ ਤੇ ਕਦੇ ਰਾਸ਼ਟਰਪਤੀ ਦੇ ਰੱਖੜੀਆਂ ਬੰਨਾਈਆਂ ਜਾ ਰਹੀਆਂ ਹਨ! ਇੱਕ ਪੜ੍ਹੀ-ਲਿਖੀ ਔਰਤ ਇਹ ਕੁਝ ਕਰ ਰਹੀ ਹੈ, ਹੋਰ ਤੋਂ ਕੀ ਆਸ!

ਦੂਜੀ ਤਾਜ਼ੀ ਘਟਨਾ, ਇੱਕ ਭਰਾ ਦਾ ਆਪਣੀ ਭੈਣ ਦੀ ਦਸ ਸਾਲ ਦੀ ਧੀ ਨਾਲ ਕੁਕਰਮ! ਉਸ ਬੱਚੀ ਨੇ ਅਬੋਧ ਉਮਰ ਵਿਚ ਇੱਕ ਹੋਰ ਅਬੋਧ ਬੱਚੀ ਨੂੰ ਜਨਮ ਦੇ ਦਿੱਤਾ। ਪਤਾ ਨਹੀਂ ਕਿੱਥੇ ਜਾ ਕੇ ਗੱਲ ਖਤਮ ਹੋਊ। ਪਤਾ ਹੀ ਨਹੀਂ ਕਿੰਨੀਆਂ ਕੁ ਨੂੰ ਇੱਜ਼ਤ ਦੇ ਨਾਂ 'ਤੇ ਮਾਰ ਮੁਕਾਇਆ ਹੋਵੇਗਾ ਜਦੋਂ ਕਿ ਆਪ ਪੂਰਾ ਵੈਲੀਆਂ ਵਾਲਾ ਜੀਵਨ ਗੁਜ਼ਾਰ ਰਹੇ ਹੁੰਦੇ ਹਨ।

ਇਹ ਸਭ ਕੁਝ ਕੁੜੀਆਂ ਨੂੰ ਬਚਪਨ ਤੋਂ ਹੀ ਪਿਤਾ, ਭਰਾ ਦੀ ਅਧੀਨਗੀ ਤੇ ਹਰ ਮਿੰਟ ਉਨ੍ਹਾਂ ਨੂੰ ਬੈਠੇ ਬਿਠਾਏ ਰੋਟੀ ਖੁਆਉਣ, ਜੂਠੇ ਭਾਂਡੇ ਮਾਂਜਣ, ਕੱਪੜੇ ਧੋ ਕੇ ਪ੍ਰੈਸ ਕਰਨ ਆਦਿ ਮਾਂ ਵੀ ਅਣਜਾਣਪੁਣੇ ਤੇ ਬੇਵਸੀ ਉਨ੍ਹਾਂ ਅੰਦਰ ਭਰ ਦਿੰਦੀ ਹੈ। ਕਿਉਂਕਿ ਮੁੰਡੇ ਨੂੰ ਜਨਮ ਦੇਣ ਵਾਲੀ ਦਾ ਆਦਰ ਮਾਣ ਵੱਧ ਹੁੰਦਾ ਹੈ ਅਤੇ ਕਈਆਂ ਦਾ ਤਾਂ ਵਸੇਬਾ ਹੀ ਮੁੰਡੇ ਦੇ ਜਨਮ ਕਾਰਨ ਹੁੰਦਾ ਹੈ। ਬਚਪਨ ਵਿਚ ਛੋਟੀਆਂ ਛੋਟੀਆਂ ਕੁੜੀਆਂ ਨੂੰ ਗੀਤ ਵੀ ਅਜਿਹੇ ਹੀ ਸਿਖਾਏ ਜਾਂਦੇ ਹਨ ਤੇ ਮੈਂ ਆਪ ਵੀ ਗਾਉਂਦੀ ਰਹੀ ਹਾਂ, ਜਿਨ੍ਹਾਂ ਵਿਚ ਵੀਰਾਂ ਦਾ ਹੀ ਗੁਣਗਾਨ ਹੋਵੇ, ਚਾਹੇ ਉਹ ਸਾਂਝੀ ਲਾਉਣ 'ਤੇ ਗਾਏ ਜਾਣ ਜਾਂ ਤੀਆਂ ਵਿਚ। ਸਾਡੇ ਮਨਾਂ ਵਿਚ ਬਾਹਰਲੇ ਆਦਮੀਆਂ ਦਾ ਅਤੇ ਮੁੰਡਿਆਂ ਦਾ ਇੰਨਾ ਜ਼ਿਆਦਾ ਭੈਅ ਬਣ ਚੁਕਾ ਹੁੰਦਾ ਹੈ ਕਿ ਸਾਨੂੰ ਸਚਮੁੱਚ ਹੀ ਭਰਾ ਦੀ, ਪਿਤਾ ਦੀ ਛਤਰਛਾਇਆ ਜ਼ਰੂਰੀ ਮਹਿਸੂਸ ਹੋਣ ਲੱਗ ਪੈਂਦੀ ਹੈ, ਭਾਵੇਂ ਘਰ ਵਿਚ ਉਨ੍ਹਾਂ ਤੋਂ ਹੀ ਦੁਖੀ ਹੋਈਏ।

ਅਸੀਂ ਢੇਰ ਸਾਰੀਆਂ ਭੈਣਾਂ, ਮੇਰੇ ਆਪਣੀਆਂ ਤਿੰਨ ਬੇਟੀਆਂ ਨੇ ਕਦੇ ਰੱਖੜੀ ਬੰਨ੍ਹੀ ਹੀ ਨਹੀਂ। ਮੇਰੇ ਦੋਨਾਂ ਭਰਾਵਾਂ ਨੂੰ ਸਾਡੇ ਸਿਰਾਂ ਦਾ ਹੀ ਫਿਕਰ ਰਿਹਾ, ਕਿਤੇ ਸਿਰ ਤੋਂ ਚੁੰਨੀ ਨਾ ਲਹਿ ਜਾਵੇ, ਕਿਤੇ ਦੋ ਗੁੱਤਾਂ ਨਾ ਕਰ ਲਈਏ। ਇੱਕ ਡਾਕਟਰਨੀ ਦੀ ਗੱਲ ਯਾਦ ਆਉਂਦੀ ਹੈ ਕਿ ਮੈਨੂੰ ਕਾਲਜ ਜਾਣ ਲੱਗੀ ਨੂੰ ਬਿੰਦੀ ਲਾਉਣ ਦਾ ਸ਼ੌਕ ਸੀ ਤੇ ਮੇਰਾ ਛੋਟਾ ਭਰਾ ਲਾਉਣ ਨਹੀਂ ਸੀ ਦਿੰਦਾ। ਵੱਡੀਆਂ ਭੈਣਾਂ, ਜਿਨ੍ਹਾਂ ਨੇ ਛੋਟੇ ਵੀਰਾਂ ਨੂੰ ਕੁੱਛੜ ਚੁੱਕ ਖਿਡਾਇਆ ਹੋਵੇ, ਕਈਆਂ ਦੀ ਪੜ੍ਹਾਈ ਵੀ ਛੁੱਟ ਜਾਂਦੀ ਸੀ, ਖੇਡ ਤਾਂ ਛੁੱਟਦੀ ਹੀ ਸੀ।

ਭਰਾ ਕੀ ਰੱਖਿਆ ਕਰਨਗੇ! ਉਂਜ ਵੀ ਜੰਗਲੀ ਜਾਨਵਰਾਂ ਨਾਲ ਸਾਡਾ ਰੋਜ਼ ਦਾ ਕੋਈ ਵਾਹ ਵਾਸਤਾ ਨਹੀਂ, ਹਰ ਮਿੰਟ ਭਰਾ ਸਾਡੇ ਨਾਲ ਤੁਰੇ ਨਹੀਂ ਫਿਰਦੇ। ਸਾਡੀ ਕਿੱਥੇ ਤੇ ਕਿਸ ਤੋਂ ਰੱਖਿਆ? ਘਰਾਂ ਵਿਚ ਭਰਾ ਭੈਣਾਂ ਨੂੰ ਕੁੱਟਦੇ ਮਾਰਦੇ ਆਮ ਹੀ ਦੇਖੇ ਜਾ ਸਕਦੇ ਨੇ। ਮੇਰੇ ਜ਼ਿਹਨ ਵਿਚ ਇੱਕ ਲੰਬੀ ਕਤਾਰ ਉਨ੍ਹਾਂ ਭਰਾਵਾਂ ਦੀ ਘੁੰਮ ਰਹੀ ਹੈ ਜਿਨ੍ਹਾਂ ਨੇ ਹਰ ਜ਼ਿਆਦਤੀ ਆਪਣੀਆਂ ਭੈਣਾਂ ਨਾਲ ਮੁੰਡਾ ਹੋਣ ਦੀ ਹਉਮੈ ਕਾਰਨ ਕੀਤੀ ਹੈ। ਇੱਕ ਲੰਬੀ ਕਤਾਰ ਉਨ੍ਹਾਂ ਕੁੜੀਆਂ ਦੀ ਵੀ ਜਿਨ੍ਹਾਂ ਦੇ ਵਿਆਹ ਘਰ ਦੇ ਹਾਲਾਤ ਕਾਰਨ ਨਹੀਂ ਹੋ ਸਕੇ ਪਰ ਭਰਾ ਦਾ ਵਿਆਹ ਉਨ੍ਹਾਂ ਨੇ ਚਾਅ ਨਾਲ ਕੀਤਾ ਤੇ ਉਹਦੇ ਬੱਚਿਆਂ ਨੂੰ ਵੀ ਪੜ੍ਹਾਇਆ ਲਿਖਾਇਆ। ਅਮਰੀਕਾ, ਕੈਨੇਡਾ ਵਿਚ ਹੀ ਆਲੇ ਦੁਆਲੇ ਨਜ਼ਰ ਮਾਰੀਏ, ਬਹੁਤੇ ਭੈਣਾਂ ਦੇ ਸਿਰ 'ਤੇ ਹੀ ਇੱਥੇ ਆ ਕੇ ਸੈਟ ਹੋਏ ਹਨ।

ਹਰ ਸ਼ਗਨ ਮਨਾਉਣ ਜਾਂ ਆਰਤੀਆਂ ਉਤਾਰਨ ਤੋਂ ਨਿਜਾਤ ਦਿਵਾਉਣ ਲਈ ਮਾਂ ਨੂੰ ਹੀ ਇਹ ਪਹਿਲਕਦਮੀ ਕਰਨੀ ਪਵੇਗੀ। ਰੱਖੜੀ ਜਿੱਥੇ ਭੈਣਾਂ ਭਰਾਵਾਂ ਵਿਚ ਵੀ ਲੈਣ ਦੇਣ ਦੇ ਚੱਕਰ ਤੋਂ ਵੱਧ ਕੁਝ ਨਹੀਂ, ਉਥੇ ਹੀ ਰੱਖੜੀ ਪਿਆਰ ਨਾਲ ਗੁੰਦਿਆ ਧਾਗਾ ਨਹੀਂ ਸਗੋਂ ਬਾਕਾਇਦਾ ਇੱਕ ਕਾਰੋਬਾਰ ਬਣ ਚੁਕਾ ਹੈ। ਮਹਿੰਗੀ ਤੋਂ ਮਹਿੰਗੀ ਰੱਖੜੀ, ਚਾਂਦੀ ਦੀ ਰੱਖੜੀ। ਰੱਖੜੀ ਬੰਨ੍ਹਣਾ ਸੱਚਮੁੱਚ ਹੀ ਕੁੜੀਆਂ ਨੂੰ ਮੁੰਡਿਆਂ ਨਾਲੋਂ ਕਮਜ਼ੋਰ ਦਰਸਾਉਣ ਦੀ ਪ੍ਰਵਿਰਤੀ ਹੀ ਹੈ।

ਸਿਰ 'ਤੇ ਦਸਤਾਰ, ਗੁੱਟ 'ਤੇ ਧਾਗਾ ਉਹਦੇ ਬਾਰੇ ਤਾਂ ਹੁਣ ਚੁੱਪ ਹੀ ਚੰਗੀ ਹੈ। 'ਕੱਲਾ ਨਵਜੋਤ ਸਿੱਧੂ ਹੀ ਨਹੀਂ, ਚਿੱਟੀ ਦਾਹੜੀ, ਪੱਗ, ਵੱਡਾ ਸਾਰਾ ਤਿਲਕ ਸਿਕੰਦਰ ਸਿੰਘ ਮਲੂਕਾ। ਮੁੱਖ ਮੰਤਰੀ ਦੇ ਸਿਰ 'ਤੇ ਸੋਹਣੀ ਦਸਤਾਰ, ਮੱਥੇ 'ਤੇ ਤਿਲਕ ਅਤੇ ਗੁੱਟ 'ਤੇ ਧਾਗਾ। ਇਨ੍ਹਾਂ ਸਿਆਸੀ ਲੋਕਾਂ ਨੇ ਹੀ ਤਾਂ ਸਿੱਖੀ ਦਾ ਘਾਣ ਕੀਤਾ ਹੈ ਤੇ ਮੇਰੇ ਖਿਆਲ ਵਿਚ ਮੁੱਖ ਦੋਸ਼ੀ ਬਾਦਲ ਪਰਿਵਾਰ ਤੇ ਮੌਜੂਦਾ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੈ। ਸਿੱਖੀ ਦਾ ਪ੍ਰਚਾਰ ਕਰਨ ਵਾਲੇ ਸੰਤ ਵੀ ਸਿਰਫ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣ ਦੀ ਗੱਲ ਹੀ ਕਰਦੇ ਹਨ। ਕਰਮਕਾਂਡਾਂ ਨੂੰ ਖਤਮ ਕਰਨ ਦੀ ਥਾਂ ਡੇਰੇ ਚਲਾਉਣ ਲਈ ਇਨ੍ਹਾਂ ਨੂੰ ਬੜਾਵਾ ਹੀ ਮਿਲਦਾ ਹੈ। ਹੁਣ ਬਹੁਤੇ ਸਿੱਖਾਂ, ਇੱਥੋਂ ਤੱਕ ਕਿ ਅੰਮ੍ਰਿਤਧਾਰੀਆਂ ਦੇ ਘਰਾਂ ਵਿਚ ਮਟੀਆਂ, ਗੁਰੂ ਨਾਨਕ ਦੇਵ ਜੀ ਦੀ ਫੋਟੋ ਨਾਲ ਹੀ ਹਨੂੰਮਾਨ ਦੀ, ਨਾਲ ਹੀ ਲਕਸ਼ਮੀ ਦੀ ਤੇ ਨਾਲ ਹੀ ਸ਼ਿਵ ਜੀ ਦੀ ਫੋਟੋ ਨਜ਼ਰ ਆਉਂਦੀ ਹੈ। ਗੁਰਦੁਆਰੇ ਜਾਓ, ਨਿਸ਼ਾਨ ਸਾਹਿਬ ਵਾਲੇ ਚੌਤਰੇ 'ਤੇ ਪਤਾਸੇ, ਭੋਗ, ਕੀਲੇ (ਪਸ਼ੂ ਬੰਨਣ ਵਾਲੇ), ਛੁਣਛੁਣੇ, ਜੰਗਲੇ ਨਾਲ ਧਾਗੇ, ਮੌਲੀਆਂ, ਤੜਾਗੀਆਂ ਪਤਾ ਨਹੀਂ ਕੀ ਕੁਝ ਦੇਖਣ ਨੂੰ ਮਿਲਦਾ ਹੈ। ਅਖੰਡ ਪਾਠ ਕਰਵਾਉਣ ਵੇਲੇ ਵੀ ਹੁਣ ਕਈ ਸੁਆਣੀਆਂ ਗੁੱਟ 'ਤੇ ਖੰਭਣੀਆਂ ਬੰਨ੍ਹੀ ਫਿਰਦੀਆਂ ਹਨ। ਇਨ੍ਹਾਂ ਸਭ ਗੱਲਾਂ ਦਾ ਕਾਰਨ ਬਿਨਾ ਸੋਚੇ ਸਮਝੇ ਭੇਡ ਚਾਲ ਵਿਚ ਫਸਣਾ ਹੈ। ਕਰਮ ਕਾਂਡਾਂ ਵਿਚੋਂ ਨਿਕਲਣ ਦਾ ਹੌਸਲਾ ਹੀ ਨਹੀਂ। ਸਭ ਤੋਂ ਵੱਡੀ ਗੱਲ ਹੈ ਕਿ ਜਿਹੜੀਆਂ ਔਰਤਾਂ ਵਿਰੋਧ ਕਰਨ ਦੇ ਯੋਗ ਵੀ ਹਨ, ਉਹ ਵੀ ਅਜਿਹੀਆਂ ਕੁਰੀਤੀਆਂ ਵੱਲ ਉਕਾ ਧਿਆਨ ਨਹੀਂ ਦੇ ਰਹੀਆਂ, ਸਗੋਂ ਵਧਾਉਣ ਵਿਚ ਸਹਾਈ ਹੋ ਰਹੀਆਂ ਹਨ। ਮੇਰਾ ਖਿਆਲ ਹੈ ਕਿ ਮਾਂ ਦਾ ਸੰਸਕਾਰ ਦੇਣ ਵਿਚ ਵੱਧ ਯੋਗਦਾਨ ਹੁੰਦਾ ਹੈ, ਭਾਵੇਂ ਘਰ ਦੇ ਮੁਹਾਜ਼ ਤੇ ਉਹ ਅੱਜ ਵੀ ਬਹੁਤ ਬੇਵੱਸ ਹੈ, ਫਿਰ ਵੀ ਬੇਲੋੜੇ ਰੀਤੀ ਰਿਵਾਜ ਖਤਮ ਕਰਨ ਲਈ ਹੰਭਲਾ ਮਾਰਨਾ ਪਵੇਗਾ।

*-ਦਵਿੰਦਰ ਕੌਰ*

# ਡੇਰਾ ਸਿਰਸਾ ਵਿਵਾਦ, ਹਿੰਸਾ-ਪ੍ਰਤਿਹਿੰਸਾ

**ਡਾ. ਹਰਪਾਲ ਸਿੰਘ ਪੰਨੂ**
ਫੋਨ: 91-94642-51454

ਭਨਿਆਰੇ ਵਾਲਾ ਗ੍ਰੰਥ-ਵਿਵਾਦ, ਨਿਰੰਕਾਰੀ-ਸਿੱਖ ਟਕਰਾਉ, ਆਸ਼ੂਤੋਸ਼ ਵਿਵਾਦ- ਪੰਜਾਬ ਕਦੀ ਇਨ੍ਹਾਂ ਰਾਹੂ-ਕੇਤੂਆਂ ਤੋਂ ਮੁਕਤ ਹੋ ਸਕੇਗਾ ਜੋ ਨਿਤ ਦਿਨ ਆ ਕੇ ਸੂਰਜ ਨੂੰ ਘੇਰ ਲੈਂਦੇ ਹਨ? ਇਸ ਵਾਰ ਸੈਂਤੀ ਮੌਤਾਂ! ਢਾਈ ਸੌ ਜ਼ਖਮੀਆਂ ਵਿਚੋਂ ਅਜੇ ਹੋਰ ਕਿੰਨੇ ਜਣੇ ਮੌਤ ਦਾ ਸ਼ਿਕਾਰ ਹੋਣਗੇ, ਰੱਬ ਜਾਣੇ। ਮਰਨ ਵਾਲੇ ਲੋਕ, ਉਨ੍ਹਾਂ ਵਿਚ ਸ਼ਾਮਲ ਸਨ, ਜਿਨ੍ਹਾਂ ਨੂੰ ਕੇਵਲ ਇੰਨਾ ਦੱਸਿਆ ਗਿਆ ਸੀ ਕਿ ਐਤਕੀਂ ਨਾਮ ਚਰਚਾ ਪੰਚਕੂਲੇ ਹੋਵੇਗੀ ਤੇ ਹੋਵੇਗੀ ਵੀ ਤਿੰਨ ਦਿਨ। ਨਿੱਕੀਆਂ ਨਿੱਕੀਆਂ ਗਠੜੀਆਂ, ਝੋਲੇ ਚੁੱਕ ਕੇ ਗਰੀਬ ਸੰਗਤ ਪੰਚਕੂਲੇ ਪੁੱਜ ਗਈ।

ਇਸ ਘਟਨਾ ਵਿਚ ਪੰਜਾਬ ਦੇ ਲੋਕਾਂ ਜਾਂ ਪੰਜਾਬ ਸਰਕਾਰ ਨੇ ਕੁਝ ਲੈਣਾ ਦੇਣਾ ਨਹੀਂ ਸੀ ਤਾਂ ਵੀ ਲੋੜੀਂਦੇ ਇਹਤਿਆਤੀ ਪ੍ਰਬੰਧ ਪੰਜਾਬ ਸਰਕਾਰ ਨੇ ਕੀਤੇ। ਜਿਹੜੇ ਬੰਦੇ ਕਾਨੂੰਨ ਤੋਂ ਵਾਕਫ ਨਹੀਂ, ਉਹ ਵੀ ਭਾਂਪ ਗਏ ਸਨ ਕਿ ਸਿਰਸਾ ਡੇਰਾ ਮੁਖੀ ਨੂੰ ਫੈਸਲਾ ਸੁਣਾਏ ਜਾਣ ਮੌਕੇ ਅਦਾਲਤ ਵਿਚ ਤਲਬ ਕਰਨ ਦਾ ਅਰਥ ਹੈ, ਸਜ਼ਾ ਸੁਣਾਈ ਜਾਏਗੀ। ਇਹ ਕੇਸ ਕਿਸੇ ਤਰ੍ਹਾਂ ਵੀ ਸਿੱਖ ਮਸਲਿਆਂ ਨਾਲ ਸਬੰਧਤ ਨਹੀਂ ਸੀ, ਇਸ ਕਰਕੇ ਅਜਿਹਾ ਖਦਸ਼ਾ ਨਹੀਂ ਸੀ ਕਿ ਪੰਜਾਬ ਵਿਚ ਸਥਿਤੀ ਵਿਸਫੋਟਕ ਹੋਵੇਗੀ, ਹੋਈ ਵੀ ਨਹੀਂ।

ਹਰਿਆਣਾ ਸਰਕਾਰ ਨੂੰ ਪਤਾ ਸੀ ਸਜ਼ਾ ਹੋਏਗੀ ਜਿਸ ਕਰਕੇ ਮਾਹੌਲ ਵਿਚ ਤਲਖੀ ਦੀ ਸੰਭਾਵਨਾ ਯਕੀਨੀ ਸੀ। ਇਸੇ ਕਾਰਨ ਹਰਿਆਣਾ ਪੁਲਿਸ ਤੋਂ ਇਲਾਵਾ ਸੈਨਿਕ ਬਲ ਮੰਗਵਾਏ ਗਏ। ਚਾਰ ਸੌ ਗੱਡੀਆਂ ਦਾ ਕਾਰਵਾਂ 25 ਅਗਸਤ ਨੂੰ ਸਵੇਰ ਸਾਰ ਡੇਰਾ ਮੁਖੀ ਨੂੰ ਸਿਰਸਾ ਤੋਂ ਲੈ ਕੇ ਪੰਚਕੂਲੇ ਵੱਲ ਚੱਲਿਆ।

ਕੇਵਲ ਹਰਿਆਣਾ ਸਰਕਾਰ ਨਹੀਂ, ਦੁਨੀਆਂ ਦੇਖ ਰਹੀ ਸੀ ਕਿ ਪੰਚਕੂਲੇ ਡੇਢ ਲੱਖ ਲੋਕ ਇਕੱਠੇ ਹੋ ਗਏ ਹਨ। ਇਨ੍ਹਾਂ ਨੂੰ ਇਕੱਠੇ ਕਿਉਂ ਹੋਣ ਦਿੱਤਾ ਗਿਆ? ਕੀ ਚੀਫ ਸਕੱਤਰ, ਡੀ.ਜੀ.ਪੀ. ਅਤੇ ਡਿਪਟੀ ਕਮਿਸ਼ਨਰ ਨੂੰ ਪਤਾ ਨਹੀਂ ਸੀ ਕਿ ਅਜਿਹੇ ਮੌਕਿਆਂ 'ਤੇ ਦਫਾ 144 ਲਾ ਕੇ ਭੀੜ ਨੂੰ ਇਕੱਠੀ ਹੋਣ ਤੋਂ ਰੋਕੀਦਾ ਹੁੰਦਾ ਹੈ?

ਪੰਚਕੂਲੇ ਤੋਂ ਮੇਰੇ ਪਾਸ ਦੁਪਹਿਰ ਇਕ ਵਜੇ ਫੋਨ ਆਉਣ ਲੱਗੇ ਕਿ ਕੀ ਹੋ ਰਿਹੈ? ਮੈਂ ਪੁਛਿਆ, ਇਹ ਗੱਲ ਤਾਂ ਮੈਨੂੰ ਤੁਹਾਥੋਂ ਪੁੱਛਣੀ ਚਾਹੀਦੀ ਸੀ? ਪਤਾ ਲੱਗਾ ਪੰਚਕੂਲੇ ਤਾਂ ਬਿਜਲੀ ਗੁਲ ਹੋ ਗਈ, ਟੀ.ਵੀ. ਬੰਦ। ਇੰਟਰਨੈਟ ਬੰਦ। ਅਸੀਂ ਟੀ.ਵੀ. ਦੀਆਂ ਖਬਰਾਂ ਪੰਚਕੂਲੇ ਪੁਚਾਈਆਂ ਤੇ ਘਰਾਂ ਅੰਦਰ ਦੜੇ ਰਹਿਣ ਦੀ ਹਦਾਇਤ ਕੀਤੀ।

ਇਹ ਖਬਰਾਂ ਪਹਿਲਾਂ ਮਿਲ ਗਈਆਂ ਸਨ ਕਿ ਹਰਿਆਣਾ ਦੀ ਖੱਟਰ ਸਰਕਾਰ ਦੇ ਦੋ ਕੈਬਨਿਟ ਵਜ਼ੀਰ ਸਿਰਸੇ ਜਾ ਕੇ 51 ਲੱਖ ਰੁਪਿਆ ਡੇਰਾ ਮੁਖੀ ਪਾਸ ਮੱਥਾ ਟੇਕ ਆਏ ਸਨ। ਇਸ ਗੱਲ ਤੋਂ ਕੀ ਜਾਣੀਏ? ਇਹ ਵੀ ਪਤਾ ਸੀ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਡੇਰਾ ਪ੍ਰੇਮੀਆਂ ਦੀ ਵੋਟ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਭੁਗਤੀ ਹੈ। ਇੱਧਰ ਅਕਾਲੀ ਲੀਡਰਸ਼ਿਪ ਕਿਹੜਾ ਹੁਣ ਲੁਕ ਛੁਪ ਕੇ ਵੋਟਾਂ ਮੰਗਣ ਸਿਰਸਾ ਡੇਰੇ ਜਾਂਦੀ ਰਹੀ ਹੈ? ਜਥੇਦਾਰ ਅਕਾਲ ਤਖਤ ਨੇ ਉਸ ਡੇਰਾ ਮੁਖੀ ਨੂੰ ਖਿਮਾ ਕਰ ਦਿੱਤਾ, ਜਿਸ ਉਤੇ ਬਲਾਤਕਾਰ ਅਤੇ ਕਤਲ ਦੇ ਮੁਕੱਦਮੇ ਚਲ ਰਹੇ ਸਨ। ਡੇਰਾ ਮੁਖੀ ਖਿਲਾਫ ਦਸਮ ਪਾਤਸ਼ਾਹ ਦਾ ਸਵਾਂਗ ਰਚਾਉਣ ਵਿਰੁਧ ਦਰਜ ਹੋਇਆ ਪੁਲਿਸ ਕੇਸ ਵੀ ਅਕਾਲੀ ਸਰਕਾਰ ਨੇ ਚੁਪ ਚਾਪ ਵਾਪਸ ਲੈ ਲਿਆ ਸੀ। ਟੌਪ ਅਕਾਲੀ ਲੀਡਰਸ਼ਿਪ ਵੋਟਾਂ ਮੰਗਣ ਗਈ, ਸਿਰਸਾ ਪ੍ਰੇਮੀਆਂ ਨੇ ਵੋਟ ਪਾਈ, ਤਾਂ ਵੀ ਅਕਾਲੀ ਦਲ ਹਾਰਿਆ ਕਿਉਂਕਿ ਪ੍ਰੇਮੀਆਂ ਤੋਂ ਵਧੀਕ ਸਿੱਖ ਵੋਟ ਨਾਰਾਜ਼ ਹੋ ਕੇ ਟੁੱਟ ਵੀ ਤਾਂ ਗਈ ਸੀ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਡੇਰਾ ਪ੍ਰੇਮੀਆਂ ਨੂੰ ਹਿੰਸਾ ਦੇ ਦੋਸ਼ਾਂ ਤੋਂ ਇਹ ਕਹਿ ਕੇ ਬਰੀ ਕਰ ਦਿੱਤਾ ਹੈ ਕਿ ਪ੍ਰੇਮੀਆਂ ਵਿਚ ਅਪਰਾਧੀ ਤੱਤ ਆ ਰਲੇ ਸਨ, ਉਨ੍ਹਾਂ ਨੇ ਡੇਰੇ ਨੂੰ ਬਦਨਾਮ ਕਰਨ ਲਈ ਅਜਿਹਾ ਕੀਤਾ। ਇਉਂ ਕਰਨ ਨਾਲ ਦੋਸ਼ੀਆਂ ਦੇ ਬਚ ਨਿਕਲਣ ਦੀ ਉਮੀਦ ਬੱਝ ਗਈ ਸੀ। ਮਾਣਯੋਗ ਪੰਜਾਬ ਹਰਿਆਣਾ ਹਾਈ ਕੋਰਟ ਸਖਤੀ ਨਾਲ ਪੇਸ਼ ਆਇਆ ਅਤੇ ਦੋਸ਼ੀਆਂ ਵਿਰੁਧ ਸਖਤ ਰੁਖ ਅਪਨਾ ਲਿਆ। ਇਹ ਹਦਾਇਤ ਵੀ ਕਰ ਦਿੱਤੀ ਕਿ ਹਿੰਸਾ, ਸਾੜਫੂਕ ਦੀਆਂ ਘਟਨਾਵਾਂ ਕਾਰਨ ਜੋ ਸਰਕਾਰੀ ਜਾਂ ਨਿਜੀ ਸੰਪਤੀ ਦਾ ਨੁਕਸਾਨ ਹੋਇਆ ਹੈ, ਉਹ ਡੇਰੇ ਦੀ ਸੰਪਤੀ ਵਿਚੋਂ ਪੂਰਾ ਕੀਤਾ ਜਾਵੇ। ਜਿਵੇਂ ਮੁੱਖ ਮੰਤਰੀ ਖੱਟਰ ਨੇ ਡੇਰਾ ਪ੍ਰੇਮੀਆਂ ਨੂੰ ਨਿਰਦੋਸ਼ ਕਰਾਰ ਦੇ ਦਿੱਤਾ ਹੈ, ਉਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਹਾਈ ਕਮਾਂਡ ਨੇ ਸ੍ਰੀ ਖੱਟਰ ਨੂੰ ਦੋਸ਼-ਮੁਕਤ ਕਰਾਰ ਦੇ ਦਿੱਤਾ ਹੈ। ਫਿਰ ਦੋਸ਼ੀ ਹੈ ਕੌਣ ਅਸਲ ਵਿਚ? ਵੋਟਰ! ਵੋਟਰ ਦੋਸ਼ੀ ਹੈ, ਜਿਸ ਨੇ ਉਨ੍ਹਾਂ ਨੂੰ ਸੱਤਾ ਸੌਂਪੀ ਜਿਹੜੇ ਇਸ ਦੇ ਹੱਕਦਾਰ ਨਹੀਂ ਸਨ, ਜਿਹੜੇ ਵੋਟਰ ਵੱਲ ਪਿੱਠ ਕਰਕੇ ਖਲੋ ਗਏ ਤੇ ਅਪਰਾਧੀਆਂ ਨੂੰ ਧਨ ਦੀਆਂ ਥੈਲੀਆਂ ਫੜਾ ਆਏ।

ਸਿਰਾਂ ਉਪਰ ਗਠੜੀਆਂ ਚੁੱਕੀ ਪਰਤਦੇ ਬੱਚਿਆਂ, ਔਰਤਾਂ ਸਮੇਤ ਥੱਕੇ ਹਾਰੇ ਸੜਕਾਂ ਕਿਨਾਰੇ ਤੁਰੇ ਜਾਂਦੇ ਗਰੀਬ ਲੋਕ ਘਰੋ ਘਰੀ ਮੁੜਦੇ ਦੇਖ ਕੇ ਹਰੇਕ ਦਰਸ਼ਕ ਦਾ ਦਿਲ ਪਸੀਜ ਗਿਆ। ਸਰਕਾਰਾਂ ਅਜਿਹੇ ਇਨਾਮ ਆਪਣੇ ਵੋਟਰਾਂ ਨੂੰ ਅਕਸਰ ਦਿਆ ਕਰਦੀਆਂ ਹਨ।

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

# ਪੰਜਾਬ ਕਲਾ ਪ੍ਰੀਸ਼ਦ ਦਾ ਨਵਾਂ ਚੇਅਰਮੈਨ

ਪੰਜਾਬ ਸਰਕਾਰ ਨੇ ਪੰਜਾਬੀ ਦੇ ਸਿਰਮੌਰ ਕਵੀ ਤੇ ਕਲਾ ਪ੍ਰੇਮੀ ਡਾ. ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਗੈਰ ਸੰਵਿਧਾਨਕ ਢੰਗ ਨਾਲ ਕੀਤੀ ਹੋਣ ਦੇ ਬਾਵਜੂਦ ਅਤਿਅੰਤ ਸਲਾਹੀ ਗਈ ਹੈ। ਪਿਛਲੀ ਸਰਕਾਰ ਨੇ ਆਪਣੀ ਅਜਿਹੀ ਚਹੇਤੀ ਨੂੰ ਚੇਅਰਪਰਸਨ ਲਾ ਦਿੱਤਾ ਸੀ ਜਿਸ ਦਾ ਸੁਭਾਅ, ਸਲੀਕਾ ਤੇ ਸੁਹਪਣ ਤਾਂ ਸੀ ਪਰ ਸਾਹਿਤਕ ਤੇ ਸੰਗੀਤਕ ਕੱਦ ਪ੍ਰੀਸ਼ਦ ਦੀ ਪ੍ਰਮੁਖਤਾ ਦੇ ਹਾਣ ਦਾ ਨਹੀਂ ਸੀ।

ਡਾ. ਐਮ. ਐਸ. ਰੰਧਾਵਾ ਵਲੋਂ ਸਥਾਪਤ ਇਸ ਸੰਸਥਾ ਦੀ ਵਾਗਡੋਰ ਡਾ. ਰੰਧਾਵਾ, ਡਾ. ਅਤਰ ਸਿੰਘ, ਸਰਦਾਰ ਅੰਜੁਮ, ਡਾ. ਹਰਚਰਨ ਸਿੰਘ ਤੇ ਬੀਬੀ ਹਰਜਿੰਦਰ ਕੌਰ ਵਰਗੇ ਮਹਾਰਥੀਆਂ ਦੇ ਹੱਥ ਰਹੀ ਹੈ। ਇੰਨਾ ਜ਼ਰੂਰ ਹੈ ਕਿ ਸਤਿੰਦਰ ਸੱਤੀ ਨੇ ਆਪਣੇ ਰਸੂਖ ਤੇ ਸਲੀਕੇ ਨਾਲ ਸਰਕਾਰ ਕੋਲੋਂ ਪ੍ਰੀਸ਼ਦ ਲਈ ਇੱਕ ਕਰੋੜ ਤੋਂ ਵੱਧ ਰੁਪਿਆ ਪ੍ਰਵਾਨ ਕਰਵਾ ਲਿਆ ਜਿਸ ਨੂੰ ਆਉਣ ਵਾਲੀਆਂ ਸਰਕਾਰਾਂ ਲਈ ਘੱਟ ਕਰਨਾ ਸੰਭਵ ਨਹੀਂ ਹੋਵੇਗਾ। ਅਜਿਹੀਆਂ ਸੰਸਥਾਵਾਂ ਲੋੜੀਂਦੇ ਬਜਟ ਬਿਨਾ ਨਹੀਂ ਚਲਦੀਆਂ।

ਇਸ 29 ਮੈਂਬਰੀ ਪ੍ਰੀਸ਼ਦ ਦੇ ਮੈਂਬਰ 4 ਯੂਨੀਵਰਸਟੀਆਂ ਦੇ ਉਪ ਕੁਲਪਤੀ, 4 ਕੇਂਦਰ ਸਰਕਾਰ ਦੇ ਸਕੱਤਰ, ਤਿੰਨ ਰਾਜ ਸਰਕਾਰ ਸਕੱਤਰ ਤੇ ਤਿੰਨ ਰਾਜ ਸਰਕਾਰ ਵਲੋਂ ਨਾਮਜ਼ਦ ਕੀਤੇ ਵਿਅਕਤੀਆਂ ਤੋਂ ਬਿਨਾ 15 ਹੋਰ ਹਸਤੀਆਂ ਹਨ ਜਿਨ੍ਹਾਂ ਵਿਚ ਤਿੰਨਾਂ ਅਕਾਦਮੀਆਂ ਦੇ ਚੇਅਰਮੈਨ ਤੇ ਅਕਾਦਮੀਆਂ ਵੱਲੋਂ ਭੇਜੇ ਗਏ ਪ੍ਰਤੀਨਿਧ ਅਤੇ ਛੇ ਉਘੀਆਂ ਸੰਸਥਾਵਾਂ ਦੇ ਬੁਲਾਰੇ ਹੁੰਦੇ ਹਨ। ਚੇਅਰਮੈਨ ਇਨ੍ਹਾਂ ਦੀ ਬਹੁ ਗਿਣਤੀ ਰਾਇ ਨਾਲ ਚੁਣਿਆ ਜਾਂਦਾ ਹੈ।



ਸਰਕਾਰ ਨੇ 29 ਮੈਂਬਰੀ ਕੌਂਸਲ ਨੂੰ ਭੰਗ ਕੀਤੇ ਬਿਨਾ ਆਪਣੇ ਵਲੋਂ ਨਾਮਜ਼ਦ ਕੀਤੇ ਤਿੰਨ ਮੈਂਬਰਾਂ ਵਿਚੋਂ ਸੱਤੀ ਨੂੰ ਹਟਾ ਕੇ ਉਹਦੀ ਥਾਂ ਡਾ. ਪਾਤਰ ਨੂੰ ਬਿਠਾਉਣ ਦਾ ਸ਼ਾਰਟਕੱਟ ਮਾਰਿਆ ਜਾਪਦਾ ਹੈ। ਪਾਤਰ ਦਾ ਕੱਦ ਏਨਾ ਉਚਾ ਹੈ, ਕਲਾ ਰਸੀਏ ਬਾਗ-ਬਾਗ ਹੋ ਗਏ ਹਨ।


ਹੁਣ ਸਰਕਾਰ ਸਾਰੇ ਮੈਂਬਰਾਂ ਦੀ ਮੀਟਿੰਗ ਬੁਲਾ ਕੇ ਇਸ ਨਿਯੁਕਤੀ ਲਈ ਉਨ੍ਹਾਂ ਦੀ ਸਹਿਮਤੀ ਲੈ ਲਵੇਗੀ। ਇਸ ਵਾਰੀ ਇਹ ਸਭ ਸੰਭਵ ਹੈ ਪਰ ਜੇ ਇਹ ਪਿਰਤ ਪੈ ਗਈ ਤਾਂ ਬਹੁਤ ਮਾੜੀ ਗੱਲ ਹੋਵੇਗੀ।

ਹਾਲ ਦੀ ਘੜੀ ਇਸ ਉਘੀ ਸੰਸਥਾ ਵਿਚ ਆਏ ਹਵਾ ਦੇ ਨਵੇਂ ਬੁੱਲੇ ਦਾ ਸਵਾਗਤ ਕਰਨਾ ਬਣਦਾ ਹੈ। ਸੁਰਜੀਤ ਪਾਤਰ ਦਾ ਕੱਦ ਤੇ ਸਲੀਕਾ ਇਸ ਸੰਸਥਾ ਨੂੰ ਨਵਾਂ ਰੂਪ ਪ੍ਰਦਾਨ ਕਰੇਗਾ। ਇਹ ਮੇਰਾ ਵਿਸ਼ਵਾਸ ਹੈ। (ਲੇਖਕ 1991 ਤੋਂ 1994 ਤੱਕ ਪ੍ਰੀਸ਼ਦ ਦਾ ਚੇਅਰਮੈਨ ਰਿਹਾ ਹੈ)।

**ਸੱਚਾ ਸੌਦਾ ਡੇਰਾ ਮੁਖੀ ਦੀ ਮੰਦ ਭਾਗੀ ਟਵੀਟ:** ਡੇਰਾ ਸੱਚਾ ਸੌਦਾ ਦੇ ਮੁਖੀ ਵਿਰੁਧ ਅਦਾਲਤ ਵਿਚ ਚਲ ਰਹੇ ਕੇਸ ਦੇ ਮੱਦੇਨਜ਼ਰ ਤਿੰਨ ਲੱਖ ਸ਼ਰਧਾਲੂਆਂ ਦਾ ਪੰਚਕੂਲਾ ਦੀ ਅਦਾਲਤ ਦੇ ਏਧਰ ਓਧਰ ਇਕੱਠੇ ਹੋਣਾ ਅਤਿਅੰਤ ਮੰਦ ਭਾਗਾ ਰਿਹਾ ਹੈ। ਪ੍ਰਸ਼ਾਸਨ ਨੂੰ ਦੋ ਦਿਨ ਆਪਣੇ ਵਿਦਿਅਕ ਅਦਾਰੇ, ਦਫਤਰ, ਬੋਰਡ ਤੇ ਕਾਰਪੋਰੇਸ਼ਨਾਂ ਬੰਦ ਕਰਕੇ ਪੁਲਿਸ ਦੇ ਨਵੇਂ ਕੰਟਰੋਲ ਰੂਮ ਹੀ ਨਹੀਂ ਸਥਾਪਤ ਕਰਨੇ ਪਏ, ਫੌਜ ਨੂੰ ਚੇਤੰਨ ਤੇ ਤਿਆਰ-ਬਰ-ਤਿਆਰ ਰਹਿਣ ਦੇ ਵੀ ਆਦੇਸ਼ ਦੇਣੇ ਪਏ।

ਡੇਰਾ ਮੁਖੀ ਉਤੇ ਸਾਧਵੀਆਂ ਨਾਲ ਬਲਾਤਕਾਰ, ਵਿਰੋਧੀ ਸ਼ਰਧਾਵਾਨਾਂ ਤੇ ਪੱਤਰਕਾਰਾਂ ਦੇ ਕਤਲ, ਸ਼ਰਧਾਲੂਆਂ ਦੀ ਲਿਵ ਪਰਮਾਤਮਾ ਨਾਲ ਜੋੜਨ ਲਈ ਖੱਸੀ ਕਰਨ ਤੇ ਇੱਕ ਵੱਡੇ ਧਰਮ ਨਾਲੋਂ ਵਡੇਰਾ ਧਰਮ ਸਥਾਪਤ ਕਰਨ ਤੋਂ ਬਿਨਾ ਆਪਣੀ ਰੱਖਿਆ ਲਈ ਹਥਿਆਰਾਂ ਦੀ ਸਿਖਲਾਈ ਦੇਣ ਦੇ ਦੋਸ਼ ਲੱਗ ਚੁਕੇ ਹਨ। ਇਹ ਦੋਸ਼ ਇੰਜੀਨੀਅਰ ਰਾਮਪਾਲ ਵਲੋਂ ਦਯਾਨੰਦ ਸਰਸਵਤੀ ਬਾਰੇ ਬੋਲੇ ਸ਼ਬਦਾਂ ਨਾਲੋਂ ਕਿਤੇ ਵੱਧ ਭਿਆਨਕ ਹਨ ਤੇ ਰਾਮਪਾਲ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਹੈ।

ਫੈਸਲਾ ਆਉਣ ਤੋਂ ਪਹਿਲਾਂ ਡੇਰਾ ਮੁਖੀ ਦੀ ਟਵੀਟ ਨੇ ਤਣਾਓ ਹੋਰ ਵਧਾ ਦਿੱਤੀ ਸੀ। ਟਵੀਟ ਦਾ ਸਾਰਅੰਸ਼ ਸ਼ਰਧਾਲੂਆਂ ਨੂੰ ਦ੍ਰਿੜ ਵਿਸ਼ਵਾਸ ਹੇਠ ਡਟੇ ਰਹਿਣ ਲਈ ਉਕਸਾਉਣਾ ਸੀ। ਇਸੇ ਤਰ੍ਹਾਂ ਡੇਰੇ ਦੇ ਬੁਲਾਰੇ ਅਦਿੱਤਿਆ ਇੰਸਾਂ ਨੇ ਆਮ ਸ਼ਰਧਾਲੂਆਂ ਨੂੰ ਧਮਕਾਇਆ। ਇਸ ਤੋਂ ਪਿੱਛੋਂ ਇਸ ਡਰੋਂ ਕਿ ਅਦਾਲਤ ਟਵੀਟ ਦਾ ਗੰਭੀਰ ਨੋਟਸ ਲੈ ਸਕਦੀ ਹੈ, ਡੇਰਾ ਮੁਖੀ ਨੂੰ ਆਪਣੇ ਸ਼ਰਧਾਲੂਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰਨੀ ਪਈ। ਇਹ ਵੀ ਕਹਿਣਾ ਪਿਆ ਕਿ ਸ਼ਰਧਾਲੂ ਉਸ ਦੇ ਕਹਿਣ ਉਤੇ ਨਹੀਂ ਪਹੁੰਚੇ ਸਗੋਂ ਆਪਣੀ ਮਰਜ਼ੀ ਨਾਲ ਪਹੁੰਚੇ ਸਨ। ਕੀ ਇਹ ਚਿੜੀਆਂ ਦੇ ਖੇਤ ਚੁਗਣ ਤੋਂ ਪਿੱਛੋਂ ਦਾ ਪਛਤਾਵਾ ਨਹੀਂ ਸੀ।



*ਗੁਰਮੀਤ ਰਾਮ ਰਹੀਮ ਸਿੰਘ*

ਖੈਰ, ਹੁਣ ਦਸ ਸਾਲ ਦੀ ਸਜ਼ਾ ਮਿਲਣ ਪਿੱਛੋਂ ਉਸ ਦੀ ਹੋਸ਼ ਟਿਕਾਣੇ ਆ ਗਈ ਲੱਗਦੀ ਹੈ, ਇਸੇ ਕਰਕੇ ਹੀ ਤਾਂ ਅਦਾਲਤ ਵਿਚ ਉਸ ਦੇ ਤਰਲੇ ਤੇ ਅੱਖਾਂ ਵਿਚ ਹੰਝੂ ਨਜ਼ਰ ਆਉਂਦੇ ਸਨ।


**ਅੰਤਿਕਾ:** ਇਨਸਾਨ ਦੀ ਪਰਿਭਾਸ਼ਾ

ਬੱਸ ਕਿ ਦੁਸ਼ਵਾਰ ਹੈ
ਹਰ ਕਾਮ ਕਾ ਆਸਾਂ ਹੋਨਾ,
ਆਦਮੀ ਕੋ ਭੀ ਮੁਯੱਸਰ
ਨਹੀਂ ਇਨਸਾਂ ਹੋਨਾ।
*-ਮਿਰਜ਼ਾ ਗਾਲਿਬ*

ਫਰਿਸ਼ਤੇ ਸੇ ਬਿਹਤਰ ਹੈ
ਇਨਸਾਨ ਬਨਨਾ,
ਮਗਰ ਇਸ ਮੇਂ ਪੜਤੀ ਹੈ
ਮਿਹਨਤ ਜ਼ਿਆਦਾ।
*-ਮੌਲਾਨਾ ਹਾਲੀ*

# ਸੌਦਾ ਸਾਧ ਕੇਸ: ਨਿਆਂ ਪਾਲਿਕਾ ਤੋਂ ਨਿਆਂ ਦੀ ਆਸ ਬੱਝੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਯੂਨੀਵਰਸਿਟੀ ਵਿਚ ਪੜ੍ਹਨ ਜਾਣਾ ਮੇਰੇ ਨਸੀਬ ਵਿਚ ਨਹੀਂ ਸੀ, ਪਰ ਹੁਣ ਕਦੇ-ਕਦੇ ਸੱਦੇ ਉਤੇ ਜਾਣ ਲਈ ਸਬੱਬ ਬਣ ਜਾਂਦਾ ਹੈ। ਇਹੋ ਜਿਹੇ ਇੱਕ ਮੌਕੇ ਪੁਲੀਟੀਕਲ ਸਾਇੰਸ ਦੇ ਇੱਕ ਵਿਦਿਆਰਥੀ ਨੇ ਸਵਾਲ ਪੁੱਛਿਆ ਸੀ ਕਿ ਦੁਸਹਿਰਾ ਧਾਰਮਿਕ ਉਤਸਵ ਹੁੰਦਾ ਹੈ, ਉਥੇ ਰਾਵਣ ਦੇ ਬੁੱਤ ਨੂੰ ਅੱਗ ਲਾਉਣ ਲਈ ਰਾਜਸੀ ਆਗੂ ਕਿਉਂ ਸੱਦੇ ਜਾਂਦੇ ਹਨ? ਮੈਂ ਉਸ ਨੂੰ ਕਿਹਾ ਸੀ ਕਿ ਉਹ ਸੱਦੇ ਉਤੇ ਜਾਂਦੇ ਹਨ, ਪਰ ਨਾ ਵੀ ਸੱਦੇ ਜਾਣ ਤਾਂ ਦੁਸਹਿਰੇ ਦਾ ਜਿੰਨਾ ਮਹੱਤਵ ਭਾਰਤੀ ਰਾਜਨੀਤੀ ਨਾਲ ਹੈ, ਓਨਾ ਸ਼ਾਇਦ ਧਾਰਮਿਕ ਪੱਖੋਂ ਨਹੀਂ ਹੋਵੇਗਾ।

ਗੱਲ ਸਪੱਸ਼ਟ ਕਰਨ ਲਈ ਮੈਂ ਕਿਹਾ ਸੀ ਕਿ ਕਲਾਕਾਰਾਂ ਤੇ ਮਜ਼ਦੂਰਾਂ ਨੂੰ ਲਾ ਕੇ ਕਈ ਦਿਨਾਂ ਵਿਚ ਬੁੱਤ ਤਿਆਰ ਕਰਵਾਇਆ ਜਾਂਦਾ ਤੇ ਫਿਰ ਕਮੇਟੀ ਮੈਂਬਰ ਦੂਰ ਖੜ੍ਹੋ ਕੇ ਵੇਖਣ ਪਿੱਛੋਂ ਉਸ ਦੀ ਸ਼ਲਾਘਾ ਲਈ ਕਹਿੰਦੇ ਹਨ, ਹੁਣ ਵਾਹਵਾ ਡਰਾਉਣਾ ਜਾਪਦਾ ਹੈ। ਦੋ ਕੁ ਦਿਨ ਬਾਅਦ ਉਸ ਖੁਦ ਹੀ ਤਿਆਰ ਕਰਵਾਏ ਹੋਏ ਤੇ ਵਾਹਵਾ ਡਰਾਉਣੇ ਜਾਪਦੇ ਬੁੱਤ ਨੂੰ ਕਿਸੇ ਸਿਆਸੀ ਆਗੂ ਕੋਲੋਂ ਅੱਗ ਲਵਾ ਕੇ ਕਿਹਾ ਜਾਂਦਾ ਹੈ ਕਿ 'ਇਸ ਰਸਮ ਨਾਲ ਬਦੀ ਉਤੇ ਨੇਕੀ ਦੀ ਜਿੱਤ' ਹੋਈ ਹੈ।

ਭਾਰਤੀ ਰਾਜਨੀਤੀ ਆਏ ਦਿਨ ਅਜਿਹੇ ਉਚੇ ਡਰਾਉਣੇ ਕੱਦ ਦੇ ਬੁੱਤ ਘੜਦੀ ਤੇ ਫਿਰ ਨੇਕੀ ਦੀ ਜਿੱਤ ਦਾ ਸ਼ੋਸ਼ਾ ਛੱਡਦੀ ਰਹਿੰਦੀ ਹੈ। ਅਸਲ ਵਿਚ ਇਸ ਕੰਮ ਵਿਚ ਭਾਰਤ ਦੀ ਰਾਜਨੀਤੀ ਬੜੀ ਮਾਹਰ ਹੋ ਚੁਕੀ ਹੈ ਤੇ ਏਨੀ ਸਫਾਈ ਨਾਲ ਇਹੋ ਜਿਹਾ ਕੰਮ ਕਰਦੀ ਹੈ ਕਿ ਚੌਕ ਵਿਚ ਖੜ੍ਹੇ ਜਾਦੂ ਦਾ ਝੁਰਲੂ ਘੁੰਮਾਉਣ ਵਾਲੇ ਜਾਦੂਗਰ ਨੂੰ ਵੀ ਮਾਤ ਪਾ ਸਕਦੀ ਹੈ।

ਇਹ ਕਹਾਣੀ ਇਸ ਵਕਤ ਸਾਨੂੰ ਸਿਰਸੇ ਦੇ ਡੇਰਾ ਸੱਚਾ ਸੌਦਾ ਵਾਲੇ ਗੁਰਮੀਤ ਰਾਮ ਰਹੀਮ ਦੀ ਗ੍ਰਿਫਤਾਰੀ ਅਤੇ ਉਸ ਤੋਂ ਪਹਿਲਾਂ ਦਾ ਕਿੱਸਾ ਸਮਝਾਉਣ ਲਈ ਦੱਸਣੀ ਪਈ ਹੈ। ਦੇਸ਼ ਆਜ਼ਾਦ ਹੋਣ ਤੋਂ ਇੱਕ ਸਾਲ ਪਿੱਛੋਂ ਡੇਰਾ ਸੱਚਾ ਸੌਦਾ ਸਿਰਸੇ ਵਿਚ ਬਾਬਾ ਮਸਤਾਨਾ ਬਲੋਚਸਤਾਨੀ ਨੇ ਸ਼ੁਰੂ ਕੀਤਾ ਸੀ। ਉਸ ਦਾ ਅਸਲ ਨਾਂ ਖੇਮਾ ਮੱਲ ਸੀ, ਪਰ ਰਾਧਾ ਸਵਾਮੀ ਬਿਆਸ ਦੇ ਬਾਬਾ ਸਾਵਣ ਸਿੰਘ ਨੇ ਮਸਤਾਨਾ ਬਲੋਚਸਤਾਨੀ ਰੱਖ ਦਿੱਤਾ। ਬਾਬਾ ਮਸਤਾਨਾ ਤੋਂ ਬਾਅਦ ਇਸ ਡੇਰੇ ਦਾ ਮੁਖੀ ਸ਼ਾਹ ਸਤਨਾਮ ਬਣਿਆ ਤੇ ਉਸ ਦੇ ਬਾਅਦ ਗੁਰਮੀਤ ਰਾਮ ਰਹੀਮ ਸਿੰਘ ਦੀ ਵਾਰੀ ਆ ਗਈ। ਗੁਰਮੀਤ ਰਾਮ ਰਹੀਮ ਦੇ ਬਚਪਨ ਦੇ ਨਾਂ ਬਾਰੇ ਕਈ ਚਰਚੇ ਸੁਣਨ ਨੂੰ ਮਿਲੇ ਹਨ। ਅਸਲੀ ਨਾਂ ਕੀ ਸੀ, ਇਸ ਦਾ ਕੋਈ ਪੱਕਾ ਪਤਾ ਨਹੀਂ ਲੱਗਦਾ। ਜਾਣਨ ਵਾਲੀ ਵੱਡੀ ਗੱਲ ਇਹ ਹੈ ਕਿ ਇਸ ਬੰਦੇ ਦੇ ਡੇਰਾ ਮੁਖੀ ਬਣਨ ਤੋਂ ਪਹਿਲਾਂ ਇਸ ਡੇਰੇ ਬਾਰੇ ਕਦੇ ਕੋਈ ਵਿਵਾਦ ਨਹੀਂ ਸੀ ਛਿੜਿਆ ਤੇ ਉਦੋਂ ਤੱਕ ਡੇਰੇ ਉਤੇ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਵੋਟਾਂ ਦੇ ਸੌਦੇ ਮਾਰਨ ਦਾ ਦੋਸ਼ ਵੀ ਨਹੀਂ ਸੀ ਲੱਗਦਾ।

ਸਾਲ 1998 ਦੀਆਂ ਪਾਰਲੀਮੈਂਟ ਚੋਣਾਂ ਤੋਂ ਕੁਝ ਦਿਨ ਪਿੱਛੋਂ ਜਦੋਂ ਅਸੀਂ ਇਸ ਡੇਰੇ ਦੇ ਖਿਲਾਫ ਪਹਿਲਾ ਲੇਖ ਲਿਖਿਆ, ਜਿਹੜਾ ਉਦੋਂ ਤੱਕ ਇਸ ਡੇਰੇ ਵਿਰੁਧ ਕਿਸੇ ਰੋਜ਼ਾਨਾ ਅਖਬਾਰ ਵਿਚ ਛਪਿਆ ਪਹਿਲਾ ਲੇਖ ਸੀ, ਉਦੋਂ ਡੇਰੇ ਦੀ ਕਮੇਟੀ ਸਿਰਸੇ ਤੋਂ ਚੱਲ ਕੇ ਸਾਡੇ ਦਫਤਰ ਧਮਕੀ ਦੇਣ ਆਈ ਸੀ। ਕੁਝ ਦਿਨ ਪਿੱਛੋਂ ਜਦੋਂ ਮੈਂ ਇੱਕ ਸਮਾਗਮ ਵਾਸਤੇ ਸਿਰਸੇ ਜਾਣਾ ਸੀ ਤਾਂ ਮੈਨੂੰ ਪੱਤਰਕਾਰ ਛਤਰਪਤੀ ਦਾ ਫੋਨ ਆਇਆ ਕਿ ਸਿਰਸੇ ਆਓ ਤਾਂ ਮੈਨੂੰ ਮਿਲਣ ਦਾ ਵਕਤ ਜ਼ਰੂਰ ਦੇ ਦਿਓ। ਮੈਂ ਉਸ ਨੂੰ ਨਹੀਂ ਸੀ ਜਾਣਦਾ, ਉਦੋਂ ਮੇਲ ਹੋਇਆ ਸੀ। ਡੇਰੇ ਦੇ ਗਵਾਂਢ ਵੱਸਣ ਵਾਲੇ ਲੋਕਾਂ ਦੇ ਦੁੱਖ ਵੀ ਸੁਣੇ ਸਨ। ਛਤਰਪਤੀ ਨੇ ਜੋ ਕੁਝ ਦੱਸਿਆ, ਉਹ ਹੈਰਾਨੀ ਦੀਆਂ ਸਭ ਹੱਦਾਂ ਟੱਪ ਜਾਣ ਵਾਲਾ ਸੀ। ਮੈਨੂੰ ਅਫਸੋਸ ਹੈ ਕਿ ਸੱਚ ਦੀ ਪਹਿਰੇਦਾਰੀ ਕਰਨ ਵਾਲੇ ਉਸ ਵਿਅਕਤੀ ਨੂੰ ਫਿਰ ਕਦੀ ਮਿਲਣ ਦਾ ਸਬੱਬ ਨਹੀਂ ਬਣ ਸਕਿਆ, ਉਸ ਦਾ ਕਤਲ ਹੋ ਗਿਆ ਸੀ ਤੇ ਕਤਲ ਕਰਵਾਉਣ ਦਾ ਦੋਸ਼ ਇਸੇ ਡੇਰਾ ਮੁਖੀ ਉਤੇ ਲੱਗਦਾ ਸੀ।




ਹੁਣ ਜਿਸ ਕੇਸ ਵਿਚ ਡੇਰਾ ਮੁਖੀ ਨੂੰ ਸਜ਼ਾ ਹੋਈ ਹੈ, ਇਸ ਦਾ ਮੁੱਢ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਉਦੋਂ ਦੇ ਭਾਰਤ ਦੇ ਮੁੱਖ ਜੱਜ ਨੂੰ ਇੱਕ ਸਾਧਵੀ ਵੱਲੋਂ ਲਿਖੀ ਗਈ ਚਿੱਠੀ ਤੋਂ ਬੱਝਾ ਸੀ। ਚੰਡੀਗੜ੍ਹ ਤੋਂ ਛਪਦੇ ਅਖਬਾਰ 'ਦੇਸ਼ ਸੇਵਕ' ਨੇ ਉਹ ਚਿੱਠੀ ਜਦੋਂ ਛਾਪੀ ਤਾਂ ਸਰਕਾਰ ਤੇ ਜਾਂਚ ਏਜੰਸੀਆਂ ਨੇ ਜਾਂਚ ਕਰਨ ਦੀ ਲੋੜ ਨਹੀਂ ਸੀ ਸਮਝੀ, ਪਰ ਛਪ ਜਾਣ ਨਾਲ ਚਰਚਾ ਵਿਚ ਆਈ ਚਿੱਠੀ ਜਦੋਂ ਹਾਈ ਕੋਰਟ ਜਾ ਪਹੁੰਚੀ ਅਤੇ ਸੀ.ਬੀ.ਆਈ. ਜਾਂਚ ਦਾ ਹੁਕਮ ਹੋ ਗਿਆ ਤਾਂ ਉਹੋ ਚਿੱਠੀ ਡੇਰਾ ਮੁਖੀ ਨੂੰ ਜੇਲ੍ਹ ਲੈ ਗਈ। 'ਸਮੁੰਦਰ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਪਾਉਣ' ਦੇ ਮੁਹਾਵਰੇ ਵਾਂਗ ਪੱਤਰਕਾਰ ਛਤਰਪਤੀ ਸਿਰਸੇ ਵਿਚ ਬੈਠਾ ਵੀ ਇਸ ਬਾਰੇ ਬਹੁਤ ਪਹਿਲਾਂ ਤੋਂ ਲਿਖੀ ਜਾਂਦਾ ਸੀ, ਪਰ ਛੋਟਾ ਸ਼ਹਿਰ ਤੇ ਛੋਟਾ ਪਰਚਾ ਹੋਣ ਕਰ ਕੇ ਕੋਈ ਧਿਆਨ ਨਹੀਂ ਸੀ ਦਿੰਦਾ। ਧਮਕੀਆਂ ਦੀ ਪ੍ਰਵਾਹ ਤਾਂ ਉਸ ਨੇ ਨਹੀਂ ਸੀ ਕੀਤੀ, ਪਰ ਪ੍ਰਸ਼ਾਸਨ ਤੇ ਪੁਲਿਸ ਨੂੰ ਸੂਚਨਾ ਦਿੰਦਾ ਰਿਹਾ ਸੀ, ਫਿਰ ਵੀ ਉਸ ਦੀ ਸੁਰੱਖਿਆ ਲਈ ਕੋਈ ਚਿੰਤਾ ਨਹੀਂ ਕੀਤੀ ਗਈ। ਜਦੋਂ ਉਸ ਨੂੰ ਗੋਲੀ ਮਾਰ ਦਿੱਤੀ ਗਈ ਤਾਂ ਕਈ ਦਿਨ ਹਸਪਤਾਲ ਪਿਆ ਵੀ ਬਿਆਨ ਦਰਜ ਕਰਾਉਣ ਲਈ ਹਾੜੇ ਕੱਢਦਾ ਰਿਹਾ, ਪਰ ਡੇਰਾ ਮੁਖੀ ਦੇ ਦਬਾਅ ਹੇਠ ਉਦੋਂ ਦੀ ਸਰਕਾਰ ਨੇ ਪੁਲਿਸ ਦੀ ਨੱਥ ਖਿੱਚ ਕੇ ਫੜੀ ਹੋਈ ਸੀ। ਸਰਕਾਰ ਉਦੋਂ ਓਮ ਪ੍ਰਕਾਸ਼ ਚੌਟਾਲਾ ਦੀ ਸੀ, ਜਿਸ ਨੇ ਉਸ ਤੋਂ ਚੋਣਾਂ ਵਿਚ ਇਸ ਡੇਰੇ ਤੋਂ ਵੋਟਾਂ ਦਾ ਪਰਾਗਾ ਹਾਸਲ ਕੀਤਾ ਹੋਇਆ ਸੀ ਤੇ ਚੌਟਾਲੇ ਦੇ ਕਹੇ ਉਤੇ ਇਹ ਡੇਰਾ ਪੰਜਾਬ ਵਿਚ ਅਕਾਲੀਆਂ ਦੀ ਮਦਦ ਵੀ ਕਰ ਚੁਕਾ ਸੀ। ਚੌਟਾਲੇ ਅਤੇ ਅਕਾਲੀਆਂ ਤੋਂ ਪਹਿਲਾਂ ਉਹ ਕਾਂਗਰਸ ਦੀ ਤੇ ਪਿੱਛੋਂ ਭਾਜਪਾ ਦੀ ਮਦਦ ਵੀ ਕਰਦਾ ਰਿਹਾ ਹੈ। ਉਸ ਤੋਂ ਵੋਟਾਂ ਦੀ ਖੈਰ ਲੈਣ ਕਾਰਨ ਸਾਰੇ ਸਿਆਸੀ ਆਗੂ ਕਾਣੇ ਹੋਏ ਪਏ ਸਨ।

ਗੁਰਮੀਤ ਰਾਮ ਰਹੀਮ ਸਿੰਘ ਦੇ ਪੁੱਠੇ ਕਾਰਿਆਂ ਦੀ ਕੁੱਲ ਕਥਾ ਇਸ ਵੇਲੇ ਕਰਨ ਦੀ ਸਾਨੂੰ ਲੋੜ ਇਸ ਕਰ ਕੇ ਨਹੀਂ ਕਿ ਲੀਰਾਂ ਦਾ ਇਹ ਖਿੱਦੋ ਹੁਣ ਬਥੇਰਾ ਖਿੱਲਰ ਚੁਕਾ ਹੈ। ਹਰਿਆਣੇ ਦੀ ਮੌਜੂਦਾ ਸਰਕਾਰ ਤੇ ਇਸ ਦੇ ਮੁੱਖ ਮੰਤਰੀ ਦੀ ਉਸ ਡੇਰਾ ਮੁਖੀ ਨਾਲ ਅਹਿਸਾਨ ਪੁਗਾਊ ਸਾਂਝ ਦੀ ਗੱਲ ਇਸ ਵੇਲੇ ਜਾਣ ਲੈਣੀ ਵੱਧ ਜ਼ਰੂਰੀ ਹੈ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣ ਜਾਣ ਤੱਕ ਉਹ ਭਾਜਪਾ ਦੇ ਪੱਖ ਵਿਚ ਨਿਭਣ ਨੂੰ ਤਿਆਰ ਨਹੀਂ ਸੀ ਹੋਇਆ, ਪਰ ਜਦੋਂ ਕੇਂਦਰ ਦੀ ਸਰਕਾਰ ਬਦਲੀ ਅਤੇ ਇਹ ਸਮਝਾ ਦਿੱਤਾ ਗਿਆ ਕਿ ਮਦਦ ਤੇਰੇ ਤੋਂ ਮੰਗੀ ਨਹੀਂ ਜਾ ਰਹੀ, ਤੈਨੂੰ ਕਰਨੀ ਪੈਣੀ ਹੈ, ਵਰਨਾ ਜੇਲ੍ਹ ਵਿਚ ਜਾਵੇਂਗਾ ਤਾਂ ਉਹ ਭਾਜਪਾ ਦੀ ਮਦਦ ਕਰਨ ਨੂੰ ਮੰਨ ਗਿਆ। ਹਰਿਆਣੇ ਵਿਚ ਭਾਜਪਾ ਦੀ ਨਿਰੋਲ ਸਰਕਾਰ ਪਹਿਲੀ ਵਾਰ ਬਣਨ ਪਿੱਛੋਂ ਸਾਰੇ ਮੰਤਰੀਆਂ ਸਮੇਤ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਉਚੇਚਾ ਇਸ ਡੇਰੇ ਵਿਚ ਪੁੱਜਾ ਤੇ ਡੇਰਾ ਮੁਖੀ ਦੇ ਚਰਨਾਂ ਵਿਚ ਵਾਰੋ-ਵਾਰੀ ਸਿਰ ਰੱਖ-ਰੱਖ ਕੇ ਸਭਨਾਂ ਨੇ ਉਸ ਦਾ ਧੰਨਵਾਦ ਕੀਤਾ ਸੀ।

ਹਰ ਸਾਲ ਆਜ਼ਾਦੀ ਵਾਲੇ ਦਿਨ ਇਸ ਡੇਰਾ ਮੁਖੀ ਦਾ ਜਨਮ ਦਿਨ ਹੁੰਦਾ ਹੈ ਤੇ ਉਹ ਦਿਨ ਰਾਜਾਂ ਵਿਚ ਮੰਤਰੀਆਂ ਲਈ ਝੰਡਾ ਝੁਲਾਉਣ ਦੀ ਜਿੰਮੇਵਾਰੀ ਕਾਰਨ ਬੜਾ ਰੁਝੇਵੇਂ ਵਾਲਾ ਹੁੰਦਾ ਹੈ। ਇਸ ਦੇ ਬਾਵਜੂਦ ਇਸ ਵਾਰੀ ਹਰਿਆਣਾ ਸਰਕਾਰ ਦਾ ਦੂਜੇ ਨੰਬਰ ਦਾ ਮੰਤਰੀ, ਇੱਕ ਹੋਰ ਮੰਤਰੀ ਨੂੰ ਨਾਲ ਲੈ ਕੇ ਬਾਬੇ ਦਾ ਜਨਮ ਦਿਨ ਮਨਾਉਣ ਉਦੋਂ ਪੁੱਜਾ, ਜਦੋਂ ਬਾਬੇ ਦੇ ਖਿਲਾਫ ਕੇਸ ਵਿਚ ਹੁਕਮ ਦੀ ਤਾਰੀਖ ਐਲਾਨੀ ਜਾ ਚੁਕੀ ਸੀ। ਉਨ੍ਹਾਂ ਨੇ ਉਸ ਮੌਕੇ ਉਸ ਡੇਰੇ ਲਈ ਅੱਧਾ ਕਰੋੜ ਮਾਇਆ ਦਾ ਗੱਫਾ ਵੀ ਉਲੱਦਿਆ ਸੀ। ਫਿਰ ਜਦੋਂ ਡੇਰਾ ਮੁਖੀ ਨੇ ਪੰਚਕੂਲੇ ਹਾਜ਼ਰ ਹੋਣਾ ਸੀ, ਉਸ ਦੇ ਜਿਹੜੇ ਹਮਾਇਤੀ ਲੱਖਾਂ ਦੀ ਗਿਣਤੀ ਵਿਚ ਉਥੇ ਅਗੇਤੇ ਭੇਜੇ ਜਾ ਰਹੇ ਸਨ, ਉਨ੍ਹਾਂ ਦੇ ਰਾਸ਼ਨ-ਪਾਣੀ ਤੇ ਹੋਰ ਸਾਰੇ ਪ੍ਰਬੰਧ ਦੀ ਜਿੰਮੇਵਾਰੀ ਹਰਿਆਣੇ ਦਾ ਉਹੋ ਮੰਤਰੀ ਸੰਭਾਲ ਰਿਹਾ ਸੀ, ਜਿਹੜਾ ਕੁੱਲ ਨੌਂ ਦਿਨ ਪਹਿਲਾਂ ਬਾਬੇ ਦੇ ਜਨਮ ਦਿਨ ਮੌਕੇ ਸਿਰਸੇ ਗਿਆ ਸੀ।

ਹਰਿਆਣਾ ਸਰਕਾਰ ਨੇ ਇਸ ਦੌਰਾਨ ਨਿਆਂ ਪਾਲਿਕਾ ਨੂੰ ਵੀ ਧੋਖਾ ਦੇਣ ਦਾ ਯਤਨ ਕੀਤਾ। ਪਹਿਲਾਂ ਦਫਾ ਇੱਕ ਸੌ ਚੁਤਾਲੀ ਲਾਉਣ ਦੀ ਸੂਚਨਾ ਦਿੱਤੀ, ਜਦੋਂ ਹਾਲੇ ਲਾਈ ਨਹੀਂ ਸੀ। ਫਿਰ ਇੱਕ ਸੌ ਚੁਤਾਲੀ ਦੇ ਹੁਕਮ ਜਾਰੀ ਕੀਤੇ ਤਾਂ ਇਸ ਹੁਕਮ ਵਿਚ ਚਾਰ ਜਾਂ ਇਸ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਦਾ ਜ਼ਿਕਰ ਨਹੀਂ ਸੀ ਕੀਤਾ। ਅਗਲੇ ਦਿਨ ਅਦਾਲਤ ਨੇ ਇਸ ਦਾ ਕਾਰਨ ਪੁੱਛਿਆ ਤਾਂ ਇਸ ਨੂੰ ਕਲੈਰੀਕਲ ਮਿਸਟੇਕ ਕਹਿ ਦਿੱਤਾ ਗਿਆ। ਹਾਈ ਕੋਰਟ ਤੱਕ ਸਭ ਥਾਂ ਇਹ ਦੱਸਿਆ ਗਿਆ ਕਿ ਫੌਜ ਤਾਇਨਾਤ ਕੀਤੀ ਗਈ ਹੈ, ਪਰ ਫੌਜ ਸਿਰਫ ਸੱਦੀ ਗਈ, ਸਥਿਤੀ ਸੰਭਾਲਣ ਵਾਸਤੇ ਨਹੀਂ ਲਾਈ ਗਈ। ਪੰਚਕੂਲੇ ਸ਼ਹਿਰ ਵਿਚ ਅੱਗਾਂ ਲੱਗਣ ਤੇ ਦੋ ਦਰਜਨ ਤੋਂ ਵੱਧ ਮੌਤਾਂ ਹੋ ਜਾਣ ਪਿੱਛੋਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਹ ਕਹਿਣ ਵਿਚ ਝਿਜਕ ਨਹੀਂ ਵਿਖਾਈ ਕਿ ਇਹ ਡੇਰਾ ਸਮੱਰਥਕਾਂ ਦਾ ਕੰਮ ਨਹੀਂ, ਉਨ੍ਹਾਂ ਵਿਚ ਆਣ ਵੜੇ ਗੈਰ ਸਮਾਜੀ ਗੁੰਡਿਆਂ ਦਾ ਕਾਰਾ ਹੋਵੇਗਾ।

ਇਹੋ ਮੁੱਖ ਮੰਤਰੀ ਇਸ ਤੋਂ ਪਹਿਲਾਂ 'ਸੰਤ' ਰਾਮਪਾਲ ਦੇ ਡੇਰੇ ਉਤੇ ਕਾਰਵਾਈ ਕਰਨ ਵੇਲੇ ਵੀ ਨਿਆਂ ਪਾਲਿਕਾ ਨੂੰ ਗੁੰਮਰਾਹ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਗੈਰ ਜਿੰਮੇਵਾਰ ਅਗਵਾਈ ਕਰਦਾ ਰਿਹਾ ਸੀ। ਜਾਟ ਐਜੀਟੇਸ਼ਨ ਦੇ ਵਕਤ ਵੀ ਹਰ ਤਰ੍ਹਾਂ ਦੀ ਗੁੰਡਾਗਰਦੀ ਤੇ ਹਰਿਆਣਾ ਵਿਚੋਂ ਲੰਘ ਰਹੀਆਂ ਔਰਤਾਂ ਨੂੰ ਅਗਵਾ ਕਰ ਕੇ ਬਲਾਤਕਾਰ ਕਰਨ ਦੀਆਂ ਘਟਨਾਵਾਂ ਨੂੰ ਛੁਪਾਉਣ ਵਾਲੀ ਸਰਕਾਰੀ ਮਸ਼ੀਨਰੀ ਨੂੰ ਥਾਪੜਾ ਇਹੋ ਮੁੱਖ ਮੰਤਰੀ ਦਿੰਦਾ ਰਿਹਾ ਸੀ।

ਇਸ ਵਾਰ ਸਿਰਸੇ ਵਾਲੇ ਸਾਧ ਦੇ ਮਾਮਲੇ ਵਿਚ ਉਸ ਨੇ ਫਿਰ ਗੈਰ ਜਿੰਮੇਵਾਰੀ ਵਿਖਾਈ ਹੈ। ਪੰਚਕੂਲੇ ਵਿਚ ਇਸ ਡੇਰਾ ਮੁਖੀ ਦੀ ਪੇਸ਼ੀ ਕਰਨ ਤੋਂ ਪਹਿਲਾਂ ਜਿਵੇਂ ਉਸ ਨੂੰ ਸਿਰਸੇ ਡੇਰੇ ਤੋਂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੇ ਕਾਫਲਿਆਂ ਤੋਂ ਵੱਡੇ ਕਾਰਾਂ ਦੇ ਕਾਫਲੇ ਨਾਲ ਲਿਆਂਦਾ ਗਿਆ, ਉਸ ਤੋਂ ਸਾਫ ਦਿਸਦਾ ਸੀ ਕਿ ਉਸ ਨੂੰ ਸਰਕਾਰੀ ਸਰਪ੍ਰਸਤੀ ਦੀ ਸਿਖਰ ਹੈ। ਦੋਸ਼ੀ ਠਹਿਰਾਏ ਜਾਣ ਦੇ ਬਾਅਦ ਉਸ ਨੂੰ ਰੋਹਤਕ ਜੇਲ੍ਹ ਵਿਚ ਵੀ ਸਭ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਹੁਣ ਇਸ ਮੁੱਦੇ ਉਤੇ ਰਾਜਨੀਤੀ ਹੋ ਰਹੀ ਹੈ। ਕਾਂਗਰਸੀ ਆਗੂ ਭਾਜਪਾ ਨੂੰ ਦੋਸ਼ ਦੇ ਰਹੇ ਹਨ। ਪਹਿਲਾਂ ਦਸ ਸਾਲ ਜਦੋਂ ਉਸੇ ਰਾਜ ਵਿਚ ਕਾਂਗਰਸ ਦੀ ਸਰਕਾਰ ਸੀ, ਇਸ ਬਾਬੇ ਦੀ ਸਰਪ੍ਰਸਤੀ ਉਨ੍ਹਾਂ ਵੀ ਕੀਤੀ ਸੀ ਅਤੇ ਬਾਬੇ ਦੇ ਖਿਲਾਫ ਸ਼ਿਕਾਇਤ ਕਰਨ ਵਾਲਿਆਂ ਨੂੰ ਸੁਰੱਖਿਆ ਨਹੀਂ ਸੀ ਦਿੱਤੀ। ਅਕਾਲੀ ਆਗੂ ਹੁਣ ਉਸ ਬਾਬੇ ਵਿਰੁਧ ਬੋਲਦੇ ਹਨ, ਪਰ ਅੱਜ ਤੋਂ ਦੋ ਸਾਲ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਨੇ ਮੁੰਬਈ ਵਿਚ ਇੱਕ ਫਿਲਮ ਸਟਾਰ ਦੇ ਘਰ ਬੈਠ ਕੇ ਸੱਚੇ ਸੌਦੇ ਵਾਲਿਆਂ ਨਾਲ ਗੁੱਝੀ ਸੌਦੇਬਾਜ਼ੀ ਕੀਤੀ ਤੇ ਫਿਰ ਅਕਾਲ ਤਖਤ ਦੇ ਜਥੇਦਾਰ ਦੀ ਅਗਵਾਈ ਹੇਠ ਏਸੇ ਡੇਰਾ ਮੁਖੀ ਨੂੰ ਅਣਮੰਗੀ ਮੁਆਫੀ ਮਿਲ ਗਈ ਸੀ।

ਭਾਜਪਾ ਆਗੂ ਤੇ ਮੁੱਖ ਮੰਤਰੀ ਖੱਟਰ ਦਾ ਕਿਰਦਾਰ ਅਸੀਂ ਪਿੱਛੇ ਲਿਖ ਆਏ ਹਾਂ। ਹੁਣ ਸਭ ਤੋਂ ਉਚੀ ਸੁਰ ਵਿਚ ਹਰਿਆਣਾ ਦੀ ਇਨੈਲੋ ਪਾਰਟੀ ਦੇ ਆਗੂ ਬੋਲ ਰਹੇ ਹਨ, ਪਰ ਜਦੋਂ ਇਸੇ ਡੇਰੇ ਨਾਲ ਜੁੜੇ ਕਾਤਲਾਂ ਨੇ ਪੱਤਰਕਾਰ ਛਤਰਪਤੀ ਨੂੰ ਗੋਲੀਆਂ ਮਾਰੀਆਂ ਤੇ ਅਠਾਈ ਦਿਨ ਉਹ ਜ਼ਖਮੀ ਹੋਇਆ ਹਸਪਤਾਲ ਵਿਚ ਪਿਆ ਇਹ ਕੂਕਾਂ ਮਾਰਦਾ ਰਿਹਾ ਕਿ ਜਾਨ ਮੇਰੀ ਬਚਣੀ ਨਹੀਂ, ਪੁਲਿਸ ਭੇਜ ਕੇ ਮੇਰਾ ਬਿਆਨ ਹੀ ਰਿਕਾਰਡ ਕਰਵਾ ਲਓ, ਪੁਲਿਸ ਨੇ ਬਿਆਨ ਰਿਕਾਰਡ ਨਹੀਂ ਸੀ ਕੀਤਾ। ਉਦੋਂ ਹਰਿਆਣੇ ਦਾ ਮੁੱਖ ਮੰਤਰੀ ਇਸੇ ਇਨੈਲੋ ਦਾ ਮੁਖੀ ਓਮ ਪ੍ਰਕਾਸ਼ ਚੌਟਾਲਾ ਸੀ, ਜਿਹੜਾ ਹੁਣ ਭ੍ਰਿਸ਼ਟਾਚਾਰ ਦੇ ਕੇਸ ਵਿਚ ਲੱਗੇ ਦੋਸ਼ ਸਾਬਤ ਹੋ ਜਾਣ ਪਿੱਛੋਂ ਤਿਹਾੜ ਜੇਲ੍ਹ ਵਿਚ ਦਸ ਸਾਲ ਕੈਦ ਦੀ ਸਜ਼ਾ ਭੁਗਤ ਰਿਹਾ ਹੈ।

ਸਾਫ ਹੈ ਕਿ ਭਾਰਤ ਦੇ ਰਾਜਸੀ ਲੀਡਰਾਂ ਵਿਚੋਂ ਸਿਰਸਾ ਡੇਰੇ ਦੇ ਮੁਖੀ ਦੇ ਕੇਸ ਵਿਚ ਨਿੰਦਣ-ਸਲਾਹੁਣ ਵਾਲਾ ਕੋਈ ਨਹੀਂ ਦਿਸ ਰਿਹਾ। ਫਿਰ ਵੀ 28 ਅਗਸਤ ਦੇ ਦਿਨ ਬਦੀ ਉਤੇ ਨੇਕੀ ਦੀ ਜਿੱਤ ਹੋਈ ਹੈ। ਫਰਕ ਸਿਰਫ ਏਨਾ ਪਿਆ ਹੈ ਕਿ ਇਸ ਜਿੱਤ ਦਾ ਸਿਹਰਾ ਕਿਸੇ ਰਾਵਣ ਦੇ ਬੁੱਤ ਨੂੰ ਚੁਆਤੀ ਲਾਉਣ ਵਾਲੇ ਸਿਆਸੀ ਆਗੂ ਨੂੰ ਨਹੀਂ, ਦੇਸ਼ ਦੀ ਨਿਆਂ ਪਾਲਿਕਾ ਨੂੰ ਮਿਲੇਗਾ। ਬਿਆਨ ਉਤੇ ਡਟ ਗਈਆਂ ਦੋ ਸਾਧਵੀਆਂ ਨੂੰ ਵੀ ਦਾਦ ਦੇਣੀ ਬਣਦੀ ਹੈ। ਸੀ.ਬੀ.ਆਈ. ਅਫਸਰਾਂ ਨੇ ਵੀ ਸੱਚ ਲੱਭ ਕੇ ਪੇਸ਼ ਕਰਨ ਵਿਚ ਕਸਰ ਨਹੀਂ ਛੱਡੀ, ਪਰ ਇਸ ਦੌਰਾਨ ਜਿਹੜਾ ਰੋਲ ਸਬੰਧਤ ਜੱਜ ਨੇ ਨਿਭਾਇਆ ਅਤੇ ਉਸ ਜੱਜ ਲਈ ਮਿਸਾਲੀ ਸਰਪ੍ਰਸਤੀ ਹਾਈ ਕੋਰਟ ਨੇ ਦਿੱਤੀ ਹੈ, ਉਸ ਨੇ ਦੇਸ਼ ਦੇ ਲੋਕਾਂ ਦੇ ਡੋਲਦੇ ਵਿਸ਼ਵਾਸ ਨੂੰ ਮੁੜ ਪੱਕਾ ਕਰਨ ਦਾ ਕੰਮ ਕੀਤਾ ਹੈ। ਰਾਵਣ ਸਿਰਜ ਕੇ ਉਸ ਨੂੰ 'ਵਾਹਵਾ ਡਰਾਉਣਾ ਜਿਹਾ ਜਾਪਦਾ' ਕਹਿ ਕੇ ਖੁਸ਼ ਹੋਣ ਵਾਲੇ ਸਿਆਸੀ ਆਗੂ ਇਸ ਵਾਰੀ ਠਿੱਠ ਹੋ ਗਏ ਹੋਣਗੇ।

# ਦਲਿਤ ਬੱਚਿਆਂ ਦੇ ਵਜ਼ੀਫੇ ਵੀ ਛਕ ਗਈ ਬਾਦਲ ਸਰਕਾਰ

**ਫਿਰੋਜ਼ਪੁਰ:** ਬਾਦਲ ਸਰਕਾਰ ਵੇਲੇ ਕਾਲਜਾਂ ਵਿਚ ਦਲਿਤ ਬੱਚਿਆਂ ਦੇ ਵਜ਼ੀਫੇ ਵਿਚ ਹੋਏ ਘਪਲੇ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਤਕਰੀਬਨ ਪੰਜ ਹਜ਼ਾਰ ਕਰੋੜ ਰੁਪਏ ਦਾ ਘਪਲਾ ਸਾਹਮਣੇ ਆਵੇਗਾ।

ਘਪਲਾ ਕਰਨ ਵਿਚ ਫਾਜ਼ਿਲਕਾ ਜ਼ਿਲ੍ਹਾ ਸੂਬੇ ਵਿਚੋਂ ਪਹਿਲੇ ਨੰਬਰ 'ਤੇ ਹੈ। ਆਡਿਟ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਮੁਢਲੀ ਪੜਤਾਲ ਨੇ ਅਫਸਰਾਂ ਦੇ ਹੋਸ਼ ਉਡਾ ਦਿੱਤੇ ਹਨ। ਅਧਿਕਾਰੀਆਂ ਨੂੰ ਪੜਤਾਲ ਦੌਰਾਨ ਕੈਪਟਨ ਸਰਕਾਰ ਦਾ ਸ਼ੱਕ ਸਹੀ ਜਾਪਣ ਲੱਗ ਪਿਆ ਹੈ।

ਜ਼ਿਕਰਯੋਗ ਹੈ ਕਿ ਬਾਦਲ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਪਿਛਲੇ ਪੰਜ ਸਾਲਾਂ ਵਿਚ ਦਲਿਤ ਬੱਚਿਆਂ ਦੇ ਵਜ਼ੀਫੇ ਲਈ ਹਜ਼ਾਰਾਂ ਕਰੋੜ ਰੁਪਏ ਖਰਚ ਕੀਤੇ ਹਨ। ਇਸ ਵਿਚੋਂ ਸਭ ਤੋਂ ਵੱਧ ਰਕਮ ਮਾਲਵਾ ਖੇਤਰ ਦੇ ਫਾਜ਼ਿਲਕਾ ਜ਼ਿਲ੍ਹੇ ਵਿਚ ਖਰਚ ਕੀਤੀ ਗਈ ਹੈ। ਇਕੱਲੇ ਫਾਜ਼ਿਲਕਾ ਜ਼ਿਲ੍ਹੇ ਵਿਚ 100 ਕਾਲਜ ਹਨ ਜਿਨ੍ਹਾਂ ਦਾ ਆਡਿਟ ਕੀਤਾ ਜਾਣਾ ਹੈ। ਇਨ੍ਹਾਂ ਕਾਲਜਾਂ ਵਿਚੋਂ ਇਕ ਕਾਲਜ ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਵੀ ਹੈ ਜੋ ਪਿਛਲੇ ਦਿਨੀਂ ਇਸੇ ਮਸਲੇ ਨੂੰ ਲੈ ਕੇ ਸ਼ੁਰੂ ਹੋਈ ਵਿਜੀਲੈਂਸ ਜਾਂਚ ਦੌਰਾਨ ਚਰਚਾ ਵਿਚ ਆਇਆ ਸੀ। ਅਧਿਕਾਰੀਆਂ ਨੂੰ ਇਸ ਕਾਲਜ ਵਿਚ ਵੀ ਵੱਡੇ ਪੱਧਰ ਉਤੇ ਵਜ਼ੀਫ਼ਾ ਘਪਲਾ ਹੋਣ ਦਾ ਸ਼ੱਕ ਹੈ।

## ਆਡਿਟ ਵਿਚ ਘਪਲੇ ਦੀਆਂ ਖੁੱਲ੍ਹਣ ਲੱਗੀਆਂ ਪਰਤਾਂ




ਪਿਛਲੀ ਸਰਕਾਰ ਨੇ ਕਾਲਜਾਂ ਵਿਚ ਪੜ੍ਹਨ ਵਾਲੇ ਦਲਿਤ ਬੱਚਿਆਂ ਨੂੰ ਵੱਖ-ਵੱਖ ਕੋਰਸਾਂ ਦੇ ਹਿਸਾਬ ਨਾਲ ਵੱਖ-ਵੱਖ ਵਜ਼ੀਫ਼ਾ ਰਾਸ਼ੀ ਜਾਰੀ ਕੀਤੀ ਸੀ ਜੋ ਕਰੀਬ 15 ਹਜ਼ਾਰ ਰੁਪਏ ਤੋਂ ਲੈ ਕੇ 30 ਹਜ਼ਾਰ ਰੁਪਏ (ਸਾਲਾਨਾ) ਪ੍ਰਤੀ ਬੱਚਾ ਸੀ। ਸਰਕਾਰ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਵਿੱਤ ਵਿਭਾਗ ਦੇ ਅਫਸਰਾਂ ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਹੈ ਜੋ ਸਟਾਫ ਦੀ ਘਾਟ ਕਰ ਕੇ ਕਾਫੀ ਘੱਟ ਮੰਨਿਆ ਜਾ ਰਿਹਾ ਹੈ। ਆਡਿਟ ਕਰ ਰਹੇ ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਮੁੱਢਲੀ ਪੜਤਾਲ ਦੌਰਾਨ ਕਈ ਕਾਲਜਾਂ ਵਿਚ ਦਲਿਤ ਬੱਚਿਆਂ ਦੇ ਵੱਡੀ ਪੱਧਰ 'ਤੇ ਫਰਜ਼ੀ ਦਾਖਲੇ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਕਾਲਜਾਂ ਵਿਚ ਆਡਿਟ ਦਾ ਕੰਮ ਚੱਲ ਰਿਹਾ ਹੈ ਉਥੋਂ ਦੇ ਪ੍ਰਬੰਧਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਰਸੂਖਦਾਰ ਕਾਲਜਾਂ ਦੇ ਮਾਲਕ ਆਡਿਟ ਅਧਿਕਾਰੀਆਂ ਨੂੰ ਆਪਣੇ ਕਾਲਜ ਦਾ ਆਡਿਟ ਸਭ ਤੋਂ ਅਖੀਰ ਵਿਚ ਕਰਨ ਲਈ ਦਬਾਅ ਬਣਾ ਰਹੇ ਹਨ। ਬਹੁਤੇ ਕਾਲਜਾਂ ਕੋਲ ਤਾਂ ਦਲਿਤ ਬੱਚਿਆਂ ਨੂੰ ਦਿੱਤੇ ਗਏ ਵਜ਼ੀਫ਼ੇ ਦਾ ਲੋੜੀਂਦਾ ਰਿਕਾਰਡ ਹੀ ਮੌਜੂਦ ਨਹੀਂ ਹੈ। ਕਈ ਪ੍ਰਬੰਧਕ ਰਿਕਾਰਡ ਦੇਣ ਵਿਚ ਜਾਣ ਬੁਝ ਕੇ ਦੇਰੀ ਕਰ ਰਹੇ ਹਨ ਤੇ ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾ ਰਹੇ ਹਨ।

## ਘਪਲੇ ਦੇ ਪੈਸੇ ਧੜਾ ਧੜ ਵਾਪਸ ਕਰਨ ਲੱਗੇ ਕਾਲਜ

**ਚੰਡੀਗੜ੍ਹ:** ਫਿਰੋਜ਼ਪੁਰ ਦੇ ਲੜਕੀਆਂ ਦੇ ਇਕ ਕਾਲਜ ਵਿਚ ਕੀਤੇ ਗਏ ਆਡਿਟ ਦੌਰਾਨ ਕਰੀਬ ਢਾਈ ਕਰੋੜ ਰੁਪਏ ਦਾ ਘਪਲਾ ਸਾਹਮਣੇ ਆਇਆ ਹੈ। ਕਾਲਜ ਪ੍ਰਬੰਧਕਾਂ ਨੇ ਇਹ ਰਕਮ ਜਮ੍ਹਾਂ ਕਰਾਉਣ ਦਾ ਕਰਾਰ ਵੀ ਕੀਤਾ ਹੈ। ਫਿਰੋਜ਼ਪੁਰ ਤੇ ਫਾਜ਼ਿਲਕਾ ਵਿਚ ਹੁਣ ਤੱਕ ਕਰੀਬ 20 ਕਰੋੜ ਰੁਪਏ ਦੀ ਰਿਕਵਰੀ ਸਾਹਮਣੇ ਆਈ ਹੈ। ਇਨ੍ਹਾਂ ਦੋਹਾਂ ਜ਼ਿਲ੍ਹਿਆਂ ਵਿਚ ਆਡਿਟ ਦਾ ਕੰਮ ਸਿਰਫ 15 ਫੀਸਦੀ ਮੁਕੰਮਲ ਹੋਇਆ ਹੈ।

# ਚੇਤਨਾ ਤੇ ਅਨੰਦ ਭਰਪੂਰ ਰਿਹਾ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ

**ਸਟਾਕਟਨ (ਬਿਊਰੋ):** ਬੀਤੇ ਐਤਵਾਰ ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ ਏਰੀਆ ਅਤੇ ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਦੇ ਸਹਿਯੋਗ ਨਾਲ ਇਥੇ ਕਰਵਾਏ ਗਏ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਵਿਚ ਜਿਥੇ ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਿਹ 'ਰੂਹ 'ਤੇ ਉਕਰੇ ਚਿੱਤਰ' ਅਤੇ ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਵਲੋਂ ਸੰਪਾਦਿਤ 'ਪਰਵਾਸੀ ਪੰਜਾਬੀ ਕਾਵਿ-ਸੰਗ੍ਰਿਹ: ਵਰਤਮਾਨ ਦੇ ਆਰ-ਪਾਰ' ਲੋਕ ਅਰਪਿਤ ਕੀਤੇ ਗਏ, ਉਥੇ ਕਹਾਣੀ ਪਾਠ ਅਤੇ ਸ਼ੇਅਰੋ ਸ਼ਾਇਰੀ ਦਾ ਦੌਰ ਵੀ ਚੱਲਿਆ। ਇਸ ਮੌਕੇ ਬਹੁਤ ਸਾਰੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

ਸੰਮੇਲਨ ਵਿਚ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ ਅਤੇ ਭਾਰਤ ਤੋਂ ਪਹੁੰਚੇ ਪ੍ਰਸਿੱਧ ਲੇਖਕਾਂ ਨੇ ਸ਼ਮੂਲੀਅਤ ਕੀਤੀ। ਇਹ ਸੰਮੇਲਨ ਪੰਜਾਬੀ ਦੇ ਪ੍ਰਸਿੱਧ ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਕ੍ਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਨੂੰ ਸਮਰਪਿਤ ਸੀ। ਸਮਾਗਮ ਦਾ ਆਗਾਜ਼ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਕੀਤਾ।


ਸੁਖਵਿੰਦਰ ਕੰਬੋਜ ਨੇ ਲਾਲ ਸਿੰਘ ਦਿਲ ਦੇ ਇਨਕਲਾਬੀ ਜੀਵਨ ਅਤੇ ਲੋਕ ਚੇਤਨਾ ਵਿਚ ਵਸੀ ਸ਼ਾਇਰੀ ਦਾ ਜ਼ਕਰ ਕਰਦਿਆਂ ਉਨ੍ਹਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਗਜ਼ਲਗੋ ਕੁਲਵਿੰਦਰ ਨੇ ਗੁਰਦਾਸ ਰਾਮ ਆਲਮ ਨਾਲ ਬਿਤਾਏ ਪਲ ਯਾਦ ਕਰਦਿਆਂ ਉਸ ਦੀ ਨਿਰਾਲੀ ਦਰਵੇਸ਼ ਸ਼ਖਸੀਅਤ ਅਤੇ ਬੇਬਾਕ ਲੋਕ ਹਿੱਤੂ ਸ਼ਾਇਰੀ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।

ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਿਹ 'ਰੂਹ 'ਤੇ ਉਕਰੇ ਚਿੱਤਰ' ਲੋਕ ਅਰਪਿਤ ਕੀਤਾ ਗਿਆ। ਡਾ. ਧਨਵੰਤ ਕੌਰ ਨੇ ਆਪਣੇ ਖੋਜ ਪੇਪਰ 'ਰੂਹ 'ਤੇ ਉਕਰੇ ਚਿੱਤਰ: ਸਿਮਰਤੀਆਂ ਅਤੇ ਸਮਕਾਲ' ਵਿਚ ਇਸ ਪੁਸਤਕ ਦੇ ਹਵਾਲੇ ਨਾਲ ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਕਲਾ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਬਾਰੇ ਵਿਚਾਰ ਪੇਸ਼ ਕਰਦਿਆਂ ਪ੍ਰੋ. ਹਰਭਜਨ ਸਿੰਘ ਦੇ ਗਲਪ ਬਿਰਤਾਂਤ, ਖਾਸ ਕਰ ਬਹੁ-ਸਭਿਆਚਾਰੀ ਪਾਤਰਾਂ, ਪਾਰ-ਸਭਿਆਚਾਰਕ ਸਾਂਝਾਂ, ਅਤਿ-ਆਧੁਨਿਕ ਤੇ ਨਵੀਨ ਤਕਨੀਕਾਂ ਦੀ ਢੁਕਵੀਂ ਕਲਾਤਮਕ ਵਰਤੋਂ ਨੂੰ ਉਭਾਰਿਆ।

ਡਾ. ਜਸਵਿੰਦਰ ਸਿੰਘ ਨੇ 'ਰਿਨਕੋਨਾਡਾ ਹਿਲਜ਼', 'ਰੂਹ 'ਤੇ ਉਕਰੇ ਚਿੱਤਰ' ਅਤੇ 'ਬਿਨ ਸਿੰਗੇ ਸਾਨ੍ਹ' ਕਹਾਣੀਆਂ ਦੀ ਬਿਰਤਾਂਤਕ ਸੰਵੇਦਨਾ, ਸਭਿਆਚਾਰਕ ਸਿਆਸਤ, ਅਮਰੀਕੀ ਸਿਰਜਣਾਤਮਕ ਲੋਕੇਲ ਅਤੇ ਬਹੁ-ਸੁਰਤਾ ਨੂੰ ਉਭਾਰਦਿਆਂ ਕਿਹਾ ਕਿ ਇਹ ਕਹਾਣੀਆਂ ਪਰਵਾਸੀ ਪੰਜਾਬੀ ਕਹਾਣੀ ਦਾ ਹੀ ਨਹੀਂ, ਸਮੁੱਚੀ ਸਮਕਾਲੀ ਪੰਜਾਬੀ ਕਹਾਣੀ ਦਾ ਮਾਣਯੋਗ ਹਾਸਲ ਹਨ। ਪ੍ਰੋ. ਹਰਭਜਨ ਸਿੰਘ ਨੇ ਆਪਣੀ ਕਹਾਣੀ ਸਿਰਜਣਾ ਪ੍ਰਕ੍ਰਿਆ ਅਤੇ ਸਾਹਿਤ ਸਿਰਜਣਾ ਦੇ ਉਦੇਸ਼ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਅਤੇ ਅਰਥ-ਭਰਪੂਰ ਚੰਦ ਸ਼ਬਦ ਕਹੇ।

ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਵਲੋਂ ਸੰਪਾਦਿਤ 'ਪਰਵਾਸੀ ਪੰਜਾਬੀ ਕਾਵਿ-ਸੰਗ੍ਰਿਹ: ਵਰਤਮਾਨ ਦੇ ਆਰ-ਪਾਰ' ਲੋਕ ਅਰਪਿਤ ਕੀਤਾ ਗਿਆ। ਇਸ ਪੁਸਤਕ ਉਪਰ ਆਪਣਾ ਖੋਜ ਪੇਪਰ 'ਪਰਵਾਸੀ ਪੰਜਾਬੀ ਕਾਵਿ ਦੇ ਉਭਰਦੇ ਸੁਰ' ਪੜ੍ਹਦਿਆਂ ਡਾ. ਜਸਵਿੰਦਰ ਸਿੰਘ ਨੇ ਇਸ ਨੂੰ ਸਮਕਾਲੀ ਪਰਵਾਸੀ ਕਵਿਤਾ ਦਾ ਮੁੱਲਵਾਨ ਅਤੇ ਪ੍ਰਤੀਨਿਧ ਦਸਤਾਵੇਜ਼ ਦੱਸਿਆ। ਉਨ੍ਹਾਂ ਨੇ ਇਸ ਵਿਚ ਸ਼ਾਮਲ ਸ਼ਾਇਰਾਂ ਦੀਆਂ ਰਚਨਾਵਾਂ ਵਿਚੋਂ ਮਨ ਟੁੰਬਵੀਆਂ ਮਿਸਾਲਾਂ ਦੇ ਕੇ ਇਸ ਨੂੰ ਨਵੀਂ ਪੰਜਾਬੀ ਬਹੁਪਰਤੀ ਸ਼ਨਾਖਤਾਂ ਦੀ ਸ਼ਾਇਰੀ ਆਖਿਆ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸ਼ਾਇਰੀ ਪੰਜਾਬ ਅਤੇ ਪੰਜਾਬੀ ਪ੍ਰਤੀ ਫਿਕਰਮੰਦੀ ਰੱਖਦੀ ਹੋਈ ਵਿਸ਼ਵਅਰਥੀ ਪ੍ਰਸੰਗਾਂ ਨੂੰ ਮੁਖਾਤਬ ਹੋ ਕੇ ਪੰਜਾਬੀਅਤ ਦੇ ਨਵੇਂ ਸਰੋਕਾਰਾਂ, ਸ਼ਨਾਖਤਾਂ ਅਤੇ ਚਾਹਤਾਂ ਨੂੰ ਜ਼ੁਬਾਨ ਦਿੰਦੀ ਹੈ।

ਸਮਾਗਮ ਦੇ ਮੁੱਖ ਮਹਿਮਾਨ ਦਰਸ਼ਨ ਬੁਲੰਦਵੀ ਨੇ ਇਸ ਪੁਸਤਕ ਦੇ ਸੰਪਾਦਨ ਦੀ ਵਿਉਂਤ ਅਤੇ ਉਦੇਸ਼ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਪਰਵਾਸੀ ਪੰਜਾਬੀ ਸ਼ਾਇਰੀ ਦਾ ਮੁਹਾਂਦਰਾ ਕਿਵੇਂ ਬਦਲ ਰਿਹਾ ਹੈ। ਉਨ੍ਹਾਂ ਪੰਜਾਬੀ ਸ਼ਾਇਰੀ ਦੇ ਮਾਣਮੱਤੇ ਸਮਕਾਲੀ ਸਫਰ ਨੂੰ ਤਰਕਪੂਰਣ ਢੰਗ ਨਾਲ ਉਜਾਗਰ ਕੀਤਾ।




*'ਰੂਹ ਤੇ ਉਕਰੇ ਚਿੱਤਰ' ਰਿਲੀਜ਼ ਕਰਦੇ ਹੋਏ (ਖਬਿਓਂ) ਗੁਰਪ੍ਰੀਤ ਕੌਰ, ਗੁਰਮੀਤ ਪਨਾਗ, ਪੀ ਭਾਨੂੰ, ਪ੍ਰੋ. ਧਨਵੰਤ ਕੌਰ, ਪ੍ਰੋ. ਹਰਭਜਨ ਸਿੰਘ, ਪ੍ਰੋ. ਜਸਵਿੰਦਰ ਸਿੰਘ, ਸਤਿਨਾਮ ਸਿੰਘ ਸੰਧੂ, ਅਮਰਜੀਤ ਚਾਹਲ, ਦਰਸ਼ਨ ਬੁਲੰਦਵੀ, ਤਾਰਾ ਸਾਗਰ, ਕੁਲਵਿੰਦਰ, ਹਰਜਿੰਦਰ ਪੰਧੇਰ ਅਤੇ ਸੁਖਵਿੰਦਰ ਕੰਬੋਜ*

ਦੂਸਰੇ ਸੈਸ਼ਨ ਵਿਚ ਕੈਨੇਡਾ ਤੋਂ ਆਏ ਕਹਾਣੀਕਾਰ ਅਮਰਜੀਤ ਚਾਹਲ ਨੇ ਆਪਣੀ ਨਵੀਂ ਕਹਾਣੀ 'ਮਸਲਾ ਤੇ ਸ਼ਸਤਰ' ਪੇਸ਼ ਕੀਤੀ ਜੋ ਕੈਨੇਡਾ ਪਹੁੰਚੇ ਅੱਧ-ਖੜ੍ਹ ਉਮਰ ਦੇ ਪੰਜਾਬੀਆਂ ਦੇ ਅਵਲੇ ਸਰੋਕਾਰਾਂ, ਪੁੱਠੀਆਂ ਸਿੱਧੀਆਂ ਰੀਝਾਂ ਅਤੇ ਹਾਸੋਹੀਣੇ ਵਿਹਾਰਾਂ ਤੇ ਆਦਤਾਂ ਨੂੰ ਤਿੱਖੇ ਤਨਜ਼ੀਏ ਲਹਿਜ਼ੇ ਵਿਚ ਫੁਟਬਾਲ ਮੈਚ ਦੇ ਮੈਟਾਫਰੀ ਹਵਾਲੇ ਨਾਲ ਪੇਸ਼ ਕਰਦੀ ਹੈ। ਦੂਜੀ ਕਹਾਣੀ ਕੈਨੇਡਾ ਤੋਂ ਹੀ ਪਹੁੰਚੀ ਕਹਾਣੀਕਾਰਾ ਗੁਰਮੀਤ ਪਨਾਗ ਨੇ 'ਪਟੈਟੋ ਪੈਨਕੇਕਸ' ਸੁਣਾਈ, ਜਿਸ ਰਾਹੀਂ ਉਸ ਨੇ ਗੋਰੇ ਤੇ ਪੰਜਾਬੀ ਪਾਤਰਾਂ ਦੇ ਜੁੜਵੇਂ ਦੁੱਖਾਂ ਅਤੇ ਸਾਂਝਾਂ ਦੀ ਦਿਲਚਸਪ ਬਾਤ ਪਾਈ ਅਤੇ ਪਰਵਾਸ ਦੇ ਆਰ-ਪਾਰ ਫੈਲੇ ਵਲੂੰਧਰੇ ਅਨੁਭਵਾਂ ਤੇ ਮਿੱਠੀਆਂ ਕੌੜੀਆਂ ਸਿਮਰਤੀਆਂ ਨੂੰ ਬਾਖੂਬੀ ਚਿੱਤਰਿਆ।

ਤ੍ਰਿਪਤ ਭੱਟੀ ਨੇ ਦੋ ਮਿਨੀ ਕਹਾਣੀਆਂ 'ਨਰਸ' ਅਤੇ 'ਖੁਸ਼ਬੂਆਂ' ਸੁਣਾਈਆਂ। ਹਰਨੇਕ ਸਿੰਘ (ਪ੍ਰਿੰਸੀਪਲ) ਨੇ ਮਿਨੀ ਕਹਾਣੀ 'ਇੱਕੋ ਰੈਂਕ' ਪੜ੍ਹੀ। ਇਸ ਵਿਚ ਪਰਵਾਸੀ ਕੈਪਟਨ, ਪ੍ਰਿੰਸੀਪਲ, ਪ੍ਰੋਫੈਸਰ, ਡਾਕਟਰ ਦੇ ਇੱਕੋ ਰੈਂਕ ਭਾਵ 'ਬੇਬੀ ਸਿਟਰ' ਹੋਣ ਦੀ ਟੇਡੀ ਹਕੀਕਤ ਨੂੰ ਸੂਖਮ ਵਿਅੰਗ ਨਾਲ ਬਿਆਨਿਆ ਗਿਆ ਹੈ।

ਇਸ ਮੌਕੇ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਦਰਸ਼ਨ ਬੁਲੰਦਵੀ, ਅਮਰਜੀਤ ਚਾਹਲ, ਗੁਰਮੀਤ ਪਨਾਗ, ਪਰਮਿੰਦਰ ਸਵੈਚ, ਸੁਖਦੇਵ ਸਾਹਿਲ ਅਤੇ ਡਾ. ਗੁਬਿੰਦਰ ਸਿੰਘ ਦਾ ਸਾਹਿਤਕ ਤੇ ਸੰਗੀਤਕ ਪ੍ਰਾਪਤੀਆਂ ਲਈ ਸਨਮਾਨ ਕੀਤਾ ਗਿਆ।

ਇਸ ਦੌਰਾਨ ਪ੍ਰੋ. ਹਰਭਜਨ ਸਿੰਘ ਨੇ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਗਾਈ, ਇਸ ਵਿਚ 'ਰੂਹ 'ਤੇ ਉਕਰੇ ਚਿੱਤਰ', 'ਵਰਤਮਾਨ ਦੇ ਆਰ-ਪਾਰ', 'ਪਰਵਾਸ ਤੋਂ ਆਵਾਸ ਵੱਲ', 'ਦਿਸਹੱਦਿਆਂ ਦੇ ਆਰ-ਪਾਰ', 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਪੁਸਤਕਾਂ ਦੀ ਭਾਰੀ ਗਿਣਤੀ ਵਿਚ ਵਿਕਰੀ ਹੋਈ।

ਤੀਸਰਾ ਸ਼ੈਸ਼ਨ ਕਵੀ ਦਰਬਾਰ ਸੀ ਜਿਸ ਦਾ ਆਗਾਜ਼ ਕਰਦਿਆਂ ਸੁਰੀਲੇ ਗਾਇਕ ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀ ਗਜ਼ਲ 'ਨਦੀ ਝੀਲ ਚਸ਼ਮਾ ਨਾ ਦਰਿਆ ਕਿਤੇ ਵੀ' ਗਾ ਕੇ ਰੰਗ ਬੰਨ੍ਹ ਦਿੱਤਾ। ਫਿਰ ਤੀਹ ਦੇ ਕਰੀਬ ਸ਼ਾਇਰਾਂ ਨੇ ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਸੁਣਾਈਆਂ। ਇਨ੍ਹਾਂ ਵਿਚ ਦਰਸ਼ਨ ਬੁਲੰਦਵੀ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਮੱਖਣ ਲੁਹਾਰ, ਪਰਮਿੰਦਰ ਸਵੈਚ, ਕਮਲ ਦੇਵ ਪਾਲ, ਕੁੰਦਨ ਸਿੰਘ ਲਾਲ, ਡਾ. ਰਵੀ ਸ਼ੇਰਗਿੱਲ, ਹਜ਼ੂਰਾ ਸਿੰਘ (ਪ੍ਰਿੰਸੀਪਲ), ਗੁਰਦੇਵ ਸਿੰਘ ਘਣਗਸ, ਤਾਰਾ ਸਾਗਰ, ਜਯੋਤੀ ਸਿੰਘ, ਜੋਗਿੰਦਰ ਕੌਰ, ਸੁਖਵੰਤ ਸੁੱਖੀ, ਹਰਪ੍ਰੀਤ ਕੌਰ ਧੂਤ, ਹਰਜੀਤ ਹਠੂਰ, ਕਮਲ ਬੰਗਾ ਆਦਿ ਸ਼ਾਮਲ ਹਨ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ ਅਤੇ ਹਰਜੀਤ ਹਠੂਰ ਨੇ ਬਾਖੂਬੀ ਨਿਭਾਈ। ਅੰਤ ਵਿਚ ਪ੍ਰਸਿੱਧ ਗਜ਼ਲਗੋ ਸੁਰਿੰਦਰ ਸੀਰਤ ਨੇ ਭਾਵ ਭਿੰਨੇ ਸ਼ਬਦਾਂ ਵਿਚ ਆਏ ਮਹਿਮਾਨਾਂ, ਲੇਖਕਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਭਵਿੱਖ ਵਿਚ ਵੀ ਅਜਿਹੇ ਸਮਾਗਮਾਂ ਲਈ ਸਾਹਿਤ ਪ੍ਰੇਮੀਆਂ ਤੋਂ ਭਰਵਾਂ ਹੁੰਗਾਰਾ ਮਿਲਦਾ ਰਹੇਗਾ।

ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ ਨਾਲ ਫੋਨ: 209-610-5055 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸੈਨ ਹੋਜ਼ੇ ਗੁਰੂਘਰ 'ਚ ਬੱਚਿਆਂ ਲਈ ਖੇਡ ਮੈਦਾਨ ਦਾ ਉਦਘਾਟਨ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਅਹਾਤੇ ਵਿਚ ਬੱਚਿਆਂ ਲਈ ਖੇਡ ਮੈਦਾਨ ਦਾ ਰਸਮੀ ਉਦਘਾਟਨ ਲੰਘੇ ਐਤਵਾਰ ਕੀਤਾ ਗਿਆ। ਹੁਣ 5 ਤੋਂ 12 ਸਾਲ ਉਮਰ ਵਰਗ ਤੱਕ ਦੇ ਬੱਚੇ ਝੂਲਿਆਂ, ਸਲਾਈਡਾਂ, ਮੰਕੀ ਬਾਰ ਅਤੇ ਸੰਗੀਤਕ ਯੰਤਰਾਂ ਨਾਲ ਆਪਣਾ ਮਨ ਪਰਚਾ ਸਕਣਗੇ। ਇਥੇ ਵਾਲੀਬਾਲ ਅਤੇ ਬਾਸਕਟ ਬਾਲ ਖੇਡ ਮੈਦਾਨ ਪਹਿਲਾਂ ਹੀ ਹਨ।

ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਅਰਦਾਸ ਨਾਲ ਰਸਮੀ ਉਦਘਾਟਨ ਹੋਇਆ। ਇਸ ਮੌਕੇ ਡਾ. ਗੁਰਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਪ੍ਰਾਜੈਕਟ ਦੇ ਪਿਛੋਕੜ ਬਾਰੇ ਦੱਸਿਆ। ਇਸ ਤੋਂ ਬਾਅਦ ਉਨ੍ਹਾਂ ਇਸ ਪ੍ਰਾਜੈਕਟ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸੁਰਜੀਤ ਸਿੰਘ ਬੈਂਸ ਨਾਲ ਜਾਣ-ਪਛਾਣ ਕਰਵਾਈ। ਸੁਰਜੀਤ ਸਿੰਘ ਬੈਂਸ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਇਸ ਪ੍ਰਾਜੈਕਟ ਨਾਲ ਜੁੜੇ ਹੋਰ ਕਾਰਜ ਛੇਤੀ ਹੀ ਨੇਪਰੇ ਚਾੜ੍ਹਨ ਬਾਰੇ ਜਾਣਕਾਰੀ ਸਾਂਝੀ ਕੀਤੀ।

ਸਮਾਗਮ ਦੀ ਮੁੱਖ ਮਹਿਮਾਨ ਇਲਾਕੇ ਦੀ ਕੌਂਸਲ ਮੁਖੀ ਸਿਲਵੀਆ ਅਰੇਨਸ ਸਨ। ਉਨ੍ਹਾਂ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਬੱਚਿਆਂ ਦੇ ਵਿਕਾਸ ਲਈ ਅਜਿਹੇ ਪ੍ਰਾਜੈਕਟਾਂ ਦਾ ਬੜਾ ਵੱਡਾ ਯੋਗਦਾਨ ਹੁੰਦਾ ਹੈ।

ਇਸ ਮੌਕੇ ਸੁਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਬੀਬੀ ਸਿਲਵੀਆ ਨੇ ਹੀ ਸਟ੍ਰੀਟ ਦਾ ਨਾਂ ਗੁਰਦੁਆਰਾ ਐਵਨਿਊ ਰਖਵਾਉਣ ਅਤੇ ਹੋਰ ਕਾਰਜਾਂ ਨੂੰ ਸਿਰੇ ਚਾੜ੍ਹਨ ਵਿਚ ਅਹਿਮ ਰੋਲ ਨਿਭਾਇਆ ਹੈ।

ਇਸ ਦੌਰਾਨ ਭੁਪਿੰਦਰ (ਬੌਬ) ਸਿੰਘ ਢਿੱਲੋਂ ਨੇ ਬੀਬੀ ਸਿਲਵੀਆ, ਸੰਗਤ, ਮਾਪਿਆਂ ਅਤੇ ਸਕੂਲ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਖੇਡ ਮੈਦਾਨ ਦੇ ਹੋਰ ਕਾਰਜ ਨੇਪਰੇ ਚਾੜ੍ਹਨ ਲਈ ਸੰਗਤ ਨੂੰ ਖੁੱਲ੍ਹ ਕੇ ਦਾਨ ਕਰਨ ਲਈ ਪ੍ਰੇਰਿਆ। ਸਮਾਗਮ ਨੂੰ ਸ੍ਰੀਮਤੀ ਰੇਖੀ ਨੇ ਵੀ ਸੰਬੋਧਨ ਕੀਤਾ।








## ਜਦੋਂ ਚੂਹੇ ਨੇ ਰੋਕਿਆ ਏਅਰ ਇੰਡੀਆ ਦਾ ਜਹਾਜ਼

**ਨਵੀਂ ਦਿੱਲੀ:** ਏਅਰ ਇੰਡੀਆ ਦੀ ਨਵੀਂ ਦਿੱਲੀ ਤੋਂ ਸੈਨ ਫਰਾਂਸਿਸਕੋ ਜਾ ਰਹੀ ਉਡਾਣ ਨੂੰ ਇਕ ਚੂਹੇ ਕਰ ਕੇ ਨੌਂ ਘੰਟਿਆਂ ਲਈ ਲਮਕਾਉਣਾ ਪਿਆ। ਇਸ ਉਡਾਣ ਵਿਚ ਦੋ ਸੌ ਤੋਂ ਵੱਧ ਮੁਸਾਫਰ ਸਵਾਰ ਸਨ। ਵਿਸ਼ਵ ਦੀਆਂ ਸਭ ਤੋਂ ਲੰਮੀਆਂ ਉਡਾਣਾਂ ਵਿਚ ਸ਼ੁਮਾਰ ਏਅਰ ਇੰਡੀਆ ਦੀ ਦਿੱਲੀ-ਸੈਨ ਫਰਾਂਸਿਸਕੋ ਉਡਾਣ ਵਿਚ ਇਹ ਭਾਣਾ ਵਾਪਰਿਆ।

ਏਅਰ ਇੰਡੀਆ ਦੇ ਅਧਿਕਾਰੀ ਨੇ ਦੱਸਿਆ ਕਿ ਸਵੇਰੇ ਜਹਾਜ਼ ਉਡਾਣ ਭਰਨ ਲਈ ਤਿਆਰ ਸੀ ਜਦੋਂ ਕਿਸੇ ਦੀ ਨਜ਼ਰ ਚੂਹੇ 'ਤੇ ਪੈ ਗਈ। ਜਹਾਜ਼ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ। ਇਸ ਮੌਕੇ ਜਹਾਜ਼ ਵਿਚ ਇਕਾਨਮੀ ਕਲਾਸ ਦੇ 173 ਜਦਕਿ ਬਿਜ਼ਸਨ ਕਲਾਸ ਵਿਚ ਸਫਰ ਕਰਨ ਵਾਲੇ ਮੁਸਾਫਰਾਂ ਦੀ ਗਿਣਤੀ 34 ਸੀ। ਮਗਰੋਂ ਜਹਾਜ਼ ਨੂੰ ਪਾਰਕਿੰਗ ਬੇਅ 'ਚ ਲਿਜਾਇਆ ਗਿਆ ਜਿਥੇ ਲਗਭਗ ਛੇ ਘੰਟਿਆਂ ਤੱਕ ਇਸ ਵਿਚ ਦਵਾਈ ਦਾ ਛਿੜਕਾਅ ਕੀਤਾ ਗਿਆ।

ਲੱਖ ਖੁਸ਼ੀਆਂ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇਇ॥




ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਬਾਨੀ ਰਸ਼ਪਾਲ ਸਿੰਘ ਫਰਵਾਲਾ ਅਤੇ ਉਨ੍ਹਾਂ ਦੀ ਸੁਪਤਨੀ ਮਨਦੀਪ ਫਰਵਾਲਾ ਨੇ ਪੋਤਰੇ ਜਗਵੀਰ ਸਿੰਘ ਸੰਘੇੜਾ (ਸਪੁੱਤਰ ਵਰਿੰਦਰ ਸੰਘੇੜਾ ਅਤੇ ਜਸਮੀਨ ਸੰਘੇੜਾ) ਦਾ ਪਹਿਲਾ ਜਨਮ ਦਿਨ ਸਮੂਹ ਫਰਵਾਲਾ ਪਰਿਵਾਰ ਨਾਲ ਮਿਲ ਕੇ ਪੂਰੇ ਉਤਸ਼ਾਹ ਨਾਲ ਲੰਘੀ 19 ਅਗਸਤ ਨੂੰ ਮਨਾਇਆ। ਇਸ ਮੌਕੇ ਨਾਮੀ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਪਰਿਵਾਰ ਨੂੰ ਵਧਾਈ ਦਿੱਤੀ।

HIGH QUALITY PICTURE
HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426

# ਯੂਬਾ ਸਿਟੀ ਵਿਚ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਦਾ ਸਫਲ ਮੰਚਨ

**ਯੂਬਾ ਸਿਟੀ (ਬਿਊਰੋ):** ਅਸ਼ੋਕ ਟਾਂਗਰੀ ਦੇ ਨਿਰਦੇਸ਼ਨ ਹੇਠ ਤਿਆਰ ਕੀਤਾ ਗਿਆ ਪੰਜਾਬੀ ਕਿਸਾਨ ਦੀ ਆਰਥਿਕ ਅਤੇ ਸਮਾਜਿਕ ਦੁਰਦਸ਼ਾ ਨੂੰ ਬਿਆਨਦਾ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਯੂ ਐਸ ਏ ਪੰਜਾਬੀ ਵੋਮੈਨਜ਼ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਹਰਜੀਤ ਉਪਲ ਦੀ ਅਗਵਾਈ ਹੇਠ ਇਥੇ ਯੂਬਾ ਸਿਟੀ ਹਾਈ ਸਕੂਲ ਵਿਚ ਖੇਡਿਆ ਗਿਆ। ਇਸ ਨਾਟਕ ਨੂੰ ਵੇਖਣ ਲਈ ਵੱਡੀ ਗਿਣਤੀ ਵਿਚ ਪੰਜਾਬੀ ਪਰਿਵਾਰਾਂ ਨੇ ਇਸ ਗੱਲ ਨੂੰ ਤਸਦੀਕ ਕੀਤਾ ਕਿ ਕਰਜ਼ੇ ਦੇ ਭਾਰ ਹੇਠ ਆਏ ਕਿਸਾਨ ਅਤੇ ਸਰਕਾਰਾਂ ਵਲੋਂ ਮੰਡੀਆਂ 'ਚ ਕਿਸਾਨ ਦੀ ਕੀਤੀ ਜਾ ਰਹੀ ਦੁਰਦਸ਼ਾ ਦਾ ਦਰਦ ਉਨ੍ਹਾਂ ਦੇ ਮਨਾਂ ਅੰਦਰ ਪੰਜਾਬ ਦੀ ਧਰਤੀ ਤੋਂ ਕੋਹਾਂ ਦੂਰ ਬੈਠ ਕੇ ਵੀ ਹੈ।



ਅਸ਼ੋਕ ਟਾਂਗਰੀ ਅਤੇ ਜਸਵੰਤ ਸਿੰਘ ਸ਼ਾਦ ਨਾਟਕ ਦੇ ਇਕ ਦ੍ਰਿਸ਼ ਵਿਚ

ਨਾਟਕ ਵਿਚ ਅਸ਼ੋਕ ਟਾਂਗਰੀ ਦੀ ਸਮੁੱਚੀ ਟੀਮ ਨੇ ਨਾ ਸਿਰਫ ਇਸ ਕਿਰਸਾਨੀ ਪੀੜਾ ਤੇ ਫਹੇ ਰੱਖ ਕੇ ਫੂਕਾਂ ਮਾਰੀਆਂ ਹਨ ਅਤੇ ਇਸ ਗੰਭੀਰ ਮਸਲੇ ਨੂੰ ਉਜਾਗਰ ਕਰਨ ਦਾ ਵੀ ਸਫਲ ਯਤਨ ਕੀਤਾ ਹੈ। ਕੁਲਦੀਪ ਦੀਪ ਦੇ ਲਿਖੇ ਇਸ ਨਾਟਕ ਵਿਚ ਦਰਸਾਇਆ ਗਿਆ ਹੈ ਕਿ ਮੱਧ ਵਰਗੀ ਕਿਸਾਨਾਂ ਨੂੰ ਧੀਆਂ-ਪੁੱਤਰ ਵਿਆਹੁਣ ਜੋਗਾ ਆਰਥਿਕ ਵਸੀਲਾ ਵੀ ਹਾਸਲ ਨਹੀਂ ਹੋ ਰਿਹਾ ਅਤੇ ਉਹ ਕਰਜ਼ਾ ਚੁੱਕਣ ਲਈ ਮਜਬੂਰ ਹੁੰਦਾ ਜਾ ਰਿਹਾ ਹੈ। ਇਕ ਸਾਧਾਰਨ ਕਿਸਾਨ ਲਈ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਲਿਖਾਉਣਾ ਵੀ ਅਤਿ ਕਠਿਨ ਕਾਰਜ ਹੋ ਨਿੱਬੜਿਆ ਹੈ।



ਯੂਐਸਏ ਵੋਮੈਨ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਹਰਜੀਤ ਉਪਲ ਦੀ ਅਗਵਾਈ 'ਚ ਨਿਰਦੇਸ਼ਕ ਅਸ਼ੋਕ ਟਾਂਗਰੀ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼

ਨਾਟਕ ਵਿਚ ਜਸਵੰਤ ਸਿੰਘ ਸ਼ਾਦ ਦਾ ਬਚਿੱਤਰ ਸਿੰਘ ਦੇ ਰੂਪ ਵਿਚ ਕਿਸਾਨ ਦੇ ਦਰਦ ਨੂੰ ਪੇਸ਼ ਕਰਦਾ ਨਿਭਾਇਆ ਕਿਰਦਾਰ ਹੋਰ ਵੀ ਪ੍ਰਭਾਵਸ਼ਾਲੀ ਉਦੋਂ ਬਣਦਾ ਗਿਆ ਜਦੋਂ ਸੰਵਾਦ ਉਚਾਰਣ ਦੀ ਕਲਾ ਨੇ ਦਰਸ਼ਕਾਂ ਦੇ ਦਿਲਾਂ ਨੂੰ ਅੰਦਰ ਤੱਕ ਹਲੂਣ ਸੁੱਟਿਆ।

ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਨਿਭਾਇਆ ਤਾਂ ਅਮਲੀ ਦਾ ਕਿਰਦਾਰ ਹੈ ਪਰ ਕਿਸਾਨ ਦੇ ਦਰਦ ਦੀਆਂ ਹੂਕਾਂ ਨੂੰ ਬੜੇ ਜਜ਼ਬਾਤੀ ਰੌਂਅ ਵਿਚ ਪੇਸ਼ ਕਰਕੇ ਦਰਸ਼ਕਾਂ ਨੂੰ ਜਜ਼ਬਾਤੀ ਕਰੀ ਰੱਖਿਆ। ਪਿਛਲੇ ਇਕ ਦਹਾਕੇ ਤੋਂ ਰੰਗ ਮੰਚ ਨਾਲ ਜੁੜੀ ਡਿੰਪਲ ਬੈਂਸ ਅਤੇ ਉਸ ਦੀ ਧੀ ਜਾਨਵੀ ਬੈਂਸ ਨੇ 'ਧੀਆਂ ਮਰਜਾਣੀਆਂ' ਤੋਂ ਬਾਅਦ ਇਸ ਨਾਟਕ ਵਿਚ ਵੀ ਪ੍ਰਮੁੱਖ ਭੂਮਿਕਾ ਨਿਭਾਈ। ਜਸ ਢਿੱਲੋਂ, ਸੋਨੂੰ ਬੈਂਸ, ਸਿਕੰਦਰ ਟਾਂਗਰੀ ਅਤੇ ਅਭਿਰਾਜ ਟਾਂਗਰੀ ਨੇ ਵੀ ਇਸ ਨਾਟਕ ਵਿਚ ਕਿਰਦਾਰ ਨਿਭਾਉਣ ਦੇ ਨਾਲ ਨਾਲ ਰੰਗ ਮੰਚ ਦੀ ਪਿੱਠਵਰਤੀ ਕਾਰਜ ਸ਼ੈਲੀ ਬਾਖੂਬੀ ਨਿਭਾਈ। ਨਾਟਕ ਦੇ ਨਿਰਮਾਤਾ ਅਤੇ ਉਘੇ ਸ਼ਾਇਰ ਤਾਰਾ ਸਿੰਘ ਸਾਗਰ ਨੇ ਵਿਚੋਲੇ ਦਾ ਕਿਰਦਾਰ ਬਾਖੂਬੀ ਨਿਭਾਇਆ।

# 17 ਸਤੰਬਰ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ 'ਤੇ: ਗਾਖਲ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 17 ਸਤੰਬਰ, ਐਤਵਾਰ ਨੂੰ ਇਥੇ ਲੋਗਨ ਹਾਈ ਸਕੂਲ ਵਿਚ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸ ਕਬੱਡੀ ਕੱਪ ਵਿਚ ਹਿੱਸਾ ਲੈਣ ਵਾਲੇ ਕੌਮਾਂਤਰੀ ਪ੍ਰਸਿੱਧੀ ਵਾਲੇ ਖਿਡਾਰੀ ਆਉਣੇ ਸ਼ੁਰੂ ਹੋ ਗਏ ਹਨ। ਮੇਲੇ ਵਿਚ ਕਬੱਡੀ ਦੀ ਖੇਡ ਨਾਲ ਸਬੰਧਤ ਨਾਮੀ ਸ਼ਖਸੀਅਤਾਂ ਵੀ ਪਹੁੰਚਣਗੀਆਂ।

ਉਨ੍ਹਾਂ ਕਿਹਾ ਕਿ ਕਬੱਡੀ ਕੱਪ ਟੂਰਨਾਮੈਂਟ ਪ੍ਰਤੀ ਦਰਸ਼ਕਾਂ ਵਿਚ ਕਾਫੀ ਉਤਸ਼ਾਹ ਹੈ। ਟੂਰਨਾਮੈਂਟ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਦਰਸ਼ਕਾਂ ਲਈ ਲੰਗਰ-ਪਾਣੀ ਦਾ ਵੀ ਚੰਗਾ ਪ੍ਰਬੰਧ ਹੋਵੇਗਾ। ਮੇਲੇ ਦਾ ਉਦਘਾਟਨ ਨਾਮੀ ਕਬੱਡੀ ਪ੍ਰੋਮੋਟਰ ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ। ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਰਵਿੰਦਰ ਗਾਖਲ, ਨੇਕੀ ਅਟਵਾਲ ਤੇ ਪਿੰਕੀ ਅਟਵਾਲ ਵਲੋਂ ਅਤੇ ਦੂਜਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦਿੱਤਾ ਜਾਵੇਗਾ।

ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕਲੱਬ ਦੇ ਪ੍ਰਬੰਧਕਾਂ ਦੀ ਇਕ ਮੀਟਿੰਗ ਇਥੇ ਰਾਜਾ ਸਵੀਟਸ ਵਿਖੇ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਜਨਰਲ ਸਕੱਤਰ ਅਸ਼ੋਕ ਭੌਰਾ ਸ਼ਾਮਿਲ ਹੋਏ। ਅਮੋਲਕ ਸਿੰਘ ਗਾਖਲ ਨੇ ਸਮੂਹ ਪੰਜਾਬੀਆਂ ਨੂੰ ਖੇਡ ਮੇਲੇ ਦਾ ਅਨੰਦ ਮਾਣਨ ਲਈ ਪਹੁੰਚਣ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਲਈ ਚੇਅਰਮੈਨ ਮੱਖਣ ਸਿੰਘ ਬੈਂਸ ਫੋਨ: 510-715-1619 ਜਾਂ ਅਸ਼ੋਕ ਭੌਰਾ ਫੋਨ: 510-415-3315 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਅਮੋਲਕ ਸਿੰਘ ਗਾਖਲ

# ਕਰਮਨ ਪੰਜਾਬੀ ਸਕੂਲ ਵੱਲੋਂ ਦਸਵੇਂ ਸਾਲ ਦਾ ਸੈਸ਼ਨ ਸ਼ੁਰੂ



ਪੰਜਾਬੀ ਸਕੂਲ ਦੀ ਇਕ ਕਲਾਸ ਵਿਚ ਬੱਚੇ

**ਫਰਿਜ਼ਨੋ (ਬਿਊਰੋ):** ਨਜ਼ਦੀਕੀ ਸ਼ਹਿਰ ਕਰਮਨ ਵਿਖੇ ਚਲਾਏ ਜਾ ਰਹੇ 'ਕਰਮਨ ਪੰਜਾਬੀ ਸਕੂਲ' ਦੇ ਦਸਵੇਂ ਸਾਲ ਦੇ ਸੈਸ਼ਨ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕੀਤੀ ਗਈ।

ਸੈਂਟਰਲ ਵੈਲੀ ਦੇ ਇਸ ਸਕੂਲ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਅਤੇ ਗੁਰਮੁਖੀ ਲਿਖਣੀ ਸਿਖਾਈ ਜਾਂਦੀ ਹੈ। ਇਸ ਤੋਂ ਇਲਾਵਾ ਗੁਰਮਤਿ ਗਿਆਨ, ਸਿੱਖ ਇਤਿਹਾਸ ਦੀ ਪੜ੍ਹਾਈ, ਗੁਰਬਾਣੀ ਕੀਰਤਨ ਦੀ ਸਿਖਲਾਈ ਅਤੇ ਸਰਬ-ਸਾਂਝੀ ਲੀਡਰਸ਼ਿਪ ਦਾ ਗਿਆਨ ਦਿੱਤਾ ਜਾਂਦਾ ਹੈ। ਪੰਜਾਬੀ ਸਭਿਆਚਾਰ ਦੀਆਂ ਕਲਾਸਾਂ ਵਿਚ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਪੰਜਾਬੀ ਸਕੂਲ ਵਿਚ 100 ਤੋਂ ਵੱਧ ਬੱਚੇ ਪੜ੍ਹਦੇ ਹਨ ਅਤੇ 20 ਟੀਚਰ ਵਾਲੰਟੀਅਰ ਵਜੋਂ ਫਰੀ ਸੇਵਾਵਾਂ ਨਿਭਾ ਰਹੇ ਹਨ। ਕਲਾਸਾਂ ਦੀ ਸਮਾਪਤੀ 'ਤੇ ਬੱਚੇ ਰਲ ਬੈਠ ਕੇ ਲੰਗਰ ਛਕਦੇ ਹਨ।

# ਪੱਤਰਕਾਰ ਜਗਜੀਤ ਸਿੰਘ ਥਿੰਦ ਦਾ ਸਨਮਾਨ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਵੱਲੋਂ ਸੀਨੀਅਰ ਪੰਜਾਬੀ ਪੱਤਰਕਾਰ ਸ. ਜਗਜੀਤ ਸਿੰਘ ਥਿੰਦ (ਕਰਮਨ ਨਿਵਾਸੀ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



ਸ. ਜਗਜੀਤ ਸਿੰਘ ਥਿੰਦ ਦਾ ਸਨਮਾਨ ਕਰ ਰਹੀਆਂ ਸ਼ਖਸੀਅਤਾਂ

ਇਹ ਸਨਮਾਨ ਉਨ੍ਹਾਂ ਨੂੰ ਭਾਈਚਾਰੇ ਨੂੰ ਪੰਜਾਬੀ ਲਾਇਬਰੇਰੀਆਂ ਨਾਲ ਜੋੜਨ ਅਤੇ ਪੁਸਤਕਾਂ ਇਕੱਠੀਆਂ ਕਰਨ ਵਿਚ ਵਡਮੁੱਲਾ ਸਹਿਯੋਗ ਦੇਣ ਬਦਲੇ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਗੁਰੂਘਰ ਵਿਖੇ ਪੰਜਾਬੀ ਸਕੂਲ ਦੇ ਪ੍ਰਬੰਧਕਾਂ ਵੱਲੋਂ ਸ. ਥਿੰਦ ਦੀ ਪ੍ਰੇਰਨਾ ਸਦਕਾ ਪੰਜਾਬੀ ਅਤੇ ਗੁਰਮਤਿ ਇਤਿਹਾਸ ਨਾਲ ਸਬੰਧਤ ਪੁਸਤਕਾਂ ਦੀ ਲਾਇਬਰੇਰੀ ਬਣਾਈ ਗਈ ਹੈ।

ਇਸ ਤੋਂ ਪਹਿਲਾਂ ਗੁਰੂ ਘਰ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਜਥੇ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਸ਼ਬਦ ਕੀਰਤਨ ਅਤੇ ਭਾਈ ਮਲਕੀਤ ਸਿੰਘ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ।

ਇਸ ਮੌਕੇ ਵੱਖ ਵੱਖ ਬੁਲਾਰਿਆਂ-ਸਮਾਜ ਸੇਵੀ ਮਹਿੰਦਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਮਾਨ ਅਤੇ ਗੁੱਡੀ ਸਿੱਧੂ ਨੇ ਗੁਰੂਘਰ ਦੇ ਪੰਜਾਬੀ ਸਕੂਲ ਵਿਚ ਲਾਇਬਰੇਰੀ ਬਣਾਉਣ ਲਈ ਸ. ਥਿੰਦ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

## ਜਬਰ ਜਨਾਹ ਦੇ ਦੋਸ਼ੀ ਤਿੰਨ ਨੌਜਵਾਨਾਂ ਨੂੰ 20-20 ਸਾਲ ਕੈਦ

**ਗੁਰਦਾਸਪੁਰ:** ਨਾਬਾਲਗ ਲੜਕੀ ਨਾਲ ਜਬਰ ਜਨਾਹ ਦੇ ਦੋਸ਼ ਵਿਚ ਅਦਾਲਤ ਨੇ ਤਿੰਨ ਨੌਜਵਾਨਾਂ ਨੂੰ 20-20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਪੀੜਤ ਲੜਕੀ ਦੀ ਮਾਤਾ ਵੱਲੋਂ ਸ੍ਰੀ ਹਰਗੋਬਿੰਦਪੁਰ ਥਾਣਾ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੇ ਮੁਹੱਲੇ 'ਚ ਰਹਿਣ ਵਾਲੇ ਬਲਵੰਤ ਸਿੰਘ ਉਰਫ ਮੰਨੂੰ, ਦੀਪਕ ਕੁਮਾਰ ਉਰਫ ਦੀਪੂ ਵੱਲੋਂ ਉਸ ਦੀ ਲੜਕੀ ਨਾਲ ਆਪਣੇ ਹੀ ਘਰ 'ਚ ਜਬਰ ਜਨਾਹ ਕੀਤਾ ਗਿਆ ਸੀ। ਅਦਾਲਤ ਨੇ ਮੁੱਦਈ ਧਿਰ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤੀ ਜਤਾਉਂਦੇ ਹੋਏ ਤਿੰਨਾਂ ਦੋਸ਼ੀਆਂ ਨੂੰ 20-20 ਸਾਲ ਦੀ ਕੈਦ ਦੀ ਸਜ਼ਾ ਸੁਣਾਈ।

# ਫੰਡਾਂ ਦੀ ਤੋੜ ਅੱਗੇ ਬੇਵਸ ਹੋਇਆ ਭਾਸ਼ਾ ਵਿਭਾਗ, ਛਪਾਈ ਵੀ ਰੁਕੀ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਨਵੀਆਂ ਪੁਸਤਕਾਂ ਦੀ ਛਪਾਈ ਲਈ ਵਰ੍ਹਿਆਂ ਬਾਅਦ ਵੀ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਅਜਿਹੇ ਵਿਚ ਵਿਭਾਗ ਦਾ ਪੁਸਤਕ ਭੰਡਾਰ ਤੇ ਪੁਸਤਕ ਪ੍ਰੇਮੀ ਘਟ ਰਹੇ ਹਨ। 'ਮਹਾਨ ਕੋਸ਼' ਸਮੇਤ ਢਾਈ ਸੌ ਦੇ ਕਰੀਬ ਹੋਰ ਅਹਿਮ ਪੁਸਤਕਾਂ ਦੀ ਮੁੜ ਛਪਾਈ ਵੀ ਅਧਵਾਟੇ ਲਟਕੀ ਹੋਈ ਹੈ। ਵਿਭਾਗ ਪੁਰਾਣੀਆਂ ਛਪਵਾਈਆਂ ਕਿਤਾਬਾਂ ਦੀ ਅਦਾਇਗੀ ਕਰਨ ਤੋਂ ਵੀ ਕੰਨੀ ਕਤਰਾ ਰਿਹਾ ਹੈ।




ਦੱਸ ਦਈਏ ਕਿ ਭਾਸ਼ਾ ਵਿਭਾਗ ਪਿਛਲੇ ਕਈ ਵਰ੍ਹਿਆਂ ਤੋਂ ਫੰਡਾਂ ਦੀ ਤੋਟ ਕਾਰਨ ਨਵੀਆਂ ਕਿਤਾਬਾਂ ਛਪਵਾਉਣ ਤੋਂ ਪੂਰੀ ਤਰ੍ਹਾਂ ਅਸਮਰੱਥ ਹੈ। ਹੈਰਾਨੀ ਦੀ ਗੱਲ ਹੈ ਕਿ ਵਿਭਾਗ ਨੇ ਨਵੀਆਂ ਕਿਤਾਬਾਂ ਨੂੰ ਤਾਂ ਕੀ ਹੱਥ ਪਾਉਣਾ ਸੀ, ਬਲਕਿ ਪੁਰਾਣੀਆਂ ਛਪਵਾਈਆਂ ਕਿਤਾਬਾਂ ਦੀ ਅਦਾਇਗੀ ਨਾ ਕੀਤੇ ਜਾਣ ਤੋਂ ਪੰਜਾਬ ਦੇ ਪ੍ਰਕਾਸ਼ਕਾਂ ਵਿਚ ਰੋਸ ਹੈ। ਆਖਰੀ ਵਾਰ ਜਦੋਂ ਵਿਭਾਗ ਨੇ ਕੁਝ ਕਿਤਾਬਾਂ ਬਾਹਰੀ ਪ੍ਰਿੰਟਿੰਗ ਪ੍ਰੈੱਸ ਤੋਂ ਛਪਵਾਈਆਂ ਸਨ ਤਾਂ ਉਨ੍ਹਾਂ ਪ੍ਰੈੱਸ ਮਾਲਕਾਂ ਦੀ ਅਦਾਇਗੀ ਹਾਲੇ ਤੱਕ ਨਹੀਂ ਕੀਤੀ ਗਈ। ਇਨਕਲਾਬੀ ਪ੍ਰਿੰਟਰਜ਼ ਦੇ ਮਾਲਕ ਹਰਬੀਰ ਸਿੰਘ ਦਾ ਕਹਿਣਾ ਹੈ ਕਿ ਉਸ ਸਮੇਤ ਪੰਜ-ਛੇ ਪ੍ਰੈੱਸ ਪ੍ਰਿੰਟਿੰਗ ਮਾਲਕਾਂ ਦੇ ਕਰੀਬ 50 ਲੱਖ ਰੁਪਏ ਭਾਸ਼ਾ ਵਿਭਾਗ ਵੱਲ ਫਸੇ ਹੋਏ ਹਨ। ਇਕੱਲੀ ਉਸ ਦੀ ਫਰਮ ਦਾ ਹੀ 25 ਲੱਖ ਦੇ ਕਰੀਬ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਉਨ੍ਹਾਂ ਨੇ ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਕੋਲ ਉਠਾਇਆ ਸੀ। ਉਨ੍ਹਾਂ ਨੇ ਫਸੀ ਰਕਮ ਦਿਵਾਉਣ ਦਾ ਪੂਰਾ ਭਰੋਸਾ ਦਿਵਾਇਆ ਸੀ, ਪਰ ਹਾਲੇ ਤੱਕ ਉਨ੍ਹਾਂ ਨੂੰ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ।

ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਪਹਿਲੇ ਪ੍ਰਿੰਟਿੰਗ ਪ੍ਰੈੱਸ ਵਾਲਿਆਂ ਦੀ ਦੇਣਦਾਰੀ ਨਾ ਹੋਣ ਕਰ ਕੇ ਅਗਲੀਆਂ ਕਿਤਾਬਾਂ ਦੀ ਛਪਾਈ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗਾ ਹੋਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਵਿਭਾਗ ਵੱਲੋਂ ਪਹਿਲੀਆਂ ਛਪੀਆਂ ਕਿਤਾਬਾਂ ਦੀ ਦੇਣਦਾਰੀ ਨਾ ਕਰਨ ਕਰ ਕੇ ਵਿਭਾਗ ਦੀਆਂ ਛਪਾਈਯੋਗ ਕਰੀਬ ਢਾਈ ਸੌ ਕਿਤਾਬਾਂ ਤੇ ਕੋਸ਼ਾਂ ਦਾ ਭਵਿੱਖ ਦਾਅ 'ਤੇ ਲੱਗਿਆ ਹੋਇਆ ਹੈ। ਕਈ ਕਿਤਾਬਾਂ ਨੂੰ ਤਾਂ ਵਿਭਾਗ ਦੇ ਪੁਸਤਕ ਭੰਡਾਰ ਵਿਚੋਂ ਮੁੱਕਿਆਂ ਕਈ ਵਰ੍ਹੇ ਹੋ ਗਏ ਹਨ।

ਪੰਜਾਬ ਦੇ ਪਹਿਲੇ ਪ੍ਰਮਾਣਿਕ ਇਨਸਾਈਕਲੋਪੀਡੀਆ ਜਾਣੇ ਜਾਂਦੇ ਭਾਈ ਕਾਨ੍ਹ ਸਿੰਘ ਰਚਿਤ 'ਮਹਾਨ ਕੋਸ਼' ਦਾ ਹਰ ਐਡੀਸ਼ਨ ਹੱਥੋ-ਹੱਥੀ ਵਿਕਦਾ ਹੈ ਅਤੇ ਹੁਣ ਤੱਕ ਇਸ ਦੇ 7 ਐਡੀਸ਼ਨ ਛਪ ਚੁਕੇ ਹਨ ਪਰ ਹੁਣ ਕੋਈ ਢਾਈ ਸਾਲ ਤੋਂ ਇਹ ਮਹਾਨ ਕੋਸ਼ ਵੀ ਭਾਸ਼ਾ ਵਿਭਾਗ ਦੇ ਪੁਸਤਕ ਭੰਡਾਰ ਵਿਚੋਂ ਮੁੱਕਾ ਹੋਇਆ ਹੈ। ਵਿਭਾਗ ਦੀ ਸਹਾਇਕ ਡਾਇਰੈਕਟਰ ਹਰਭਜਨ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਭਾਗ ਲਈ 57 ਲੱਖ ਰੁਪਏ ਬਜਟ ਵਿਚ ਰੱਖੇ ਹਨ ਜੋ ਖਰਚ ਕਰਨ ਲਈ ਉਚ ਅਧਿਕਾਰੀਆਂ ਤੋਂ ਪ੍ਰਵਾਨਗੀ ਅਜੇ ਨਹੀਂ ਮਿਲੀ।

## ਹੜ੍ਹ ਮਾਰੇ ਬਿਹਾਰ ਨੂੰ 500 ਕਰੋੜ

**ਪੂਰਨੀਆ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਿਹਾਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ ਅਤੇ ਸੂਬੇ ਲਈ 500 ਕਰੋੜ ਰੁਪਏ ਦੀ ਤੁਰਤ ਰਾਹਤ ਐਲਾਨੀ ਹੈ। ਇਸ ਤੋਂ ਇਲਾਵਾ ਕੁਦਰਤੀ ਆਫਤ ਵਿਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਦੋ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ।

# ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਵਸ ਮਨਾਇਆ








**ਗਰੀਨਵੁੱਡ, ਇੰਡੀਆਨਾ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਵਸ ਲੰਘੇ ਐਤਵਾਰ ਮਨਾਇਆ ਗਿਆ। ਇਸ ਮੌਕੇ ਸਿੱਖ ਸੰਘਰਸ਼ ਦੇ ਅਗਸਤ ਮਹੀਨੇ ਦੇ ਸ਼ਹੀਦ ਸਿੰਘਾਂ-ਭਾਈ ਸੁਖਦੇਵ ਸਿੰਘ ਬੱਬਰ, ਭਾਈ ਗੁਰਜੰਟ ਸਿੰਘ ਬੁਧ ਸਿੰਘ ਵਾਲਾ, ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਅਨੋਖ ਸਿੰਘ ਬੱਬਰ ਅਤੇ ਭਾਈ ਰਛਪਾਲ ਸਿੰਘ ਛੰਦੜਾ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਮੋਹਣ ਸਿੰਘ ਦਾਸੂਵਾਲ ਸਪੁੱਤਰ ਭਾਈ ਮਹਿੰਦਰ ਸਿੰਘ ਬੱਬਰ ਨੇ ਸ਼ਬਦ ਕੀਰਤਨ ਰਾਹੀਂ ਗੁਰੂ ਚਰਨਾਂ ਵਿਚ ਹਾਜ਼ਰੀ ਭਰੀ। ਦਮਦਮੀ ਟਕਸਾਲ ਦੇ ਕਥਾਵਾਚਕ ਭਾਈ ਸਾਹਿਬ ਸਿੰਘ ਨੇ 'ਸ਼ਬਦ ਗੁਰੂ ਦੀ ਲੋੜ' ਵਿਸ਼ੇ ਨੂੰ ਆਧਾਰ ਬਣਾ ਕੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ।



ਇਸ ਮੌਕੇ ਕੈਨੇਡਾ ਤੋਂ ਵਿਸ਼ੇਸ਼ ਵੀਡੀਓ ਕਾਨਫਰੰਸ ਕਾਲ ਰਾਹੀਂ ਸਿੱਖ ਵਿਦਵਾਨ ਭਾਈ ਪ੍ਰਭਸ਼ਰਨਬੀਰ ਸਿੰਘ ਨੇ ਸਿੱਖ ਪੰਥ ਵਿਚ ਪੱਸਰੀ ਆਪਸੀ ਖਿੱਚੋਤਾਣ ਅਤੇ ਸਿੱਖ ਸੰਘਰਸ਼ ਦੇ ਪੱਛੜ ਜਾਣ ਦੇ ਕਾਰਨਾਂ ਉਤੇ ਚਾਨਣਾ ਪਾਇਆ। ਉਨ੍ਹਾਂ ਆਖਿਆ ਕਿ ਸਿੱਖਾਂ ਦੀ ਇਸੇ ਖਿੱਚੋਤਾਣ ਕਰਕੇ ਹੀ ਸਿੱਖ ਸੰਘਰਸ਼ ਨੇਪਰੇ ਨਹੀਂ ਚੜ੍ਹ ਸਕਿਆ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਡਾਕਟਰੀ, ਇਨਫਰਮੇਸ਼ਨ ਟੈਕਨਾਲੋਜੀ ਤੇ ਇੰਜੀਨੀਅਰਿੰਗ ਦੇ ਨਾਲ ਨਾਲ ਸੋਸ਼ਲ ਸਾਇੰਸਜ਼ ਵਰਗੇ ਵਿਸ਼ਿਆਂ ਵੱਲ ਰੁਚਿਤ ਹੋਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਰਵਾਇਤੀ ਆਰਟਸ ਵਿਸ਼ਿਆਂ ਨਾਲੋਂ ਇਨ੍ਹਾਂ ਵਿਸ਼ਿਆਂ ਵਿਚ ਕਾਮਯਾਬ ਹੋਣ ਦੇ ਅਵਸਰ ਬਹੁਤੇ ਹਨ।

ਕੈਲੀਫੋਰਨੀਆ ਤੋਂ ਆਏ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਮੁੱਖ ਬੁਲਾਰੇ ਭਾਈ ਦਵਿੰਦਰ ਸਿੰਘ ਬੱਬਰ ਨੇ ਆਪਣੇ ਸੰਬੋਧਨ ਵਿਚ 'ਸਿੱਖੀ ਵਿਚ ਰਾਜ ਦਾ ਸੰਕਲਪ' ਵਿਸ਼ੇ 'ਤੇ ਵਿਸਥਾਰ ਵਿਚ ਚਾਨਣਾ ਪਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੌਜੂਦਾ ਸਮੇਂ ਵਿਚ ਦੁਨੀਆਂ ਵਿਚ ਪ੍ਰਚੱਲਿਤ ਰਾਜ ਪ੍ਰਨਾਲੀਆਂ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀਆਂ ਹਨ, ਸੋ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਸਿੱਖ ਸਿਧਾਂਤਾਂ 'ਤੇ ਆਧਾਰਤ ਹਲੇਮੀ ਰਾਜ ਦੇ ਸੰਕਲਪ ਨੂੰ ਦੁਨੀਆਂ ਵਿਚ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਸਿੱਖ ਵਿਦਵਾਨਾਂ ਨੂੰ ਆਪਸੀ ਉਲਝੇਵੇਂ ਤਿਆਗ ਕੇ ਸਮੂਹਕ ਰੂਪ ਵਿਚ ਇਸ ਵਿਸ਼ੇ ਵੱਲ ਧਿਆਨ ਦੇਣ ਦੀ ਅਪੀਲ ਕੀਤੀ।

ਭਾਈ ਪਲਵਿੰਦਰ ਸਿੰਘ ਸੱਲਾਂ ਨੇ ਚੜ੍ਹਦੀ ਕਲਾ ਵਾਲੀ ਕਵਿਤਾ ਪੜ੍ਹ ਕੇ ਸੰਗਤ ਨੂੰ ਮੰਤਰ ਮੁਗਧ ਕਰ ਦਿਤਾ।

ਇਸ ਮੌਕੇ ਨਿਊ ਯਾਰਕ ਤੋਂ ਭਾਈ ਲਾਲ ਸਿੰਘ, ਭਾਈ ਸਤਪ੍ਰਕਾਸ਼ ਸਿੰਘ, ਭਾਈ ਹਰਜੀਤ ਸਿੰਘ ਖੱਟੜਾ; ਸਿਆਟਲ ਤੋਂ ਭਾਈ ਸੁਖਦੇਵ ਸਿੰਘ ਸੋਹਲ, ਭਾਈ ਸੁਖਦੇਵ ਸਿੰਘ ਨਾਗਰਾ; ਕੈਲੀਫੋਰਨੀਆ ਤੋਂ ਭਾਈ ਦਵਿੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਮੋਹਣ ਸਿੰਘ ਦਾਸੂਵਾਲ; ਅਰਕਨਸਾਸ ਤੋਂ ਭਾਈ ਸਤਵੰਤ ਸਿੰਘ, ਭਾਈ ਨਵਜੋਤ ਸਿੰਘ; ਸ਼ਿਕਾਗੋ ਤੋਂ ਭਾਈ ਦਲਜੀਤ ਸਿੰਘ ਤੇ ਭਾਈ ਪਰਮਿੰਦਰ ਸਿੰਘ ਅਤੇ ਡੈਲਸ ਤੋਂ ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਅਤੇ ਭਾਈ ਸੰਤੋਖ ਸਿੰਘ ਹਾਜ਼ਰ ਹੋਏ।

ਸਮਾਗਮ ਦੇ ਅਖੀਰ ਵਿਚ ਪੰਜਾਬ ਤੋਂ ਪਹੁੰਚੇ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਯੂਥ ਆਗੂ ਗੁਰਲਾਲ ਸਿੰਘ ਸਿੱਧੂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਕਹੇ ਬਚਨਾਂ 'ਤੇ ਪਹਿਰਾ ਦੇਣ 'ਤੇ ਜ਼ੋਰ ਦਿੰਦਿਆਂ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਸਟੇਜ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਬਲੱਗਣ ਅਤੇ ਅਮਰਦੀਪ ਸਿੰਘ ਅਮਰ ਨੇ ਨਿਭਾਈ।

## ਆਧਾਰ ਡਾਟਾ ਸੁਰੱਖਿਅਤ ਹੋਣ ਦਾ ਦਾਅਵਾ

**ਨਵੀਂ ਦਿੱਲੀ:** ਯੂਨੀਕ ਆਇਡੈਂਟੀਫਿਕੇਸ਼ਨ ਅਥਾਰਟੀ ਆਫ ਇੰਡੀਆ ਦਾ ਦਾਅਵਾ ਹੈ ਕਿ ਆਧਾਰ ਪ੍ਰਨਾਲੀ 'ਚ ਕਈ ਸਖਤ ਸੁਰੱਖਿਆ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਰਾਹੀਂ ਡਾਟਾ ਕਿਸੇ ਹੋਰ ਦੇ ਹੱਥਾਂ ਵਿਚ ਜਾਣ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਸੰਵੇਦਨਸ਼ੀਲ ਬਾਇਓਮੀਟਰਿਕ ਡੇਟਾ ਖਾਸ ਵਿਦੇਸ਼ੀ ਏਜੰਸੀਆਂ ਦੇ ਹੱਥਾਂ 'ਚ ਜਾਣ ਦੀਆਂ ਰਿਪੋਰਟਾਂ ਨੂੰ ਵੀ ਖਾਰਜ ਕੀਤਾ।







# ਕਮਜ਼ੋਰ ਪ੍ਰਧਾਨ ਮੰਤਰੀ ਦੁਆਲੇ ਬੁਣੀ ਰਿਸ਼ਤਿਆਂ ਦੀ ਗਾਥਾ




ਮਨਮੋਹਨ ਤੇ ਗੁਰਸ਼ਰਨ ਅਣਕਹੀ ਦਾਸਤਾਨ

ਕਲਾ ਪਰਿਕਰਮਾ

ਕੁਲਦੀਪ ਕੌਰ
ਫੋਨ: +91-98554-04330




ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਬਾਰੇ ਬਹੁਤ ਸਾਰੀਆਂ ਸਿਆਸੀ ਤੇ ਗੈਰ-ਸਿਆਸੀ ਦੰਦ-ਕਥਾਵਾਂ ਪ੍ਰਚਲਿਤ ਹਨ। ਉਨ੍ਹਾਂ ਦੇ ਸਾਬਕਾ ਸਲਾਹਕਾਰ ਸੰਜੇ ਬਾਰੂ ਦੀ ਕਿਤਾਬ 'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ: ਦਿ ਮੇਕਿੰਗ ਐਂਡ ਅਨਮੇਕਿੰਗ ਆਫ ਮਨਮੋਹਨ ਸਿੰਘ' ਨੇ ਇਨ੍ਹਾਂ ਮਿੱਥਾਂ ਅਤੇ ਧਾਰਨਾਵਾਂ ਨੂੰ ਕਈ ਗੁਣਾ ਜ਼ਰਬ ਦੇ ਦਿੱਤੀ ਹੈ। 2012 ਵਿਚ ਅਮਰੀਕੀ ਅਖਬਾਰ 'ਵਾਸ਼ਿੰਗਟਨ ਪੋਸਟ' ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਦੋ ਖੂਬੀਆਂ- ਗੈਰ ਭ੍ਰਿਸ਼ਟਾਚਾਰੀ ਕਿਰਦਾਰ ਤੇ ਆਰਥਿਕ ਤਜਰਬਾ, ਦੋਵਾਂ ਨੂੰ ਤਤਕਾਲੀ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਇਹ ਦੋਵੇਂ ਸਰਕਾਰ ਦੀਆਂ ਕਮਜ਼ੋਰੀਆਂ ਢਕਣ ਨਾਲੋਂ ਉਘਾੜਨ ਦਾ ਕੰਮ ਵੱਧ ਕਰ ਰਹੇ ਹਨ। ਅਮਰੀਕਾ ਦੇ ਮੁੱਖ ਸਿਆਸੀ ਰਸਾਲੇ 'ਨਿਊਜ਼ਵੀਕ' ਨੇ ਮਨਮੋਹਨ ਸਿੰਘ ਨੂੰ ਅਜਿਹਾ ਨੇਤਾ ਦੱਸਿਆ ਜਿਸ ਨੂੰ ਦੁਨੀਆ ਭਰ ਦੇ ਨੇਤਾ ਪਿਆਰ ਕਰਦੇ ਹਨ।

ਲਿਖਾਰੀ ਖੁਸ਼ਵੰਤ ਸਿੰਘ ਆਪਣੇ ਕਾਲਮ ਵਿਚ ਉਨ੍ਹਾਂ ਨੂੰ ਨੇਤਾ ਦੇ ਤੌਰ 'ਤੇ ਜਵਾਹਰ ਲਾਲ ਨਹਿਰੂ ਤੋਂ ਵੀ ਵੱਧ ਨੰਬਰ ਦਿੰਦਿਆਂ ਆਖਦੇ ਹਨ ਕਿ ਮਨਮੋਹਨ ਸਿੰਘ ਨੇ ਨਾ ਸਿਰਫ ਨਹਿਰੂ ਦੇ 'ਆਦਰਸ਼ਵਾਦੀ ਸਮਾਜਵਾਦ' ਤੋਂ ਮੁਲਕ ਨੂੰ 'ਮੁਕਤੀ' ਦਿਵਾਈ, ਸਗੋਂ ਇੰਦਰਾ ਗਾਂਧੀ ਦੀ 'ਮਹਾਨਤਮ' ਹੋਣ ਦੀ ਮਿੱਥ ਨੂੰ ਵੀ ਤਹਿਸ-ਨਹਿਸ ਕਰ ਦਿੱਤਾ। ਉਨ੍ਹਾਂ ਨੂੰ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਵੀ ਗਰਦਾਨਿਆ ਗਿਆ ਅਤੇ ਭਾਰਤ ਦੀ ਅਰਥ ਵਿਵਸਥਾ ਦਾ ਉਦਾਰਵਾਦੀ ਦੇਵਤਾ ਵੀ ਮੰਨਿਆ ਗਿਆ।

ਮੌਜੂਦਾ ਆਰਥਿਕ ਅਤੇ ਸਿਆਸੀ ਹਾਲਾਤ ਦੇ ਪ੍ਰਸੰਗ ਵਿਚ ਅੰਕੜਿਆਂ ਦੀਆਂ ਸਾਰੀਆਂ ਕੜੀਆਂ ਉਨ੍ਹਾਂ ਦੁਆਰਾ ਲਾਗੂ ਕੀਤੀਆਂ ਨਿੱਜੀਕਰਨ/ਉਦਾਰੀਕਰਨ ਅਤੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਨਾਲ ਜਾ ਜੁੜਦੀਆਂ ਹਨ। ਅਜਿਹੇ ਹਾਲਾਤ ਵਿਚ ਉਨ੍ਹਾਂ ਦੀ ਬੇਟੀ ਦਮਨ ਕੌਰ ਦੁਆਰਾ ਲਿਖੀ ਕਿਤਾਬ 'ਸਟ੍ਰਿਕਟਲੀ ਪਰਸਨਲ: ਮਨਮੋਹਨ ਐਂਡ ਗੁਰਸ਼ਰਨ' ਅਜਿਹਾ ਬਿਰਤਾਂਤ ਹੈ ਜਿਹੜਾ ਉਨ੍ਹਾਂ ਦੀ ਨਿੱਜੀ ਅਤੇ ਜਨਤਕ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਗੁੰਮ ਕੜੀਆਂ ਆਪਸ ਵਿਚ ਜੋੜਦਾ ਹੈ। ਇਹ ਬਿਰਤਾਂਤ ਭਾਰਤੀ ਖਿੱਤੇ ਵਿਚ ਪਿਛਲੀ ਸਦੀ ਦੌਰਾਨ ਵਾਪਰੀਆਂ ਸਿਆਸੀ, ਸਮਾਜਿਕ ਅਤੇ ਆਰਥਿਕ ਤਬਦੀਲੀਆਂ ਦੀ ਗਵਾਹੀ ਵੀ ਭਰਦਾ ਹੈ। ਇਹ ਤਿੰਨ ਪੀੜ੍ਹੀਆਂ ਦੇ ਸੰਘਰਸ਼ਾਂ, ਵਿਸ਼ਵਾਸਾਂ, ਸੁਪਨਿਆਂ ਅਤੇ ਉਮੀਦਾਂ ਦਾ ਦਸਤਾਵੇਜ਼ ਵੀ ਹੈ।

ਪੰਜਾਬੀ ਸਿੱਖ ਪਰਿਵਾਰ ਦੀਆਂ ਤਿੰਨ ਜ਼ਹੀਨ ਕੁੜੀਆਂ ਦੇ ਮਾਂ-ਪਿਉ ਉਨ੍ਹਾਂ ਦੀਆਂ ਖਾਹਿਸ਼ਾਂ ਅਤੇ ਖਦਸ਼ਿਆਂ ਨਾਲ ਕਿਵੇਂ ਨਜਿੱਠਦੇ ਹਨ? ਪ੍ਰਧਾਨ ਮੰਤਰੀ ਅਤੇ ਸਾਧਾਰਨ ਬੰਦੇ ਦੇ ਤੌਰ 'ਤੇ ਮਨਮੋਹਨ ਸਿੰਘ ਦੀਆਂ ਦੋਹਾਂ ਸ਼ਖਸੀਅਤਾਂ ਵਿਚਲੀ ਕਸ਼ਮਕਸ਼ ਅਤੇ ਤਾਲਮੇਲ ਨੂੰ ਜਿੰਨੀ ਲੈਅ ਨਾਲ ਦਮਨ ਕੌਰ ਨੇ ਉਸਾਰਿਆ ਹੈ, ਉਨੀ ਖੂਬਸੂਰਤ ਸ਼ੈਲੀ ਵਿਚ ਹੀ ਇਸ ਕਿਤਾਬ ਦੇ ਅਨੁਵਾਦਕ ਦੀਪ ਜਗਦੀਪ ਸਿੰਘ ਨੇ ਇਸ ਨੂੰ ਦੁਬਾਰਾ, ਪੰਜਾਬੀ ਰੂਪ 'ਮਨਮੋਹਨ ਅਤੇ ਗੁਰਸ਼ਰਨ: ਇਕ ਅਣਕਹੀ ਦਾਸਤਾਨ' ਵਿਚ ਜੀਵੰਤ ਕੀਤਾ ਹੈ।

ਇਸ ਕਿਤਾਬ ਵਿਚ ਕਹਾਣੀ ਕਿਸੇ ਲੋਕ ਗਾਥਾ ਵਾਂਗ ਪਰਤ ਦਰ ਪਰਤ ਖੁੱਲ੍ਹਦੀ ਹੈ। ਛੋਟੇ ਜਿਹੇ ਪਿੰਡ ਗਾਹ (ਹੁਣ ਪਾਕਿਸਤਾਨ ਵਿਚ) ਦੀਆਂ ਕੱਚੀਆਂ ਗਲੀਆਂ ਵਿਚ ਖੇਡਦਾ ਜੁਆਕ ਆਪਣੀ ਆਰਥਿਕ ਸਮਝ ਦੇ ਬਲ 'ਤੇ ਮੁਲਕ ਦੀ ਕਿਸਮਤ ਦੁਬਾਰਾ ਵਾਹੇਗਾ, ਇਹ ਸੋਚਣਾ ਹੀ ਹੈਰਾਨ ਕਰਦਾ ਹੈ। ਦਮਨ ਕੌਰ ਦਾ ਹਾਸਲ ਇਹ ਹੈ ਕਿ ਉਨ੍ਹਾਂ ਇਸ ਬਾਤ ਨਾਲ ਜੁੜੇ ਸਾਰੇ ਤੱਥਾਂ ਅਤੇ ਸਬੂਤਾਂ ਦੇ ਪ੍ਰਮਾਣ ਪੱਤਰ ਨਾਲ ਨੱਥੀ ਕਰ ਦਿੱਤੇ ਹਨ। ਇਕ ਪ੍ਰਧਾਨ ਮੰਤਰੀ ਜਿਸ ਦੀ ਸਭ ਤੋਂ ਵੱਡੀ ਕਮਜ਼ੋਰੀ


ਲਿਖਾਰੀ ਦਮਨ ਸਿੰਘ


ਅਨੁਵਾਦਕ ਦੀਪ ਜਗਦੀਪ ਸਿੰਘ

ਉਸ ਦੀ 'ਚੁੱਪ' ਮੰਨੀ ਜਾਂਦੀ ਹੈ, ਪਰ ਉਹ ਅਜਿਹੀ ਕੁੜੀ ਨਾਲ ਉਮਰ ਗੁਜ਼ਾਰ ਦਿੰਦਾ ਹੈ ਜਿਸ ਦਾ ਪਹਿਲਾ ਤੇ ਆਖਰੀ ਇਸ਼ਕ ਸੰਗੀਤ ਹੈ!

ਦਮਨ ਕੌਰ ਸੰਤਾਲੀ ਵਾਲੀ ਵੰਡ ਦੇ ਦਰਦ ਅਤੇ ਪੁਨਰ-ਵਸੇਬੇ ਨੂੰ ਤਰਤੀਬਵਾਰ ਪੇਸ਼ ਕਰਦੀ ਹੈ। ਸਾਰਾ ਬਿਰਤਾਂਤ ਮਨਮੋਹਨ ਸਿੰਘ ਤੇ ਗੁਰਸ਼ਰਨ ਕੌਰ ਦੇ ਵਿਆਹ, ਉਨ੍ਹਾਂ ਦੇ ਕੈਂਬਰਿਜ ਜਾਣ ਦਾ ਕਿੱਸਾ, ਆਰਥਿਕ ਮਸਲਿਆਂ ਬਾਰੇ ਉਨ੍ਹਾਂ ਦੀ ਸਮਝ, ਕੌਮਾਂਤਰ ਪੱਧਰ 'ਤੇ ਚੱਲ ਰਹੀਆਂ ਬਹਿਸਾਂ, ਖੋਜਾਂ ਤੇ ਨਵੇਂ ਆਰਥਿਕ ਮਾਡਲਾਂ ਆਲੇ-ਦੁਆਲੇ ਘੁੰਮਦਾ ਹੈ। ਉਨ੍ਹਾਂ ਦੀ ਪੀਐਚ.ਡੀ. ਦਾ ਵਿਸ਼ਾ ਭਾਰਤ ਦੀ ਬਰਾਮਦ ਵਿਵਸਥਾ 'ਤੇ ਆਧਾਰਿਤ ਸੀ। ਅਰਥ ਸ਼ਾਸਤਰ ਬਾਰੇ ਉਨ੍ਹਾਂ ਦੀ ਸਮਝ 1959 ਵਿਚ ਛਪੇ ਤਿੰਨ ਮਹਤੱਵਪੂਰਨ ਖੋਜ ਪੱਤਰਾਂ ਤੋਂ ਸਪਸ਼ਟ ਹੋ ਜਾਂਦੀ ਹੈ। ਇਹ ਤਿੰਨ ਪਰਚੇ ਸਨ: 'ਲੈੱਸ ਰੈਡੀਕਲਇਜ਼ਮ: ਏ ਵਰਕੇਬਲ ਉਪਰੇਸ਼ਨਲ ਫਰੇਮਵਰਕ', 'ਮਹਿੰਗਾਈ ਵਾਲੇ ਅਰਥਚਾਰੇ ਦੀ ਮੁਦਰਾ ਨੀਤੀ: ਬਰਤਾਨਵੀ ਤਜਰਬੇ ਦਾ ਅਧਿਐਨ' ਅਤੇ 'ਮੁਦਰਾ ਨੀਤੀ ਤੇ ਆਰਥਿਕ ਵਿਸਥਾਰ'। ਪੰਜਾਬ ਯੂਨੀਵਰਸਿਟੀ ਵਿਚ ਪੜ੍ਹਾਉਂਦਿਆਂ ਅਤੇ ਫਿਰ ਵੱਖ-ਵੱਖ ਉਚ ਸਰਕਾਰੀ ਅਹੁਦਿਆਂ 'ਤੇ ਰਹਿੰਦਿਆਂ ਉਨ੍ਹਾਂ ਦੀ ਸਾਥਣ ਅਤੇ ਬੱਚੇ ਕਿਵੇਂ ਆਪਣੀਆਂ ਜ਼ਿੰਦਗੀਆਂ ਵਿਚ ਤਾਲਮੇਲ ਬਿਠਾਉਂਦੇ ਹਨ, ਇਨ੍ਹਾਂ ਸਾਲਾਂ ਨੂੰ ਦਮਨ ਕੌਰ ਯਾਦ-ਦਰ-ਯਾਦ ਚਿਣਦੀ ਹੈ। ਇਸ ਤੋਂ ਵੀ ਵੱਧ ਉਸ ਅਨੁਸ਼ਾਸਨ ਤੇ ਸੰਜੀਦਗੀ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਪਰਿਵਾਰ ਨੇ ਭਾਰਤੀ ਸਿਆਸਤ ਵਿਚ ਨਵੀਂ ਪਿਰਤ ਪਾਉਂਦਿਆਂ ਕਿਸੇ ਵੀ ਸਰਕਾਰੀ ਅਹੁਦੇ ਦਾ ਕਿਸੇ ਵੀ ਤਰ੍ਹਾਂ ਫਾਇਦਾ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਭਾਰਤੀ ਸਿਆਸਤ ਦੇ ਤੈਅਸ਼ੁਦਾ ਨੈਤਿਕ 'ਮਿਆਰਾਂ' ਅਤੇ ਰੁਝਾਨਾਂ ਨੂੰ ਦੇਖਦਿਆਂ ਇਹ ਤੱਥ ਕਿਸੇ ਚਮਤਕਾਰ ਤੋਂ ਘੱਟ ਨਹੀਂ!

ਕਿਤਾਬ ਇਸ ਮਿੱਥ ਨੂੰ ਵੀ ਪੁੱਠਾ ਗੇੜਦੀ ਹੈ ਕਿ ਵਿੱਤੀ ਆਰਥਿਕ ਸੁਧਾਰਾਂ ਦਾ ਅਮਲ ਮਨਮੋਹਨ ਸਿੰਘ ਨਾਲ ਸ਼ੁਰੂ ਹੋਇਆ। ਕਿਤਾਬ ਅਨੁਸਾਰ, 1980 'ਚ ਇੰਦਰਾ ਗਾਂਧੀ ਦੀ ਸਰਕਾਰ ਨੇ ਇਸ ਦੇ ਬੀਜ ਛੇਵੀਂ ਪੰਜ ਸਾਲਾਂ ਯੋਜਨਾ ਵਿਚ ਬੀਜ ਦਿੱਤੇ ਸਨ। 1990 ਦੇ ਆਰਥਿਕ ਸੰਕਟ ਨੇ ਇਨ੍ਹਾਂ ਬੀਜਾਂ ਨੂੰ ਪੁੰਗਰਨ ਅਤੇ ਵਿਚਾਰਧਾਰਕ ਮੋੜਾ ਦੇਣ ਵਿਚ ਫੈਸਲਾਕੁਨ ਭੂਮਿਕਾ ਨਿਭਾਈ। ਕਿਤਾਬ ਵਿਚ ਬਹੁਤੀਆਂ ਘਟਨਾਵਾਂ ਦਮਨ ਕੌਰ ਦੇ ਨਜ਼ਰੀਏ ਤੋਂ ਹੋਣ ਕਾਰਨ ਇਕਤਰਫਾ ਵੀ ਲੱਗ ਸਕਦੀਆਂ ਹਨ। ਕਿਤੇ ਨਾ ਕਿਤੇ ਉਨ੍ਹਾਂ ਦਾ ਮਨਮੋਹਨ ਸਿੰਘ ਦੀ ਧੀ ਹੋਣਾ ਲੇਖਕ ਹੋਣ 'ਤੇ ਭਾਰੂ ਪੈਂਦਾ ਨਜ਼ਰ ਆਉਂਦਾ ਹੈ, ਇਹ ਸੁਭਾਵਿਕ ਵੀ ਹੈ। ਇਸ ਲਈ ਇਸ ਕਿਤਾਬ ਨੂੰ ਪੜ੍ਹਦਿਆਂ ਪਾਠਕ ਦਾ ਸੁਚੇਤ ਹੋਣਾ ਜ਼ਰੂਰੀ ਹੈ।

ਸ਼ਾਇਦ ਦਮਨ ਕੌਰ ਲਈ ਇਸ ਲਿਖਤ ਦਾ ਖਾਸਾ ਗੈਰ-ਸਿਆਸਤੀ ਰੱਖਣਾ ਹੀ ਇਸ ਕਿਤਾਬ ਨੂੰ ਇੰਨਾ ਖਿੱਚ-ਪਾਊ ਬਣਾਉਂਦਾ ਹੈ। ਕੇ.ਨਟਵਰ ਸਿੰਘ ਦੀ ਲਿਖੀ ਕਿਤਾਬ 'ਵੰਨ ਲਾਈਫ ਇਜ਼ ਨਾਟ ਇੰਨਫ' ਵਿਚ ਮਨਮੋਹਨ ਸਿੰਘ ਦਾ ਅਕਸ ਅਜਿਹੇ ਨੇਤਾ ਦਾ ਹੈ ਜੋ ਕਾਂਗਰਸ ਦੇ 'ਸੱਤਾ ਕੇਂਦਰ' ਸੋਨੀਆਂ ਗਾਂਧੀ ਦੇ ਨੇੜੇ ਹੋਣ ਕਾਰਨ ਪਾਰਟੀ ਵਿਚ ਆਪਣੀ ਖਾਸ ਪੁਜ਼ੀਸ਼ਨ ਬਰਕਰਾਰ ਰੱਖਦਾ ਹੈ। ਦਮਨ ਕੌਰ ਆਪਣੀ ਕਿਤਾਬ ਵਿਚ ਇਸ ਸਿਆਸਤੀ ਗੁੰਝਲ ਦੇ ਵਿਸਥਾਰ ਵਿਚ ਨਹੀਂ ਪੈਂਦੀ। ਉਹ ਮਨਮੋਹਨ ਸਿੰਘ ਨੂੰ ਪਰਿਵਾਰਕ ਪ੍ਰਿਜ਼ਮ ਵਿਚੋਂ ਦੇਖਦੀ ਹੈ ਜਿਸ ਵਿਚੋਂ ਮੁਲਕ ਨਾਲ ਸਬੰਧਤ ਕਈ ਸਵਾਲ ਕਿਰ ਜਾਂਦੇ ਹਨ। ਇਸ ਦਾ ਕਾਰਨ ਕਾਂਗਰਸ ਦੇ ਅੰਦਰੂਨੀ ਕਲੇਸ਼ ਵੀ ਹੋ ਸਕਦੇ ਹਨ, ਭਾਰਤੀ ਸਿਆਸਤ ਦਾ ਖਾਸਾ ਵੀ ਹੋ ਸਕਦਾ ਹੈ ਅਤੇ ਮੁਲਕ ਦੇ ਮਸਲਿਆਂ ਬਾਰੇ ਸਾਂਝ-ਸਮਝ ਦੀ ਘਾਟ ਵੀ ਹੋ ਸਕਦੀ ਹੈ। ਇਸ ਦਾ ਮਨਮੋਹਨ ਸਿੰਘ ਦੇ ਕਮਜ਼ੋਰ ਪ੍ਰਧਾਨ ਮੰਤਰੀ ਹੋਣ ਜਾਂ ਨਾ ਹੋਣ ਨਾਲ ਕੋਈ ਸਬੰਧ ਨਹੀਂ ਬਣਦਾ।

'ਦਿ ਹਿੰਦੂ' ਨੂੰ ਦਿੱਤੀ ਇੰਟਰਵਿਊ ਵਿਚ ਦਮਨ ਕੌਰ ਆਪਣੇ ਪਿਤਾ ਦੇ ਸ਼ਬਦ ਦੁਹਰਾਉਂਦੀ ਹੈ- 'ਇਤਿਹਾਸ ਮੇਰੀ ਵਿਆਖਿਆ ਹੋਰ ਤਰ੍ਹਾਂ ਨਾਲ ਕਰੇਗਾ'। ਦਮਨ ਕੌਰ ਵੀ ਆਪਣੇ ਪਿਤਾ ਵਾਂਗ ਭਵਿਖ ਤੋਂ ਹੋਰ ਤਰਕ ਅਤੇ ਵਿਸ਼ਵਾਸ ਦੀ ਉਮੀਦ ਕਰਦੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਸਤੰਬਰ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-289



*ਬਾਲੜੀ ਉਮਰੇ ਫਿਕਰ ਦੀ ਝਾਤੀ, ਖੰਭ ਕੁਤਰੇ ਦੁਸ਼ਵਾਰੀਆਂ ਨੇ।*
*ਭਵਿੱਖ ਦਾ ਬੂਹਾ ਇੰਜ ਜਾਪਦਾ, ਢੋਹ ਛੱਡਿਆ ਲਾਚਾਰੀਆਂ ਨੇ।*
*ਏਹਨਾਂ ਦੇ ਹਿੱਸੇ ਦਾ ਅੰਬਰ ਪਹਿਲਾਂ ਹੀ ਡੋਲ ਗਿਆ।*
*ਅੱਧ ਖੁੱਲ੍ਹਿਆ ਇਹ ਬੂਹਾ ਕੌੜਾ ਸੱਚ ਹੀ ਬੋਲ ਗਿਆ।*

### ਕੈਪਸ਼ਨ ਮੁਕਾਬਲਾ-287



ਰੇਹੜਾ, ਰੇਹੜੀ ਅਤੇ ਟਰੈਕਟਰ,
ਜੋੜ ਜੁਗਾੜ ਬਣਾਇਆ।
ਜਿਉਂਦਾ ਜਾਗਦਾ ਇੰਜਣ ਲਾ ਕੇ,
ਟੱਬਰ ਵਿਚ ਬੈਠਾਇਆ।
ਚੱਲ ਪੋ, ਰੁਕ ਜੋ ਆਪਦੀ ਮਰਜੀ,
ਕਰ ਲੋ ਜੋ ਮਨ ਆਇਆ।
*-ਜਗਮੀਤ ਸਿੰਘ ਪੰਧੇਰ*

---

ਮੋਟਰ, ਕਾਰਾਂ ਦੀ ਸ਼ਾਹ ਅਸਵਾਰੀ
ਸ਼ਾਇਦ ਨਹੀਂ ਹੈ ਵਿਚ ਨਸੀਬਾਂ।
ਖੱਚਰ ਰੇੜ੍ਹੇ 'ਤੇ ਲਾ ਕੇ ਛਤਰੀ
ਤਾਹੀਓਂ ਬਣਾਇਆ ਹੈ ਰੱਥ ਗਰੀਬਾਂ।
ਜਿਉਣ ਦਾ ਹੱਕ ਬਰਾਬਰ ਸਭ ਨੂੰ
ਹਰ ਦਿਲ ਅੰਦਰ ਹੁੰਦੀ ਸਿੱਕ ਹੈ।
ਕਾਣੀ ਵੰਡ ਫਿਰ ਵੀ ਕਿਉਂ ਹੈ?
ਕਹਿਣ ਨੂੰ ਭਾਵੇਂ ਦਾਤਾ ਇੱਕ ਹੈ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ*

---

ਕਿਸਮਤ ਨੂੰ ਝੂਰਨ ਵਿਹਲੜ ਬੈਠੇ,
ਹਿੰਮਤੀ ਜੁਗਤ ਲੜਾ ਲੈਂਦੇ ਨੇ।
ਕਬਾੜ 'ਚੋਂ ਜੁਗਾੜ ਬਣਾ ਕੇ,
ਟਾਇਰ ਲਾ ਕੇ, ਖੱਚਰ ਰੇਹੜਾ,
ਪਿੰਡ ਤੋਂ ਸ਼ਹਿਰ ਚਲਾ ਲੈਂਦੇ ਨੇ।
ਧੁੱਪ, ਮੀਂਹ ਤੋਂ ਬਚਣ ਦੀ ਖਾਤਰ,
ਹੁੱਡ ਨੂੰ ਛਤਰ ਬਣਾ ਲੈਂਦੇ ਨੇ।
ਰੁਜ਼ਗਾਰ ਆਪਣਾ ਬਣਾ ਲੈਂਦੇ ਨੇ।
*-ਦਵਿੰਦਰ ਕੌਰ*

---

ਪੁਰਾਣਾ ਮਾਲ ਲਿਆ'ਤਾ ਯਾਰ ਕਬਾੜੀ
ਮੈਂ ਵੀ ਸੀਗਾ ਅੱਗੋਂ ਬੜਾ ਜੁਗਾੜੀ।
ਨਵਾਂ ਬਣਾ'ਤਾ ਤਿੰਨ ਭਾਂਤੀ ਟਾਂਗਾ ਨਿਆਰਾ
ਛੱਤ ਟਰੈਕਟਰ ਵਾਲੀ ਲਾ ਲਈ
ਅੱਗੇ ਘੋੜਾ ਲੱਗੇ ਪਿਆਰਾ।

ਬੀਬੀਆਂ ਵਿਚ ਬਿਠਾ ਕੇ ਸ਼ਹਿਰ ਲਿਜਾਊਂ
ਸਵਾਰੀ ਨਾ ਮਿਲੀ, ਪੱਠਾ-ਦੱਥਾ ਲੱਦ ਲਿਆਊਂ।
*-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ*

---

ਅੱਡਿਆਂ ਤੋਂ 'ਟੇਸ਼ਣਾਂ ਵੱਲ ਨੂੰ
ਤਾਂਗੇ ਦੀ ਹੁੰਦੀ ਸੀ ਟੌਹਰ ਨਵਾਬੀ।
ਨਵ ਵਿਆਹਿਆਂ, ਆਸ਼ਕਾਂ ਦੀ ਤਰਜੀਹ ਸੀ
ਜਾਂ ਜਾਂਦੀ ਛੜੇ ਦਿਓਰ ਦੀ ਭਾਬੀ।
ਮਸ਼ੀਨਰੀ ਵਾਲੇ ਯੁਗ ਦੇ ਵਿਚ
ਇਹ ਵਸੀਲਾ ਹੋ ਗਿਆ ਪੁਰਾਣਾ।
ਘੋੜੇ ਦੀ ਥਾਂ ਹੌਰਸ ਪਾਵਰ ਨੂੰ
ਪਊ ਹੁਣ ਲਿਆਉਣਾ।
*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਦੇਸੀ ਪਰ ਵਧੀਆ ਜੁਗਾੜ ਲਾ ਲਿਆ,
ਟਾਂਗਾ ਵੇਖੋ ਮਾਡਰਨ ਬਣਾ ਲਿਆ।
ਨਾ ਧੁੱਪ-ਕਿਣੀ ਦਾ ਰਿਹਾ ਕੋਈ ਡਰ,
ਸਵਾਰੀਆਂ ਨੂੰ ਵੀ ਖੂਬ ਭਾਅ ਗਿਆ।
*-ਮਨਦੀਪ ਗਿੱਲ ਧੜਾਕ*

---

ਆਵਾਜਾਈ ਦਾ ਸੀ ਸਾਧਨ ਤਾਂਗਾ
ਹੋਂਦ ਬਚਾਉਣ ਨੂੰ ਲੜੇ ਲੜਾਈ।
ਤੇਜ ਰਫਤਾਰੀ ਦੇ ਇਸ ਯੁਗ ਵਿਚ
ਮੰਜ਼ਿਲ 'ਤੇ ਅੱਪੜਨ ਦੀ ਕਾਹਲੀ।
ਜਿਥੇ ਕੋਈ ਨਾ ਜਾਵੇ, ਉਥੇ ਤਾਂਗਾ ਪਹੁੰਚਾਵੇ
ਪੀਂਘ ਹੁਲਾਰੇ ਤੋਂ ਘੱਟ ਨਾ ਇਸ ਦੀ ਸਵਾਰੀ।
*-ਅਮਰਜੀਤ ਸਿੰਘ ਤੂਰ*

---

ਜੋੜ ਪੁਰਜੇ ਬਣਾਇਆ ਮਾਡਰਨ ਟਾਂਗਾ।
ਝਉਲਾ ਪੈਂਦਾ ਮਹਾਰਾਜਿਆਂ ਦੀ ਸਵਾਰੀ ਦਾ।
ਭੱਜ ਭੱਜ ਮੁਸਾਫਰ ਚੜ੍ਹਦੇ, ਚਾਲਕ ਵੀ ਖੁਸ਼।
ਖਿੱਚ ਲਗਾਮਾਂ ਗਾਵੇ ਢੋਲਾ, ਮਸਤ ਮਲੰਗ
ਘੋੜੀ ਦੀ ਟਪ ਟਪ ਰਾਗ ਅਲਾਪਦੀ।
*-ਦਰਸ਼ਨਪਾਲ ਦੋਸਾਂਝ*

---

ਨਾਲ ਕੋਸ਼ਿਸ਼ਾਂ ਬਣਨ ਨਵੀਆਂ ਕਾਢਾਂ
ਚਾਹੇ ਹੋਵੇ ਮੋਟਰ ਗੱਡੀ ਜਾਂ ਟਾਂਗਾ।
ਲੈਂਦਾ ਹਰ ਕੰਮ ਨਾਲ ਏ ਆਢਾ
ਨਵੀਂਆਂ ਉਮੀਦਾਂ, ਨਵੀਆਂ ਫਰਲਾਂਗਾਂ।
ਰੇੜ੍ਹੇ ਵਾਲੇ ਨੇ ਵੀ ਕਰ ਲਈ ਤਰੱਕੀ
ਰੇੜ੍ਹੇ ਉਪਰ ਛੱਡ ਟਾਂਗੇ ਦੀ ਰੱਖੀ।
ਬਿਠਾ ਸਵਾਰੀਆਂ ਜਾਵੇ ਸ਼ਹਿਰ ਨੂੰ ਭਜਾਈ।
ਦਿਨ ਦੂਰ ਨਹੀਂ ਰੇੜ੍ਹੇ 'ਤੇ ਚੱਲੂ ਵਾਈ ਫਾਈ।
*-ਗੋਰਾ ਪ੍ਰਜਾਪਤ, ਨਿਊ ਯਾਰਕ*

PUNJAB SPORTS & CULTURAL ASSOCIATION PSCA Punjabi Khed Mela MICHIGAN

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 10ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 9 ਸਤੰਬਰ 2017

*(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Canton Sports Center - Victory Park:**
46555 W. Michigan Ave. Rd., Canton, MI 48188 (Near Beck Rd.)

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

**ਕਬੱਡੀ ਅੰਡਰ-21**
ਪਹਿਲਾ ਇਨਾਮ $21,00
ਦੂਜਾ ਇਨਾਮ $1500
ਤੀਜਾ ਇਨਾਮ $1000

**ਸੌਕਰ ਤੇ ਵਾਲੀਬਾਲ**
ਪਹਿਲਾ ਇਨਾਮ $3,100
ਦੂਜਾ ਇਨਾਮ $2,100






ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

**ਸਭਨਾਂ ਨੂੰ ਖੁੱਲ੍ਹਾ ਸੱਦਾ**

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ

**Free Entry Free Food & Free Entertainment**

AUTOBAHN FREIGHT LINES LTD.

Radio Chann Pardesi ਰੇਡੀਓ ਚੰਨ ਪ੍ਰਦੇਸੀ

ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

GN TRUCK SALES
TRUCK & TRAILER SALES
WE SELL ALL MAKES & MODELS
905-291-0210

**Autobahn**
ਸਾਰੇ ਟਰੱਕ Under Warranty
800,000 kilometers



WORLD WIDE CARRIERS US INC. Troy, MI
Sukhi Dhariwal
Ph: 416-213-1334

## PSCA Committee Members and Gold Sponsors



ਕਰਮਬੀਰ ਸਿੰਘ | ਅਰਜੁਨ ਗਿੱਲ | ਰਾਜ ਨਿੱਜਰ | ਜਸਵਿੰਦਰ ਧਾਲੀਵਾਲ | ਅਮਰਜੀਤ ਗਿੱਲ | ਰਵਿੰਦਰ ਬਿੰਦ | ਅਮਰੀਕ ਰਾਏ | ਮਨਪ੍ਰੀਤ ਗਿੱਲ



ਰਾਜ ਜਾਮਾਰਾਏ | ਸੁਖਵੰਤ ਸਿੰਘ ਗਿੱਲ | ਸੁਖਦੇਵ ਸੇਖੋਂ | ਕੇਵਲ ਗਿੱਲ | ਕੁਲਬੀਰ ਗਿੱਲ | ਸੁੱਖਾ ਸੇਖੋਂ | ਬਲਕਾਰ ਗਿੱਲ | ਕਰਨ ਗਿੱਲ

## ਹੋਰ ਜਾਣਕਾਰੀ ਲਈ ਕਾਲ ਕਰੋ

**Mela, Media, Stalls:** Karn Gill (734-612-9984) / Sukhdev Sekhon (248-431-9678)
**Volleyball, Soccer:** Karmbir Singh (734-558-3151)/ Amarjit Gill: 734-394-8768
**Kabaddi:** Arjan Gill (734-231-3576) / Kulbir Gill (248-310-0114)
**Cultural Programs, Stalls:** Raj Jamarai (734-644-1010) / Raj Nijjar (734-637-7540)

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Cruze tv CHANNEL 422 | Real tv CHANNEL 136 | f LIVE f/LIVEKABADDI | LIVE KABADDI | jadoo tv | YouTube LIVE KABADDI | IPTV | jus punjabi

# ਸਰਕਾਰੀ ਨੀਤੀਆਂ ਨੇ ਸਿੱਖਿਆ ਨੂੰ ਬਣਾ ਧਰਿਆ 'ਵਿਚਾਰੀ'

**ਚੰਡੀਗੜ੍ਹ:** ਪੰਜਾਬ ਸਰਕਾਰ ਸਿੱਖਿਆ ਨੂੰ ਹੁਲਾਰਾ ਦੇਣ ਲਈ ਭਾਵੇਂ ਲੱਖਾਂ ਦਾਅਵੇ ਕਰੇ, ਪਰ 12 ਹਾਈ ਸਕੂਲਾਂ ਤੋਂ ਇਲਾਵਾ ਛੇਵੀਂ ਤੋਂ ਅੱਠਵੀਂ ਤੱਕ ਵਾਲੇ 175 ਐਲੀਮੈਂਟਰੀ ਅਤੇ 868 ਪ੍ਰਾਇਮਰੀ (ਕੁੱਲ 1055) ਸਕੂਲ ਅਜਿਹੇ ਹਨ, ਜਿਨ੍ਹਾਂ ਨੂੰ ਦੂਜਾ ਅਧਿਆਪਕ ਨਸੀਬ ਨਹੀਂ ਹੋ ਰਿਹਾ।

ਸਿੱਖਿਆ ਵਿਭਾਗ ਦੀਆਂ ਮਨਜ਼ੂਰਸ਼ੁਦਾ ਕੁੱਲ 126122 ਅਸਾਮੀਆਂ ਵਿਚੋਂ ਭਾਵੇਂ 14007 ਖਾਲੀ ਹਨ, ਪਰ ਅਧਿਆਪਕਾਂ ਦੀ ਗਿਣਤੀ ਇੰਨੀ ਵੀ ਘੱਟ ਨਹੀਂ ਕਿ ਸਕੂਲਾਂ ਵਿਚ ਇਕ ਹੀ ਅਧਿਆਪਕ ਨਿਯੁਕਤ ਹੋਵੇ। ਸਿੱਖਿਆ ਵਿਭਾਗ ਦੇ ਅੰਕੜੇ ਬਿਆਨ ਕਰਦੇ ਹਨ ਕਿ ਸ਼ਹਿਰਾਂ ਵਿਚ ਮਨਜ਼ੂਰਸ਼ੁਦਾ ਅਸਾਮੀਆਂ ਤੋਂ ਵੀ ਵੱਧ ਅਧਿਆਪਕ ਤਾਇਨਾਤ ਹਨ ਅਤੇ ਪਿੰਡਾਂ, ਖਾਸ ਤੌਰ ਉਤੇ ਸਰਹੱਦੀ ਅਤੇ ਕੰਢੀ ਖੇਤਰ ਦੇ ਸਕੂਲ ਅਧਿਆਪਕਾਂ ਨੂੰ ਤਰਸ ਰਹੇ ਹਨ।

ਸਰਕਾਰੀ ਪ੍ਰਾਇਮਰੀ ਸਕੂਲਾਂ ਲਈ ਅਧਿਆਪਕਾਂ ਦੀਆਂ 46540 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ 43495 ਅਧਿਆਪਕ ਹੀ ਸੇਵਾਵਾਂ ਦੇ ਰਹੇ ਹਨ। ਪਿੰਡਾਂ ਦੇ ਸਕੂਲਾਂ ਲਈ ਮਨਜ਼ੂਰਸ਼ੁਦਾ ਅਸਾਮੀਆਂ 40211 ਅਤੇ ਸ਼ਹਿਰਾਂ ਦੇ ਸਕੂਲਾਂ ਲਈ 6329 ਹਨ। ਸ਼ਹਿਰੀ ਸਕੂਲਾਂ ਵਿਚ 6329 ਦੀ ਬਜਾਇ 6525 ਅਧਿਆਪਕ



ਤਾਇਨਾਤ ਹਨ। ਜੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ 2016-17 ਦੌਰਾਨ ਦਾਖਲ ਹੋਏ 9,56,310 ਵਿਦਿਆਰਥੀਆਂ ਅਤੇ ਸੇਵਾਵਾਂ ਦੇ ਰਹੇ 43495 ਅਧਿਆਪਕਾਂ ਦਾ ਅਨੁਪਾਤ ਦੇਖਿਆ ਜਾਵੇ ਤਾਂ ਇਹ ਇਕ ਅਧਿਆਪਕ ਪਿੱਛੇ 22 ਬੱਚਿਆਂ ਦਾ ਬਣਦਾ ਹੈ। ਸੂਬੇ ਦੇ 12947 ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਹਿਸਾਬ ਨਾਲ ਘੱਟੋ-ਘੱਟ ਹਰ ਪ੍ਰਾਇਮਰੀ ਸਕੂਲ ਵਿਚ ਤਿੰਨ ਅਤੇ ਕਈਆਂ ਵਿਚ ਇਸ ਤੋਂ ਵੱਧ ਅਧਿਆਪਕ ਨਿਯੁਕਤ ਹੋ ਸਕਦੇ ਹਨ। ਸਿੱਖਿਆ ਵਿਭਾਗ ਵਿਚ ਸਿਆਸੀ ਤੇ ਸਿਫਾਰਸ਼ੀ ਤਬਾਦਲਿਆਂ ਦੀ ਰੀਤ ਲੰਬੇ ਸਮੇਂ ਤੋਂ ਚੱਲ ਰਹੀ ਹੈ। ਪਿਛਲੇ ਸਾਲ 810 ਅਧਿਆਪਕਾਂ ਦਾ ਤਬਾਦਲਾ ਪੇਂਡੂ ਤੋਂ ਸ਼ਹਿਰੀ ਸਕੂਲਾਂ ਵਿਚ ਕਰ ਦਿੱਤਾ ਗਿਆ।

ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਸਰਹੱਦੀ ਅਤੇ ਕੰਢੀ ਖੇਤਰ ਦੇ ਅਧਿਆਪਕਾਂ ਦਾ ਅਲੱਗ ਕਾਡਰ ਬਣਾਉਣ ਲਈ ਵਿਧਾਨ ਸਭਾ ਵਿਚ ਹੋਈ ਸਹਿਮਤੀ ਤੋਂ ਬਾਅਦ ਸਿੱਖਿਆ ਵਿਭਾਗ ਨੇ ਇਸ ਦੇ ਨਿਯਮ ਵੀ ਬਣਾ ਦਿੱਤੇ ਸਨ।

ਇਹ ਵੀ ਸੱਚਾਈ ਹੈ ਕਿ ਸਰਕਾਰੀ ਸਕੂਲਾਂ ਦੀ ਅਣਦੇਖੀ ਕਾਰਨ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। 2012-13 ਦੌਰਾਨ ਹੀ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀ ਗਿਣਤੀ 12,00,463 ਤੋਂ ਘਟ ਕੇ 2016-17 ਵਿੱਚ 9,56,310 ਰਹਿ ਗਈ। ਚਾਰ ਸਾਲਾਂ ਦੌਰਾਨ 3,20,638 ਬੱਚਿਆਂ ਨੇ ਸਰਕਾਰੀ ਸਕੂਲਾਂ ਵੱਲ ਪਿੱਠ ਕਰ ਲਈ। ਪ੍ਰਾਈਵੇਟ ਸਕੂਲਾਂ ਦੇ ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਦੀ ਗਿਣਤੀ 14,11,189 ਤੱਕ ਪਹੁੰਚ ਗਈ ਹੈ। ਜੇ ਸੀਨੀਅਰ ਸੈਕੰਡਰੀ ਸਕੂਲਾਂ ਤੱਕ ਦੇ ਬੱਚੇ ਸ਼ਾਮਲ ਕਰ ਲਏ ਜਾਣ ਤਾਂ ਸਰਕਾਰੀ ਸਕੂਲਾਂ ਦੇ ਕੁੱਲ 23,79,133 ਬੱਚਿਆਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀ ਗਿਣਤੀ 28,66,034 ਤੱਕ ਪਹੁੰਚ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਨਿਯਮਿਤ ਕਰਨ ਲਈ ਬਣਾਈ ਜਸਟਿਸ ਅਮਰਦੱਤ ਕਮੇਟੀ ਦੀ ਰਿਪੋਰਟ ਅੱਖਾਂ ਖੋਲ੍ਹਣ ਵਾਲੀ ਹੈ। ਸਕੂਲਾਂ ਵਿਚ ਅਧਿਆਪਕਾਂ ਨੂੰ ਮਾਮੂਲੀ ਤਨਖਾਹਾਂ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਅਤੇ ਸਕੂਲਾਂ ਨੂੰ ਲੋਕ ਭਲਾਈ ਦੀਆਂ ਸੰਸਥਾਵਾਂ ਕਹਿ ਕੇ ਵਪਾਰਕ ਤਰਜ਼ 'ਤੇ ਚਲਾਉਣ ਨਾਲ ਮਾਪਿਆਂ ਦੀਆਂ ਜੇਬਾਂ ਵੀ ਖਾਲੀ ਕੀਤੀਆਂ ਜਾ ਰਹੀਆਂ ਹਨ। ਇਸ ਕਰ ਕੇ ਮੱਧ ਵਰਗ ਨਾਲ ਜੁੜੇ ਮਾਪੇ ਹੁਣ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਘਟਾਉਣ ਦੇ ਅੰਦੋਲਨ ਵਿਚ ਕੁੱਦ ਰਹੇ ਹਨ।

### ਹਾਈ ਕੋਰਟ ਦੇ ਹੁਕਮਾਂ 'ਤੇ ਨਹੀਂ ਹੋਇਆ ਅਮਲ

ਸਰਕਾਰੀ ਸਕੂਲਾਂ ਦੀ ਬੁਰੀ ਦਸ਼ਾ ਬਾਰੇ 18 ਅਗਸਤ 2015 ਨੂੰ ਅਲਾਹਾਬਾਦ ਹਾਈ ਕੋਰਟ ਦਾ ਫੈਸਲਾ ਬਹੁਤ ਮਹੱਤਵਪੂਰਨ ਹੈ। ਹਾਈ ਕੋਰਟ ਨੇ ਸਾਫ ਕਿਹਾ ਸੀ ਕਿ ਸਰਕਾਰੀ ਸਕੂਲਾਂ ਦੀ ਅਣਦੇਖੀ ਇਸ ਕਰ ਕੇ ਹੋ ਰਹੀ ਹੈ, ਕਿਉਂਕਿ ਸਿਆਸਤਦਾਨ, ਅਫਸਰਾਂ ਤੇ ਅਧਿਆਪਕਾਂ ਸਮੇਤ ਜ਼ਿਆਦਾਤਰ ਸਰਕਾਰੀ ਮੁਲਾਜ਼ਮਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਨਹੀਂ ਪੜ੍ਹਦੇ। ਇਸ ਲਈ ਲਾਪ੍ਰਵਾਹੀ ਆਮ ਵਰਤਾਰਾ ਹੈ। ਜੇ ਵਿਦਿਅਕ ਪ੍ਰਣਾਲੀ ਨੂੰ ਸਹੀ ਰੂਪ ਵਿਚ ਦੇਣਾ ਹੈ ਤਾਂ ਸਰਕਾਰੀ ਖਜ਼ਾਨੇ ਵਿਚੋਂ ਪੈਸਾ ਲੈਣ ਵਾਲੇ ਮੁਲਾਜ਼ਮਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਨੇ ਲਾਜ਼ਮੀ ਹੋਣ। ਸੂਤਰਾਂ ਅਨੁਸਾਰ ਸਰਕਾਰ ਹੁਣ ਵੀ ਇਕ ਰੈਸ਼ਨੇਲਾਈਜੇਸ਼ਨ ਨੀਤੀ ਲਿਆਉਣ ਦੀ ਚਾਹਵਾਨ ਹੈ ਪਰ ਇਸ ਲਈ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ।

# ਯੂ.ਕੇ. ਪੁਲਿਸ ਨੇ ਭੁਲੇਖੇ ਨਾਲ ਘੇਰਿਆ ਸਿੱਖ ਟੱਬਰ

**ਲੰਡਨ:** ਦੱਖਣੀ ਇੰਗਲੈਂਡ ਵਿਚ ਇਕ 47 ਸਾਲਾ ਸਿੱਖ ਵਿਅਕਤੀ ਤੇ ਉਸ ਦੇ ਪੁੱਤਰ ਨੂੰ ਯੂ.ਕੇ. ਪੁਲਿਸ ਨੇ ਬੰਦੂਕ ਦੀ ਨੋਕ 'ਤੇ ਨੱਪ ਲਿਆ। ਪੁਲਿਸ ਨੂੰ ਕਿਸੇ ਵਿਅਕਤੀ ਨੇ ਸੂਚਨਾ ਦਿੱਤੀ ਸੀ ਕਿ ਉਕਤ ਵਿਅਕਤੀ ਦੀ ਕਾਰ ਵਿਚੋਂ ਗੋਲੀ ਚੱਲਣ ਦੀ ਆਵਾਜ਼ ਆਈ ਹੈ ਜਦਕਿ ਅਸਲ ਵਿਚ ਉਹ ਆਵਾਜ਼ ਕਾਰ ਦਾ ਟਾਇਰ ਫਟਣ ਕਾਰਨ ਆਈ ਸੀ।

ਪਤਾ ਲੱਗਾ ਹੈ ਕਿ ਸੁੱਖੀ ਰਿਆਤ ਹਾਰਟਫੋਰਡਸ਼ਾਇਰ ਦੇ ਹਿਟਚਿਨ ਵਿਖੇ ਆਪਣੇ ਯਾਰਡ ਵਿਚ ਕਾਰ ਪਾਰਕ ਕਰ ਰਿਹਾ ਸੀ। ਇੰਨੇ ਨੂੰ ਦਰਜਨਾਂ ਹਥਿਆਰਬੰਦ ਪੁਲਿਸ ਵਾਲੇ ਕੁੱਤਿਆਂ ਨਾਲ ਆ ਗਏ ਤੇ ਬੰਦੂਕ ਦੀ ਨੋਕ 'ਤੇ ਉਸ ਨੂੰ ਕੰਧ ਨਾਲ ਲਾ ਕੇ ਉਸ ਦੇ ਹੱਥ ਪਿੱਛੇ ਬੰਨ੍ਹ ਦਿੱਤੇ। ਰਿਆਤ ਨੇ ਆਨਲਾਈਨ ਅਖਬਾਰ ਮੈਟਰੋ ਨੂੰ ਦੱਸਿਆ ਕਿ ਉਹ ਕਾਰ ਵਿਚ ਹੀ ਬੈਠਾ ਉਸ ਕੰਪਨੀ ਨੂੰ ਫੋਨ ਕਰ ਰਿਹਾ ਸੀ ਜਿਸ ਤੋਂ ਮੈਂ ਇਹ ਕਾਰ ਲੀਜ਼ 'ਤੇ ਲਈ ਹੋਈ ਸੀ। ਜਿਵੇਂ ਹੀ ਮੈਂ ਕਾਰ ਵਿਚੋਂ ਉਤਰਿਆ ਤਾਂ ਪੁਲਿਸ ਆ ਗਈ। ਉਸ ਦੇ 17 ਸਾਲਾ ਬੇਟੇ ਹਰਕੀਰਤ ਨੂੰ ਵੀ ਬੰਨ੍ਹ ਲਿਆ। ਰਿਆਤ ਸੰਨ 1979 ਤੋਂ ਇਥੇ ਰਹਿ ਰਿਹਾ ਹੈ। ਰਿਆਤ ਦੀ 20 ਸਾਲਾ ਬੇਟੀ ਮਨਮੀਤ ਨੇ ਦੱਸਿਆ ਕਿ ਪੁਲਿਸ ਸਾਡੇ ਉਸ ਕਮਰੇ ਵਿਚ ਬੂਟ ਪਾ ਕੇ ਹੀ ਵੜ ਗਈ ਜਿਥੇ ਸਿੱਖਾਂ ਦੇ ਧਾਰਮਿਕ ਵਿਸ਼ਵਾਸ ਦੀਆਂ ਵਸਤਾਂ ਰੱਖੀਆਂ ਹੋਈਆਂ ਸਨ। ਉਧਰ, ਹਰਟਫੋਰਡਸ਼ਾਇਰ ਪੁਲਿਸ ਦੀ ਬੁਲਾਰਨ ਨੇ ਦੱਸਿਆ ਕਿ ਪੁਲਿਸ ਨੂੰ ਗੋਲੀ ਚੱਲਣ ਦੀ ਸੂਚਨਾ



ਮਿਲੀ ਸੀ। ਅਜਿਹੇ ਵਿਚ ਪੁਲਿਸ ਨੇ ਬਹੁਤ ਸੰਜੀਦਗੀ ਨਾਲ ਕਾਰਵਾਈ ਕਰਨੀ ਹੁੰਦੀ ਹੈ। ਪੁਲਿਸ ਨੇ ਤਲਾਸ਼ੀ ਦੌਰਾਨ ਹੋਈ ਅਸੁਵਿਧਾ ਲਈ ਮੁਆਫੀ ਮੰਗੀ।

# ਮੈਡਮ ਤੁਸਾਦ ਮਿਊਜ਼ੀਅਮ 'ਚ ਲੱਗਣਗੇ ਭਗਤ ਸਿੰਘ ਤੇ ਮਹਾਤਮਾ ਗਾਂਧੀ ਦੇ ਮੋਮ ਦੇ ਪੁਤਲੇ

**ਨਵੀਂ ਦਿੱਲੀ:** ਦਿੱਲੀ ਦੀ ਰੀਗਲ ਇਮਾਰਤ ਵਿਚ ਖੁੱਲ੍ਹਣ ਜਾ ਰਹੇ ਮੈਡਮ ਤੁਸਾਦ ਦੇ ਮਿਊਜ਼ੀਅਮ ਵਿਚ ਦਰਸ਼ਕਾਂ ਨੂੰ ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ, ਭਗਤ ਸਿੰਘ ਅਤੇ ਸਰਦਾਰ ਪਟੇਲ ਸਮੇਤ ਹੋਰ ਸੁਤੰਤਰਤਾ ਸੈਨਾਨੀਆਂ ਦੀਆਂ ਮੋਮ ਦੀਆਂ ਕਲਾ-ਕ੍ਰਿਤੀਆਂ ਦੇਖਣ ਨੂੰ ਮਿਲਣਗੀਆਂ। ਇਥੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁੱਲ ਕਲਾਮ ਦੇ ਨਾਲ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵੀ ਮੋਮ ਦਾ ਪੁਤਲਾ ਦੇਖਣ ਨੂੰ ਮਿਲੇਗਾ। ਇਸ ਤਰ੍ਹਾਂ ਪਹਿਲੀ ਵਾਰ ਹੋਵੇਗਾ ਕਿ ਇਥੇ ਆਉਣ ਵਾਲਿਆਂ ਨੂੰ ਉਨ੍ਹਾਂ ਨੇਤਾਵਾਂ ਨੂੰ ਦੇਖਣ ਦਾ ਮੌਕੇ ਮਿਲੇਗਾ ਜਿਨ੍ਹਾਂ ਨੇ ਦੇਸ਼ ਲਈ ਬਲੀਦਾਨ ਦੇ ਕੇ ਰਾਸ਼ਟਰਵਾਦੀ ਮਾਹੌਲ ਤਿਆਰ ਕੀਤਾ ਸੀ।

# ਭਾਰਤੀਆਂ ਲਈ ਵਿਆਨਾ ਬਣਿਆ ਸਭ ਤੋਂ ਪਸੰਦੀਦਾ ਸਥਾਨ

**ਮੁੰਬਈ:** ਭਾਰਤੀਆਂ ਲਈ ਆਸਟਰੀਆ ਦੀ ਰਾਜਧਾਨੀ ਵਿਆਨਾ ਘੁੰਮਣ-ਫਿਰਨ ਦੀ ਨਵੀਂ ਥਾਂ ਬਣਦਾ ਜਾ ਰਿਹਾ ਹੈ। ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ 64075 ਭਾਰਤੀ ਸੈਲਾਨੀਆਂ ਨੇ ਵਿਆਨਾ ਵਿਚ ਆਪਣੀਆਂ ਰਾਤਾਂ ਗੁਜ਼ਾਰੀਆਂ।

ਵਿਆਨਾ ਟੂਰਿਸਟ ਬੋਰਡ ਵੱਲੋਂ ਦਿੱਤੇ ਗਏ ਅੰਕੜੇ ਮੁਤਾਬਕ 2016 ਦੇ ਇਸੇ ਵਕਫੇ ਨਾਲੋਂ 15 ਫੀਸਦੀ ਵੱਧ ਸੈਲਾਨੀਆਂ ਦੀ ਆਮਦ ਹੋਈ ਹੈ।



ਪਿਛਲੇ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ ਵਿਆਨਾ ਵਿਚ 55628 ਭਾਰਤੀ ਸੈਲਾਨੀਆਂ ਨੇ ਉਥੋਂ ਦਾ ਦੌਰਾ ਕੀਤਾ ਸੀ। ਬੋਰਡ ਮੁਤਾਬਕ ਚੀਨ, ਰੂਸ ਅਤੇ ਆਸਟਰੇਲੀਆ ਦੇ ਨਾਲ-ਨਾਲ ਭਾਰਤੀ ਸੈਲਾਨੀਆਂ ਦੀ ਗਿਣਤੀ 'ਚ ਵੀ ਚੋਖਾ ਵਾਧਾ ਹੋਇਆ ਹੈ। ਵਿਆਨਾ ਦੇ ਸੰਗੀਤ ਦਾ ਅਮੀਰ ਵਿਰਸਾ, ਸ਼ਾਹੀ ਇਤਿਹਾਸਕ ਥਾਵਾਂ ਅਤੇ ਰੋਮਾਂਚ ਨਾਲ ਭਰਨ ਵਾਲੀਆਂ ਥਾਵਾਂ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਭਾਰਤੀ ਪਰਿਵਾਰਾਂ ਦੇ ਨਾਲ ਨਵੇਂ ਵਿਆਹੇ ਜੋੜੇ ਅਤੇ ਨੌਜਵਾਨ ਵੀ ਵਿਆਨਾ ਦੇ ਨਜ਼ਾਰੇ ਲੈਣ ਲਈ ਉਥੋਂ ਦਾ ਦੌਰਾ ਕਰਦੇ ਹਨ।

ਅੰਕੜਿਆਂ ਮੁਤਾਬਕ ਵਿਆਨਾ ਵਿਚ ਜਨਵਰੀ ਤੋਂ ਲੈ ਕੇ ਜੂਨ ਤੱਕ 70 ਲੱਖ ਸੈਲਾਨੀਆਂ ਨੇ ਉਥੋਂ ਦਾ ਦੌਰਾ ਕੀਤਾ ਜਿਸ ਨਾਲ ਪਿਛਲੇ ਸਾਲ ਦੇ ਇਸ ਵਕਫ ਦਾ ਕਰੀਬ 4.2 ਫੀਸਦੀ ਦਾ ਵਾਧਾ ਦਰਜ ਹੋਇਆ ਹੈ। ਵਿਆਨਾ ਟੂਰਿਸਟ ਬੋਰਡ ਦੇ ਡਾਇਰੈਕਟਰ ਨੋਰਬਰਟ ਕੇਟਨਰ ਨੇ ਦੱਸਿਆ ਕਿ 2017 ਦੇ ਪਹਿਲੇ ਅੱਧ ਦੌਰਾਨ 6924000 ਸੈਲਾਨੀਆਂ ਨੇ ਵਿਆਨਾ ਦਾ ਰੁਖ ਕੀਤਾ ਜਦਕਿ ਇਸੇ ਵਕਫੇ ਦੌਰਾਨ 6646525 ਸੈਲਾਨੀਆਂ ਨੇ ਉਥੇ ਸੈਰ ਸਪਾਟੇ ਦੇ ਮਜ਼ੇ ਲਏ ਸਨ।

# ਸੰਤ ਭਿੰਡਰਾਂਵਾਲੇ ਨੇ ਨਹੀਂ ਕੀਤੀ ਸੀ ਖਾਲਿਸਤਾਨ ਦੀ ਮੰਗ: ਸਵਾਮੀ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਸੁਬਰਾਮਨੀਅਨ ਸਵਾਮੀ ਨੇ ਸਿੱਖ ਫੋਰਮ ਦੇ ਇਕ ਸਮਾਗਮ ਦੌਰਾਨ ਕਿਹਾ ਕਿ ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਸਰਕਾਰ ਨੂੰ ਸਾਕਾ ਨੀਲਾ ਤਾਰਾ ਲਈ ਮਨਾ ਕੀਤਾ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਸੀ ਕੀਤੀ ਕਿਉਂਕਿ ਜਦੋਂ ਉਹ ਸੰਤਾਂ ਨੂੰ ਮਿਲੇ ਸਨ ਤਾਂ ਉਨ੍ਹਾਂ ਇਹ ਖੁਲਾਸਾ ਕੀਤਾ ਸੀ।

ਫੋਰਮ ਦੇ ਸਕੱਤਰ ਜਨਰਲ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਸ੍ਰੀ ਸਵਾਮੀ ਨੇ ਕਿਹਾ ਹੁਣ ਸਾਕਾ ਨੀਲਾ ਤਾਰਾ ਵਾਪਰੇ 30 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਇਸ ਲਈ ਇਸ ਸਾਕੇ ਨਾਲ ਜੁੜੇ ਸਾਰੇ ਸਰਕਾਰੀ ਦਸਤਾਵੇਜ਼ ਸਾਹਮਣੇ ਆਉਣੇ ਚਾਹੀਦੇ ਹਨ ਤਾਂ ਜੋ ਰੂਸ ਸਣੇ ਬਰਤਾਨੀਆ ਦੀ ਇਸ ਸਾਕੇ ਨਾਲ ਜੁੜੀ ਭੂਮਿਕਾ ਸਾਹਮਣੇ ਲਿਆਂਦੀ ਜਾ ਸਕੇ। ਉਹ ਇਸ ਮੁੱਦੇ ਨੂੰ ਲੈ ਕੇ ਸੰਸਦ ਵਿਚ ਇਕ ਨਿੱਜੀ ਬਿੱਲ ਵੀ ਪੇਸ਼ ਕਰਨਗੇ।

# ਬਾਦਲ ਸਰਕਾਰ ਵੇਲੇ ਕਾਂਗਰਸੀਆਂ 'ਤੇ ਦਰਜ ਬਹੁਤੇ ਕੇਸ ਝੂਠੇ

**ਚੰਡੀਗੜ੍ਹ:** ਅਕਾਲੀ ਭਾਜਪਾ ਸਰਕਾਰ ਸਮੇਂ ਪੁਲਿਸ ਦੀ ਦੁਰਵਰਤੋਂ ਕਰ ਕੇ ਦਰਜ ਕੀਤੇ ਗਏ ਝੂਠੇ ਮੁਕੱਦਮਿਆਂ ਦਾ ਮਾਮਲਾ ਇਕ ਵਾਰ ਮੁੜ ਭਖ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝੂਠੇ ਕੇਸਾਂ ਬਾਰੇ ਜਸਟਿਸ ਗਿੱਲ ਕਮਿਸ਼ਨ ਦੀ ਜਾਂਚ ਸਬੰਧੀ ਅੰਤ੍ਰਿਮ ਰਿਪੋਰਟ ਵਿਚ ਕੀਤੀਆਂ ਗਈਆਂ ਸਿਫਾਰਸ਼ਾਂ ਦਾ ਸਮਾਂ-ਬੱਧ ਤਰੀਕੇ ਨਾਲ ਜਾਇਜ਼ਾ ਲੈਣ ਅਤੇ ਲਾਗੂ ਕਰਨ ਲਈ ਗ੍ਰਹਿ ਅਤੇ ਨਿਆਂ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ।

ਮਹਿਤਾਬ ਸਿੰਘ ਗਿੱਲ ਕਮਿਸ਼ਨ ਦਾ ਗਠਨ ਮੁੱਖ ਮੰਤਰੀ ਵੱਲੋਂ ਪੰਜ ਅਪਰੈਲ ਨੂੰ ਕੀਤਾ ਗਿਆ ਸੀ।ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਕੱਲ੍ਹ ਆਪਣੇ ਵਰਕਰਾਂ ਉਤੇ ਸਰਕਾਰੀ ਜਬਰ ਦੇ ਦੋਸ਼ ਲਾਏ ਜਾ ਰਹੇ ਹਨ। ਇਸੇ ਸਬੰਧੀ ਗੁਰਦਾਸਪੁਰ ਜ਼ਿਲ੍ਹੇ ਵਿਚ ਧਰਨੇ ਵੀ ਦਿੱਤੇ ਗਏ ਹਨ। ਪਹਿਲਾਂ ਅਕਾਲੀ-ਭਾਜਪਾ ਸਰਕਾਰ ਸਮੇਂ ਕਾਂਗਰਸੀ ਅਜਿਹੇ ਦੋਸ਼ ਲਾਉਂਦੇ ਸਨ। ਕੈਪਟਨ ਅਮਰਿੰਦਰ ਸਿੰਘ, ਜੋ ਕਿ ਉਸ ਸਮੇਂ ਪ੍ਰਦੇਸ਼ ਕਾਂਗਰਸ ਪ੍ਰਧਾਨ ਸਨ, ਘੱਟੋ ਘੱਟ ਦੋ ਵਾਰ

### ਜਸਟਿਸ ਗਿੱਲ ਕਮਿਸ਼ਨ ਵੱਲੋਂ ਰਿਪੋਰਟ 'ਚ ਖੁਲਾਸਾ



ਥਾਣਿਆਂ ਵਿਚ ਜਾ ਕੇ ਥਾਣਾ ਮੁਖੀਆਂ ਨੂੰ ਧਮਕਾ ਵੀ ਆਏ ਸਨ। ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੂੰ ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲਾਂ ਦੌਰਾਨ ਕਾਂਗਰਸੀਆਂ ਖਿਲਾਫ਼ ਬਣਾਏ ਮੁਕੱਦਮਿਆਂ ਦੀ ਘੋਖ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਅਪਰੈਲ ਮਹੀਨੇ ਸਥਾਪਤ ਕੀਤੇ ਗਏ ਇਸ ਕਮਿਸ਼ਨ ਨੇ ਹੁਣ ਤੱਕ 178 ਕੇਸਾਂ ਨੂੰ ਘੋਖਿਆ-ਪੜਤਾਲਿਆ ਹੈ ਅਤੇ ਇਨ੍ਹਾਂ ਵਿਚੋਂ 130 ਕੇਸਾਂ ਵਿਚ ਪੀੜਤਾਂ ਨੂੰ ਮੁਆਵਜ਼ਾ ਦਿੱਤੇ ਜਾਣ ਅਤੇ ਮੁਆਵਜ਼ੇ ਦੀ ਰਕਮ ਤਫਤੀਸ਼ੀ ਅਫਸਰਾਂ ਤੋਂ ਵਸੂਲੇ ਜਾਣ ਦੀ ਸਿਫਾਰਸ਼ ਕੀਤੀ ਹੈ। ਇਹ ਕੇਸ ਉਹ ਹਨ ਜਿਨ੍ਹਾਂ ਵਿਚ ਮੁਲਜ਼ਮਾਂ ਨੂੰ ਅਦਾਲਤਾਂ ਨੇ ਬਰੀ ਕਰ ਦਿੱਤਾ ਸੀ। ਕਮਿਸ਼ਨ ਨੂੰ 4200 ਦੇ ਕਰੀਬ ਸ਼ਿਕਾਇਤਾਂ ਮਿਲੀਆਂ ਸਨ। ਬਾਕੀਆਂ ਦੀ ਅਜੇ ਪੜਤਾਲ ਹੋਣੀ ਬਾਕੀ ਹੈ। ਇੰਨੀਆਂ ਸ਼ਿਕਾਇਤਾਂ ਮਿਲਣੀਆਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਕਿ ਪੁਲਿਸ ਦੀ ਦੁਰਵਰਤੋਂ ਕਿੰਨੀ ਖੁੱਲ੍ਹ ਕੇ ਹੋਈ।

ਕੈਪਟਨ ਅਮਰਿੰਦਰ ਸਿੰਘ ਕਈ ਵਾਰ ਇਹ ਕਹਿ ਚੁੱਕੇ ਹਨ ਕਿ ਉਹ ਬਦਲਾਖੋਰੀ ਦੀ ਸਿਆਸਤ ਵਿਚ ਨਹੀਂ ਪੈਣਾ ਚਾਹੁੰਦੇ ਅਤੇ ਆਪਣਾ ਧਿਆਨ ਪੰਜਾਬ ਦੀ ਆਰਥਿਕ ਦਸ਼ਾ ਸੁਧਾਰਨ ਵੱਲ ਕੇਂਦ੍ਰਿਤ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਅਜਿਹਾ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ, ਪਰ ਨਾਲ ਹੀ ਉਨ੍ਹਾਂ ਨੂੰ ਪੁਲਿਸ ਨੂੰ ਬੇਲੋੜੇ ਸਿਆਸੀ ਦਬਾਅ ਤੋਂ ਬਚਾਉਣ ਦੇ ਠੋਸ ਹੀਲੇ ਵੀ ਕਰਨੇ ਚਾਹੀਦੇ ਹਨ।

# ਉਹ ਗੁੰਮਨਾਮ ਚਿੱਠੀ ਜਿਸ ਨੇ ਡੇਰਾ ਮੁਖੀ ਦਾ ਚਿੱਠਾ ਖੋਲ੍ਹਿਆ

ਵੱਲ
ਪ੍ਰਧਾਨ ਮੰਤਰੀ
ਸ੍ਰੀ ਅਟਲ ਬਿਹਾਰੀ ਵਾਜਪਾਈ

**ਵਿਸ਼ਾ**: ਸੱਚੇ ਸੌਦੇ ਵਾਲੇ ਮਹਾਰਾਜ ਵੱਲੋਂ ਸੈਂਕੜੇ ਕੁੜੀਆਂ ਨਾਲ ਕੀਤੇ ਬਲਾਤਕਾਰਾਂ ਦੀ ਜਾਂਚ ਸਬੰਧੀ।

ਸ੍ਰੀਮਾਨ ਜੀ,

ਮੈਂ ਪੰਜਾਬ ਦੀ ਰਹਿਣ ਵਾਲੀ ਹਾਂ। ਮੈਂ ਡੇਰਾ ਸੱਚਾ ਸੌਦਾ ਸਿਰਸਾ (ਹਰਿਆਣਾ) ਵਿਚ ਸਾਧਵੀ ਦੇ ਤੌਰ 'ਤੇ ਪਿਛਲੇ ਪੰਜ ਸਾਲ ਤੋਂ ਸੇਵਾ ਕਰ ਰਹੀ ਹਾਂ। ਮੈਥੋਂ ਬਿਨਾਂ ਇਸ ਡੇਰੇ ਵਿਚ ਹੋਰ ਵੀ ਸੈਂਕੜੇ ਕੁੜੀਆਂ ਹਨ, ਜਿਹੜੀਆਂ ਹਰ ਰੋਜ਼ 18 ਘੰਟੇ ਸੇਵਾ ਕਰਦੀਆਂ ਹਨ, ਪਰ ਸਾਡਾ ਇਥੇ ਸਰੀਰਕ ਸ਼ੋਸ਼ਣ ਹੁੰਦਾ ਹੈ। ਡੇਰੇ ਦੇ ਮਹਾਰਾਜ ਗੁਰਮੀਤ ਸਿੰਘ ਕੁੜੀਆਂ ਨਾਲ ਬਲਾਤਕਾਰ ਕਰਦੇ ਹਨ। ਮੈਂ ਬੀ.ਏ. ਪਾਸ ਹਾਂ। ਮੇਰੇ ਪਰਿਵਾਰ ਦੀ ਮਹਾਰਾਜ ਵਿਚ ਅੰਨ੍ਹੀ ਸ਼ਰਧਾ ਹੈ। ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਸਾਧਵੀ ਬਣੀ। ਸਾਧਵੀ ਬਣਨ ਤੋਂ ਦੋ ਸਾਲ ਬਾਅਦ ਮਹਾਰਾਜ ਗੁਰਮੀਤ ਦੀ ਖਾਸ ਚੇਲੀ ਸਾਧਵੀ ਗੁਰਜੋਤ ਰਾਤੀਂ 10 ਵਜੇ ਮੇਰੇ ਕੋਲ ਆਈ ਅਤੇ ਕਿਹਾ ਕਿ ਮਹਾਰਾਜ ਨੇ ਮੈਨੂੰ ਆਪਣੀ ਗੁਫਾ ਵਿਚ ਬੁਲਾਇਆ ਹੈ। ਮੈਂ ਬੜੀ ਖੁਸ਼ ਹੋਈ ਕਿ ਮਹਾਰਾਜ ਨੇ ਖੁਦ ਮੈਨੂੰ ਬੁਲਾਇਆ ਹੈ। ਮੈਂ ਪਹਿਲੀ ਵਾਰ ਉਨ੍ਹਾਂ ਕੋਲ ਜਾ ਰਹੀ ਸੀ। ਮੈਂ ਜਦੋਂ ਪੌੜੀਆਂ ਉਤਰ ਕੇ ਥੱਲੇ ਗਈ ਅਤੇ ਮਹਾਰਾਜ ਦੀ ਗੁਫਾ ਵਿਚ ਦਾਖਲ ਹੋਈ ਤਾਂ ਦੇਖਿਆ ਕਿ ਮਹਾਰਾਜ ਬੈੱਡ 'ਤੇ ਬੈਠੇ ਸਨ। ਉਨ੍ਹਾਂ ਦੇ ਹੱਥ ਵਿਚ ਟੀ.ਵੀ. ਦਾ ਰਿਮੋਟ ਫੜਿਆ ਹੋਇਆ ਸੀ ਤੇ ਉਹ ਅਸ਼ਲੀਲ ਫਿਲਮ ਦੇਖ ਰਹੇ ਸਨ। ਉਨ੍ਹਾਂ ਦੇ ਸਿਰਹਾਣੇ ਦੇ ਨਾਲ ਬੈੱਡ 'ਤੇ ਰਿਵਾਲਵਰ ਪਿਆ ਸੀ। ਇਹ ਸਾਰਾ ਕੁਝ ਦੇਖ ਕੇ ਮੈਂ ਘਬਰਾ ਗਈ। ਮੈਂ ਮਹਾਰਾਜ ਦੇ ਅਜਿਹੇ ਕਿਰਦਾਰ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਮਹਾਰਾਜ ਨੇ ਟੀ.ਵੀ. ਬੰਦ ਕਰ ਦਿੱਤਾ ਤੇ ਮੈਨੂੰ ਆਪਣੇ ਕੋਲ ਬਿਠਾ ਲਿਆ। ਮਹਾਰਾਜ ਨੇ ਮੈਨੂੰ ਪਾਣੀ ਪਿਲਾਇਆ ਅਤੇ ਕਿਹਾ ਕਿ ਉਨ੍ਹਾਂ ਨੇ ਮੈਨੂੰ ਇਸ ਕਰ ਕੇ ਬੁਲਾਇਆ ਹੈ ਕਿ ਉਹ ਮੈਨੂੰ ਆਪਣੇ ਕਰੀਬ ਸਮਝਦੇ ਹਨ। ਮੇਰਾ ਇਹ ਪਹਿਲਾ ਅਨੁਭਵ ਸੀ।

ਮਹਾਰਾਜ ਨੇ ਮੈਨੂੰ ਆਪਣੀ ਜਕੜ ਵਿਚ ਲੈ ਲਿਆ ਅਤੇ ਕਿਹਾ ਕਿ ਉਹ ਮੈਨੂੰ ਆਪਣੇ ਦਿਲ ਦੀ ਗਹਿਰਾਈ 'ਚੋਂ ਪਿਆਰ ਕਰਦੇ ਹਨ। ਮਹਾਰਾਜ ਨੇ ਇਹ ਵੀ ਕਿਹਾ ਕਿ ਉਹ ਮੇਰੇ ਨਾਲ ਪਿਆਰ ਕਰਨਾ ਚਾਹੁੰਦੇ ਹਨ। ਮਹਾਰਾਜ ਨੇ ਕਿਹਾ ਕਿ ਮੈਂ

***ਮਹਾਰਾਜ ਨੇ ਮੇਰੇ ਨਾਲ ਖੇਹ ਖਾਧੀ। ਮਹਾਰਾਜ ਪਿਛਲੇ ਤਿੰਨ ਸਾਲ ਤੋਂ ਮੇਰੇ ਨਾਲ ਇਹ ਕੁਝ ਕਰਦੇ ਆ ਰਹੇ ਹਨ। ਹਰ 25-30 ਦਿਨਾਂ ਬਾਅਦ ਮੇਰੀ ਵਾਰੀ ਆਉਂਦੀ ਹੈ। ਮਹਾਰਾਜ ਨੇ ਮੈਥੋਂ ਪਹਿਲਾਂ ਵੀ ਡੇਰੇ ਵਿਚ ਮੌਜੂਦ ਜਿਹੜੀਆਂ ਕੁੜੀਆਂ ਨੂੰ ਬੁਲਾਇਆ, ਉਨ੍ਹਾਂ ਨਾਲ ਵੀ ਇਹੀ ਕੁਝ ਕੀਤਾ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕੁੜੀਆਂ ਦੀ ਉਮਰ 35-40 ਸਾਲ ਹੈ ਅਤੇ ਉਹ ਵਿਆਹ ਦੀ ਉਮਰ ਵੀ ਲੰਘਾ ਚੁੱਕੀਆਂ ਹਨ। ਜ਼ਿਆਦਾਤਰ ਕੁੜੀਆਂ ਪੜ੍ਹੀਆਂ ਲਿਖੀਆਂ ਹਨ, ਪਰ ਉਹ ਡੇਰੇ ਵਿਚ ਨਰਕ ਭੋਗ ਰਹੀਆਂ ਹਨ।...***



ਉਨ੍ਹਾਂ ਦੀ ਚੇਲੀ ਬਣਨ ਵੇਲੇ ਆਪਣਾ ਤਨ ਮਨ ਧਨ ਉਨ੍ਹਾਂ ਨੂੰ ਸੌਂਪ ਚੁੱਕੀ ਹਾਂ ਅਤੇ ਉਨ੍ਹਾਂ ਨੇ ਮੇਰੀ ਭੇਟਾ ਸਵੀਕਾਰ ਕਰ ਲਈ ਹੈ। ਜਦੋਂ ਮੈਂ ਇਸ 'ਤੇ ਇਤਰਾਜ਼ ਕੀਤਾ ਤਾਂ ਮਹਾਰਾਜ ਬੋਲੇ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ 'ਮੈਂ ਰੱਬ ਹਾਂ'। ਜਦੋਂ ਮੈਂ ਪੁੱਛਿਆ ਕਿ, 'ਕੀ ਰੱਬ ਵੀ ਅਜਿਹੇ ਕੰਮ ਕਰਦਾ ਹੈ?' ਤਾਂ ਮਹਾਰਾਜ ਬੋਲੇ:

1) ਸ੍ਰੀ ਕ੍ਰਿਸ਼ਨ ਵੀ ਭਗਵਾਨ ਸਨ ਤੇ ਉਨ੍ਹਾਂ ਕੋਲ 360 ਗੋਪੀਆਂ ਸਨ ਜਿਨ੍ਹਾਂ ਨਾਲ ਉਹ ਪ੍ਰੇਮ ਲੀਲ੍ਹਾ ਰਚਾਉਂਦੇ ਸਨ। ਤਾਂ ਵੀ ਲੋਕ ਉਨ੍ਹਾਂ ਨੂੰ ਰੱਬ ਮੰਨਦੇ ਸਨ। ਇਸ ਵਿਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ।

2) ਮੈਂ ਤੈਨੂੰ ਇਸ ਰਿਵਾਲਵਰ ਨਾਲ ਮਾਰ ਸਕਦਾ ਹਾਂ ਤੇ ਇਥੇ ਹੀ ਤੇਰੀ ਲਾਸ਼ ਦਬਾ ਸਕਦਾ ਹਾਂ। ਤੇਰੇ ਪਰਿਵਾਰ ਵਾਲੇ ਮੇਰੇ ਪੱਕੇ ਸ਼ਰਧਾਲੂ ਹਨ ਤੇ ਉਨ੍ਹਾਂ ਨੂੰ ਮੇਰੇ 'ਤੇ ਅੰਨ੍ਹਾ ਵਿਸ਼ਵਾਸ ਹੈ। ਤੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਤੇਰੇ ਪਰਿਵਾਰ ਵਾਲੇ ਮੇਰੇ ਵਿਰੁਧ ਨਹੀਂ ਜਾ ਸਕਦੇ।

3) ਸਰਕਾਰਾਂ 'ਤੇ ਵੀ ਮੇਰਾ ਚੰਗਾ ਅਸਰ ਹੈ। ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਤੇ ਪੰਜਾਬ ਦੇ ਕੇਂਦਰੀ ਮੰਤਰੀ ਮੈਨੂੰ ਮੱਥਾ ਟੇਕਣ ਆਉਂਦੇ ਹਨ। ਸਿਆਸਤਦਾਨ ਲੋਕ ਸਾਥੋਂ ਮਦਦ ਲੈਂਦੇ ਹਨ। ਉਹ ਸਾਥੋਂ ਪੈਸਾ ਵੀ ਲੈਂਦੇ ਹਨ। ਉਹ ਮੇਰੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਦੇ। ਅਸੀਂ ਤੇਰੇ ਪਰਿਵਾਰ ਵਾਲਿਆਂ ਨੂੰ ਨੌਕਰੀਆਂ ਤੋਂ ਕਢਵਾ ਦਿਆਂਗੇ ਅਤੇ ਆਪਣੇ ਸੇਵਾਦਾਰਾਂ ਤੋਂ ਮੈਂ ਉਨ੍ਹਾਂ ਨੂੰ ਕਿਤੇ ਮਰਵਾ-ਖਪਾ ਦਿਆਂਗਾ। ਅਸੀਂ ਉਨ੍ਹਾਂ ਦੇ ਕਤਲ ਦਾ ਕੋਈ ਸਬੂਤ ਵੀ ਨਹੀਂ ਛੱਡਾਂਗੇ। ਤੈਨੂੰ ਇਹ ਪਤਾ ਹੈ ਕਿ ਪਹਿਲਾਂ ਵੀ ਅਸੀਂ ਡੇਰੇ ਦੇ ਮੈਨੇਜਰ ਫਕੀਰ ਚੰਦ ਨੂੰ ਗੁੰਡਿਆਂ ਕੋਲੋਂ ਮਰਵਾ ਚੁੱਕੇ ਹਾਂ। ਅੱਜ ਤੱਕ ਉਸ ਦੇ ਕਤਲ ਦੀ ਉਘ-ਸੁਘ ਨਹੀਂ ਨਿਕਲੀ। ਡੇਰੇ ਨੂੰ ਹਰ ਰੋਜ਼ ਇਕ ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਸ ਨਾਲ ਅਸੀਂ ਲੀਡਰਾਂ, ਪੁਲਿਸ ਅਤੇ ਜੱਜਾਂ ਨੂੰ ਖਰੀਦ ਸਕਦੇ ਹਾਂ।

ਇਸ ਤੋਂ ਬਾਅਦ ਮਹਾਰਾਜ ਨੇ ਮੇਰੇ ਨਾਲ ਖੇਹ ਖਾਧੀ। ਮਹਾਰਾਜ ਪਿਛਲੇ ਤਿੰਨ ਸਾਲ ਤੋਂ ਮੇਰੇ ਨਾਲ ਇਹ ਕੁਝ ਕਰਦੇ ਆ ਰਹੇ ਹਨ। ਹਰ 25-30 ਦਿਨਾਂ ਬਾਅਦ ਮੇਰੀ ਵਾਰੀ ਆਉਂਦੀ ਹੈ। ਮੈਨੂੰ ਇਹ ਵੀ ਪਤਾ ਲੱਗਿਆ ਹੈ ਕਿ ਮਹਾਰਾਜ ਨੇ ਮੈਥੋਂ ਪਹਿਲਾਂ ਵੀ ਡੇਰੇ ਵਿਚ ਮੌਜੂਦ ਜਿਹੜੀਆਂ ਕੁੜੀਆਂ ਨੂੰ ਬੁਲਾਇਆ, ਉਨ੍ਹਾਂ ਨਾਲ ਵੀ ਇਹੀ ਕੁਝ ਕੀਤਾ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕੁੜੀਆਂ ਦੀ ਉਮਰ 35-40 ਸਾਲ ਹੈ ਅਤੇ ਉਹ ਵਿਆਹ ਦੀ ਉਮਰ ਵੀ ਲੰਘਾ ਚੁੱਕੀਆਂ ਹਨ। ਉਨ੍ਹਾਂ ਕੋਲ ਇਸ ਹਾਲਤ ਵਿਚ ਰਹਿਣ ਤੋਂ ਸਿਵਾ ਹੋਰ ਕੋਈ ਰਾਹ ਵੀ ਨਹੀਂ ਬਚਿਆ। ਜ਼ਿਆਦਾਤਰ ਕੁੜੀਆਂ ਪੜ੍ਹੀਆਂ ਲਿਖੀਆਂ ਹਨ ਅਤੇ ਉਨ੍ਹਾਂ ਕੋਲ ਬੀ.ਏ., ਐਮ.ਏ., ਬੀ.ਐਡ. ਆਦਿ ਡਿਗਰੀਆਂ ਹਨ, ਪਰ ਉਹ ਡੇਰੇ ਵਿਚ ਨਰਕ ਭੋਗ ਰਹੀਆਂ ਹਨ। ਸਿਰਫ ਇਸ ਕਰ ਕੇ, ਕਿਉਂਕਿ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੀ ਮਹਾਰਾਜ ਵਿਚ ਅੰਨ੍ਹੀ ਸ਼ਰਧਾ ਹੈ। ਅਸੀਂ ਚਿੱਟੇ ਕੱਪੜੇ ਪਹਿਨਦੀਆਂ, ਸਿਰ 'ਤੇ ਪਟਕਾ ਬੰਨ੍ਹਦੀਆਂ, ਮਰਦਾਂ ਵੱਲ ਨਹੀਂ ਦੇਖ ਸਕਦੀਆਂ ਅਤੇ ਮਹਾਰਾਜ ਦੇ ਆਦੇਸ਼ ਮੁਤਾਬਕ, ਬੰਦਿਆਂ ਨਾਲ 5-10 ਫੁੱਟ ਦੀ ਦੂਰੀ 'ਤੇ ਖਲੋ ਕੇ ਗੱਲ ਕਰਦੀਆਂ ਹਾਂ। ਅਸੀਂ ਦੇਖਣ ਵਾਲਿਆਂ ਨੂੰ ਦੇਵੀਆਂ ਲਗਦੀਆਂ ਹਾਂ, ਪਰ ਅਸੀਂ ਵੇਸਵਾਵਾਂ ਦੀ ਜੂਨ ਭੋਗ ਰਹੀਆਂ ਹਾਂ। ਕਈ ਵਾਰ ਮੈਂ ਆਪਣੇ ਘਰ ਵਾਲਿਆਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਡੇਰੇ ਵਿਚ ਸਭ ਕੁਝ ਅੱਛਾ ਨਹੀਂ, ਪਰ ਮੇਰੇ ਪਰਿਵਾਰ ਵਾਲਿਆਂ ਨੇ ਮੈਨੂੰ ਡਾਂਟ ਦਿੱਤਾ ਤੇ ਕਿਹਾ ਕਿ ਡੇਰੇ ਤੋਂ ਅੱਛੀ ਥਾਂ ਹੋਰ ਕੋਈ ਨਹੀਂ, ਕਿਉਂਕਿ ਇਥੇ ਅਸੀਂ ਭਗਵਾਨ (ਮਹਾਰਾਜ) ਦੀ ਸੰਗਤ ਵਿਚ ਹਾਂ। ਉਨ੍ਹਾਂ ਕਿਹਾ ਕਿ ਮੈਂ ਡੇਰੇ ਬਾਰੇ ਆਪਣੇ ਮਨ ਵਿਚ ਮੰਦੀ ਸੋਚ ਪੈਦਾ ਕਰ ਲਈ ਹੈ। ਉਨ੍ਹਾਂ ਨੇ ਮੈਨੂੰ ਸਤਿਗੁਰੂ ਦਾ ਜਾਪ ਕਰਨ ਲਈ ਕਿਹਾ।

ਮੈਂ ਇਥੇ ਮਜਬੂਰ ਹਾਂ, ਕਿਉਂਕਿ ਮੈਨੂੰ ਮਹਾਰਾਜ ਦੇ ਹਰ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ। ਕਿਸੇ ਕੁੜੀ ਨੂੰ ਦੂਜੀ ਕੁੜੀ ਨਾਲ ਗੱਲ ਕਰਨ ਦੀ ਆਗਿਆ ਨਹੀਂ। ਮਹਾਰਾਜ ਦੇ ਆਦੇਸ਼ਾਂ ਮੁਤਾਬਕ ਕੁੜੀਆਂ ਆਪਣੇ ਘਰਦਿਆਂ ਨਾਲ ਵੀ ਟੈਲੀਫੋਨ 'ਤੇ ਗੱਲ ਨਹੀਂ ਕਰ ਸਕਦੀਆਂ। ਜੇ ਕੋਈ ਕੁੜੀ ਡੇਰੇ ਦੀ ਅਸਲੀਅਤ ਬਾਰੇ ਕਿਤੇ ਗੱਲ ਕਰੇ ਤਾਂ ਮਹਾਰਾਜ ਦੇ ਆਦੇਸ਼ਾਂ ਮੁਤਾਬਕ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਪਿਛੇ ਜਿਹੇ ਬਠਿੰਡੇ ਦੀ ਇਕ ਕੁੜੀ ਨੇ ਮਹਾਰਾਜ ਦੀਆਂ ਕਰਤੂਤਾਂ ਬਾਰੇ ਦੱਸ ਦਿੱਤਾ। ਇਸ ਤੋਂ ਬਾਅਦ ਸਾਰੀਆਂ ਚੇਲੀਆਂ ਨੇ ਉਸ ਨੂੰ ਕੁਟਾਪਾ ਚਾੜ੍ਹਿਆ। ਰੀੜ੍ਹ ਦੀ ਹੱਡੀ ਵਿਚ ਫਰੈਕਚਰ ਕਾਰਨ ਉਹ ਹਾਲੇ ਵੀ ਬੈੱਡ 'ਤੇ ਪਈ ਹੋਈ ਹੈ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਡੇਰੇ ਦੀ ਸੇਵਾਦਾਰੀ ਛੱਡ ਦਿੱਤੀ ਅਤੇ ਆਪਣੇ ਘਰ ਚਲੇ ਗਏ। ਉਹ ਮਹਾਰਾਜ ਦੇ ਡਰ ਅਤੇ ਆਪਣੀ ਬਦਨਾਮੀ ਕਾਰਨ ਕਿਸੇ ਨੂੰ ਕੁਝ ਨਹੀਂ ਦੱਸ ਰਿਹਾ।

ਇਸੇ ਤਰ੍ਹਾਂ ਕੁਰੂਕਸ਼ੇਤਰ ਦੀ ਇਕ ਕੁੜੀ ਵੀ ਡੇਰਾ ਛੱਡ ਕੇ ਆਪਣੇ ਘਰ ਚਲੀ ਗਈ। ਜਦੋਂ ਉਸ ਨੇ ਸਾਰੀ ਕਹਾਣੀ ਆਪਣੇ ਪਰਿਵਾਰ ਵਾਲਿਆਂ ਨੂੰ ਦੱਸੀ ਤਾਂ ਉਸ ਦੇ ਭਰਾ ਨੇ ਡੇਰਾ ਛੱਡ ਦਿੱਤਾ, ਉਹ ਡੇਰੇ ਵਿਚ ਸੇਵਾਦਾਰ ਵਜੋਂ ਕੰਮ ਕਰਦਾ ਸੀ। ਜਦੋਂ ਸੰਗਰੂਰ ਦੀ ਇਕ ਕੁੜੀ ਡੇਰਾ ਛੱਡ ਕੇ ਆਪਣੇ ਘਰ ਗਈ ਤਾਂ ਉਸ ਡੇਰੇ ਦੇ ਹਥਿਆਰਬੰਦ ਸੇਵਾਦਾਰ/ਗੁੰਡੇ ਕੁੜੀ ਦੇ ਘਰ ਪਹੁੰਚ ਗਏ। ਦਰਵਾਜ਼ਾ ਅੰਦਰ ਬੰਦ ਕਰਨ ਤੋਂ ਬਾਅਦ ਉਨ੍ਹਾਂ ਕੁੜੀ ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਨਾਲ ਹੀ ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਕੋਈ ਗੱਲ ਨਹੀਂ ਨਿਕਲਣੀ ਚਾਹੀਦੀ। ਇਸੇ ਤਰ੍ਹਾਂ ਮਾਨਸਾ, ਫ਼ਿਰੋਜ਼ਪੁਰ, ਪਟਿਆਲਾ ਅਤੇ ਲੁਧਿਆਣੇ ਜ਼ਿਲ੍ਹਿਆਂ ਦੀਆਂ ਹੋਰ ਵੀ ਕੁੜੀਆਂ ਹਨ ਜਿਹੜੀਆਂ ਡੇਰੇ ਬਾਰੇ ਕੁਝ ਵੀ ਦੱਸਣ ਤੋਂ ਡਰ ਰਹੀਆਂ ਹਨ। ਉਹ ਭਾਵੇਂ ਡੇਰਾ ਛੱਡ ਚੁੱਕੀਆਂ ਹਨ, ਪਰ ਉਹ ਆਪਣੀ ਜਾਨ ਨੂੰ ਖ਼ਤਰੇ ਦੇ ਡਰੋਂ ਕੁਝ ਵੀ ਨਹੀਂ ਦੱਸ ਰਹੀਆਂ। ਇਸੇ ਤਰ੍ਹਾਂ ਸਿਰਸਾ, ਹਿਸਾਰ, ਫ਼ਤਿਆਬਾਦ, ਹਨੂਮਾਨਗੜ੍ਹ ਅਤੇ ਮੇਰਠ ਜ਼ਿਲ੍ਹਿਆਂ ਦੀਆਂ ਕੁੜੀਆਂ ਡੇਰੇ ਦੇ ਗੁੰਡਿਆਂ ਕਾਰਨ ਆਪਣੇ ਨਾਲ ਹੋਈਆਂ ਕਹਾਣੀਆਂ ਬਾਹਰ ਨਹੀਂ ਕੱਢ ਰਹੀਆਂ।

ਜੇ ਮੈਂ ਆਪਣਾ ਨਾਂ ਦੱਸ ਦੇਵਾਂ ਤਾਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਮੈਂ ਆਮ ਲੋਕਾਂ ਨੂੰ ਇਹ ਸਚਾਈ ਦੱਸਣਾ ਚਾਹੁੰਦੀ ਹਾਂ, ਕਿਉਂਕਿ ਮੈਂ ਅਜਿਹੀ ਪਰੇਸ਼ਾਨੀ ਬਰਦਾਸ਼ਤ ਨਹੀਂ ਕਰ ਸਕਦੀ, ਪਰ ਮੈਨੂੰ ਆਪਣੀ ਜਾਨ ਦਾ ਖ਼ਤਰਾ ਹੈ। ਜੇ ਪ੍ਰੈੱਸ ਜਾਂ ਕਿਸੇ ਹੋਰ ਏਜੰਸੀ ਜ਼ਰੀਏ ਜਾਂਚ ਕਰਵਾਈ ਜਾਵੇ ਤਾਂ ਡੇਰੇ ਵਿਚ ਰਹਿ ਰਹੀਆਂ 40-50 ਕੁੜੀਆਂ ਸਚਾਈ ਬਿਆਨ ਕਰਨ ਲਈ ਸਾਹਮਣੇ ਆ ਜਾਣਗੀਆਂ। ਸਾਡੀ ਮੈਡੀਕਲ ਜਾਂਚ ਵੀ ਹੋ ਸਕਦੀ ਹੈ ਤਾਂ ਕਿ ਪਤਾ ਚੱਲ ਸਕੇ ਕਿ ਅਸੀਂ ਕੁਆਰੀਆਂ ਚੇਲੀਆਂ ਹਾਂ, ਜਾਂ ਨਹੀਂ। ਜੇ ਅਸੀਂ ਕੁਆਰੀਆਂ ਨਹੀਂ ਤਾਂ ਇਸ ਦੀ ਪੜਤਾਲ ਕੀਤੀ ਜਾਵੇ ਕਿ ਕਿਸ ਨੇ ਸਾਡਾ ਕੁਆਰਾਪਨ ਭੰਗ ਕੀਤਾ। ਇਹ ਗੱਲ ਸਾਹਮਣੇ ਆਏਗੀ ਕਿ ਮਹਾਰਾਜ ਗੁਰਮੀਤ ਰਾਮ ਰਹੀਮ ਸਿੰਘ ਡੇਰਾ ਸੱਚਾ ਸੌਦਾ ਨੇ ਸਾਡੀਆਂ ਜ਼ਿੰਦਗੀਆਂ ਬਰਬਾਦ ਕੀਤੀਆਂ ਹਨ। ***-ਇਕ ਦੁਖੀ ਅਬਲਾ***

# ਪੱਤਰਕਾਰ ਛਤਰਪਤੀ ਦੇ ਪਰਿਵਾਰ ਦੀ ਲੜਾਈ

ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵਿਰੁਧ ਪੱਤਰਕਾਰ ਰਾਮਚੰਦਰ ਛਤਰਪਤੀ ਅਤੇ ਡੇਰੇ ਦੇ ਪ੍ਰੇਮੀ ਰਣਜੀਤ ਸਿੰਘ ਦੇ ਕਤਲਾਂ ਸਬੰਧੀ ਦੋ ਹੋਰ ਕੇਸ ਵੀ ਚੱਲ ਰਹੇ ਹਨ।

ਡੇਰਾ ਮੁਖੀ ਨੂੰ ਸਾਧਵੀਆਂ ਨਾਲ ਜਬਰ ਜਨਾਹ ਦੇ ਕੇਸ ਵਿਚ ਸਜ਼ਾ ਸੁਣਾਉਣ ਦਾ ਫ਼ੈਸਲਾ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪਰਿਵਾਰ ਲਈ ਵੱਡੀ ਉਮੀਦ ਬਣ ਕੇ ਆਇਆ ਹੈ। ਛਤਰਪਤੀ ਵੱਲੋਂ ਆਪਣੀ ਅਖ਼ਬਾਰ ਵਿਚ ਡੇਰਾ ਮੁਖੀ 'ਤੇ ਸਾਧਵੀਆਂ ਵੱਲੋਂ ਸਰੀਰਕ ਸ਼ੋਸ਼ਣ ਦੇ ਦੋਸ਼ ਲਗਾਏ ਜਾਣ ਤੋਂ ਬਾਅਦ 2002 ਵਿਚ ਇਸ ਸਬੰਧੀ ਵਿਸ਼ੇਸ਼ ਕਵਰੇਜ ਕੀਤੇ ਜਾਣ ਕਾਰਨ ਡੇਰੇ ਦੇ ਦੋ ਪ੍ਰੇਮੀਆਂ ਵੱਲੋਂ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਹੁਣ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਕਿਹਾ- "ਡੇਰਾ ਮੁਖੀ ਵਰਗੇ ਰਸੂਖਵਾਨ ਲੋਕ ਕੋਈ ਜੁਰਮ ਕਰਨ ਤੋਂ ਬਾਅਦ ਕਾਨੂੰਨ ਤੋਂ ਬਚ ਨਹੀਂ ਸਕਦੇ। ਇਸ ਕੇਸ ਦੇ ਫ਼ੈਸਲੇ ਨਾਲ ਮੇਰੇ ਪਿਤਾ ਛਤਰਪਤੀ ਦਾ ਕੇਸ ਮਜ਼ਬੂਤ ਹੋਵੇਗਾ।"

ਦੂਸਰਾ ਕਤਲ ਡੇਰਾ ਪ੍ਰੇਮੀ ਰਣਜੀਤ ਸਿੰਘ ਨਾਲ ਸਬੰਧਤ ਹੈ। ਡੇਰਾ ਮੁਖੀ ਵਿਰੁਧ ਦੋਵਾਂ ਕੇਸਾਂ ਵਿਚ ਚਾਰਜਸ਼ੀਟ ਦਾਇਰ ਹੋ ਚੁੱਕੀ ਹੈ ਅਤੇ ਸੁਣਵਾਈ ਚਲ ਰਹੀ ਹੈ। ਇਕ ਸਾਧਵੀ ਵੱਲੋਂ ਲਿਖੀ ਚਿੱਠੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਸਮੇਤ ਕਈ ਹੋਰ ਮਹੱਤਵਪੂਰਨ ਥਾਵਾਂ 'ਤੇ ਨਿਆਂ ਦੀ ਮੰਗ ਲਈ ਪਹੁੰਚਾਉਣ ਦੇ ਸ਼ੱਕ ਵਿਚ ਡੇਰਾ ਪ੍ਰੇਮੀ ਰਣਜੀਤ ਸਿੰਘ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸੇ ਚਿੱਠੀ ਕਾਰਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸੀ.ਬੀ.ਆਈ. ਨੂੰ ਇਸ ਕੇਸ ਦੀ ਜਾਂਚ-ਪੜਤਾਲ ਕਰਨ ਦੇ ਹੁਕਮ ਦਿੱਤੇ ਸਨ।

ਅੰਸ਼ੁਲ ਛਤਰਪਤੀ ਅਨੁਸਾਰ, ਉਸ ਦੇ ਪਿਤਾ ਦੇ ਕਤਲ ਕੇਸ ਵਿਚ ਸਾਰੀਆਂ ਗਵਾਹੀਆਂ ਦਰਜ ਹੋ ਚੁੱਕੀਆਂ ਹਨ ਅਤੇ ਇਹ ਸੁਣਵਾਈ ਦੇ ਆਖਰੀ ਪੜਾਅ ਵਿਚ ਹੈ। ਇਸ ਕੇਸ ਦੀ ਅਗਲੀ ਸੁਣਵਾਈ 16 ਸਤੰਬਰ 2017 ਨੂੰ ਹੋਣੀ ਹੈ। ਰਾਮਚੰਦਰ ਛਤਰਪਤੀ ਸਿਰਸਾ ਤੋਂ ਪੱਤਰਕਾਰ ਸਨ ਜਿਨ੍ਹਾਂ ਨੇ ਸ਼ਾਮ ਨੂੰ ਛਪਣ ਵਾਲਾ ਅਖ਼ਬਾਰ 'ਪੂਰਾ ਸੱਚ' ਸਾਲ 2000 ਵਿਚ ਸ਼ੁਰੂ ਕੀਤਾ ਸੀ। ਜਦੋਂ ਡੇਰੇ ਵਿਚ ਕੁਝ ਗ਼ਲਤ ਕਾਰਵਾਈਆਂ ਅਤੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਤਾਂ ਛਤਰਪਤੀ ਵਲੋਂ ਆਪਣੇ ਅਖ਼ਬਾਰ ਵਿਚ ਇਸ ਮੁੱਦੇ ਨਾਲ ਸਬੰਧਤ ਖ਼ਬਰਾਂ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਗਿਆ। ਅੰਸ਼ੁਲ ਨੇ ਦੱਸਿਆ- "ਡੇਰਾ ਪ੍ਰੇਮੀਆਂ ਵੱਲੋਂ ਮੇਰੇ ਪਿਤਾ ਨੂੰ ਡਰਾਇਆ-ਧਮਕਾਇਆ ਜਾਣ ਲੱਗਾ। 24 ਅਕਤੂਬਰ, 2002 ਨੂੰ ਜਦੋਂ ਪਿਤਾ ਜੀ ਘਰ ਵਿਚ ਸਨ, ਤਾਂ ਡੇਰੇ ਦੇ ਕੁਝ ਗੁੰਡਿਆਂ ਵੱਲੋਂ ਉਨ੍ਹਾਂ ਨੂੰ ਬਾਹਰ ਸੱਦਿਆ ਗਿਆ ਅਤੇ ਉਨ੍ਹਾਂ 'ਤੇ 5 ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਨੂੰ ਪੀ.ਜੀ.ਆਈ. (ਰੋਹਤਕ) ਵਿਚ ਦਾਖਲ ਕਰਵਾਇਆ ਗਿਆ, ਪਰ ਪੁਲਿਸ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਅਤੇ ਅਖੀਰ 28 ਦਿਨਾਂ ਬਾਅਦ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਉਨ੍ਹਾਂ ਦੀ ਮੌਤ ਹੋ ਗਈ। ਮੇਰੇ ਦਾਦਾ ਜੀ ਵਲੋਂ ਨਵੰਬਰ 2002 ਵਿਚ ਸਿਰਸਾ ਦੇ ਡਿਪਟੀ ਕਮਿਸ਼ਨਰ ਨੂੰ ਬੇਨਤੀ ਕੀਤੀ ਗਈ ਕਿ ਮੇਰੇ ਪਿਤਾ ਜੀ ਦੇ ਪੁਲਿਸ ਵਲੋਂ ਮੈਜਿਸਟਟੇਟ ਦੀ ਹਾਜ਼ਰੀ ਵਿਚ ਬਿਆਨ ਦਰਜ ਕਰਵਾਏ ਜਾਣ।" ਅੰਸ਼ੁਲ ਮੁਤਾਬਕ, ਗੋਲੀਆਂ ਲੱਗਣ ਦੇ ਬਾਵਜੂਦ ਉਹਦੇ ਪਿਤਾ 15 ਦਿਨ ਤੱਕ ਪੂਰੀ ਤਰ੍ਹਾਂ ਹੋਸ਼ ਵਿਚ ਸਨ।



ਯਾਦ ਰਹੇ ਕਿ ਹਰਿਆਣਾ ਵਿਚ ਉਸ ਸਮੇਂ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਸਰਕਾਰ ਸੀ ਜਿਸ ਦੇ ਡੇਰੇ ਨਾਲ ਚੰਗੇ ਸਬੰਧ ਸਨ। ਅੰਸ਼ੁਲ ਛਤਰਪਤੀ ਨੇ ਕਿਹਾ- "ਮੇਰੇ ਪਿਤਾ ਨੇ ਡੇਰੇ ਉਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਲਾਏ ਸਨ। ਮੇਰੀ ਮੌਜੂਦਗੀ ਵਿਚ ਇਹ ਦਰਜ ਕੀਤਾ ਗਿਆ, ਪਰ ਇਹ ਪੈਰਾ ਪੁਲਿਸ ਵਲੋਂ ਆਪਣੀ ਦਰਖਾਸਤ ਵਿਚੋਂ ਹਟਾ ਦਿੱਤਾ ਗਿਆ। ਉਸ ਸਮੇਂ ਵੀ ਡੇਰਾ ਮੁਖੀ ਨੂੰ ਸਮੇਂ ਦੀ ਸਰਕਾਰ ਇਨੈਲੋ ਵੱਲੋਂ ਰਾਜਨੀਤਕ ਹਮਾਇਤ ਪ੍ਰਾਪਤ ਸੀ ਜਿਸ ਤਰ੍ਹਾਂ ਹੁਣ ਭਾਰਤੀ ਜਨਤਾ ਪਾਰਟੀ ਵਲੋਂ ਉਸ ਨੂੰ ਹਮਾਇਤ ਦਿੱਤੀ ਜਾ ਰਹੀ ਹੈ। ਇਹ ਰਾਜਨੀਤਕ ਦਬਾਅ ਹੀ ਸੀ ਜਿਸ ਨੇ ਹਰਿਆਣਾ ਪੁਲਿਸ ਨੂੰ ਸਹੀ ਕਾਰਵਾਈ ਨਹੀਂ ਕਰਨ ਦਿੱਤੀ। ਦਸੰਬਰ 2002 ਵਿਚ ਮੇਰਾ ਪਰਿਵਾਰ ਉਸ ਸਮੇਂ ਦੇ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਮਿਲਿਆ ਅਤੇ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ, ਕਿਉਂਕਿ ਹਰਿਆਣਾ ਪੁਲਿਸ ਵਲੋਂ ਵੀ ਡੇਰੇ ਦਾ ਬਚਾਅ ਕੀਤਾ ਜਾ ਰਿਹਾ ਸੀ। ਕੁਝ ਵੀ ਨਾ ਹੁੰਦਾ ਦੇਖ ਕੇ ਅਸੀਂ ਫਿਰ ਪੰਜਾਬ ਅਤੇ ਹਰਿਆਣਾ ਕੋਰਟ ਕੋਲ ਇਸ ਮਾਮਲੇ ਸਬੰਧੀ ਬੇਨਤੀ ਕੀਤੀ ਅਤੇ ਹਾਈਕੋਰਟ ਵੱਲੋਂ 2003 ਵਿਚ ਇਸ ਕੇਸ ਨੂੰ ਸੀ.ਬੀ.ਆਈ. ਹਵਾਲੇ ਕਰ ਦਿੱਤਾ ਗਿਆ।"

ਅੰਸ਼ੁਲ ਅਨੁਸਾਰ, ਸਿਰਸਾ ਦੇ ਪਿੰਡ ਬਾਜੇਕਨ ਦੇ ਸਾਬਕਾ ਸਰਪੰਚ ਠਾਕੁਰ ਸ਼ਿਵ ਰਾਮ ਸਿੰਘ ਰਾਹੀਂ ਡੇਰੇ ਵੱਲੋਂ ਇਸ ਕੇਸ ਨੂੰ ਵਾਪਸ ਲੈਣ ਲਈ 5 ਕਰੋੜ ਤੱਕ ਦੀ ਪੇਸ਼ਕਸ਼ ਕੀਤੀ ਗਈ। ਜਦੋਂ 'ਇੰਡੀਅਨ ਐਕਸਪ੍ਰੈੱਸ' ਅਖਬਾਰ ਨੇ ਇਸ ਮਾਮਲੇ ਸਬੰਧੀ ਪੜਤਾਲ ਕੀਤੀ ਤਾਂ ਸਾਬਕਾ ਸਰਪੰਚ ਨੇ ਮੰਨਿਆ ਕਿ ਉਸ ਨੂੰ ਅਜਿਹਾ ਕਰਨ ਲਈ ਡੇਰਾ ਪ੍ਰੇਮੀਆਂ ਵੱਲੋਂ ਕਿਹਾ ਗਿਆ ਸੀ। ਇਹੀ ਨਹੀਂ, ਪੰਜਾਬ ਤੋਂ ਕਾਂਗਰਸ ਦੇ ਇਕ ਵਿਧਾਇਕ ਵੱਲੋਂ ਵੀ ਕੇਸ ਵਾਪਸ ਲੈਣ ਲਈ ਉਨ੍ਹਾਂ ਉਤੇ ਅਸਿੱਧੇ ਤੌਰ 'ਤੇ ਦਬਾਅ ਪਾਇਆ ਗਿਆ, ਪਰ ਉਨ੍ਹਾਂ ਵੱਲੋਂ ਜ਼ਿਆਦਾ ਦਬਾਅ ਇਸ ਲਈ ਨਹੀਂ ਪਾਇਆ ਜਾ ਸਕਿਆ, ਕਿਉਂਕਿ ਇਸ ਮੁੱਦੇ ਨੂੰ ਲੈ ਕੇ ਰਾਜ ਪੱਧਰ 'ਤੇ ਲੋਕਾਂ ਅਤੇ ਪੱਤਰਕਾਰਾਂ ਵੱਲੋਂ ਵੱਡੇ ਪੱਧਰ 'ਤੇ ਧਰਨੇ ਦਿੱਤੇ ਜਾ ਰਹੇ ਸਨ। ਅੰਸ਼ੁਲ ਨੂੰ ਸੂਬਾ ਪੁਲਿਸ ਵਲੋਂ ਕੀਤੀ ਗਈ ਸ਼ੁਰੂਆਤੀ ਜਾਂਚ ਪੜਤਾਲ ਤੋਂ ਕਾਫੀ ਨਿਰਾਸ਼ਾ ਹੋਈ, ਪਰ ਉਸ ਨੇ ਸੀ.ਬੀ.ਆਈ. ਅਫਸਰਾਂ ਦੀ ਪ੍ਰਸੰਸਾ ਕੀਤੀ। ਉਸ ਨੇ ਕਿਹਾ ਕਿ ਮੈਂ ਸੀ.ਬੀ.ਆਈ. ਅਫ਼ਸਰ ਸਤੀਸ਼ ਡਾਗਰ ਨੂੰ ਸਲਾਮ ਕਰਦਾ ਹਾਂ ਜਿਨ੍ਹਾਂ ਨੇ ਹੌਸਲੇ ਅਤੇ ਵਿਗਿਆਨਕ ਢੰਗ ਨਾਲ ਇਸ ਕੇਸ ਦੀ ਜਾਂਚ ਪੜਤਾਲ ਕੀਤੀ। ਇਸ ਤੋਂ ਇਲਾਵਾ ਉਹ ਸੀਨੀਅਰ ਵਕੀਲ ਅਸ਼ਵਨੀ ਬਖ਼ਸ਼ੀ, ਰਾਜੀਵ ਗੋਦਾਰਾ, ਆਰ.ਐਸ. ਚੀਮਾ ਅਤੇ ਰਾਜਿੰਦਰ ਸੱਚਰ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਬਿਨਾਂ ਕਿਸੇ ਫੀਸ ਤੋਂ ਕਾਨੂੰਨੀ ਲੜਾਈ ਲੜੀ। ਰਾਮਚੰਦਰ ਛਤਰਪਤੀ ਦੀ ਮੌਤ ਤੋਂ ਬਾਅਦ ਅੰਸ਼ੁਲ ਵੱਲੋਂ ਅਖ਼ਬਾਰ ਚਲਾਇਆ ਜਾਂਦਾ ਰਿਹਾ, ਪਰ ਆਰਥਿਕ ਤੰਗੀ ਕਾਰਨ 2014 ਵਿਚ ਇਸ ਨੂੰ ਬੰਦ ਕਰਨਾ ਪਿਆ।

ਜਬਰ ਜਨਾਹ ਕੇਸ ਵਿਚ ਡੇਰਾ ਮੁਖੀ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਹੋਈ ਹਿੰਸਾ ਕਾਰਨ ਛਤਰਪਤੀ ਦੇ ਪਰਿਵਾਰ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਅੰਸ਼ੁਲ ਨੇ ਕਿਹਾ ਕਿ ਡੇਰਾ ਮੁਖੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਹਿੰਸਾ ਦੇ ਲਈ ਭੀੜ ਨੂੰ ਵਰਤਿਆ ਜਾ ਰਿਹਾ ਹੈ। ਉਸ ਨੇ ਆਪਣੇ-ਆਪ ਨੂੰ ਬਚਾਉਣ ਦੇ ਲਈ ਕਈ ਰਾਜਨੀਤਕ ਹਸਤੀਆਂ ਨਾਲ ਗਠਜੋੜ ਵੀ ਬਣਾਏ ਹੋਏ ਹਨ। ਕਈ ਰਾਜਨੀਤਕ ਹਸਤੀਆਂ ਵੱਲੋਂ ਡੇਰਾ ਮੁਖੀ ਨੂੰ ਅਪਰਾਧਕ ਕੇਸਾਂ ਵਿਚ ਨਾਂ ਆਉਣ ਕਾਰਨ ਬਲੈਕਮੇਲ ਵੀ ਕੀਤਾ ਜਾਂਦਾ ਰਿਹਾ ਹੈ, ਇਸ ਦਾ ਮੁੱਖ ਕਾਰਨ ਵੋਟਾਂ ਸਮੇਂ ਡੇਰਾ ਮੁਖੀ ਤੋਂ ਹਮਾਇਤ ਪ੍ਰਾਪਤ ਕਰਨਾ ਹੁੰਦਾ ਸੀ। ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਡੇਰਾ ਮੁਖੀ ਵੱਲੋਂ ਭੀੜ ਰਾਹੀਂ ਹਿੰਸਕ ਵਾਰਦਾਤਾਂ ਕਰਵਾਈਆਂ ਹੋਣ। ਇਸ ਤੋਂ ਪਹਿਲਾਂ ਜਦੋਂ 2007 ਵਿਚ ਉਹ ਪਹਿਲੀ ਵਾਰ ਅੰਬਾਲਾ ਦੀ ਸੀ.ਬੀ.ਆਈ. ਅਦਾਲਤ ਵਿਚ ਪੇਸ਼ੀ ਭੁਗਤਣ ਗਿਆ ਸੀ, ਉਦੋਂ ਵੀ ਉਸ ਨਾਲ ਇਸੇ ਤਰ੍ਹਾਂ ਡੇਰੇ ਦੇ ਲੋਕਾਂ ਦੀਆਂ ਗੱਡੀਆਂ ਦਾ ਕਾਫ਼ੀ ਵੱਡਾ ਕਾਫ਼ਲਾ ਸੀ, ਪਰ ਹਰ ਤਰ੍ਹਾਂ ਦੇ ਦਬਾਅ ਦੇ ਬਾਵਜੂਦ ਅਸੀਂ ਉਸ ਬਹਾਦਰ ਪੱਤਰਕਾਰ ਨੂੰ ਨਿਆਂ ਦਿਵਾਉਣ ਲਈ ਲੜ ਰਹੇ ਹਾਂ। ***-ਸੁਖਬੀਰ ਸੀਵਾਚ***

# ਡੇਰਾ ਸੱਚਾ ਸੌਦਾ ਤੱਥਾਵਲੀ: ਇਲਜ਼ਾਮਾਂ ਤੋਂ ਸਜ਼ਾ ਤਕ

-ਸਿਰਸਾ ਵਿਚ ਡੇਰਾ ਸੱਚਾ ਸੌਦਾ ਦੀ ਸਥਾਪਨਾ ਸ਼ਾਹ ਮਸਤਾਨਾ ਜੀ ਬਲੋਚੀ ਨੇ 1948 ਵਿਚ ਕੀਤੀ ਜੋ ਮੁਲਕ ਦੀ ਵੰਡ ਤੋਂ ਬਾਅਦ ਬਲੋਚਸਤਾਨ ਤੋਂ ਆਏ ਸਨ। ਉਨ੍ਹਾਂ ਤੋਂ ਬਾਅਦ ਸ਼ਾਹ ਸਤਨਾਮ ਜੀ ਡੇਰਾ ਮੁਖੀ ਬਣੇ।

-ਸ਼ਾਹ ਸਤਨਾਮ ਦੀ ਥਾਂ 23 ਸਤੰਬਰ 1990 ਵਿਚ ਗੁਰਮੀਤ ਸਿੰਘ ਡੇਰਾ ਮੁਖੀ ਵਜੋਂ ਗੱਦੀਨਸ਼ੀਨ ਹੋਇਆ। 13 ਦਸੰਬਰ 1991 ਨੂੰ ਸ਼ਾਹ ਸਤਨਾਮ ਦੀ ਮੌਤ।

-1998 ਵਿਚ ਪਿੰਡ ਬੇਗੂ ਦਾ ਇਕ ਬੱਚਾ ਡੇਰੇ ਦੀ ਜੀਪ ਥੱਲੇ ਕੁਚਲਿਆ ਗਿਆ। ਪਿੰਡ ਵਾਲਿਆਂ ਨਾਲ ਡੇਰੇ ਦਾ ਝਗੜਾ ਹੋ ਗਿਆ। ਖ਼ਬਰ ਛਾਪਣ ਵਾਲੇ ਅਖ਼ਬਾਰਾਂ ਦੇ ਨੁਮਾਇੰਦਿਆਂ ਨੂੰ ਡਰਾਇਆ-ਧਮਕਾਇਆ ਗਿਆ। ਡੇਰੇ ਦੇ ਸ਼ਰਧਾਲੂ ਗੱਡੀਆਂ ਭਰ ਕੇ ਸਿਰਸਾ ਦੇ ਸੰਧਿਆ

**ਪੇਸ਼ਕਸ਼ ਬੂਟਾ ਸਿੰਘ**

ਦੈਨਿਕ ਅਖ਼ਬਾਰ 'ਰਾਮਾ ਟਾਈਮਜ਼' ਦੇ ਦਫ਼ਤਰ ਵਿਚ ਜਾ ਧਮਕੇ ਅਤੇ ਪੱਤਰਕਾਰ ਵਿਸ਼ਵਜੀਤ ਸ਼ਰਮਾ ਨੂੰ ਧਮਕੀ ਦਿੱਤੀ। ਆਖ਼ਿਰਕਾਰ ਡੇਰੇ ਦੀ ਇੰਤਜ਼ਾਮੀਆ ਕਮੇਟੀ ਅਤੇ ਮੀਡੀਆ ਵਾਲਿਆਂ ਦੀ ਪੰਚਾਇਤ ਹੋਈ ਜਿਸ ਵਿਚ ਡੇਰੇ ਵਲੋਂ ਲਿਖਤੀ ਮੁਆਫ਼ੀ ਮੰਗੀ ਗਈ ਅਤੇ ਮਾਮਲਾ ਰਫ਼ਾ-ਦਫ਼ਾ ਹੋ ਗਿਆ।

-ਮਈ 2002 ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉਪਰ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਾਉਂਦੇ ਹੋਏ ਡੇਰੇ ਦੀ ਇਕ ਸਾਧਵੀ ਵਲੋਂ ਬੇਨਾਮ ਚਿੱਠੀ ਪ੍ਰਧਾਨ ਮੰਤਰੀ ਨੂੰ ਭੇਜੀ ਗਈ ਜਿਸ ਦੀ ਇਕ ਕਾਪੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਭੇਜੀ ਗਈ।

-10 ਜੁਲਾਈ 2002 ਨੂੰ ਡੇਰਾ ਸੱਚਾ ਸੌਦਾ ਦੀ ਇੰਤਜ਼ਾਮੀਆ ਕਮੇਟੀ ਦੇ ਸਾਬਕਾ ਮੈਂਬਰ ਕੁਰੂਕਸ਼ੇਤਰ ਦੇ ਰਣਜੀਤ ਸਿੰਘ ਦਾ ਕਤਲ ਹੋ ਗਿਆ। ਇਸ ਦਾ ਇਲਜ਼ਾਮ ਡੇਰੇ ਉਪਰ ਲੱਗਿਆ। ਰਣਜੀਤ ਸਿੰਘ ਉਪਰ ਡੇਰੇ ਦੇ ਕਰਤਾ-ਧਰਤਾ ਲੋਕਾਂ ਨੂੰ ਸ਼ੱਕ ਸੀ ਕਿ ਉਪਰੋਕਤ ਬੇਨਾਮ ਚਿੱਠੀ ਉਸ ਨੇ ਆਪਣੀ ਭੈਣ ਤੋਂ ਲਿਖਵਾਈ ਸੀ। ਗ਼ੌਰਤਲਬ ਹੈ ਕਿ ਰਣਜੀਤ ਸਿੰਘ ਦੀ ਭੈਣ ਵੀ ਡੇਰੇ ਵਿਚ ਸਾਧਵੀ ਸੀ। ਪੁਲਿਸ ਜਾਂਚ ਤੋਂ ਅਸੰਤੁਸ਼ਟ ਰਣਜੀਤ ਸਿੰਘ ਦੇ ਪਿਤਾ ਨੇ ਜਨਵਰੀ 2003 ਵਿਚ ਹਾਈਕੋਰਟ ਵਿਚ ਦਰਖ਼ਾਸਤ ਦੇ ਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ।

-24 ਸਤੰਬਰ 2002 ਨੂੰ ਹਾਈਕੋਰਟ ਨੇ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਬੇਨਾਮ ਚਿੱਠੀ ਦਾ ਨੋਟਿਸ ਲੈਂਦੇ ਹੋਏ ਡੇਰੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੇ ਆਦੇਸ਼ ਦਿੱਤੇ। ਸੀ.ਬੀ.ਆਈ. ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ।

-24 ਅਕਤੂਬਰ 2002 ਨੂੰ ਸਿਰਸਾ ਦੇ ਸੰਧਿਆ ਦੈਨਿਕ ਅਖ਼ਬਾਰ 'ਪੂਰਾ ਸੱਚ' ਦੇ ਸੰਪਾਦਕ ਰਾਮਚੰਦਰ ਛਤਰਪਤੀ ਉਪਰ ਡੇਰੇ ਦੇ ਬੰਦਿਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਛਤਰਪਤੀ ਨੂੰ ਘਰ ਤੋਂ ਬਾਹਰ ਬੁਲਾ ਕੇ ਪੰਜ ਗੋਲੀਆਂ ਮਾਰੀਆਂ ਗਈਆਂ।

-25 ਅਕਤੂਬਰ 2002 ਨੂੰ ਇਸ ਵਾਰਦਾਤ ਦੇ ਖ਼ਿਲਾਫ਼ ਸਿਰਸਾ ਸ਼ਹਿਰ ਡੇਰੇ ਦੇ ਵਿਰੋਧ ਵਿਚ ਬੰਦ ਰਿਹਾ। ਮੁਲਕ ਦੇ ਉਤਰੀ ਹਿੱਸੇ ਵਿਚ ਮੀਡੀਆ ਉਪਰ ਹਮਲੇ ਨੂੰ ਲੈ ਕੇ ਰੋਹ ਫੈਲ ਗਿਆ। ਮੀਡੀਆ ਵਾਲਿਆਂ ਵਲੋਂ ਥਾਂ-ਥਾਂ ਧਰਨੇ-ਮੁਜ਼ਾਹਰੇ ਕੀਤੇ ਗਏ।

-16 ਨਵੰਬਰ 2002 ਨੂੰ ਸਿਰਸਾ ਵਿਚ ਮੀਡੀਆ ਦੀ ਮਹਾਂਪੰਚਾਇਤ ਸੱਦੀ ਗਈ ਅਤੇ ਡੇਰਾ ਸੱਚਾ ਸੌਦਾ ਦਾ ਬਾਈਕਾਟ ਕਰਨ ਦਾ ਅਹਿਦ ਲਿਆ ਗਿਆ।

-21 ਨਵੰਬਰ 2002 ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਦਮ ਤੋੜ ਗਏ।



-ਦਸੰਬਰ 2002 ਨੂੰ ਛਤਰਪਤੀ ਪਰਿਵਾਰ ਨੇ ਪੁਲਿਸ ਜਾਂਚ ਤੋਂ ਅਸੰਤੁਸ਼ਟ ਹੋ ਕੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਮੁੱਖ ਮੰਤਰੀ ਤੋਂ ਕੀਤੀ। ਪਰਿਵਾਰ ਦਾ ਇਲਜ਼ਾਮ ਸੀ ਕਿ ਕਤਲ ਦੇ ਮੁੱਖ ਮੁਲਜ਼ਮ ਅਤੇ ਸਾਜ਼ਿਸ਼ਘਾੜੇ ਨੂੰ ਪੁਲਿਸ ਬਚਾ ਰਹੀ ਹੈ।

-ਜਨਵਰੀ 2003 ਵਿਚ ਪੱਤਰਕਾਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਹਾਈ ਕੋਰਟ ਵਿਚ ਦਰਖ਼ਾਸਤ ਦਾਇਰ ਕਰ ਕੇ ਛਤਰਪਤੀ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਏ ਜਾਣ ਦੀ ਮੰਗ ਕੀਤੀ। ਦਰਖ਼ਾਸਤ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉਪਰ ਕਤਲ ਦਾ ਇਲਜ਼ਾਮ ਲਗਾਇਆ ਗਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੱਤਰਕਾਰ ਛਤਰਪਤੀ ਅਤੇ ਰਣਜੀਤ ਸਿੰਘ ਕਤਲਾਂ ਦੇ ਮਾਮਲਿਆਂ ਦੀ ਸੁਣਵਾਈ ਸਾਂਝੇ ਤੌਰ 'ਤੇ ਕਰਦੇ ਹੋਏ 10 ਨਵੰਬਰ 2003 ਨੂੰ ਸੀ.ਬੀ.ਆਈ. ਨੂੰ ਐਫ.ਆਈ.ਆਰ. ਦਰਜ ਕਰ ਕੇ ਜਾਂਚ ਦੇ ਆਦੇਸ਼ ਦਿੱਤੇ।

-ਦਸੰਬਰ 2003 ਵਿਚ ਸੀ.ਬੀ.ਆਈ. ਨੇ ਛਤਰਪਤੀ ਅਤੇ ਰਣਜੀਤ ਸਿੰਘ ਕਤਲ ਕਾਂਡਾਂ ਵਿਚ ਜਾਂਚ ਸ਼ੁਰੂ ਕੀਤੀ।

-ਦਸੰਬਰ 2003 ਵਿਚ ਡੇਰੇ ਵਾਲਿਆਂ ਨੇ ਸੁਪਰੀਮ ਕੋਰਟ ਵਿਚ ਦਰਖ਼ਾਸਤ ਦਾਇਰ ਕਰ ਕੇ ਸੀ.ਬੀ.ਆਈ. ਵਲੋਂ ਕੀਤੀ ਜਾ ਰਹੀ ਜਾਂਚ ਉਪਰ ਰੋਕ ਲਗਾਏ ਜਾਣ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਉਪਰੋਕਤ ਦਰਖ਼ਾਸਤ ਉਪਰ ਕਾਰਵਾਈ ਕਰਦੇ ਹੋਏ ਜਾਂਚ ਰੋਕ ਦਿੱਤੀ।

-ਨਵੰਬਰ 2004 ਵਿਚ ਦੂਜੀ ਧਿਰ ਦਾ ਪੱਖ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਡੇਰੇ ਦੀ ਦਰਖ਼ਾਸਤ ਖ਼ਾਰਜ ਕਰ ਦਿੱਤੀ ਅਤੇ ਸੀ.ਬੀ.ਆਈ. ਜਾਂਚ ਜਾਰੀ ਰੱਖਣ ਦੇ ਆਦੇਸ਼ ਦਿੱਤੇ।

*ਖੱਬਿਓਂ: ਡੇਰੇ ਦਾ ਪਹਿਲਾ ਮੁਖੀ ਸ਼ਾਹ ਮਸਤਾਨਾ, ਦੂਜਾ ਮੁਖੀ ਸ਼ਾਹ ਸਤਨਾਮ ਅਤੇ ਤੀਜਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ।*

-ਸੀ.ਬੀ.ਆਈ. ਨੇ ਮੁੜ ਉਪਰੋਕਤ ਮਾਮਲਿਆਂ ਦੀ ਜਾਂਚ ਸ਼ੁਰੂ ਕਰ ਕੇ ਡੇਰਾ ਮੁਖੀ ਸਮੇਤ ਕਈ ਹੋਰ ਲੋਕਾਂ ਨੂੰ ਮੁਲਜ਼ਮ ਨਾਮਜ਼ਦ ਕਰ ਲਿਆ। ਜਾਂਚ ਤੋਂ ਬੌਖਲਾਏ ਡੇਰੇ ਵਾਲਿਆਂ ਨੇ ਸੀ.ਬੀ.ਆਈ. ਦੇ ਅਧਿਕਾਰੀਆਂ ਦੇ ਖ਼ਿਲਾਫ਼ ਚੰਡੀਗੜ੍ਹ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਇਕੱਠੇ ਹੋ ਕੇ ਪ੍ਰਦਰਸ਼ਨ ਕੀਤਾ।

-ਮਈ 2007 ਵਿਚ ਡੇਰਾ ਸਲਾਵਤਪੁਰਾ (ਬਠਿੰਡਾ) ਵਿਚ ਡੇਰਾ ਮੁਖੀ ਨੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਾ ਕੇ 'ਜਾਮ-ਏ-ਇੰਸਾਂ' ਪਿਆਉਂਦੇ ਹੋਏ ਤਸਵੀਰਾਂ ਖਿਚਵਾਈਆਂ ਅਤੇ ਅਖ਼ਬਾਰਾਂ ਵਿਚ ਛਪਵਾਈਆਂ।

-13 ਮਈ 2007 ਨੂੰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਦੀ ਨਕਲ ਕੀਤੇ ਜਾਣ ਦੇ ਖ਼ਿਲਾਫ਼ ਬਠਿੰਡਾ ਵਿਚ ਡੇਰਾ ਮੁਖੀ ਦਾ ਪੁਤਲਾ ਫੂਕਿਆ। ਡੇਰਾ ਪ੍ਰੇਮੀਆਂ ਨੇ ਪ੍ਰਦਰਸ਼ਨਕਾਰੀ ਸਿੱਖਾਂ ਉਪਰ ਹਮਲਾ ਕਰ ਦਿੱਤਾ। ਜਿਸ ਤੋਂ ਬਾਅਦ 14 ਮਈ 2007 ਨੂੰ ਪੂਰੇ ਉਤਰੀ ਹਿੰਦੁਸਤਾਨ ਵਿਚ ਹਿੰਸਕ ਘਟਨਾਵਾਂ ਹੋਈਆਂ। ਸਿੱਖਾਂ ਅਤੇ ਡੇਰਾ ਪ੍ਰੇਮੀਆਂ ਦਰਮਿਆਨ ਥਾਂ-ਥਾਂ ਟਕਰਾਓ ਹੋਏ।

-17 ਮਈ 2007 ਨੂੰ ਪ੍ਰਦਰਸ਼ਨ ਕਰ ਰਹੇ ਸਿੱਖਾਂ ਉਪਰ ਸੁਨਾਮ ਵਿਚ ਡੇਰਾ ਪ੍ਰੇਮੀ ਨੇ ਗੋਲੀ ਚਲਾ ਦਿੱਤੀ ਜਿਸ ਵਿਚ ਸਿੱਖ ਨੌਜਵਾਨ ਕੋਮਲ ਸਿੰਘ ਦੀ ਮੌਤ ਹੋ ਗਈ। ਜਿਸ ਤੋਂ ਬਾਦ ਸਿੱਖ ਜਥੇਬੰਦੀਆਂ ਨੇ ਡੇਰਾ ਮੁਖੀ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਅੰਦੋਲਨ ਸ਼ੁਰੂ ਕਰ ਦਿੱਤਾ। ਡੇਰਾ ਮੁਖੀ ਦੇ ਪੰਜਾਬ ਵਿਚ ਜਾਣ ਉਪਰ ਪਾਬੰਦੀ ਲੱਗ ਗਈ। ਡੇਰਾ ਸੱਚਾ ਸੌਦਾ ਇਸ ਮਾਮਲੇ ਵਿਚ ਝੁਕਣ ਲਈ ਤਿਆਰ ਨਹੀਂ ਸੀ। ਹਾਲਤ ਵਿਗੜਦੀ ਦੇਖ ਕੇ ਪੂਰੇ ਪੰਜਾਬ ਅਤੇ ਹਰਿਆਣਾ ਵਿਚ ਸੁਰੱਖਿਆ ਤਾਕਤਾਂ ਲਗਾ ਦਿੱਤੀਆਂ ਗਈਆਂ।

-18 ਜੂਨ 2007 ਨੂੰ ਬਠਿੰਡਾ ਦੀ ਅਦਾਲਤ ਨੇ ਰਾਜਿੰਦਰ ਸਿੰਘ ਸਿੱਧੂ ਦੀ ਦਰਖ਼ਾਸਤ ਉਪਰ ਡੇਰਾ ਮੁਖੀ ਦੇ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ। ਜਿਸ ਨਾਲ ਡੇਰਾ ਸੱਚਾ ਸੌਦਾ ਵਾਲੇ ਹੋਰ ਬੌਖਲਾ ਗਏ ਅਤੇ ਡੇਰਾ ਪ੍ਰੇਮੀਆਂ ਨੇ ਪੰਜਾਬ ਦੀ ਬਾਦਲ ਸਰਕਾਰ ਦੇ ਖ਼ਿਲਾਫ਼ ਥਾਂ-ਥਾਂ ਪ੍ਰਦਰਸ਼ਨ ਕੀਤੇ।

-16 ਜੁਲਾਈ 2007 ਨੂੰ ਸਿਰਸਾ ਦੇ ਪਿੰਡ ਘੁੱਕਾਂਵਾਲੀ ਵਿਚ ਪ੍ਰਸ਼ਾਸਨਿਕ ਪਾਬੰਦੀ ਦੇ ਬਾਵਜੂਦ ਡੇਰਾ ਸੱਚਾ ਸੌਦਾ ਨੇ ਨਾਮ ਚਰਚਾ ਰੱਖੀ। ਇਸ ਵਿਚ ਡੇਰਾ ਮੁਖੀ ਕਾਫ਼ਲੇ ਸਮੇਤ ਸ਼ਾਮਲ ਹੋਣ ਲਈ ਪਹੁੰਚ ਗਿਆ। ਸਿੱਖਾਂ ਨੇ ਕਾਫ਼ਲੇ ਨੂੰ ਕਾਲੇ ਝੰਡੇ ਦਿਖਾਏ। ਇਸ ਨੂੰ ਲੈ ਕੇ ਦੋਨਾਂ ਧਿਰਾਂ ਵਿਚ ਟਕਰਾਓ ਸ਼ੁਰੂ ਹੋ ਗਿਆ। ਦੇਖਦੇ ਹੀ ਦੇਖਦੇ ਹਜੂਮ ਦੇ ਤੇਵਰ ਵਿਗੜ ਗਏ ਅਤੇ ਦੋਨਾਂ ਧਿਰਾਂ ਵਿਚ ਪਥਰਾਓ ਸ਼ੁਰੂ ਹੋ ਗਿਆ। ਡੇਰਾ ਮੁਖੀ ਨੂੰ ਨਾਮ ਚਰਚਾ ਵਿਚਾਲੇ ਛੱਡ ਕੇ ਭੱਜਣਾ ਪਿਆ।

-24 ਜੁਲਾਈ 2007 ਨੂੰ ਪਿੰਡ ਮੱਲੇਵਾਲਾ ਵਿਚ ਨਾਮ ਚਰਚਾ ਤੋਂ ਝਗੜਾ ਖੜ੍ਹਾ ਹੋ ਗਿਆ। ਇਕ ਡੇਰਾ ਪ੍ਰੇਮੀ ਨੇ ਆਪਣੀ ਬੰਦੂਕ ਨਾਲ ਗੋਲੀਆਂ ਚਲਾ ਦਿੱਤੀਆਂ ਜਿਸ ਵਿਚ ਤਿੰਨ ਪੁਲਿਸ ਵਾਲੇ ਅਤੇ ਪੰਜ ਸਿੱਖ ਜ਼ਖ਼ਮੀ ਹੋ ਗਏ। ਮਾਹੌਲ ਫਿਰ ਤਣਾਓਪੂਰਨ ਹੋ ਗਿਆ। ਸਿੱਖਾਂ ਨੇ ਡੇਰਾ ਪ੍ਰੇਮੀਆਂ ਉਪਰ ਲਗਾਮ ਕੱਸਣ ਦੀ ਮੰਗ ਕਰਦੇ ਹੋਏ ਥਾਂ-ਥਾਂ ਪ੍ਰਦਰਸ਼ਨ ਕੀਤੇ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਜਾ ਕੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ ਅਤੇ ਹਰਿਆਣਾ ਸਰਕਾਰ ਨੂੰ ਸਿੱਖਾਂ ਦੀ ਸੁਰੱਖਿਆ ਦੇ ਇੰਤਜ਼ਾਮ ਕਰਨ ਲਈ ਕਿਹਾ।

-31 ਜੁਲਾਈ 2007 ਨੂੰ ਸੀ.ਬੀ.ਆਈ. ਨੇ ਕਤਲਾਂ ਦੇ ਮਾਮਲਿਆਂ ਅਤੇ ਸਾਧਵੀ ਜਿਨਸੀ ਸ਼ੋਸ਼ਣ ਮਾਮਲਿਆਂ ਵਿਚ ਜਾਂਚ ਪੂਰੀ ਕਰ ਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ। ਸੀ.ਬੀ.ਆਈ. ਨੇ ਤਿੰਨਾਂ ਮਾਮਲਿਆਂ ਵਿਚ ਡੇਰਾ ਮੁਖੀ ਨੂੰ ਮੁੱਖ ਮੁਲਜ਼ਮ ਨਾਮਜ਼ਦ ਕੀਤਾ। ਅਦਾਲਤ ਨੇ ਡੇਰਾ ਮੁਖੀ ਨੂੰ 31 ਅਗਸਤ 2007 ਤਕ ਅਦਾਲਤ ਵਿਚ ਪੇਸ਼ ਹੋਣ ਦੇ ਆਦੇਸ਼ ਦਿੱਤੇ। ਡੇਰੇ ਨੇ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਨੂੰ ਵੀ ਧਮਕੀ ਭਰੀ ਚਿੱਠੀ ਭੇਜੀ ਜਿਸ ਦੇ ਮੱਦੇਨਜ਼ਰ ਜੱਜ ਨੂੰ ਵੀ ਸੁਰੱਖਿਆ ਮੰਗਣੀ ਪਈ। ਅਦਾਲਤ ਨੇ ਕਤਲ ਅਤੇ ਜਬਰ ਜਨਾਹ ਵਰਗੇ ਤਿੰਨਾਂ ਮਾਮਲਿਆਂ ਵਿਚ ਡੇਰਾ ਮੁਖੀ ਨੂੰ ਬਾਕਾਇਦਾ ਜ਼ਮਾਨਤ ਦੇ ਦਿੱਤੀ, ਜਦਕਿ ਕਤਲ ਦੇ ਮਾਮਲਿਆਂ ਦੇ ਉਸ ਦੇ ਨਾਲ ਦੇ ਮੁਲਜ਼ਮ ਜੇਲ੍ਹ ਵਿਚ ਬੰਦ ਸਨ।

-ਤਿੰਨੋਂ ਹੀ ਮਾਮਲੇ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਵਿਚਾਰ-ਅਧੀਨ ਸਨ। 2007 ਤੋਂ ਲੈ ਕੇ ਹੁਣ ਤਕ ਇਨ੍ਹਾਂ ਤਿੰਨਾਂ ਮਾਮਲਿਆਂ ਦੀ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਡੇਰਾ ਸੱਚਾ ਸੌਦਾ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

-2007 ਵਿਚ ਸੀ.ਬੀ.ਆਈ. ਅਦਾਲਤ ਅੰਬਾਲਾ ਵਿਚ ਲੱਗਦੀ ਸੀ। ਉਸ ਦੌਰਾਨ ਪੇਸ਼ੀ ਦੇ ਲਈ ਅਦਾਲਤ ਵਲੋਂ ਅੰਬਾਲਾ ਵਿਚ ਪੇਸ਼ੀ ਲਈ ਸੱਦੇ ਜਾਣ 'ਤੇ ਡੇਰਾ ਮੁਖੀ ਦੇ ਵਲੋਂ ਹਜ਼ਾਰਾਂ ਹਮਾਇਤੀਆਂ ਨੂੰ ਇਕੱਠੇ ਕਰ ਕੇ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ ਅਤੇ ਲਗਾਤਾਰ ਅਦਾਲਤ ਉਪਰ ਦਬਾਓ ਦੀ ਰਣਨੀਤੀ ਦੇ ਤਹਿਤ ਲੋਕ ਇਕੱਠੇ ਕੀਤੇ ਗਏ।

-ਲੋਕਾਂ ਨੂੰ ਮੁਕਤੀ ਦਿਵਾਉਣ ਦਾ ਦਾਅਵਾ ਕਰਨ ਵਾਲੇ ਆਪੇ ਸਜੇ ਰੱਬ ਨੇ ਖ਼ੁਦ ਦੀ ਜਾਨ ਨੂੰ ਖ਼ਤਰਾ ਦੱਸ ਕੇ ਭੁਪਿੰਦਰ ਸਿੰਘ ਹੁਡਾ ਸਰਕਾਰ ਤੋਂ ਜ਼ੈੱਡ+ ਸੁਰੱਖਿਆ ਹਾਸਲ ਕੀਤੀ ਅਤੇ ਇਸ ਖ਼ਤਰੇ ਦਾ ਹਵਾਲਾ ਦੇ ਕੇ ਅਦਾਲਤ ਤੋਂ ਪੇਸ਼ੀ ਉਪਰ ਹਾਜ਼ਰ ਹੋਣ ਤੋਂ ਛੋਟ ਦੇਣ ਦੀ ਮੰਗ ਕੀਤੀ। ਅਦਾਲਤ ਨੇ ਲਗਾਤਾਰ ਛੋਟ ਦੇਣ ਦੀ ਬਜਾਏ ਪੇਸ਼ੀ ਸਿਰਸਾ ਅਦਾਲਤ ਤੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਕਰਵਾਏ ਜਾਣ ਦੀ ਮੋਹਲਤ ਡੇਰਾ ਮੁਖੀ ਨੂੰ ਦੇ ਦਿੱਤੀ।

-ਸਿਰਸਾ ਅਦਾਲਤ ਵਿਚ ਵੀ ਗੁਰਮੀਤ ਰਾਮ ਰਹੀਮ ਸਿੰਘ ਦੀ ਪੇਸ਼ੀ ਦੇ ਦੌਰਾਨ ਡੇਰੇ ਵਲੋਂ ਆਪਣੇ ਹਮਾਇਤੀਆਂ ਦਾ ਹਜੂਮ ਇਕੱਠਾ ਕਰ ਕੇ ਦਬਾਓ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ। ਜ਼ੈੱਡ+ ਸੁਰੱਖਿਆ ਦੇ ਬਾਵਜੂਦ ਡੇਰਾ ਮੁਖੀ ਦੀ ਜਾਨ ਨੂੰ ਖ਼ਤਰਾ ਦੱਸਦੇ ਹੋਏ ਡੇਰਾ ਸੱਚਾ ਸੌਦਾ ਤੋਂ ਲੈ ਕੇ ਅਦਾਲਤ ਦੇ ਅਹਾਤੇ ਤਕ ਡੇਰੇ ਦੇ ਲੱਠਮਾਰ, ਪੇਸ਼ੀ ਦੌਰਾਨ ਮਨੁੱਖੀ ਲੜੀ ਬਣਾਈ ਰੱਖਦੇ ਸਨ। ਡੇਰਾ ਮੁਖੀ ਦੇ ਡੇਰੇ ਤੋਂ ਨਿਕਲ ਕੇ ਅਦਾਲਤ ਵਿਚ ਪਹੁੰਚਣ ਤਕ ਉਸ ਸੜਕ ਨੂੰ ਬੰਦ ਕਰ ਦਿੱਤਾ ਜਾਂਦਾ ਸੀ ਜਿਸ ਨਾਲ ਰਾਹਗੀਰਾਂ ਨੂੰ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ।

- ਡੇਰਾ ਮੁਖੀ ਵਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਰਖ਼ਾਸਤ ਦਾਇਰ ਕਰ ਕੇ ਆਪਣੇ ਉਪਰ ਦਰਜ ਮਾਮਲੇ ਖ਼ਾਰਜ ਕਰਨ ਦੀ ਮੰਗ ਕੀਤੀ ਗਈ, ਲੇਕਿਨ ਇਸ ਵਿਚ ਵੀ ਡੇਰੇ ਨੂੰ ਕਾਮਯਾਬੀ ਨਾ ਮਿਲੀ ਤਾਂ ਮਾਮਲਿਆਂ ਨੂੰ ਲਟਕਾਉਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ। ਵਾਰ ਵਾਰ ਤਰ੍ਹਾਂ ਤਰ੍ਹਾਂ ਦੀਆਂ ਦਰਖ਼ਾਸਤਾਂ ਉਪਰਲੀ ਅਦਾਲਤ ਵਿਚ ਦਾਇਰ ਕਰ ਕੇ ਹੇਠਲੀ ਅਦਾਲਤ ਦੀ ਕਾਰਵਾਈ ਵਿਚ ਰੁਕਾਵਟ ਪਾਉਣ ਦੀਆਂ ਕੋਸ਼ਿਸ਼ਾਂ ਡੇਰੇ ਵਲੋਂ ਕੀਤੀਆਂ ਗਈਆਂ।

-ਤਿੰਨ ਮਾਮਲਿਆਂ ਵਿਚ ਗਵਾਹੀਆਂ ਦਾ ਦੌਰ ਚਲਦਾ ਰਿਹਾ। ਸਾਧਵੀ ਜਿਨਸੀ ਸ਼ੋਸ਼ਣ ਮਾਮਲੇ ਵਿਚ ਡੇਰੇ ਵਲੋਂ 98 ਗਵਾਹਾਂ ਦੀ ਸੂਚੀ ਅਦਾਲਤ ਦੇ ਸਪੁਰਦ ਕੀਤੀ ਗਈ। ਇਨ੍ਹਾਂ ਵਿਚੋਂ 29 ਗਵਾਹਾਂ ਦੀ ਗਵਾਹੀ ਅਦਾਲਤ ਵਿਚ ਦਰਜ ਕੀਤੀ ਜਾ ਚੁੱਕੀ ਸੀ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਆ. ਕੇ. ਯਾਦਵ ਨੇ ਬਚਾਓ ਪੱਖ ਦੀਆਂ ਹੋਰ ਗਵਾਹੀਆਂ ਕਰਵਾਏ ਜਾਣ ਤੋਂ ਇਨਕਾਰ ਕਰ ਦਿੱਤਾ। ਜੱਜ ਨੇ ਆਖ਼ਰੀ ਗਵਾਹ ਦੇ ਰੂਪ ਵਿਚ ਫਤਿਹਾਬਾਦ ਦੇ ਟੇਕ ਚੰਦ ਸੇਠੀ ਦੀ ਗਵਾਹੀ ਪੂਰੀ ਕਰਨ ਦੇ ਆਦੇਸ਼ ਬਚਾਓ ਪੱਖ ਨੂੰ ਦਿੱਤੇ। ਗ਼ੌਰਤਲਬ ਹੈ ਕਿ ਟੇਕ ਚੰਦ ਸੇਠੀ ਦੀ ਗਵਾਹੀ ਅਦਾਲਤ ਵਿਚ ਦਰਜ ਹੋ ਚੁੱਕੀ ਸੀ, ਜਦਕਿ ਉਸ ਦੀ ਗਵਾਹੀ ਉਪਰ ਇਸਤਗਾਸਾ ਧਿਰ ਦੇ ਵਲੋਂ ਕਰਾਸ ਕਾਰਵਾਈ ਬਾਕੀ ਸੀ। ਇਸ ਸਬੰਧ ਵਿਚ ਟੇਕ ਚੰਦ ਸੇਠੀ ਨੂੰ ਸੰਮਨ ਜਾਰੀ ਕੀਤੇ ਗਏ ਸਨ, ਲੇਕਿਨ ਡੇਰੇ ਵਲੋਂ ਸਾਧਵੀ ਜਿਨਸੀ ਸ਼ੋਸ਼ਣ ਮਾਮਲੇ ਵਿਚ ਚਾਰ ਹੋਰ ਗਵਾਹੀਆਂ ਕਰਵਾਏ ਜਾਣ ਦੀ ਦਰਖ਼ਾਸਤ ਦਾਇਰ ਕਰ ਦਿੱਤੀ ਗਈ। ਅਦਾਲਤ ਨੇ ਦਰਖ਼ਾਸਤ ਖ਼ਾਰਜ ਕਰਦੇ ਹੋਏ ਟੇਕ ਚੰਦ ਸੇਠੀ ਦੀ ਗਵਾਹੀ ਪੂਰੀ ਕਰਨ ਲਈ ਬਚਾਓ ਪੱਖ ਨੂੰ ਕਿਹਾ, ਲੇਕਿਨ ਡੇਰੇ ਦਾ ਗਵਾਹ ਅਦਾਲਤ ਵਿਚ ਹਾਜ਼ਰ ਨਹੀਂ ਹੋਇਆ। ਇਸ ਉਪਰ ਅਦਾਲਤ ਨੇ ਸਖ਼ਤ ਰਵੱਈਆ ਅਖ਼ਤਿਆਰ ਕਰਦੇ ਹੋਏ ਟੇਕ ਚੰਦ ਸੇਠੀ ਦੇ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਫਿਰ ਡੇਰਾ ਸੱਚਾ ਸੌਦਾ ਹੋਰ ਗਵਾਹਾਂ ਦੀ ਗਵਾਹੀ ਕਰਵਾਉਣ ਦੀ ਦਰਖ਼ਾਸਤ ਲੈ ਕੇ ਹਾਈ ਕੋਰਟ ਜਾ ਪਹੁੰਚਿਆ।

-2010 ਵਿਚ ਡੇਰੇ ਦੇ ਸਾਬਕਾ ਸਾਧੂ, ਰਾਮ ਕੁਮਾਰ ਬਿਸ਼ਨੋਈ ਨੇ ਹਾਈ ਕੋਰਟ ਵਿਚ ਦਰਖ਼ਾਸਤ ਦਾਇਰ ਕਰ ਕੇ ਡੇਰੇ ਦੇ ਸਾਬਕਾ ਮੈਨੇਜਰ ਫ਼ਕੀਰ ਚੰਦ ਦੀ ਗੁੰਮਸ਼ੁਦਗੀ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ। ਬਿਸ਼ਨੋਈ ਦਾ ਇਲਜ਼ਾਮ ਸੀ ਕਿ ਡੇਰਾ ਮੁਖੀ ਦੇ ਆਦੇਸ਼ ਉਪਰ ਫ਼ਕੀਰਚੰਦ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਵੀ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਜਾਂਚ ਦੇ ਆਦੇਸ਼ ਦਿੱਤੇ। ਬੌਖਲਾਏ ਹੋਏ ਡੇਰਾ ਪ੍ਰੇਮੀਆਂ ਨੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਵਿਚ ਇਕੋ ਵਕਤ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਅਤੇ ਬੱਸਾਂ ਦੀ ਸਾੜਫੂਕ ਕੀਤੀ। ਜਾਂਚ ਦੌਰਾਨ ਸੀ.ਬੀ.ਆਈ. ਇਸ ਮਾਮਲੇ ਵਿਚ ਸਬੂਤ ਨਹੀਂ ਜੁਟਾ ਸਕੀ ਅਤੇ ਕਲੋਜ਼ਰ ਰਿਪੋਰਟ ਫ਼ਾਈਲ ਕਰ ਦਿੱਤੀ ਗਈ। ਬਿਸ਼ਨੋਈ ਨੇ ਹਾਈ ਕੋਰਟ ਵਿਚ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦਿੱਤੀ ਹੋਈ ਹੈ।

-ਦਸੰਬਰ 2012 ਵਿਚ ਸਿਰਸਾ ਵਿਚ ਡੇਰਾ ਸੱਚਾ ਸੌਦਾ ਦੀ ਨਾਮ ਚਰਚਾ ਨੂੰ ਲੈ ਕੇ ਇਕ ਵਾਰ ਫਿਰ ਸਿੱਖਾਂ ਅਤੇ ਡੇਰਾ ਪ੍ਰੇਮੀਆਂ ਦਰਮਿਆਨ ਤਕਰਾਰ ਹੋ ਗਿਆ। ਇਥੇ ਡੇਰਾ ਪ੍ਰੇਮੀਆਂ ਨੇ ਗੁੰਡਾਗਰਦੀ ਕੀਤੀ ਅਤੇ ਗੁਰਦੁਆਰੇ ਉਪਰ ਹਮਲਾ ਕਰ ਦਿੱਤਾ। ਸਿੱਖਾਂ ਦੀਆਂ ਗੱਡੀਆਂ ਨੂੰ ਵੀ ਅੱਗ ਲਾ ਦਿੱਤੀ ਅਤੇ ਪਥਰਾਓ ਕੀਤਾ। ਸਿਰਸਾ ਵਿਚ ਹਾਲਤ ਉਪਰ ਕਾਬੂ ਪਾਉਣ ਲਈ ਕਰਫ਼ਿਊ ਲਾਉਣਾ ਪਿਆ।

-ਪ੍ਰਸ਼ਾਸਨ ਨੇ ਡੇਰਾ ਪ੍ਰੇਮੀਆਂ ਉਪਰ ਮਾਮਲਾ ਦਰਜ ਕਰ ਲਿਆ।

-ਫਤਹਿਬਾਦ ਜ਼ਿਲ੍ਹੇ ਦੇ ਕਸਬਾ ਟੋਹਾਣਾ ਦੇ ਰਹਿਣ ਵਾਲੇ ਹੰਸਰਾਜ ਚੌਹਾਨ (ਡੇਰੇ ਦੇ ਸਾਬਕਾ ਸਾਧ) ਨੇ 17 ਜੁਲਾਈ 2012 ਨੂੰ ਹਾਈ ਕੋਰਟ ਵਿਚ ਦਰਖ਼ਾਸਤ ਦਾਇਰ ਕਰ ਕੇ ਡੇਰਾ ਮੁਖੀ ਉਪਰ ਡੇਰੇ ਦੇ 400 ਸਾਧਾਂ ਨੂੰ ਨਪੁੰਸਕ ਬਣਾਉਣ ਦੇ ਇਲਜ਼ਾਮ ਲਗਾਏ। ਚੌਹਾਨ ਦਾ ਕਹਿਣਾ ਸੀ ਕਿ ਡੇਰਾ ਮੁਖੀ ਦੇ ਕਹਿਣ 'ਤੇ ਡੇਰੇ ਦੇ ਡਾਕਟਰਾਂ ਦੀ ਟੀਮ ਵਲੋਂ ਸਾਧਾਂ ਨੂੰ ਨਪੁੰਸਕ ਬਣਾਇਆ ਜਾਂਦਾ ਹੈ। ਇਨ੍ਹਾਂ ਸਾਧਾਂ ਨੂੰ ਕਿਹਾ ਜਾਂਦਾ ਹੈ ਕਿ ਨਪੁੰਸਕ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਭਗਵਾਨ ਦੇ ਦੀਦਾਰ ਹੋ ਜਾਣਗੇ। ਚੌਹਾਨ ਨੇ ਅਦਾਲਤ ਅੱਗੇ 166 ਸਾਧਾਂ ਦੇ ਨਾਵਾਂ ਸਮੇਤ ਵੇਰਵੇ ਪੇਸ਼ ਕੀਤੇ ਸਨ। ਚੌਹਾਨ ਨੇ ਆਪਣੀ ਦਰਖ਼ਾਸਤ ਵਿਚ ਇਹ ਵੀ ਦੱਸਿਆ ਸੀ ਕਿ ਛਤਰਪਤੀ ਕਤਲ ਕਾਂਡ ਦੇ ਮੁਲਜ਼ਮ ਨਿਰਮਲ ਅਤੇ ਕੁਲਦੀਪ ਵੀ ਡੇਰਾ ਸੱਚਾ ਸੌਦਾ ਦੇ ਨਪੁੰਸਕ ਸਾਧ ਹਨ। ਇਸ ਤੋਂ ਬਾਅਦ ਅਦਾਲਤ ਨੇ ਕਤਲ ਦੇ ਮਾਮਲਿਆਂ ਵਿਚ ਜੇਲ੍ਹ ਵਿਚ ਬੰਦ ਡੇਰੇ ਦੇ ਸਾਧਾਂ ਤੋਂ ਪੁੱਛਗਿੱਛ ਕਰਨ ਦੇ ਆਦੇਸ਼ ਦਿੱਤੇ ਜਿਸ ਵਿਚ ਉਨ੍ਹਾਂ ਨੇ ਵੀ ਸਵੀਕਾਰ ਕੀਤਾ ਕਿ ਉਹ ਨਪੁੰਸਕ ਹਨ, ਲੇਕਿਨ ਉਹ ਆਪਣੀ ਮਰਜ਼ੀ ਨਾਲ ਨਪੁੰਸਕ ਬਣੇ ਹਨ। ਦਰਖ਼ਾਸਤ ਵਿਚ ਇਹ ਖ਼ੁਲਾਸਾ ਵੀ ਕੀਤਾ ਗਿਆ ਸੀ ਕਿ ਡੇਰੇ ਦੇ ਇਕ ਸਾਧ ਵਿਨੋਦ ਨਰੂਲਾ ਨੇ ਡੇਰਾ ਮੁਖੀ ਦੀ ਪੇਸ਼ੀ ਵਕਤ ਸਿਰਸਾ ਅਦਾਲਤ ਵਿਚ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ। ਉਹ ਸਾਧ ਵੀ ਨਪੁੰਸਕ ਹੀ ਸੀ। ਦਰਖ਼ਾਸਤ ਕਰਤਾ ਨੇ ਮ੍ਰਿਤਕ ਦੀ ਪੋਸਟਮਾਰਟਮ ਰਿਪੋਰਟ ਵੀ ਅਦਾਲਤ ਵਿਚ ਪੇਸ਼ ਕੀਤੀ ਸੀ। ਜਿਸ ਤੋਂ ਬਾਅਦ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਹਾਈ ਕੋਰਟ ਵਲੋਂ ਹਰਿਆਣਾ ਸਰਕਾਰ ਨੂੰ ਇਕ ਮਹੀਨੇ ਦੇ ਅੰਦਰ ਜਾਂਚ ਕਰ ਕੇ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਜਾਰੀ ਕੀਤੇ।

-ਸਾਧਵੀਆਂ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਦੋਨਾਂ ਪੱਖਾਂ ਨੂੰ ਬਾਰੀਕੀ ਵਿਚ ਸੁਣਨ ਤੋਂ ਬਾਅਦ ਸੀ.ਬੀ.ਆਈ. ਅਦਾਲਤ ਨਤੀਜੇ 'ਤੇ ਪੁੱਜੀ, ਪਰ ਉਸ ਨੇ ਫ਼ੈਸਲਾ ਰਾਖਵਾਂ ਰੱਖਦੇ ਹੋਏ 25 ਅਗਸਤ ਦੀ ਤਾਰੀਕ ਤੈਅ ਕਰ ਦਿੱਤੀ। ਫ਼ੈਸਲੇ ਮੌਕੇ ਡੇਰਾ ਮੁਖੀ ਨੂੰ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਗਏ, ਪਰ ਡੇਰਾ ਮੁਖੀ ਟਾਲਮਟੋਲ ਕਰਦਾ ਰਿਹਾ ਅਤੇ ਅਦਾਲਤ ਦੇ ਫ਼ੈਸਲੇ ਨੂੰ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਲਈ ਵਿਆਪਕ ਹਿੰਸਕ ਵਿਉਂਤਬੰਦੀ ਕੀਤੀ ਗਈ।

-25 ਅਗਸਤ 2017 ਦੇ ਦਿਨ ਹਰਿਆਣਾ ਸਰਕਾਰ ਵਲੋਂ ਬਾਅਦ ਦੁਪਹਿਰ ਡੇਰਾ ਮੁਖੀ ਨੂੰ ਸਖ਼ਤ ਸੁਰੱਖਿਆ ਹੇਠ ਸੀ.ਬੀ.ਆਈ. ਦੀ ਪੰਚਕੂਲਾ ਅਦਾਲਤ ਵਿਚ ਲਿਆਂਦਾ ਗਿਆ ਜਿਥੇ ਸੀ.ਬੀ.ਆਈ. ਦੇ ਜੱਜ ਜਗਦੀਪ ਸਿੰਘ ਵਲੋਂ ਉਸ ਨੂੰ ਕਸੂਰਵਾਰ ਕਰਾਰ ਦਿੱਤਾ ਗਿਆ। ਸਜ਼ਾ ਦੇ ਐਲਾਨ ਦਾ ਦਿਨ 28 ਅਗਸਤ ਮੁਕੱਰਰ ਕੀਤਾ ਗਿਆ।

-28 ਅਗਸਤ ਨੂੰ ਪੌਣੇ ਤਿੰਨ ਵਜੇ ਰੋਹਤਕ ਜੇਲ੍ਹ ਵਿਚ ਜਾ ਕੇ ਜੱਜ ਵਲੋਂ ਡੇਰਾ ਮੁਖੀ ਨੂੰ ਵੀਹ ਸਾਲ ਬਾਮੁਸ਼ੱਕਤ ਕੈਦ ਅਤੇ ਤੀਹ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ।

***(ਅਖ਼ਬਾਰ 'ਪੂਰਾ ਸੱਚ' ਵਲੋਂ ਜਾਰੀ ਕੀਤੀ ਤੱਥ ਸੂਚੀ ਦੇ ਧੰਨਵਾਦ ਸਹਿਤ)***

*ਡੇਰੇ ਸਿਰਸੇ ਦਾ ਲੋਗੋ।*

# ਦੋ ਕੁੱਖਾਂ ਦੀਆਂ ਵਿਲਕਦੀਆਂ ਹੂਕਾਂ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਜ਼ਮਾਨੇ ਨਾਲ ਚੱਲਣ ਦੀ ਰਫਤਾਰ ਵਿਚ ਮਨੁੱਖ ਸ਼ਾਮਲ ਤਾਂ ਹੋ ਰਿਹਾ ਹੈ, ਪਰ ਜਿਸ ਤਰ੍ਹਾਂ ਦੀਆਂ ਗਲਤੀਆਂ ਤੇ ਚਲਾਕੀਆਂ 'ਚ ਉਹਨੇ ਪੌਂਚਾ ਫਸਾਇਆ ਹੋਇਆ ਹੈ, ਉਹਦੇ ਨਾਲ ਜ਼ਮਾਨਾ ਉਸ ਨੂੰ ਨਾਲ ਲੈ ਕੇ ਚੱਲਣ ਲਈ ਤਿਆਰ ਨਹੀਂ ਹੈ। ਇਹ ਸਿਆਪਾ ਸੁਆਰਥੀ ਵੱਧ ਪੜ੍ਹੇ ਲਿਖੇ ਹੋਣ ਦਾ ਹੀ ਸੀ ਕਿ ਧੀਆਂ ਤਾਂ ਹੋਣਹਾਰ ਤੇ ਸਿਆਣੀਆਂ ਸਨ ਪਰ ਪੁੱਤ ਨੂੰ ਹੀ ਕੁੱਖ ਸਮਝਣ ਵਾਲੀ ਮਾਂ ਹਉਕਿਆਂ ਦੀ ਗੁਲਾਮ ਫਿਰ ਵੀ ਬਣੀ ਰਹੀ। ਇਸੇ ਕਰਕੇ ਕਈ ਡਾਕਟਰਾਂ ਦੇ ਔਜ਼ਾਰ ਛੁਰੀਆਂ ਬਣ ਕੇ ਹੀ ਕੁੱਖ ਦਾ ਬੂਹਾ ਭੰਨ੍ਹਦੇ ਰਹੇ। ਡਾਕਟਰਾਂ ਨੂੰ ਰੱਬ ਮੰਨਣ ਦੀ ਗੱਲ ਹਰ ਯੁੱਗ 'ਚ ਹੀ ਮੰਨੀ ਜਾਂਦੀ ਰਹੀ ਹੈ, ਰੂਪ ਭਾਵੇਂ ਵੈਦਾਂ ਜਾਂ ਹਕੀਮਾਂ ਦਾ ਹੀ ਕਿਉਂ ਨਾ ਹੋਵੇ। ਚਲੋ ਰੱਬ ਤੋਂ ਤਾਂ ਹਾਲੇ ਵੀ ਲੋਕ ਮੰਗਦੇ ਹੀ ਹਨ ਪਰ ਵਰਤਮਾਨ ਸਮੇਂ ਦੇ ਰੱਬ ਗਲ 'ਚ ਸਥੈਟੋਸਕੋਪ ਪਾ ਕੇ ਲੁੱਟਣ ਦਾ ਹੀ ਬਹੁਤਾ ਕਾਰਜ ਕਰੀ ਜਾ ਰਹੇ ਹਨ। ਕਈ ਹਸਪਤਾਲਾਂ 'ਚ ਡਾਕਟਰਾਂ ਦੇ ਕਮਰਿਆਂ 'ਚ ਮਿਹਰ ਦੀਆਂ ਤਸਵੀਰਾਂ ਤਾਂ ਪਿੱਠ 'ਤੇ ਗੁਰੂਆਂ, ਦੇਵੀ-ਦੇਵਤਿਆਂ ਦੀਆਂ ਲਟਕ ਰਹੀਆਂ ਹੁੰਦੀਆਂ ਹਨ, ਪਰ ਵੱਧ ਸੇਵਾ ਲਈ ਧੂਫ ਬੱਤੀ ਕਰਨ ਵੇਲੇ ਜੁੜਦੇ ਹੱਥਾਂ ਨਾਲ 'ਮਾਲਕਾ ਮਰੀਜ਼ਾਂ ਦੀਆਂ ਰੌਣਕਾਂ ਦੀ ਮਿਹਰ ਏਦਾਂ ਹੀ ਬਣਾਈ ਰੱਖੀਂ' ਦੀ ਫਰਿਆਦ ਕੀਤੀ ਜਾਂਦੀ ਰਹੀ ਹੈ। ਡਾਕਟਰ ਬਣਨ ਦਾ ਸੁਪਨਾ ਅਮੀਰ ਬਣਨ ਦਾ ਸੁਪਨਾ ਹੈ ਕਿਉਂਕਿ ਇਲਾਜ ਦੇ ਕਾਰਖਾਨਿਆਂ 'ਚ ਛਾਪੇ ਨੋਟ ਹੀ ਜਾ ਰਹੇ ਹਨ। ਰੱਬ ਮਨੁੱਖ ਦੇ ਕਬਜ਼ੇ ਤੋਂ ਬਾਹਰ ਜਾਨਵਰਾਂ ਤੇ ਪੰਛੀਆਂ ਨੂੰ ਬਿਮਾਰੀ ਤੋਂ ਤਾਂ ਮੁਕਤ ਰੱਖਦਾ ਹੈ ਕਿਉਂਕਿ ਇਹ ਜਿਉਣ ਲਈ ਖਾਂਦੇ ਹਨ, ਫਰੇਬ ਕਰਕੇ ਜੋੜਨ ਲਈ ਨਹੀਂ ਜਿਉਂਦੇ। ਜ਼ਿੰਦਗੀ ਜਿਉਣ ਦਾ ਕਈ ਦਾਅਵਾ ਹੀ ਕਰਦੇ ਨੇ, ਊਂ ਤਾਂ ਗੱਡੇ ਵਾਂਗ ਖਿੱਚ ਹੀ ਰਹੇ ਨੇ, ਇਸੇ ਕਰਕੇ ਕਈਆਂ ਨੇ ਆਪ ਹੀ ਉਹ ਰਾਹ ਬਣਾ ਲਏ, ਜਿੱਥੋਂ ਖੁਦ ਨੂੰ ਹੀ ਗੁਜ਼ਰਨਾ ਔਖਾ ਹੋ ਗਿਆ। ਸੋਨਾ ਤਾਂ ਹੁਣ ਵੀ ਕਈਆਂ ਕੋਲ ਬਹੁਤ ਹੈ ਪਰ ਲੰਕਾ ਨਹੀਂ ਬਣਾ ਸਕੇ।*

ਦੁਨੀਆਂ ਦੀ ਬਹੁਗਿਣਤੀ ਰਾਤ ਤਾਂ ਚੰਗੇ ਸੁਪਨਿਆਂ 'ਚ ਗੁਜ਼ਾਰਨਾ ਚਾਹੁੰਦੀ ਹੈ ਪਰ ਸਾਰਾ ਦਿਨ ਸੋਚਾਂ ਦਾ ਤੰਦੂਆ ਜਾਲ ਇਖਲਾਕ ਅਤੇ ਮਨੁੱਖੀ ਸੁਭਾਅ ਤੋਂ ਇਕ ਤਰ੍ਹਾਂ ਨਾਲ ਸਾਰੇ ਦਾ ਸਾਰਾ ਗਿਰਿਆ ਹੁੰਦਾ ਹੈ। ਸਾੜਾ, ਈਰਖਾ, ਵਿਰੋਧ ਅਤੇ ਜੜ੍ਹਾਂ ਉਖਾੜਨ ਦੀ ਵਿਉਂਤਬੰਦੀ ਅੱਜ ਕੱਲ ਬਹੁਤੇ ਲੋਕਾਂ ਦੇ ਨਿੱਤ ਦੇ ਜੀਵਨ ਦਾ ਹਿੱਸਾ ਬਣਦੀ ਜਾ ਰਹੀ ਹੈ। ਚਲਾਕੀਆਂ ਤਾਂ ਚੱਲਦੀਆਂ ਰਹੀਆਂ ਨੇ ਪਰ ਠੱਗੀਆਂ ਮਾਰਨ ਲਈ ਮਨੁੱਖ ਸਾਰੇ ਦਾ ਸਾਰਾ ਕੁੱਬਾ ਹੋ ਰਿਹਾ ਹੈ। ਲੋਕ ਸੋਚਦੇ ਨੇ, ਚੰਦ ਤੇ ਸੂਰਜ ਸ਼ਾਇਦ ਉਨ੍ਹਾਂ ਲਈ ਚੜ੍ਹੇ ਹਨ ਪਰ ਦੋਹਾਂ ਦੀ ਅਸਲ 'ਚ ਕੁਦਰਤ ਨੂੰ ਗਲਵੱਕੜੀ ਪਾਉਣ ਦੀ ਜੁੱਗਾਂ ਤੋਂ ਇੱਛਾ ਚਲਦੀ ਆ ਰਹੀ ਹੈ। ਇਸੇ ਕਰਕੇ ਕਈ ਵਾਰ ਬੜਾ ਕੁਝ ਸੀਤ ਹੋ ਜਾਂਦਾ ਹੈ ਅਤੇ ਕਈ ਵਾਰ ਏਦਾਂ ਲੱਗਦਾ ਹੈ ਕਿ ਅੱਗ ਹੁਣੇ ਹੀ ਸਭ ਫਨਾਹ ਕਰ ਦੇਵੇਗੀ।

ਇਸ ਸੋਚ ਨੂੰ ਹਾਲੇ ਤੱਕ ਤੋੜਿਆ ਨਹੀਂ ਜਾ ਸਕਿਆ ਕਿ ਜਦੋਂ ਕਿਸੇ ਦੇ ਘਰ ਪੁੱਤਰ ਜੰਮਦਾ ਹੈ ਤਾਂ ਮਨੁੱਖ ਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਜ਼ਿੰਦਗੀ ਦੀ ਮਹਾਂਭਾਰਤ ਜਿੱਤ ਲਈ ਹੈ। ਜਦੋਂ ਕਿਸੇ ਦੇ ਘਰ ਧੀ ਜੰਮਦੀ ਹੈ ਤਾਂ ਕੁਝ ਲੋਕ ਆਪਣੇ ਢਿੱਡ 'ਚ ਮੁੱਕੀਆਂ ਤਾਂ ਦੇਣ ਲੱਗ ਜਾਂਦੇ ਹਨ ਕਿ ਸ਼ਾਇਦ ਹਿਮਾਲਿਆ ਪਰਬਤ ਦਾ ਵੱਡਾ ਹਿੱਸਾ ਉਨ੍ਹਾਂ ਦੇ ਘਰ ਦੇ ਵਿਹੜੇ ਵਿਚ ਆਣ ਡਿੱਗਿਆ ਹੈ। ਪੁੱਤਰ ਮੋਹ ਤੇ ਧੀ ਦੀ ਸਮਾਜਿਕ ਇੱਜਤ ਦਾ ਵਰਤਾਰਾ ਹੀ ਇਹ ਮਾਹੌਲ ਸਿਰਜ ਰਿਹਾ ਹੈ ਕਿ ਧੀਆਂ ਨੂੰ ਕੁੱਖ 'ਚ ਕਤਲ ਕਰਨਾ ਮੁਰਗਾ ਵੱਢਣ ਜਾਂ ਅੰਡਾ ਭੰਨਣ ਦੇ ਸਮਾਨ ਹੀ ਹੁੰਦਾ ਜਾ ਰਿਹਾ ਹੈ। ਕਈ ਵਾਰੀ ਧੁੱਪ ਤਾਂ ਪੋਹ ਮਹੀਨੇ ਵਾਲੀ ਚੜ੍ਹੀ ਹੁੰਦੀ ਹੈ ਪਰ ਸੇਕ ਹਾੜ੍ਹ ਮਹੀਨੇ ਵਰਗਾ ਲੱਗਣ ਲੱਗਦਾ ਹੈ ਜਾਂ ਏਦਾਂ ਕਿ ਤਪਿਆ ਜੇਠ ਹੁੰਦਾ ਹੈ ਤੇ ਲੈਣੀ ਰਜਾਈ ਪੈ ਜਾਂਦੀ ਹੈ।

ਅਸਲ 'ਚ ਜ਼ਿੰਦਗੀ ਦੀਆਂ ਗੁੰਝਲਾਂ ਮਨੁੱਖ ਨੂੰ ਸਮਝ ਹੀ ਉਦੋਂ ਆਉਂਦੀਆਂ ਹਨ ਜਦੋਂ ਜ਼ਿੰਦਗੀ ਦੀ ਆਖਰੀ ਕੰਨੀ ਹੋਣੀ ਖਿੱਚ ਕੇ ਹੱਥ ਮਿਲਾਉਣ ਨੂੰ ਕਾਹਲੀ ਹੋ ਕੇ ਚਿਤਾਵਨੀ ਦਿੰਦੀ ਹੈ, 'ਆ ਤੈਨੂੰ ਦੱਸਾਂ ਕਰਤੂਤਾਂ ਦੇ ਹਰਜ਼ਾਨੇ ਕੀ ਹੁੰਦੇ ਹਨ?' ਕਈ ਵਾਰੀ ਗਲਤੀ ਹੁੰਦੀ ਨਹੀਂ ਪਰ ਭਰਨੀ ਪੈ ਜਾਂਦੀ ਹੈ। ਕਈ ਲੋਕਾਂ ਨੇ ਮੂਲ ਲਿਆ ਹੀ ਨਹੀਂ ਸੀ, ਵਿਆਜ ਤੋਂ ਹੱਡ ਜਾਨ ਨਿਕਲਣ ਨਾਲ ਹੀ ਛੁੱਟੇ। ਕੁਝ ਲੋਕਾਂ ਦੀਆਂ ਜਮੀਨਾਂ ਤਾਂ ਕੁਰਕ ਨਹੀਂ ਹੋਈਆਂ ਪਰ ਜ਼ਮੀਰਾਂ ਦੀਵਾਲੀਆ ਹੋ ਗਈਆਂ।

ਘਟਨਾ ਕੁਝ ਮਹੀਨੇ ਪੁਰਾਣੀ ਹੈ ਪਰ ਇਹ ਕਈਆਂ ਦੀ ਅੱਖ ਤੋਂ ਪਰ੍ਹੇ ਹੋ ਕੇ ਲੰਘ ਗਈ ਹੈ, ਤੇ ਕਈਆਂ ਨੇ ਨਜ਼ਰ ਮਾਰਨੀ ਮੁਨਾਸਿਬ ਨਹੀਂ ਸਮਝੀ। ਘਰਦਿਆਂ ਨੇ ਨਾਂ ਤਾਂ 'ਜਾਨੀ' ਹੀ ਰੱਖਿਆ ਸੀ ਪਰ ਮੌਸਮ ਤੇ ਹਾਲਾਤ ਨੇ ਹੀ ਉਸ ਨੂੰ ਜਾਨੀ ਚੋਰ ਬਣਾ ਦਿੱਤਾ।

ਕ੍ਰਿਸ਼ਨਾ ਹਸਪਤਾਲ ਦੇ ਵਾਰਡ 'ਚੋਂ ਜਦੋਂ ਨਵ-ਜਨਮੇ ਪੁੱਤਰ ਨੂੰ ਲੈ ਕੇ ਨਿਕਲੀ ਤਾਂ ਉਸ ਨੂੰ ਲੱਗਾ ਸੀ ਕਿ ਹੁਣ ਸ਼ਾਇਦ ਝਾਂਜਰਾਂ ਪਾਉਣ ਦੀ ਲੋੜ ਨਹੀਂ ਰਹਿ ਗਈ, ਕਿਉਂਕਿ ਚਾਅਵਾਂ ਦੇ ਛਣਕਾਟੇ ਨਾਲ ਹੁਣ ਸਾਰੀ ਜ਼ਿੰਦਗੀ ਗਿੱਧਾ ਪਵੇਗਾ। ਜਦੋਂ ਘਰ ਦੀ ਦੇਹਲੀ ਟੱਪੀ ਤਾਂ ਢੋਲ ਦੇ ਨਗਾਰਿਆਂ 'ਚ ਏਦਾਂ ਲੱਗ ਰਿਹਾ ਸੀ ਕਿ ਸ਼ਾਇਦ ਇੰਦਰ ਆਪ ਧਰਤੀ ਦੇ ਆਂਗਨ 'ਤੇ ਆ ਚੜ੍ਹਿਆ ਹੈ। ਤਿੰਨਾਂ ਧੀਆਂ ਤੋਂ ਬਾਅਦ ਘਰ 'ਚ ਪੁੱਤਰ ਦੀ ਆਮਦ ਨੇ ਰੌਣਕਾਂ ਦਾ ਮੂੰਹ ਤਾਂ ਖੋਲ੍ਹ ਹੀ ਦੇਣਾ ਸੀ, ਲੱਡੂ ਵੰਡੇ ਨਹੀਂ ਜਾ ਰਹੇ ਸਨ, ਉਡਾਏ ਜਾ ਰਹੇ ਸਨ। ਸ਼ਰਾਬ ਦੀਆਂ ਬੋਤਲਾਂ ਦੇ ਡੱਟ ਖੁੱਲ੍ਹੇ ਨਹੀਂ ਸਨ ਸਗੋਂ ਇੱਕ ਤਰ੍ਹਾਂ ਨਾਲ ਸ਼ਰਾਬੀਆਂ ਲਈ ਨਸ਼ੇ ਦਾ ਸਮੁੰਦਰ ਵਹਾਇਆ ਜਾ ਰਿਹਾ ਸੀ। ਪਰ ਉਹਲੇ ਹੋ ਕੇ ਵੇਖਦੀ ਕੁਦਰਤ ਸ਼ਾਇਦ ਇਹ ਸੋਚਦੀ ਸੀ ਕਿ ਲੁੱਡੀਆਂ ਤਾਂ ਪਾ ਲਵੋ ਪਰ ਹੱਥ ਕਰਾਰੇ ਮੈਂ ਹੀ ਕਰਾਂਗੀ। ਇਸ ਨਵ-ਜਨਮੇ ਪੁੱਤਰ ਦਾ ਬਾਪ ਸਤਪਾਲ ਇਸ ਖੁਸ਼ੀ 'ਚ ਖੀਵਾ ਹੋਇਆ ਫਿਰਦਾ ਸੀ ਕਿ ਅਰਜਨ ਨੇ ਬਾਣ ਚਲਾਏ ਹੋਣਗੇ ਕਿ ਨਹੀਂ ਰੱਬ ਜਾਣੇ ਪਰ ਮੈਂ ਆਪਣੇ ਪੁੱਤਰ ਦਾ ਨਾਂ ਅਰਜਨ ਤਾਂ ਰੱਖਿਆ ਹੈ ਕਿ ਮੇਰੀ ਜ਼ਿੰਦਗੀ ਦਾ ਸਫਲ ਨਿਸ਼ਾਨਚੀ ਹੀ ਨਹੀਂ ਬਣੇਗਾ ਸਗੋਂ ਤਿੰਨਾਂ ਧੀਆਂ ਨੂੰ ਰੱਖੜੀ ਲਈ ਗੁੱਟ ਵੀ ਮਿਲ ਗਿਆ ਹੈ।

ਉਧਰ ਉਸੇ ਹਸਪਤਾਲ 'ਚੋਂ, ਉਸੇ ਜਣੇਪਾ ਵਾਰਡ 'ਚੋਂ ਧੀ ਨੂੰ ਗੋਦ ਚੁੱਕ ਕੇ ਨਿਕਲੀ ਕਿਰਨ ਸੋਚਦੀ ਸੀ ਕਿ ਚੜ੍ਹਿਆ ਤਾਂ ਸੂਰਜ ਸੀ ਪਰ 'ਨ੍ਹੇਰ ਪਤਾ ਨਹੀਂ ਕਿਉਂ ਪੈ ਗਿਆ? ਪਹਿਲਾ ਬੱਚਾ ਧੀ ਦੇ ਰੂਪ ਵਿਚ ਵੇਖ ਕੇ ਉਹ ਇਹ ਵੀ ਸੋਚ ਰਹੀ ਸੀ ਕਿ ਕੁੱਖ ਨੂੰ ਹੁਣ ਕਦੇ ਫੇਰ ਭਾਗ ਲੱਗਣ ਦੇ ਆਸਾਰ ਬਣ ਹੀ ਜਾਣਗੇ। ਉਹ ਜਦੋਂ ਧੀ ਲੈ ਕੇ ਘਰ ਦਾ ਬੂਹਾ ਲੰਘੀ ਸੀ ਤਾਂ ਇਹ ਚਾਅ ਦੂਣਾ ਹੋਰ ਵੀ ਉਦੋਂ ਹੋ ਗਿਆ ਜਦੋਂ ਸੱਸ ਨੇ ਕਿਰਨ ਨੂੰ ਕਿਹਾ, 'ਧੀਏ ਮਾਂ ਬਣਨ ਦੀ ਵਧਾਈ ਹੋਵੇ, ਪਹਿਲੀ ਧੀ ਵੀ ਪੁੱਤਰਾਂ ਵਰਗੀ ਹੀ ਹੁੰਦੀ ਹੈ। ਰੱਬ ਤੈਨੂੰ ਪੁੱਤਰ ਦੀ ਦਾਤ ਵੀ ਛੇਤੀ ਦੇਵੇਗਾ।' ਖੂਬਸੂਰਤ ਕੁੜੀ ਦੀਆਂ ਨੀਲੀਆਂ ਅੱਖਾਂ ਵੇਖ ਕੇ ਪਰਿਵਾਰ ਬਾਗੋ-ਬਾਗ ਸੀ। ਹਰ ਕੋਈ ਮੱਥਾ ਚੁੰਮ ਕੇ ਆਖ ਰਿਹਾ ਸੀ, 'ਰੱਬ ਕਰੇ ਏਨੀ ਸੋਹਣੀ ਕੁੜੀ ਨੂੰ ਕਿਸੇ ਦੀ ਨਜ਼ਰ ਨਾ ਲੱਗੇ।'

ਵਕਤ ਦੀਆਂ ਸੂਈਆਂ ਘੁੰਮਦੀਆਂ ਰਹੀਆਂ ਤੇ ਸਮਾਂ ਛੂਟ ਵੱਟ ਕੇ ਲੰਘ ਗਿਆ। ਕਿਰਨ ਦੀ ਛੇ ਕੁ ਮਹੀਨਿਆਂ ਦੀ ਧੀ ਵਿਹੜੇ 'ਚ ਨਿੱਕੇ ਨਿੱਕੇ ਖਿਡੌਣਿਆਂ ਨਾਲ ਖੇਡ ਰਹੀ ਸੀ। ਮੰਜੀ ਧੁੱਪੇ ਡਾਹੀ ਹੋਈ ਸੀ। ਕਿਰਨ ਰਸੋਈ 'ਚੋਂ ਨਿਕਲੀ ਤਾਂ ਗੁਆਂਢ 'ਚੋਂ ਭੂਆ ਲੱਗਦੀ ਬਚਨੀ ਜੋ ਸ਼ਾਇਦ ਹੁਣੇ ਹੀ ਅਮਰੀਕਾ 'ਚੋਂ ਆਈ ਸੀ, ਨੇ ਜੋਤੀ ਨੂੰ ਗੋਦ ਚੁੱਕ ਲਿਆ। ਦਸਾਂ ਡਾਲਰਾਂ ਦਾ ਨੋਟ ਉਹਦੇ ਹੱਥ 'ਚ ਫੜਾਇਆ ਤੇ ਟੇਢੀ ਜਿਹੀ ਨਜ਼ਰ ਨਾਲ ਕਿਰਨ ਵੱਲ ਤੱਕਿਆ। ਨਾਲ ਹੀ ਬੂਹਾ ਲੰਘਦੇ ਸਤਪਾਲ ਦੇ ਚਿਹਰੇ ਵੱਲ ਗਹੁ ਨਾਲ ਨਜ਼ਰ ਮਾਰੀ। ਗੱਲ ਬਚਨੀ ਬੁੱਲ੍ਹਾਂ 'ਚ ਘੁੱਟ ਰਹੀ ਸੀ ਪਰ ਕਹਿ ਹੀ ਹੋ ਗਈ, 'ਕਿਰਨ, ਇਹ ਜੋਤੀ ਨਾ ਸਤਪਾਲ ਵਰਗੀ ਆ, ਨਾ ਤੇਰੇ 'ਤੇ ਮੁਹਾਂਦਰਾ ਤੇ ਰੰਗ ਆ। ਅੱਖਾਂ ਤੇ ਨੀਲੀਆਂ ਨੇ ਪਰ ਨੱਕ ਫੀਨਾ। ਚਲੋ ਰੱਬ ਦੇ ਰੰਗ ਐ। ਉਹ ਪਤਾ ਨਹੀਂ ਕਿਹੜੀਆਂ ਗੱਲੇ ਰਾਜ਼ੀ ਐ, ਕੁੜੀ ਭਾਗਾਂ ਵਾਲੀ ਹੋਵੇ।'

ਕਿਰਨ ਤੋਂ ਬੋਲਿਆ ਤਾਂ ਕੁਝ ਵੀ ਨਾ ਗਿਆ ਪਰ ਉਹਦੀਆਂ ਧਾਹਾਂ ਤੇ ਚੀਕਾਂ ਨਾ ਰੁਕ ਸਕੀਆਂ। ਬਚਨੀ ਨੂੰ ਲੱਗ ਰਿਹਾ ਸੀ ਕਿ ਸ਼ਾਇਦ ਮੇਰੇ ਤੋਂ ਕੁਝ ਗਲਤ ਕਹਿ ਹੋ ਗਿਆ। ਉਹਨੇ ਕਿਰਨ ਨੂੰ ਘੁੱਟ ਕੇ ਗਲ ਲਾਇਆ, 'ਧੀਏ ਮਾਫ ਕਰ ਦੇਵੀਂ, ਮੈਂ ਤਾਂ ਦਸ ਸਾਲਾਂ ਬਾਅਦ ਅਮਰੀਕਾ ਤੋਂ ਪਿੰਡ ਆਈ ਆਂ, ਮੇਰੇ ਤੋਂ ਬਾਅਦ ਸਤਪਾਲ ਦਾ ਵਿਆਹ ਹੋਇਆ। ਮੈਂ ਤਾਂ ਮਜ਼ਾਕ 'ਚ ਕਹਿ ਬੈਠੀ, ਤੂੰ ਤੇ ਦਿਲ 'ਤੇ ਹੀ ਲਾ ਲਿਆ। ਚੀਨਿਆਂ ਦੇ ਨੱਕ ਵੀ ਫੀਨੇ ਹੁੰਦੇ ਨੇ, ਪਰ ਉਹ ਫੁਰਤੀਲੇ, ਸਿਆਣੇ, ਅਕਲਮੰਦ ਤੇ ਦਿਮਾਗੀ ਬੜੇ ਹੁੰਦੇ ਨੇ। ਇਹ ਧੀ ਤੇਰਾ ਨਾਂ ਰੌਸ਼ਨ ਕਰੇਗੀ। ਨੈਣ-ਨਕਸ਼ਾਂ 'ਚ ਭਲਾ ਕੀ ਰੱਖਿਆ? ਕੁਦਰਤ ਨੇ ਨਿਸ਼ੰਗ ਹੋ ਕੇ ਅੱਖਾਂ ਤਾਂ ਨੀਲੀਆਂ ਦਿੱਤੀਆਂ ਹਨ?' ਚਿਹਰਾ ਤਾਂ ਸਤਪਾਲ ਦਾ ਵੀ ਉਤਰ ਜਿਹਾ ਗਿਆ ਤੇ ਆਵਾਜ਼ ਕਿਰਨ ਦੀ ਵੀ ਨਾ ਨਿਕਲੇ। ਉਹ ਡੁਸਕਦੀ ਤੇ ਬੁਸਕਦੀ ਅੰਦਰ ਜਾ ਵੜੀ। ਭੂਆ ਬਚਨੀ ਨੂੰ ਨਾ ਕਿਸੇ ਪਾਣੀ ਪੁੱਛਿਆ, ਨਾ ਚਾਹ। ਤੇ ਉਹ ਜਿਨ੍ਹੀਂ ਪੈਰੀਂ ਆਈ ਸੀ, ਉਨ੍ਹੀਂ ਪੈਰੀਂ ਵਾਪਿਸ ਚਲੀ ਗਈ, ਇਸ ਅਹਿਸਾਸ ਨਾਲ ਕਿ ਸ਼ਾਇਦ ਮੈਂ ਬਹੁਤ ਵੱਡਾ ਗੁਨਾਹ ਕਰ ਲਿਆ ਹੈ।

ਦਿਨ ਢਲ ਗਿਆ ਤੇ ਢਲਿਆ ਕਿਰਨ ਦਾ ਚਿਹਰਾ ਵੀ ਰਿਹਾ। ਰੌਣਕ ਸਤਪਾਲ ਦੇ ਚਿਹਰੇ 'ਤੇ ਵੀ ਨਾ ਪਰਤੀ। ਰੱਜ ਕੇ ਰੋਟੀ ਵੀ ਦੋਹਾਂ ਨੇ ਨਾ ਖਾਧੀ। ਉਦਾਸ ਹੋਈ ਕਿਰਨ ਨੂੰ ਆਪਣਾ ਅੰਦਰਲਾ ਦਰਦ ਲੁਕੋ ਕੇ ਜਦੋਂ ਸਤਪਾਲ ਨੇ ਪੁੱਛਿਆ, "ਕੀ ਕਹਿ ਦਿੱਤਾ ਸੀ ਭੂਆ ਨੇ? ਏਨੀ ਗੱਲ ਕਿਉਂ ਮਨ 'ਤੇ ਲਾ ਲਈ? ਏਦਾਂ ਨਹੀਂ ਸੋਚੀਦਾ।" ਪਰ ਕਿਰਨ ਨੇ ਸਤਪਾਲ ਦੇ ਮਨ ਦੀ ਗੱਲ ਕਹਿ ਹੀ ਦਿੱਤੀ, "ਮੈਨੂੰ ਭੂਆ ਦੇ ਏਦਾਂ ਕਹਿਣ ਦਾ ਕੋਈ ਦੁੱਖ ਨਹੀਂ, ਪਰ ਉਸ ਨੇ ਆਪਣੇ ਸ਼ੱਕ 'ਤੇ ਮੋਹਰ ਲਾਈ ਹੈ, ਇਹ ਧੀ ਸਾਡੀ ਨਹੀਂ ਹੈ, ਸਾਡੇ ਨਾਲ ਘੋਰ ਅਨਿਆਂ ਹੋ ਗਿਆ ਹੈ। ਜਦੋਂ ਮੈਂ ਜਣੇਪਾ ਵਾਰਡ ਵਿਚ ਸੀ ਤਾਂ ਬੱਚੇ ਨੂੰ ਜਨਮ ਦੇ ਕੇ ਮੈਨੂੰ ਸੁਰਤ ਆਈ। ਪਹਿਲੀ ਨਰਸ ਤਾਂ ਇਹ ਕਹਿਣ ਆਈ ਸੀ ਕਿ ਕਿਰਨ ਵਧਾਈ ਹੋਵੇ, ਤੂੰ ਪੁੱਤਰ ਦੀ ਮਾਂ ਬਣ ਗਈਂ ਏਂ। ਪਰ ਹਾਲੇ ਉਹ ਦਰਵਾਜ਼ੇ ਤੋਂ ਬਾਹਰ ਨਹੀਂ ਨਿਕਲੀ ਸੀ ਕਿ ਦੂਜੀ ਨਰਸ ਨੇ ਆ ਕੇ ਕੌਡਾਂ ਹੀ ਮੂਧੀਆਂ ਕਰ ਦਿੱਤੀਆਂ, 'ਨਹੀਂ ਕਿਰਨ ਭੁਲੇਖਾ ਲੱਗ ਗਿਆ, ਤੂੰ ਪੁੱਤਰ ਦੀ ਨਹੀਂ, ਧੀ ਦੀ ਮਾਂ ਬਣੀਂ ਏਂ।' ਸਾਨੂੰ ਕੁਝ ਕਰਨਾ ਪਵੇਗਾ, ਇਹ ਧੀ ਹਰਗਿਜ਼ ਸਾਡੀ ਨਹੀਂ ਹੈ।"

ਉਸ ਦਿਨ ਕਿਰਨ ਤੇ ਸਤਪਾਲ ਨੇ ਹਸਪਤਾਲ ਵਿਚ ਵੀ ਕਾਫੀ ਰੌਲਾ ਪਾਇਆ ਸੀ ਕਿ ਇਕ ਪਲ ਵਿਚ ਪੁੱਤਰ ਤੋਂ ਧੀ ਕਿਵੇਂ ਬਣ ਗਈ? ਪਰ ਡਾਕਟਰਾਂ ਨੇ ਨਾ ਸੁਣੀ ਤੇ ਮੱਲੋਜ਼ੋਰੀ ਇਨ੍ਹਾਂ ਦੀ ਝੋਲੀ ਵਿਚ ਧੀ ਹੀ ਪਾ ਦਿੱਤੀ ਗਈ ਸੀ।

ਦਿਨ ਚੜ੍ਹਿਆ। ਕਿਰਨ ਤੇ ਸਤਪਾਲ ਫਿਰ ਉਸੇ ਹਸਪਤਾਲ ਚਲੇ ਗਏ। ਮੁੱਖ ਡਾਕਟਰ ਨੂੰ ਆਪਣੀ ਪੀੜਾ ਦੇ ਫਿਰ ਸਾਰੇ ਵਰਕੇ ਫੋਲ ਕੇ ਸੁਣਾਏ ਕਿ ਸਾਡੇ ਨਾਲ ਧੋਖਾ ਹੋਇਆ ਹੈ। ਸਾਡੇ ਪੁੱਤਰ ਦਾ ਮੁੱਲ ਵੱਟ ਲਿਆ ਗਿਆ ਹੈ। ਇਹ ਤੁਹਾਡੀਆਂ ਨਰਸਾਂ ਤੇ ਡਾਕਟਰਾਂ ਦੀ ਬੇਈਮਾਨੀ ਹੈ। ਸਾਡਾ ਪੁੱਤਰ ਸਾਨੂੰ ਵਾਪਿਸ ਕਰੋ।

ਡਾਕਟਰ ਨੇ ਵੀ ਸੱਚ ਵਰਗੇ ਬੜੇ ਬਹਾਨੇ ਲਗਾਏ ਪਰ ਜਦੋਂ ਸਤਪਾਲ ਤੇ ਕਿਰਨ ਨੇ ਉਸ ਦੀ ਇਕ ਨਾ ਸੁਣੀ ਤਾਂ ਧੱਕੇ ਨਾਲ ਦੋਹਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਤੇ ਫਿਰ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਸੱਚੀਂ ਹਸਪਤਾਲ ਦੇ ਮੂਹਰਿਓਂ ਲੰਘਦੀ ਸੜਕ ਵੀ ਟਪਾ ਦਿੱਤੀ ਗਈ ਤੇ ਇਹ ਵੀ ਚਿਤਾਵਨੀ ਦੇ ਦਿੱਤੀ ਗਈ ਕਿ ਹੁਣ ਮੁੜ ਕੇ ਕਦੇ ਇੱਥੇ ਪੈਰ ਨਾ ਧਰਿਓ।

ਦੋਵੇਂ ਵਿਲਕਦੇ ਉਸੇ ਉਦਾਸ ਚਿਹਰੇ ਨਾਲ, ਉਨ੍ਹਾਂ ਹੀ ਟੁੱਟੇ ਅਰਮਾਨਾਂ ਨਾਲ ਤੇ ਉਸੇ ਉਜੜੀ ਜ਼ਿੰਦਗੀ ਦਾ ਵਿਰਾਨ ਹੋਇਆ ਬੋਝਲ ਸਰੀਰ ਲੈ ਕੇ ਘਰ ਆਣ ਵੜੇ। ਸਵੇਰੇ ਉਠਦਿਆਂ ਹੀ ਪੁਲਿਸ ਨੂੰ ਕ੍ਰਿਸ਼ਨਾ ਤੇ ਜੋਗਿੰਦਰ ਦੇ ਖਿਲਾਫ ਸ਼ਿਕਾਇਤ ਕਰ ਦਿੱਤੀ ਕਿ ਇਨ੍ਹਾਂ ਦੀ ਮਿਲੀਭੁਗਤ ਨਾਲ ਹਸਪਤਾਲ 'ਚ ਬੱਚਾ ਬਦਲਿਆ ਗਿਆ ਹੈ। ਪੁਲਿਸ ਨੇ ਦੋਵਾਂ ਧਿਰਾਂ ਨੂੰ ਥਾਣੇ ਬੁਲਾ ਲਿਆ ਪਰ ਕ੍ਰਿਸ਼ਨਾ ਤੇ ਜੋਗਿੰਦਰ ਦੇ ਪੱਲੇ 'ਚ ਰਾਜਨੀਤਕ ਭਾਰ ਹੋਣ ਕਰਕੇ ਇਨ੍ਹਾਂ ਦੁਹਾਈਆਂ ਦਾ ਕੋਈ ਮੁੱਲ ਨਾ ਪੈ ਸਕਿਆ। ਕਿਰਨ ਤੇ ਸਤਪਾਲ ਉਸ ਬੇਰੰਗ ਲਿਫਾਫੇ ਵਾਂਗ ਵਾਪਿਸ ਆ ਗਏ ਜਿਹਦੇ 'ਤੇ ਟਿਕਟ ਤਾਂ ਲੱਗੀ ਹੀ ਨਹੀਂ ਸੀ ਸਗੋਂ ਮੂੰਹ ਵੀ ਖੁੱਲ੍ਹਾ ਸੀ।

ਘਰ 'ਚ ਇਹ ਸ਼ੱਕ ਦਾ ਉਠਦਾ ਧੂੰਆਂ ਲਾਟ ਬਣਨ ਲੱਗਾ। ਕੁਝ ਹੋਰ ਕਰਨ ਦੀਆਂ ਵਿਉਂਤਾਂ ਗੁੰਦੀਆਂ ਜਾਣ ਲੱਗੀਆਂ ਤੇ ਆਖਰ ਕੋਰਟ ਦਾ ਸਹਾਰਾ ਸਤਪਾਲ ਤੇ ਕਿਰਨ ਨੇ ਲੈ ਹੀ ਲਿਆ। ਪਹਿਲੀ ਤਾਰੀਖ 'ਚ ਲੱਗ ਤਾਂ ਇਉਂ ਰਿਹਾ ਸੀ ਕਿ ਸ਼ਾਇਦ ਜੱਜ ਸਾਹਿਬ ਨੇ ਇਸ ਕੇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ। ਪਰ ਕਿਰਨ ਦੀਆਂ ਅੱਖਾਂ 'ਚੋਂ ਟਪਕਦੇ ਲਹੂ ਦੇ ਅੱਥਰੂ ਤੇ ਜ਼ੁਬਾਨ 'ਚੋਂ ਨਿਕਲਦੇ ਦਰਦ ਭਰੇ ਸ਼ਬਦ ਜੱਜ ਨੂੰ ਇਕ ਮਾਂ ਦੀ ਮਮਤਾ ਦੀ ਹੂਕ ਸੁਣਨ ਵਾਂਗ ਲੱਗੇ। 'ਮੈਡੀਕਲ ਮਿਸਟੇਕ' ਨੂੰ ਦੂਰ ਕਰਨ ਲਈ 'ਮੈਡੀਕਲ ਯੁੱਗ' ਦਾ ਹੀ ਸਹਾਰਾ ਲੈਣ ਦੇ ਹੁਕਮ ਦੇ ਦਿੱਤੇ ਗਏ ਤੇ ਦੋਹਾਂ ਹੀ ਪਰਿਵਾਰਾਂ ਦਾ ਡੀ.ਐਨ.ਏ. ਟੈਸਟ ਕਰਨ ਦਾ ਫੈਸਲਾ ਸੁਣਾ ਦਿੱਤਾ ਗਿਆ। ਇਸ ਫੈਸਲੇ ਨਾਲ ਕਿਰਨ ਦੇ ਚਿਹਰੇ 'ਤੇ ਰੌਣਕ ਏਦਾਂ ਪਰਤ ਆਈ ਜਿਵੇਂ ਜੰਗ ਜਿੱਤੇ ਜਾਣ ਦਾ ਪਹਿਲਾ ਸਾਇਰਨ ਵੱਜ ਗਿਆ ਹੋਵੇ। ਪਰ ਕਿਉਂਕਿ ਮਾਂ ਨੂੰ ਆਪਣੀ ਕੁੱਖ 'ਤੇ ਵੱਧ ਵਿਸ਼ਵਾਸ ਹੁੰਦਾ ਹੈ, ਅੰਦਰ ਪਲਦੇ ਬੱਚੇ ਦੀ ਹਰ ਧੜਕਣ ਮਾਂ ਦੇ ਦਿਲ ਦੀ ਧੜਕਣ ਨਾਲ ਜੁੜੀ ਹੁੰਦੀ ਹੈ, ਇਸ ਲਈ ਉਹਦਾ ਵਿਸ਼ਵਾਸ ਸੀ ਕਿ ਕੋਰਟ ਦੀ ਵੋਟ ਉਹਦੇ ਹੱਕ 'ਚ ਪਵੇਗੀ। ਪਰ ਸਤਪਾਲ ਨੂੰ ਜੱਜ ਦੇ ਇਸ ਹੁਕਮ ਦਾ ਝੋਰਾ ਵੀ ਖਾ ਰਿਹਾ ਸੀ ਕਿ ਜੇ ਥੋਡਾ ਦਾਅਵਾ ਠੀਕ ਨਾ ਹੋਇਆ ਤਾਂ ਥੋਨੂੰ ਭਾਰੀ ਹਰਜਾਨਾ ਵੀ ਭਰਨਾ ਪਵੇਗਾ ਅਤੇ ਦੂਜੀ ਧਿਰ ਯਾਨਿ ਕ੍ਰਿਸ਼ਨਾ ਤੇ ਜੋਗਿੰਦਰ ਨੂੰ ਮੁਆਵਜ਼ਾ ਵੀ ਅਦਾ ਕਰਨਾ ਪਵੇਗਾ।

ਪਰ ਇਤਫਾਕ ਤੇ ਸੱਚ ਇਹ ਸੀ ਕਿ ਦੋਵੇਂ ਮਾਂਵਾਂ-ਕ੍ਰਿਸ਼ਨਾ ਤੇ ਕਿਰਨ ਭਾਵੇਂ ਸ਼ੱਕ ਦੀ ਦੁਨੀਆਂ 'ਚ ਕਿਸੇ ਵੀ ਤਰ੍ਹਾਂ ਵਿਚਰ ਰਹੀਆਂ ਹੋਣ ਪਰ ਉਹ ਆਪਣੇ ਬੱਚਿਆਂ ਦੀ ਮਮਤਾ 'ਚ ਪੂਰੀ ਤਰ੍ਹਾਂ ਮਾਂਵਾਂ ਬਣ ਕੇ ਉਤਰੀਆਂ ਹੋਈਆਂ ਸਨ। ਨਾ ਕਿਰਨ ਜੋਤੀ ਨੂੰ ਘੱਟ ਪਿਆਰ ਕਰਦੀ ਸੀ ਤੇ ਨਾ ਕ੍ਰਿਸ਼ਨਾ ਅਰਜਨ ਦੇ ਪਿਆਰ 'ਚ ਕਿਤੇ ਊਣਤਾਈ ਰਹਿਣ ਦਿੰਦੀ ਸੀ।

ਡੀ.ਐਨ.ਏ. ਦੀ ਰਿਪੋਰਟ ਨੇ ਉਹੀ ਕੁਝ ਸੱਚ ਸਾਬਤ ਕਰ ਦਿੱਤਾ ਜਿਸ ਦੀ ਕਿਰਨ ਦਾਅਵੇਦਾਰ ਸੀ। ਅਰਜਨ ਕਿਰਨ ਤੇ ਸਤਪਾਲ ਦਾ ਪੁੱਤਰ ਹੀ ਸਾਬਤ ਹੋਇਆ। ਸਥਿਤੀ ਕੁਦਰਤ ਨੇ ਬਦਲ ਦਿੱਤੀ ਸੀ ਕਿ ਉਦਾਸ ਤੇ ਦੁਖੀ ਮਾਂ ਦੇ ਚਿਹਰਿਆਂ 'ਤੇ ਰੌਣਕ ਤੇ ਖੁਸ਼ੀ ਇਕੱਠੀਆਂ ਨੱਚ ਰਹੀਆਂ ਸਨ। ਇਕ ਮਾਂ ਕ੍ਰਿਸ਼ਨਾ ਦੇ ਵਿਹੜੇ 'ਚ ਜਿਵੇਂ ਦਿਨ-ਦਿਹਾੜੇ ਡਾਕਾ ਪੈ ਗਿਆ ਹੋਵੇ। ਜੱਜ ਵੀ ਅਦਾਲਤ ਵਿਚ ਬਣੀ ਇਸ ਅਜੀਬ ਸਥਿਤੀ ਤੋਂ ਹੈਰਾਨ ਸੀ। ਪੁੱਤਰ ਨੂੰ ਧੀ 'ਚ ਤੇ ਧੀ ਨੂੰ ਪੁੱਤਰ 'ਚ ਬਦਲਣ ਦੀ ਪ੍ਰਕ੍ਰਿਆ ਅਦਾਲਤੀ ਫੈਸਲਾ ਤਾਂ ਹੋ ਸਕਦੀ ਸੀ ਪਰ ਮਮਤਾ ਦੀ ਤਬਦੀਲੀ ਕਰਨੀ ਔਖੀ ਬਹੁਤ ਹੋ ਰਹੀ ਸੀ। ਨਾਲ ਹੀ ਜੱਜ ਨੇ ਦੋਹਾਂ ਧਿਰਾਂ ਨੂੰ ਕਿਹਾ ਕਿ ਵਟਾਂਦਰਾ ਆਪਣੀਆਂ ਸਮਾਜਿਕ ਰਸਮਾਂ ਮੁਤਾਬਿਕ ਕਰ ਲਵੋ ਤਾਂ ਬਿਹਤਰ ਹੋਵੇਗਾ। ਦੋ ਮਹੀਨੇ ਦਾ ਸਮਾਂ ਵੀ ਦੇ ਦਿੱਤਾ।

ਸਿਆਣੇ ਲੋਕਾਂ ਨੇ ਦੋਵਾਂ ਹੀ ਮਾਂਵਾਂ ਦੀਆਂ ਪੀੜਾਂ 'ਤੇ ਫਹੇ ਰੱਖ ਕੇ ਫੂਕਾਂ ਮਾਰੀਆਂ ਤੇ ਸਹਿਮਤੀ ਹੋਈ ਕਿ ਕ੍ਰਿਸ਼ਨਾ ਅਰਜਨ ਨੂੰ ਲੈ ਕੇ ਕਿਰਨ ਦੇ ਘਰ ਪਹੁੰਚੇਗੀ।...ਤੇ ਉਹ ਦਿਨ ਆ ਹੀ ਗਿਆ। ਕਿਰਨ ਦੇ ਘਰ ਦੇ ਬੂਹੇ 'ਤੇ ਅੰਬ ਦੇ ਪੱਤੇ ਟੰਗ ਹੀ ਦਿੱਤੇ ਗਏ। ਬਾਜ਼ੀਗਰਨੀਆਂ ਬੂਟੇ ਲੈ ਕੇ ਆ ਗਈਆਂ। ਇਕ ਘਰ 'ਚ ਚੰਦਰਮਾ ਗੋਡੀ ਮਾਰ ਕੇ ਚੜ੍ਹ ਰਿਹਾ ਸੀ ਤੇ ਦੂਜੇ ਘਰ 'ਚ ਤਿੰਨਾਂ ਧੀਆਂ ਤੋਂ ਬਾਅਦ ਆ ਰਹੀ ਜੋਤੀ ਸ਼ਾਇਦ ਉਨ੍ਹਾਂ ਨੂੰ ਚੌਥਾ ਪੱਥਰ ਲੱਗ ਰਹੀ ਸੀ।

ਸਾਰਾ ਪਿੰਡ ਹੈਰਾਨ ਸੀ ਕਿ ਪਿੰਡ 'ਚ ਵਿਆਹ ਤਾਂ ਕੋਈ ਨਹੀਂ ਸੀ ਪਰ ਵਾਜੇ ਕਿਉਂ ਵੱਜ ਰਹੇ ਹਨ? ਕ੍ਰਿਸ਼ਨਾ ਅਰਜਨ ਨੂੰ ਵਾਜਿਆਂ ਗਾਜਿਆਂ ਨਾਲ ਛੱਡਣ ਆ ਰਹੀ ਸੀ। ਇਹ ਸੋਚ ਕੇ ਕਿ ਸਾਡੇ ਘਰ ਤਾਂ ਬਰਾਤਾਂ ਆਉਣਗੀਆਂ ਪਰ ਸਾਡੀਆਂ ਕਿਤੇ ਨਹੀਂ ਜਾਣਗੀਆਂ ਤੇ ਕਿਰਨ ਦੇ ਬਨੇਰਿਆਂ 'ਤੇ ਰੌਣਕ ਦੱਸਦੀ ਸੀ ਕਿ ਅੱਜ ਸੂਰਜ ਆਮ ਵਾਂਗ ਨਹੀਂ ਚੜ੍ਹਿਆ। ਕ੍ਰਿਸ਼ਨਾ ਨੇ ਜਦੋਂ ਪੁੱਤਰ ਕਿਰਨ ਨੂੰ ਸੌਂਪਿਆ ਤਾਂ ਧਾਹਾਂ ਦਾ ਪਹਾੜ ਟੁੱਟ ਪਿਆ। ਪਰ ਕਿਰਨ ਵੀ ਧੀ ਨੂੰ ਛੱਡਦਿਆਂ ਏਨੀ ਵਿਲਕੀ ਕਿ ਸ਼ਾਇਦ ਕੁਝ ਸਮੇਂ ਲਈ ਪੌਣ ਵੀ ਰੁਕ ਗਈ ਹੋਵੇ। ਕਿਉਂਕਿ ਦੋਹਾਂ ਹੀ ਮਾਂਵਾਂ ਨੇ ਦੋਹਾਂ ਹੀ ਬੱਚਿਆਂ ਨੂੰ ਆਪਣੀ ਛਾਤੀ 'ਚੋਂ ਸ਼ੀਰ ਧੀ-ਪੁੱਤਰ ਸਮਝ ਕੇ ਨਹੀਂ ਸਗੋਂ ਆਪਣੀਆਂ ਆਂਦਰਾਂ ਦੇ ਗੁੱਛੇ ਸਮਝ ਕੇ ਚੁੰਘਾਇਆ ਸੀ। ਕ੍ਰਿਸ਼ਨਾ ਦੇ ਧੀ ਨੂੰ ਲੈ ਕੇ ਪਰਤਣ ਤੋਂ ਪਹਿਲਾਂ ਪਿੰਡ ਦੇ ਸਰਪੰਚ ਨੇ ਦੋਹਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਲਾਪਰਵਾਹੀ ਦਾ ਹਰਜ਼ਾਨਾ ਦੋਵੇਂ ਪਰਿਵਾਰ ਭੁਗਤ ਚੁੱਕੇ ਨੇ ਪਰ ਮੈਂ ਇਹ ਬੇਨਤੀ ਕਰਾਂਗਾ ਕਿ ਵੱਡੇ ਹੋਣ 'ਤੇ ਜੋਤੀ ਤੇ ਅਰਜਨ ਨੂੰ ਗ੍ਰਿਹਸਥ ਦੀ ਗੱਡੀ 'ਤੇ ਜੇ ਬਿਠਾ ਸਕੇ ਤਾਂ ਮਮਤਾ ਤੇ ਮੋਹ ਦੀਆਂ ਸ਼ਾਇਦ ਇਹ ਤਿੜਕੀਆਂ ਤੰਦਾਂ ਫਿਰ ਦੋਹਾਂ ਪਰਿਵਾਰਾਂ ਲਈ ਮਜ਼ਬੂਤੀ ਦਾ ਆਧਾਰ ਬਣ ਜਾਣਗੀਆਂ। ਤੇ ਬੈਂਡ ਵਾਜਾ ਫਿਰ ਉਨੀ ਹੀ ਉਚੀ ਵੱਜਿਆ ਜੋ ਸ਼ਾਇਦ ਕੁਦਰਤ ਨੂੰ ਵੀ ਸੁਣ ਗਿਆ ਹੋਵੇ। ਕਿਉਂਕਿ ਫਰਜ਼ੀ ਲੱਕੜੀ ਗੁਣੀਏ 'ਚ ਕਰ ਦਿੱਤੀ ਗਈ ਸੀ।

ਗੁਸਤਾਖੀ ਕਰਨ ਵਾਲੇ ਨਰਸਾਂ ਤੇ ਡਾਕਟਰਾਂ ਦਾ ਕੀ ਬਣੇਗਾ? ਇਹ ਵੱਖਰਾ ਮੁਕੱਦਮਾ ਹਾਲੇ ਉਚ ਅਦਾਲਤ ਵਿਚ ਚੱਲ ਰਿਹਾ ਹੈ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### *ਇਹ ਚਾਲ ਸਮੇਂ ਦੀ ਕਹਿੰਦੀ ਏ...*

ਲੰਘ ਗਈ ਏ ਬਹੁਤੀ ਮਿੱਤਰੋ, ਕਰਦਿਆਂ ਮੇਲਾ ਮੇਲਾ।
ਝੜ ਚੱਲੇ ਦੰਦ ਮੋਤੀਆਂ ਵਰਗੇ, ਬਣ ਜਾਊ ਮੂੰਹ ਕਰੇਲਾ।
ਬੜੇ ਬਣਾਏ ਸ਼ੀਸ਼ੇ ਮੂਹਰੇ, ਖੜ ਕੇ ਸੇਧੇਂ ਚੀਰੇ,
ਬਣ ਜਾਣੀਆਂ ਉਹੀ ਅੱਖਾਂ ਐਨਕਾਂ ਥਾਣੀ ਡੇਲਾ।
ਨਾ ਬੀਵੀ ਨੇ ਤੇਹ ਜਿਹਾ ਕਰਨਾ, ਨਾ ਔਲਾਦ ਹੀ ਪੁੱਛੂ,
ਕਹਿਣਗੇ ਬਾਪੂ ਟੋਕਾ ਟਾਕੀ, ਕਰਦਾ ਰਹਿੰਦਾ ਵਿਹਲਾ।
ਬਹੁਤ ਮਾਰੀਆਂ ਠੱਗੀਆਂ ਠੋਰੀਆਂ ਲੱਖਾਂ ਨੋਟ ਬਣਾਏ,
ਹੋਈਆਂ ਫੇਲ੍ਹ ਬਰੇਕਾਂ ਦੇ ਨਾਲ ਟਕਾ ਰਹਿਣਾ ਨਾ ਧੇਲਾ।
ਘਰ ਦੀਆਂ ਖਬਰਾਂ ਸੱਥਾਂ ਦੇ ਵਿਚ ਏਦਾਂ ਬਾਪੂ ਦੱਸੂ,
ਦਿੱਤਾ ਪਰਸੋਂ ਮੱਝ ਨੇ ਕੱਟਾ, ਕੱਲ ਬੱਕਰੀ ਨੇ ਛੇਲਾ।
ਲੋਕੀਂ ਕਹਿੰਦੇ ਸਮਾਂ ਗੁਜ਼ਰਦਾ ਪਰ ਗੁਜ਼ਰ ਜਾਏ ਬੰਦਾ,
ਸਭ ਦੇ ਹੱਥੋਂ ਮੱਛੀ ਵਾਂਗੂ ਤਿਲਕ ਜਾਂਦਾ ਏ ਵੇਲਾ।
ਬਲਵੰਤ ਕੌਰ ਵੀ 'ਬੰਤੀ' ਬਣ ਗਈ ਰਹਿੰਦੀ ਢਿੱਲੀ ਮੱਠੀ,
ਗੁਰਮੇਲ ਸਿਹੁੰ ਨੂੰ ਬੁੱਢੇ ਵਾਰੇ ਆਖਣ ਲੱਗ ਪਏ 'ਗੇਲਾ'।
ਕੰਨਾਂ 'ਚੋਂ ਜਦ ਸੁਣਦਾ ਉਚਾ, ਬੋਲਾਂ 'ਚੋਂ ਰਸ ਮੁੱਕੇ,
ਗੁਰੂ ਉਤੋਂ ਦੀ ਛਾਲ ਮਾਰ ਕੇ ਟੱਪ ਜਾਂਦਾ ਏ ਚੇਲਾ।
ਏਦਾਂ ਦੁਨੀਆਂ ਪਿੱਟਦੀ ਆਈ, ਏਦਾਂ ਈ ਧੰਦ ਪਿੱਟੂ,
ਨਿੱਕੀ ਨਿੱਕੀ ਗੱਲ ਤੋਂ 'ਭੌਰੇ' ਪੈਂਦਾ ਰਹੂ ਵਾਵੇਲਾ।

# ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ

ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਭਾਰਤ ਉਤੇ ਹਮਲੇ ਦੇ ਹਵਾਲੇ ਨਾਲ ਤਾਕਤਵਰ ਵੱਲੋਂ ਤਾਕਤ ਦੇ ਨਸ਼ੇ ਵਿਚ ਅੰਨੇ ਹੋ ਕੇ, ਆਪਣੀ ਫੌਜੀ ਸ਼ਕਤੀ ਦੀ ਵਰਤੋਂ ਕਰਕੇ ਦੂਜਿਆਂ ਨਾਲ ਧੱਕਾ ਕਰਨ ਅਤੇ ਉਨ੍ਹਾਂ 'ਤੇ ਜ਼ੁਲਮ ਕਰਨ ਵਿਰੁਧ ਆਵਾਜ਼ ਬੁਲੰਦ ਕੀਤੀ ਹੈ। ਇਸ ਸ਼ਬਦ ਵਿਚ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਰੱਬ ਨੂੰ ਉਲਾਂਭਾ ਦਿੱਤਾ ਹੈ ਕਿ ਜੇ ਇੱਕ ਤਾਕਤਵਰ ਆਪਣੇ ਬਰਾਬਰ ਦੇ ਤਾਕਤਵਰ ਨਾਲ ਟੱਕਰ ਲੈਂਦਾ ਤੇ ਉਸ ਨੂੰ ਮਾਰਦਾ ਹੈ ਤਾਂ ਮਨ ਵਿਚ ਰੋਸ ਪੈਦਾ ਨਹੀਂ



**ਡਾ. ਗੁਰਨਾਮ ਕੌਰ ਪਟਿਆਲਾ**

ਹੁੰਦਾ ਕਿਉਂਕਿ ਦੋਵੇਂ ਧਿਰਾਂ ਇੱਕੋ ਜਿਹੀ ਤਾਕਤ ਦੀਆਂ ਮਾਲਕ ਹੁੰਦੀਆਂ ਹਨ। ਪ੍ਰੰਤੂ ਜੇ ਇੱਕ ਤਾਕਤਵਰ ਸ਼ੇਰ ਗਊਆਂ ਦੇ ਵੱਗ 'ਤੇ ਪੈ ਜਾਵੇ ਤਾਂ ਪੁੱਛਿਆ ਉਸ ਦੇ ਮਾਲਕ ਨੂੰ ਜਾਂਦਾ ਹੈ ਕਿ ਤੂੰ ਕਿੱਥੇ ਸੀ? ਰਾਖੀ ਕਿਉਂ ਨਹੀਂ ਕੀਤੀ? ਇਨ੍ਹਾਂ ਕਮਜ਼ੋਰਾਂ, ਜੋ ਸ਼ੇਰ ਦਾ ਮੁਕਾਬਲਾ ਕਰਨ ਜੋਗੀਆਂ ਨਹੀਂ ਸਨ, ਨੂੰ ਬਚਾਇਆ ਕਿਉਂ ਨਹੀਂ? ਇਸੇ ਤਰ੍ਹਾਂ ਜੇ ਕੋਈ ਜ਼ਰਵਾਣਾ ਆਪਣੀ ਫੌਜ ਦੀ ਧਾੜ ਲੈ ਕੇ ਨਿਹੱਥੇ ਤੇ ਗਰੀਬ ਲੋਕਾਂ 'ਤੇ ਜ਼ੁਲਮ ਕਰਦਾ ਹੈ, ਤਾਂ ਉਲਾਂਭਾ ਰੱਬ ਨੂੰ ਦਿੱਤਾ ਜਾਂਦਾ ਹੈ, ਸ਼ਿਕਵਾ ਉਸ ਮਾਲਕ ਕੋਲ ਕਰਨਾ ਬਣਦਾ ਹੈ।

ਪਿਛਲੇ ਲੇਖ ਵਿਚ ਜ਼ਿਕਰ ਕੀਤਾ ਸੀ ਕਿ ਅਗਸਤ ਦਾ ਮਹੀਨਾ ਬਲੋਚਿਸਤਾਨ, ਭਾਰਤ ਅਤੇ ਪਾਕਿਸਤਾਨ ਲਈ ਆਜ਼ਾਦੀ ਦੇ ਜਸ਼ਨ ਮਨਾਉਣ ਦਾ ਮਹੀਨਾ ਹੈ। ਅਸਲ ਵਿਚ ਆਜ਼ਾਦ ਤਾਂ ਭਾਰਤ ਅਤੇ ਬਲੋਚਿਸਤਾਨ ਹੋਇਆ ਸੀ, ਪਾਕਿਸਤਾਨ ਤਾਂ ਬਣਿਆ ਸੀ, ਅਸਲੋਂ ਹੀ ਨਵਾਂ ਮੁਲਕ ਜੋ ਇੱਕ ਮੁਲਕ ਦੇ ਦੋ ਟੋਟੇ ਕਰਕੇ ਬਣਾਇਆ ਗਿਆ। ਬਲੋਚਿਸਤਾਨ ਨਾਲ ਗੁਰੂ ਨਾਨਕ ਸਾਹਿਬ ਦੇ ਸ਼ਬਦ ਵਿਚ ਬਾਬਰ ਦੇ ਹਮਲੇ ਦੇ ਹਵਾਲੇ ਨਾਲ ਵਰਣਨ ਕੀਤਾ ਉਪਰ ਵਾਲਾ ਵਰਤਾਰਾ ਹੋਇਆ। ਭਾਵੇਂ ਬਲੋਚਿਸਤਾਨ ਅੰਗਰੇਜ਼ਾਂ ਕੋਲੋਂ ਤਾਂ 11 ਅਗਸਤ 1947 ਨੂੰ ਆਜ਼ਾਦ ਹੋ ਗਿਆ ਪਰ ਅੱਠ ਕੁ ਮਹੀਨੇ ਬਾਅਦ ਹੀ ਪਾਕਿਸਤਾਨ ਦੀ ਧਾੜਵੀ ਫੌਜ ਨੇ ਇਸ 'ਤੇ ਕਬਜ਼ਾ ਕਰ ਲਿਆ। ਪਰ ਬਲੋਚਾਂ ਦੇ ਮਨਾਂ ਵਿਚ ਆਜ਼ਾਦੀ ਦਾ ਸੁਪਨਾ ਮਰਿਆ ਨਹੀਂ ਹੈ ਅਤੇ ਉਹ ਆਜ਼ਾਦੀ ਦੀ ਤੜਪ ਨੂੰ ਕਾਇਮ ਰੱਖਦਿਆਂ 11 ਅਗਸਤ ਨੂੰ ਆਜ਼ਾਦੀ ਦਿਵਸ ਵਜੋਂ ਮਨਾਉਂਦੇ ਹਨ ਤਾਂ ਕਿ ਉਹ ਆਪਣੇ ਲੋਕਾਂ ਨੂੰ ਆਜ਼ਾਦੀ ਦੀ ਇਸ ਜਦੋਜਹਿਦ ਨਾਲ ਜੋੜ ਸਕਣ, ਨੌਜੁਆਨ ਪੀੜ੍ਹੀ ਦੇ ਮਨਾਂ 'ਚ ਆਜ਼ਾਦੀ ਦੇ ਆਪਣੇ ਇਸ ਹੱਕ ਬਾਰੇ ਚੇਤਨਾ ਜਗਾਉਂਦੇ ਰਹਿਣ, ਆਜ਼ਾਦੀ ਦੀ ਸ਼ਮ੍ਹਾਂ ਬਲਦੀ ਰੱਖ ਸਕਣ ਅਤੇ ਦੁਨੀਆਂ ਦੀ ਕਚਹਿਰੀ ਵਿਚ ਆਪਣਾ ਮਸਲਾ ਪੇਸ਼ ਕਰ ਸਕਣ।

ਇਸੇ ਇਰਾਦੇ ਨਾਲ ਜੀ.ਟੀ.ਏ. ਵਿਚ ਰਹਿੰਦੇ ਬਲੋਚ ਭਾਈਚਾਰੇ ਨੇ 11 ਅਗਸਤ ਦੀ ਸ਼ਾਮ ਨੂੰ ਇੱਥੇ ਸਥਿਤ ਲਾਇਬਰੇਰੀ ਵਿਚ ਆਜ਼ਾਦੀ ਦਿਹਾੜਾ ਮਨਾਇਆ। ਬਲੋਚ ਆਪਣੇ ਮੁਲਕ, ਆਪਣੇ ਲੋਕਾਂ ਬਾਰੇ ਕਿਸ ਤਰ੍ਹਾਂ ਮਹਿਸੂਸ ਕਰਦੇ ਹਨ, ਕਰੀਮਾ ਬਲੋਚ ਨੇ ਉਥੇ ਜੋ ਵਿਚਾਰ ਪਰਗਟ ਕੀਤੇ, ਉਹ ਬਲੋਚ ਭਾਈਚਾਰੇ ਦੇ ਖਿਆਲਾਂ ਦੀ ਤਰਜ਼ਮਾਨੀ ਕਰਦੇ ਹਨ। ਕਰੀਮਾ ਬਲੋਚ ਵਿਦਿਆਰਥੀ ਕਾਰਕੁਨ ਹੈ ਜੋ ਅੱਜ ਕਲ੍ਹ ਕੈਨੇਡਾ ਰਹਿੰਦੀ ਹੈ। ਆਜ਼ਾਦੀ ਦੀ ਯਾਦ ਵਿਚ ਕਰੀਮਾ ਬਲੋਚ ਵੱਲੋਂ ਪੇਸ਼ ਕੀਤੇ ਗਏ ਵਿਚਾਰਾਂ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰ ਰਹੀ ਹਾਂ:

"ਅਸੀਂ ਬਲੋਚਿਸਤਾਨ ਦਾ ਆਜ਼ਾਦੀ ਦਿਹਾੜਾ ਮਨਾ ਰਹੇ ਹਾਂ ਕਿਉਂਕਿ 11 ਅਗਸਤ ਨੂੰ ਅੰਗਰੇਜ਼ਾਂ ਨੇ ਬਲੋਚਿਸਤਾਨ ਨੂੰ ਇੱਕ ਆਜ਼ਾਦ ਮੁਲਕ ਦੇ ਤੌਰ 'ਤੇ ਛੱਡਿਆ ਸੀ। ਆਜ਼ਾਦੀ ਬਹੁਤ ਮੁਸ਼ਕਿਲ ਨਾਲ ਲਈ ਸੀ ਪਰ ਬਹੁਤ ਅਸਾਨੀ ਨਾਲ ਗੁਆਚ ਗਈ। 8 ਮਾਰਚ 1948 ਨੂੰ ਪਾਕਿਸਤਾਨੀ ਫੌਜ ਨੇ ਬਲੋਚਿਸਤਾਨ ਵਿਚ ਆਮਦਰਫਤ ਕੀਤੀ ਅਤੇ ਇਸ ਨੂੰ ਕਬਜ਼ੇ ਵਿਚ ਕਰ ਲਿਆ। ਇਹ ਕਬਜ਼ਾ ਲੋਕਾਂ ਤੇ ਬਲੋਚਿਸਤਾਨ ਦੀ ਪਾਰਲੀਮੈਂਟ ਦੀ ਮਰਜ਼ੀ ਦੇ ਖਿਲਾਫ ਸੀ। ਇਸ ਤੋਂ ਪਹਿਲਾਂ ਜਦੋਂ ਮੁਹੰਮਦ ਅਲੀ ਜਿਨਾਹ ਨੇ ਬਲੋਚਿਸਤਾਨ ਦੀ ਸੁਤੰਤਰ ਸਰਕਾਰ ਨੂੰ ਕਿਹਾ ਸੀ ਕਿ ਉਹ ਬਲੋਚਿਸਤਾਨ ਦੇ ਆਜ਼ਾਦ ਰੁਤਬੇ ਨੂੰ ਤਿਆਗ ਦੇਣ ਅਤੇ ਨਵੇਂ ਬਣੇ ਪਰ ਫੌਜੀ ਰੂਪ ਵਿਚ ਤਾਕਤਵਰ ਪਾਕਿਸਤਾਨ ਨਾਲ ਇਸਲਾਮ ਦੇ ਆਧਾਰ 'ਤੇ ਮਿਲ ਜਾਣ, ਤਾਂ ਬਲੋਚ ਸੰਸਦ ਮੈਂਬਰਾਂ ਨੇ ਇਹ ਦਲੀਲ ਦਿੰਦਿਆਂ ਸਰਵਸੰਮਤੀ ਨਾਲ ਇਨਕਾਰ ਕਰ ਦਿੱਤਾ ਸੀ ਕਿ ਭਾਵੇਂ ਇਹ ਸੱਚ ਹੈ ਕਿ ਬਲੋਚ ਮੁਸਲਮਾਨ ਹਨ ਪ੍ਰੰਤੂ ਉਨ੍ਹਾਂ ਦੀ ਸਦਾ ਹੀ ਇੱਕ ਵਿਲੱਖਣ ਸਭਿਆਚਾਰਕ ਪਛਾਣ ਰਹੀ ਹੈ; ਇਸ ਲਈ ਉਹ ਇਸਲਾਮ ਲਈ ਆਪਣੀ ਵਿਲੱਖਣ ਪਛਾਣ ਨੂੰ ਨਹੀਂ ਛੱਡਣਗੇ। ਮਿਸਟਰ ਘਾਉਸ ਬਖਸ਼ ਬਿਜ਼ੈਂਜੋ, ਜੋ ਆਜ਼ਾਦ ਬਲੋਚਿਸਤਾਨ ਦਾ ਉਦੋਂ ਵਿਰੋਧੀ ਧਿਰ ਦਾ ਨੇਤਾ ਸੀ, ਲਿਖਤੀ ਰਿਕਾਰਡ 'ਤੇ ਹੈ।"

ਕਰੀਮਾ ਦਾ ਕਹਿਣਾ ਹੈ ਕਿ ਇਹ ਮਹਿਜ ਇਸਲਾਮੀ ਸਟੇਟ ਪਾਕਿਸਤਾਨ ਵਿਚ ਸ਼ਾਮਲ ਹੋਣ ਤੋਂ ਹੀ ਇਨਕਾਰ ਨਹੀਂ ਹੈ, ਇਹ ਸੰਸਾਰ ਨੂੰ ਪ੍ਰਭਾਵ ਹੇਠ ਲਿਆਉਣ ਦੀ ਨਵੀਂ ਪੈਨ ਇਸਲਾਮਿਕ ਲਹਿਰ ਵਿਚ ਸ਼ਾਮਲ ਹੋਣ ਤੋਂ ਵੀ ਇਨਕਾਰ ਸੀ।

ਕਰੀਮਾ ਦਾ ਵਿਚਾਰ ਹੈ ਕਿ ਪਾਕਿਸਤਾਨ ਦਾ ਨਿਰਮਾਣ ਇਸਲਾਮਿਕ ਲਹਿਰ ਲਈ ਪਹਿਲੀ ਵੱਡੀ ਜਿੱਤ ਸੀ। ਉਸਮਾਨ ਰਾਜਵੰਸ਼ ਦੀ ਗਿਰਾਵਟ ਤੋਂ ਬਾਅਦ, ਜੋ ਕਿ ਆਖਰੀ ਸੁੰਨੀ ਇਸਲਾਮੀ ਰਾਜਵੰਸ਼ ਸੀ, ਸੰਸਾਰ ਭਰ ਵਿਚ ਮੁਸਲਿਮ ਨੇਤਾਵਾਂ ਨੇ ਠੱਗੇ ਹੋਏ ਅਤੇ ਧਮਕੀ ਵਿਚ ਮਹਿਸੂਸ ਕੀਤਾ। ਪਾਕਿਸਤਾਨ ਦੇ ਨਿਰਮਾਤਾਵਾਂ ਨੇ ਦੱਖਣੀ ਏਸ਼ੀਆ ਦੇ ਮੁਸਲਮਾਨਾਂ ਦੇ ਇਸ ਡਰ ਦਾ ਨਾਜਾਇਜ਼ ਲਾਭ ਉਠਾਇਆ ਕਿ ਇਸਲਾਮ ਨੂੰ ਖਤਰਾ ਹੈ, ਅਤੇ ਪਾਕਿਸਤਾਨ ਦੇ ਉਸਮਾਨ ਰਾਜਵੰਸ਼ ਦੀ ਤਰਜ਼ 'ਤੇ ਨਿਰਮਾਣ ਲਈ ਅਭਿਆਨ ਚਲਾਇਆ।

ਪਾਕਿਸਤਾਨ ਦੀ ਪੈਨ ਇਸਲਾਮੀ ਮਿਲੀਟੈਂਟ ਸੰਗਠਨਾਂ, ਅਲਕਾਇਦਾ ਤੇ ਆਈ.ਐਸ. ਆਈ. ਐਸ. ਜਿਹੀਆਂ ਜਥੇਬੰਦੀਆਂ ਦੀ ਲਗਾਤਾਰ ਹਮਾਇਤ ਇਸ ਦੀ ਨੀਂਹ ਦੀ ਇਸੇ ਵਿਚਾਰਧਾਰਾ ਵਿਚੋਂ ਆਉਂਦੀ ਹੈ। ਉਹ ਕੁਦਰਤੀ ਸਹਿਯੋਗੀ ਹਨ ਜੋ ਉਸੇ ਪੁਰਾਣੇ ਨਿਸ਼ਾਨੇ ਲਈ ਇਕੱਠੇ ਕੰਮ ਕਰ ਰਹੇ ਹਨ: ਇਸਲਾਮੀ ਰਾਜਵੰਸ਼ ਦਾ ਪੁਨਰ ਪ੍ਰਚਲਣ।

ਕਰੀਮਾ ਦਾ ਵਿਚਾਰ ਹੈ ਕਿ ਬਲੋਚਿਸਤਾਨ ਦੇ ਨੇਤਾਵਾਂ ਨੇ 1947 ਵਿਚ ਇਸ ਇਸਲਾਮੀ ਲਹਿਰ ਦਾ ਹਿੱਸਾ ਬਣਨ ਤੋਂ ਨਾਂਹ ਕਰ ਦਿੱਤੀ। ਉਹ ਹੁਣ ਵੀ ਨਾਂਹ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਦੀ ਕੀਮਤ ਆਜ਼ਾਦੀ ਗੁਆ ਕੇ ਚੁਕਾਉਣੀ ਪਈ ਹੈ। ਆਜ਼ਾਦੀ ਮੁੜ ਹਾਸਲ ਕਰਨ ਲਈ ਜਦੋਜਹਿਦ ਵਿਚ ਉਨ੍ਹਾਂ ਨੇ ਪਾਕਿਸਤਾਨੀ ਪ੍ਰਭੁਤਾ ਹੇਠ ਹਜ਼ਾਰਾਂ ਕੀਮਤੀ ਜਾਨਾਂ ਗੁਆ ਦਿੱਤੀਆਂ ਹਨ।

ਕਰੀਮਾ ਕਹਿੰਦੀ ਹੈ, ਵਰਨਾ ਬਲੋਚ ਬਹੁਤ ਹੀ ਆਮ, ਸਹਿਜੇ ਹੀ ਅੱਖੋਂ ਪਰੋਖੇ ਕੀਤੇ ਜਾ ਸਕਣ ਵਾਲੇ ਲੋਕ ਹਨ। ਉਹ ਗਿਣਤੀ ਵਿਚ ਬਹੁਤ ਥੋੜ੍ਹੇ ਹਨ ਜੋ ਕਿ ਬਹੁਤ ਵਿਸ਼ਾਲ ਅਸਤਿਕਾਰਸ਼ੀਲ ਜਮੀਨ 'ਤੇ ਰਹਿਣ ਵਾਲੇ ਹਨ। ਮਨੁੱਖੀ ਸੱਭਿਅਤਾ ਨੂੰ ਉਨ੍ਹਾਂ ਦੀ ਕੋਈ ਬਹੁਤ ਵੱਡੀ ਦੇਣ ਵੀ ਨਹੀਂ ਹੈ। ਉਨ੍ਹਾਂ ਦੀ ਕੋਈ ਬਹੁਤ ਵੱਡੀ ਫੌਜ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕੋਲ ਆਧੁਨਿਕ ਹਥਿਆਰ ਹਨ। ਉਹ ਕਿਸੇ ਮਹਾਨ ਪੁਰਸਕਾਰ ਵਿਜੇਤਾ ਹੋਣ ਦੀ ਸ਼ੇਖੀ ਵੀ ਨਹੀਂ ਮਾਰ ਸਕਦੇ। ਉਨ੍ਹਾਂ ਦੇ ਕੋਈ ਖਾਸ ਭੋਜਨ ਵੀ ਨਹੀਂ ਹਨ। ਉਨ੍ਹਾਂ ਦਾ ਜ਼ਿਕਰ ਇਤਿਹਾਸ ਦੀਆਂ ਪੁਸਤਕਾਂ ਵਿਚ ਵੀ ਨਹੀਂ।

ਕਰੀਮਾ ਅੱਗੇ ਕਹਿੰਦੀ ਹੈ ਕਿ ਫਿਰ ਵੀ ਦੋ ਅਜਿਹੀਆਂ ਬਲੋਚ ਖਾਸੀਅਤਾਂ ਹਨ ਜਿਨ੍ਹਾਂ ਕਰਕੇ ਉਸ ਨੂੰ ਆਪਣੇ ਲੋਕਾਂ 'ਤੇ ਮਾਣ ਹੈ। ਪਹਿਲੀ ਗੱਲ, ਉਹ ਬਹੁਤ ਛੋਟੀ ਕੌਮ ਹਨ ਜੋ ਪਾਕਿਸਤਾਨ, ਈਰਾਨ ਤੇ ਅਫਗਾਨਿਸਤਾਨ ਵਿਚਲੇ ਇਸਲਾਮੀ ਕੱਟੜਵਾਦ ਨਾਲ ਘਿਰੀ ਹੋਈ ਹੈ, ਪ੍ਰੰਤੂ ਉਨ੍ਹਾਂ ਨੇ ਆਪਣੇ ਧਰਮ-ਨਿਰਪੇਖ ਸੁਭਾਅ ਨੂੰ ਦ੍ਰਿੜਤਾ ਨਾਲ ਕਾਇਮ ਰੱਖਿਆ ਹੈ। ਦੂਜੀ ਗੱਲ, ਉਹ ਅਟੱਲ ਰੂਪ ਵਿਚ ਬਿਨਾ ਕੋਈ ਸਮਝੌਤਾ ਕੀਤਿਆਂ ਅਤੇ ਲਗਾਤਾਰ ਆਪਣੀ ਆਜ਼ਾਦੀ ਤੇ ਪਛਾਣ ਲਈ ਆਪਣੇ ਤਾਕਤਵਰ ਦੁਸ਼ਮਣਾਂ ਜਿਵੇਂ ਬਰਤਾਨੀਆ, ਪਾਕਿਸਤਾਨ ਅਤੇ ਈਰਾਨ ਦੇ ਖਿਲਾਫ ਲੜੇ ਹਨ।

ਬ੍ਰਿਟਿਸ਼ ਸਮਰਾਜ ਤੋਂ ਆਜ਼ਾਦੀ ਮਿਲਣ ਦੀ ਗੱਲ ਕਰਦਿਆਂ ਕਰੀਮਾ ਨੇ ਦੱਸਿਆ ਕਿ 70 ਸਾਲ ਪਹਿਲਾਂ ਉਨ੍ਹਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ। ਜਲਦੀ ਹੀ ਇਹ ਆਜ਼ਾਦੀ ਉਨ੍ਹਾਂ ਨੇ ਪਾਕਿਸਤਾਨ ਅਤੇ ਉਸ ਦੀ ਇਸਲਾਮਿਕ ਵਿਚਾਰਧਾਰਾ ਨੂੰ ਹਾਰ ਦਿੱਤੀ, ਇਹ ਸੱਚ ਹੈ। ਪ੍ਰੰਤੂ ਉਹ ਫਿਰ ਵੀ ਹੈਰਾਨ ਹੈ ਕਿ ਇਨ੍ਹਾਂ ਸੱਤ ਕਾਲੇ ਦਹਾਕਿਆਂ ਵਿਚ ਕਿਸ ਚੀਜ਼ ਨੇ ਉਨ੍ਹਾਂ ਦੀ ਜਦੋਜਹਿਦ ਨੂੰ ਬਣਾਈ ਰੱਖਿਆ। ਉਨ੍ਹਾਂ ਦੇ ਲੋਕਾਂ 'ਤੇ ਈਰਾਨ ਅਤੇ ਪਾਕਿਸਤਾਨ ਦੇ ਮਿਲਵੇਂ ਫੌਜੀ ਅਭਿਆਨਾਂ ਦੌਰਾਨ ਬੰਬ ਵਰਸਾਏ ਗਏ, ਉਨ੍ਹਾਂ ਦੇ ਪਿੰਡਾਂ ਦੇ ਪਿੰਡ ਸਾੜ ਦਿੱਤੇ ਗਏ ਅਤੇ ਹਜ਼ਾਰਾਂ ਕਾਰਕੁਨ ਮਾਰ ਦਿੱਤੇ ਗਏ ਜਾਂ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ। ਉਨ੍ਹਾਂ ਇਹ ਸਭ ਕੁਝ ਇਕੱਲਿਆਂ ਝੇਲਿਆ। ਆਜ਼ਾਦੀ ਅਤੇ ਮਾਨਵੀ ਹੱਕਾਂ ਦੇ ਮੁਦੱਈਆਂ ਨੇ ਉਨ੍ਹਾਂ ਦੀਆਂ ਤਕਲੀਫਾਂ 'ਤੇ ਕਦੇ ਝਾਤ ਵੀ ਨਹੀਂ ਪਾਈ, ਕੋਈ ਵੀ ਹੱਥ ਮਦਦ ਲਈ ਨਾ ਅਹੁਲਿਆ, ਤੇ ਨਾ ਹੀ ਕਿਸੇ ਨੇ ਅਫਸੋਸ ਦਾ ਕੋਈ ਲਫਜ਼ ਬੋਲਿਆ।

ਕਰੀਮਾ ਨੇ ਹੈਰਾਨੀ ਜ਼ਾਹਰ ਕੀਤੀ, "ਉਹ ਕੀ ਸੀ ਜਿਸ ਨੇ ਉਸ ਦੇ ਲੋਕਾਂ ਨੂੰ ਕੁਕਨੂਸ ਵਾਂਗ ਆਪਣੀ ਹੀ ਸੁਆਹ ਵਿਚੋਂ ਫਿਰ ਪੈਦਾ ਹੋਣ ਦਾ ਸਿਲਸਿਲਾ ਜਾਰੀ ਰੱਖਿਆ, ਪ੍ਰੰਤੂ ਉਹ ਜਾਣਦੀ ਹੈ ਕਿ ਹਰ ਲੜਾਈ ਹਾਰ ਜਾਣ ਪਿਛੋਂ, ਹਰ ਜ਼ਖਮ ਸਹਿ ਲੈਣ ਪਿਛੋਂ ਉਨ੍ਹਾਂ ਨੇ ਆਪਣੀ ਆਤਮਾ ਨੂੰ ਅੰਧਕਾਰ ਅੱਗੇ ਨਹੀਂ ਹਾਰਿਆ। ਉਨ੍ਹਾਂ ਨੇ ਗੁਲਾਮੀ ਨੂੰ ਆਪਣੀ ਹੋਣੀ ਵਜੋਂ ਕਬੂਲ ਨਹੀਂ ਕੀਤਾ।"



*ਕਰੀਮਾ ਬਲੋਚ ਨਾਲ ਲੇਖਕ ਡਾ. ਗੁਰਨਾਮ ਕੌਰ*

ਕਰੀਮਾ ਦਾ ਕਹਿਣਾ ਹੈ ਕਿ ਆਲਮੀ ਤਾਕਤਾਂ ਅਤੇ ਕੌਮਾਂਤਰੀ ਸੰਸਥਾਵਾਂ ਸਾਹਵੇਂ ਬਲੋਚਾਂ ਦੀ ਸ਼ਾਇਦ ਕੋਈ ਅਹਿਮੀਅਤ ਨਹੀਂ ਹੈ; ਇਸੇ ਲਈ ਉਨ੍ਹਾਂ ਨੇ ਸਾਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ। ਲੱਗ ਸਕਦਾ ਹੈ ਕਿ ਲੋਕ ਬਲੋਚਿਸਤਾਨ ਦੀ ਆਜ਼ਾਦੀ ਲਈ ਲੜ ਰਹੇ ਹਨ, ਪ੍ਰੰਤੂ ਅਸਲ ਵਿਚ ਉਹ ਇਸ ਵਿਚਾਰਧਾਰਾ ਲਈ ਲੜ ਰਹੇ ਹਨ ਕਿ ਸਭ ਮਰਦ-ਔਰਤਾਂ ਨੂੰ ਆਜ਼ਾਦੀ ਦਾ ਹੱਕ ਹੈ।

ਕਰੀਮਾ ਦਾ ਖਿਆਲ ਹੈ, "ਜੇ ਤੁਸੀਂ ਹਿੰਸਾ ਉਤੇ ਪਾਕਿਸਤਾਨ ਦੀ ਇਜ਼ਾਰੇਦਾਰੀ ਮੰਨਦੇ ਹੋ ਅਤੇ ਮੂਕ ਦਰਸ਼ਕਾਂ ਵਾਂਗ ਉਸ ਦੇ ਲੋਕਾਂ ਦਾ ਹੋ ਰਹੀ ਨਸਲਕੁਸ਼ੀ ਦੇਖਦੇ ਰਹਿੰਦੇ ਹੋ, ਕਿਉਂਕਿ ਤੁਸੀਂ ਸੋਚਦੇ ਹੋ ਕਿ ਤਾਕਤਵਰ ਧਿਰ ਕਮਜ਼ੋਰ ਲੋਕਾਂ ਦੇ ਮੌਲਿਕ ਮਾਨਵੀ ਹੱਕਾਂ ਦੀ ਉਲੰਘਣਾ ਕਰ ਸਕਦੀ ਹੈ, ਤਾਂ ਤੁਸੀਂ ਮਾਨਵੀ ਨਸਲ ਦੀ ਮਦਦ ਨਹੀਂ ਕਰ ਰਹੇ। ਵਿਗਿਆਨ ਤੇ ਮਾਨਵੀ ਸੱਭਿਅਤਾ ਦੇ ਖੇਤਰ 'ਚ ਸਭ ਪ੍ਰਾਪਤੀਆਂ ਦੇ ਬਾਵਜੂਦ ਤੁਸੀਂ ਮਨੁੱਖ ਜਾਤੀ ਦੀ ਮਦਦ ਨਹੀਂ ਕਰ ਰਹੇ। ਜੇ ਤੁਸੀਂ ਤਾਕਤਵਰ ਨੂੰ ਇਹ ਆਗਿਆ ਦਿੰਦੇ ਹੋ ਕਿ ਉਹ ਕਮਜ਼ੋਰ ਨੂੰ ਪ੍ਰੇਸ਼ਾਨ ਕਰੇ ਅਤੇ ਮਿਟਾ ਦੇਵੇ, ਤੁਸੀਂ ਇੱਕ ਹੋਰ ਔਸ਼ਵਿਸ (ਦੂਜੇ ਸੰਸਾਰ ਯੁੱਧ ਸਮੇਂ ਪੋਲੈਂਡ ਦੇ ਔਸ਼ਵਿਸ ਕਸਬੇ ਨੇੜੇ ਨਾਜ਼ੀਆਂ ਵੱਲੋਂ ਬਣਾਇਆ ਤਸੀਹਾ ਕੇਂਦਰ) ਵਾਪਰਨ ਦੀ ਆਗਿਆ ਦੇ ਰਹੇ ਹੋ।"

ਉਹ ਕਹਿੰਦੀ ਹੈ, ਜੇ ਤੁਸੀਂ ਯਾਜ਼ਿਦੀ ਔਰਤਾਂ ਅਤੇ ਬੱਚਿਆਂ ਦੀ ਗੁਲਾਮ ਮੰਡੀਆਂ ਵਿਚ ਵਿਕਰੀ 'ਤੇ ਚੁੱਪ ਰਹਿੰਦੇ ਹੋ, ਤਾਂ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਇਹ ਉਥੇ ਬੰਦ ਹੋ ਜਾਵੇਗੀ। ਬਿਨਾ ਕਿਸੇ ਅਹਿਮੀਅਤ ਇਨ੍ਹਾਂ ਦੂਰ ਵਸੀਆਂ ਧਰਤੀਆਂ 'ਤੇ ਇਹ ਸਮੂਹਕ ਕਬਰਾਂ, ਇਹ ਨਸਲਕੁਸ਼ੀ ਅਤੇ ਹਮਲੇ ਤੁਹਾਡੇ ਘਰਾਂ ਦੀ ਸ਼ਾਂਤੀ ਵਿਚ ਤੁਹਾਡੀ ਜ਼ਿੰਦਗੀ ਵਿਚ ਵੀ ਇਨ੍ਹਾਂ ਦਿਨਾਂ ਵਿਚ ਰੇਂਗਣਗੇ। ਬੇਇਨਸਾਫੀ ਦੀ ਘਟਨਾ ਵਿਚ ਕੋਈ ਮੂਕ ਦਰਸ਼ਕ ਨਹੀਂ ਹੁੰਦੇ। ਡੈਜ਼ਮੰਡ ਟੂਟੂ ਨੇ ਕਿਹਾ ਹੈ, 'ਜੇ ਤੁਸੀਂ ਬੇਇਨਸਾਫੀ ਦੇ ਹਾਲਾਤ 'ਚ ਨਿਰਪੱਖ ਰਹਿੰਦੇ ਹੋ, ਤਾਂ ਤੁਸੀਂ ਜ਼ਾਲਮ ਦਾ ਪੱਖ ਚੁਣਿਆ ਹੈ।'

ਆਜ਼ਾਦ ਕਹੇ ਜਾਂਦੇ ਸੰਸਾਰ ਦੀ ਬੇਰੁਖੀ ਕਾਰਨ ਪਾਕਿਸਤਾਨ ਅਤੇ ਉਸ ਦੀ ਕੱਟੜਪੰਥੀ ਫੌਜ ਦੇ ਹੱਥਾਂ ਵਿਚ ਆਪਣੇ ਲੋਕਾਂ ਦੀ ਉਤਰਜੀਵਤਾ ਲਈ ਚਿੰਤਤ ਕਰੀਮਾ ਇਹ ਤੱਥ ਦੁਹਰਾਉਂਦੀ ਹੈ ਕਿ 70 ਸਾਲ ਪਹਿਲਾਂ ਜੋ ਆਜ਼ਾਦੀ ਉਨ੍ਹਾਂ ਅੰਗਰੇਜ਼ਾਂ ਤੋਂ ਹਾਸਿਲ ਕੀਤੀ ਸੀ, ਉਹ ਫਿਰ ਪਾਕਿਸਤਾਨ ਤੋਂ ਹਾਸਿਲ ਕਰਨਗੇ। ਉਹ ਕੁਕਨੂਸਾਂ ਦੀ ਕੌਮ ਹਨ। ਪਾਕਿਸਤਾਨ ਤੋਂ ਆਜ਼ਾਦੀ ਮੁੜ ਹਾਸਿਲ ਕਰਨ ਲਈ ਉਹ ਹਰ ਵਾਰ ਆਪਣੀ ਸੁਆਹ ਵਿਚੋਂ ਉਠਣਗੇ। ਇਹ 'ਆਜ਼ਾਦ ਸੰਸਾਰ' 'ਤੇ ਮੁਨੱਸਰ ਹੈ ਕਿ ਇਹ ਕਿੰਨੀ ਵਾਰ ਉਨ੍ਹਾਂ ਨੂੰ ਸੁਆਹ ਹੁੰਦੇ ਦੇਖਣਾ ਚਾਹੁੰਦਾ ਹੈ, ਕਦੋਂ ਤੱਕ ਉਨ੍ਹਾਂ ਦੇ ਕਤਲੇਆਮ ਨੂੰ ਖਾਮੋਸ਼ ਹੋ ਕੇ ਤੱਕਦਾ ਰਹਿੰਦਾ ਹੈ। ਉਨ੍ਹਾਂ ਦਾ ਆਜ਼ਾਦ ਬਲੋਚਿਸਤਾਨ ਇੱਕ ਜਮੂਹਰੀ ਅਤੇ ਧਰਮ-ਨਿਰਪੱਖ ਸਟੇਟ ਹੋਵੇਗਾ।

ਕਰੀਮਾ ਬਲੋਚ ਦੀ ਆਪਣੇ ਲੋਕਾਂ ਦੀ ਕੁਕਨੂਸ ਨਾਲ ਇਸ ਤਸ਼ਬੀਹ ਤੋਂ ਮੈਨੂੰ 18ਵੀਂ ਸਦੀ ਵਿਚ ਮੀਰ ਮੰਨੂ ਵੱਲੋਂ ਸਿੱਖਾਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਵੇਲੇ ਸਿੰਘਾਂ ਦਾ ਇੱਕ ਬੋਲਾ ਯਾਦ ਆ ਗਿਆ ਹੈ ਜੋ ਉਹ ਹੱਸ ਕੇ ਦੁਹਰਾਉਂਦੇ ਸਨ, 'ਮੰਨੂ ਸਾਡੀ ਦਾਤਰੀ ਤੇ ਅਸੀਂ ਮੰਨੂ ਦੇ ਸੋਏ। ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ।' ਸੋਏ ਸੌਂਫ ਦੀ ਜਾਤ ਦੇ ਹੀ ਬੀਜ ਹੁੰਦੇ ਹਨ ਜੋ ਆਮ ਤੌਰ 'ਤੇ ਬਰਸੀਮ ਦੀਆਂ ਵੱਟਾਂ 'ਤੇ ਬੀਜੇ ਹੁੰਦੇ ਹਨ। ਇਨ੍ਹਾਂ ਨੂੰ ਜਿਵੇਂ ਜਿਵੇਂ ਵੱਢੀ ਜਾਉ ਇਹ ਹੋਰ ਵੱਧ ਉਗਦੇ ਰਹਿੰਦੇ ਹਨ।

ਧਰਮ ਨਿਰਪੱਖਤਾ ਤੇ ਜਮੂਹਰੀਅਤ ਮਾਨਵੀ ਕੀਮਤਾਂ ਦੇ ਹਮਦਰਦ ਪਾਕਿਸਤਾਨੀ ਪਿਛੋਕੜ ਦੇ ਕੈਨੇਡੀਅਨ ਲੇਖਕ ਅਤੇ ਕਾਲਮਨਿਸਟ ਜਨਾਬ ਤਾਰਕ ਫਤਿਹ, ਜੋ ਕਿ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ, ਨੇ ਦੱਸਿਆ ਕਿ ਪਾਕਿਸਤਾਨ ਲਗਾਤਾਰ ਬਲੋਚਾਂ ਨੂੰ ਖੂੰਜੇ ਲਾ ਰਿਹਾ ਹੈ। ਉਸ ਨੇ ਬਲੋਚਿਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਡੇਰਾ ਗਾਜ਼ੀਖਾਨ ਨੂੰ ਪਾਕਿਸਤਾਨੀ ਪੰਜਾਬ ਵਿਚ ਮਿਲਾ ਲਿਆ ਹੈ। ਪਾਕਿਸਤਾਨ ਵਿਚ ਅੱਜ ਕੱਲ ਬਹੁਤ ਸਾਰੇ ਲੋਕ ਆਪਣੇ ਨਾਂ ਪਿੱਛੇ ਬਲੋਚ ਲਾ ਰਹੇ ਹਨ ਜੋ ਅਸਲ ਵਿਚ ਪੰਜਾਬੀ ਹਨ।

ਜਨਾਬ ਤਾਰਿਕ ਫਤਿਹ ਨੇ ਇਹ ਵੀ ਖੁਲਾਸਾ ਕੀਤਾ ਕਿ ਪਾਕਿਸਤਾਨੀ ਪੰਜਾਬੀ ਆਪਣੀ ਮਾਂ-ਬੋਲੀ ਪੰਜਾਬੀ ਨੂੰ ਭੁਲਾ ਕੇ ਉਰਦੂ ਨੂੰ ਆਪਣੀ ਮਾਂ ਬੋਲੀ ਦੱਸ ਰਹੇ ਹਨ ਤੇ ਬਾਕੀ ਪਾਕਿਸਤਾਨੀਆਂ 'ਤੇ ਵੀ ਠੋਸ ਰਹੇ ਹਨ, ਜਦ ਕਿ ਉਰਦੂ ਯੂ.ਪੀ.-ਬਿਹਾਰ ਤੋਂ ਹਿਜਰਤ ਕਰ ਕੇ ਪਾਕਿਸਤਾਨ ਵਿਚ ਆਏ ਥੋੜ੍ਹੇ ਜਿਹੇ ਲੋਕਾਂ ਦੀ ਬੋਲੀ ਹੈ। ਉਨ੍ਹਾਂ ਅਨੁਸਾਰ ਪਾਕਿਸਤਾਨ ਬਲੋਚਿਸਤਾਨ ਦੇ ਕੁਦਰਤੀ ਸ੍ਰੋਤਾਂ ਨੂੰ ਖਤਮ ਕਰ ਰਿਹਾ ਹੈ ਅਤੇ ਹੁਣ ਚੀਨ ਵੀ ਗਵਾਦਰ ਪੋਰਟ ਖੋਲ੍ਹ ਕੇ ਇਸ ਲੁੱਟ ਵਿਚ ਸ਼ਾਮਲ ਹੋ ਗਿਆ ਹੈ।

## ਮਨਿ ਰਾਮ ਨਾਮੁ ਆਰਾਧਿਆ

**ਗੁਰਬਾਣੀ ਗਿਆਨ**

**ਰਾਗ ਸੂਹੀ ਮਹਲਾ ੪ ਘਰੁ ੧**
**ੴ ਸਤਿਗੁਰ ਪਰਸਾਦਿ**
ਮਨਿ ਰਾਮ ਨਾਮੁ ਆਰਾਧਿਆ
ਗੁਰ ਸਬਦਿ ਗੁਰੂ ਗੁਰ ਕੇ॥
ਸਭਿ ਇਛਾ ਮਨਿ ਤਨਿ ਪੂਰੀਆ
ਸਭੁ ਚੂਕਾ ਡਰੁ ਜਮ ਕੇ॥
ਮੇਰੇ ਮਨ ਗੁਣ ਗਾਵਹੁ
ਰਾਮ ਨਾਮ ਹਰਿ ਕੇ॥
ਗੁਰਿ ਤੁਠੈ ਮਨੁ ਪਰਬੋਧਿਆ
ਹਰਿ ਪੀਆ ਰਸੁ ਗਟਕੇ॥ਰਹਾਉ॥
ਸਤਸੰਗਤਿ ਊਤਮ ਸਤਿਗੁਰ ਕੇਰੀ
ਗੁਨ ਗਾਵੈ ਹਰਿ ਪ੍ਰਭ ਕੇ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ
ਹਮ ਧੋਵਹ ਪਗ ਜਨ ਕੇ॥
ਰਾਮ ਨਾਮੁ ਸਭੁ ਹੈ ਰਾਮ ਨਾਮਾ
ਰਸੁ ਗੁਰਮਤਿ ਰਸੁ ਰਸਕੇ॥
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ
ਸਭ ਲਾਥੀ ਤਿਸ ਤਿਸ ਕੇ॥
ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ
ਹਮ ਵੇਚਿਓ ਸਿਰੁ ਗੁਰ ਕੇ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ
ਗੁਰ ਰਾਖਹੁ ਲਾਜ ਜਨ ਕੇ॥

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਆਖਦੇ ਹਨ, ਹੇ ਭਾਈ ਜਿਸ ਮਨੁਖ ਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਮਿਹਰਬਾਨ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਹੈ, ਉਸ ਦੇ ਮਨ ਵਿਚ, ਤਨ ਵਿਚ ਉਪਜੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ; ਉਸ ਮਨੁਖ ਦੇ ਦਿਲ ਵਿਚੋਂ ਜਮ ਦਾ ਭੀ ਸਾਰਾ ਡਰ ਖਤਮ ਹੋ ਜਾਂਦਾ ਹੈ। ਇਸ ਲਈ ਨਾਮ ਸਿਮਰਨ ਹੀ ਸਭ ਤੋਂ ਉਤਮ ਹੈ।

ਮੇਰੇ ਮਨ ਗੁਣ ਗਾਵਹੁ
ਰਾਮ ਨਾਮ ਹਰਿ ਕੇ॥
ਗੁਰਿ ਤੁਠੈ ਮਨੁ ਪਰਬੋਧਿਆ
ਹਰਿ ਪੀਆ ਰਸੁ ਗਟਕੇ॥ਰਹਾਉ॥

ਰਾਹਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਆਖਦੇ ਹਨ, ਹੇ ਮੇਰੇ ਮਨ ਤੂੰ ਪਰਮਾਤਮਾ ਦੇ ਨਾਮ ਦੇ ਗੁਣਾਂ ਦਾ ਗਾਇਨ ਕਰਿਆ ਕਰ। ਭਾਈ ਜਿਸ ਮਨੁੱਖ ਉਤੇ ਗੁਰੂ ਮਿਹਰਬਾਨ ਹੋ ਜਾਵੇ ਤਾਂ ਉਸ ਦਾ ਮਨ ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਵੀ ਜਾਗ ਪੈਂਦਾ ਹੈ ਅਤੇ ਉਹ ਮਨੁਖ ਅਕਾਲ ਪੁਰਖ ਪਰਮਾਤਮਾ ਦੇ ਨਾਮ ਦਾ ਰਸੁ ਗਟ ਗਟ ਕਰਕੇ ਬਹੁਤ ਹੀ ਸੁਆਦ ਨਾਲ ਪੀਂਦਾ ਹੈ।

ਸਤਸੰਗਤਿ ਊਤਮ ਸਤਿਗੁਰ ਕੇਰੀ
ਗੁਨ ਗਾਵੈ ਹਰਿ ਪ੍ਰਭ ਕੇ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ
ਹਮ ਧੋਵਹ ਪਗ ਜਨ ਕੇ॥

ਸਤਿਗੁਰੂ ਆਖਦੇ ਹਨ, ਹੇ ਭਾਈ ਗੁਰੂ ਦੀ ਸਾਧ ਸੰਗਤਿ ਬੜਾ ਉਤਮ ਤਾਂ ਹੈ, ਕਿਉਂਕਿ ਸਾਧ ਸੰਗਤਿ ਵਿਚ ਬੈਠ ਕੇ ਮਨੁਖ ਹਰੀ ਪਰਮਾਤਮਾ ਦੇ ਗੁਣ ਗਾਉਂਦਾ ਹੈ। ਹੇ ਹਰੀ ਪਰਮਾਤਮਾ ਜੀਓ, ਹੇ ਪ੍ਰਭ ਜੀਓ! ਮਿਹਰ ਕਰ ਅਤੇ ਮੈਨੂੰ ਸਾਧ ਸੰਗਤਿ ਮਿਲਾ ਦੇਹ; ਹੇ ਮੇਰੇ ਪ੍ਰਭੂ ਜੀਓ ਉਥੇ ਮੈਂ ਤੇਰੇ ਸੰਤ ਜਨਾਂ ਦੇ ਪਗ ਭਾਵ ਪੈਰ ਧੋਵਾਂਗਾ।

ਰਾਮ ਨਾਮੁ ਸਭੁ ਹੈ ਰਾਮ ਨਾਮਾ
ਰਸੁ ਗੁਰਮਤਿ ਰਸੁ ਰਸਕੇ॥
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ
ਸਭ ਲਾਥੀ ਤਿਸ ਤਿਸ ਕੇ॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਪਰਮੇਸ਼ਰ ਦਾ ਨਾਮ ਤਾਂ ਸਾਰੇ ਸੁਖ ਦੇਣ ਵਾਲਾ ਹੈ, ਪਰ ਗੁਰੂ ਦੀ ਮਤਿ ਉਤੇ ਤੁਰ ਕੇ ਹੀ ਹਰਿ ਨਾਮ ਦਾ ਰਸ ਸੁਆਦ ਨਾਲ ਲਿਆ ਜਾ ਸਕਦਾ ਹੈ; ਹੇ ਭਾਈ ਜਿਸ ਵਡਭਾਗੇ ਮਨੁੱਖ ਨੇ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਅੰਮ੍ਰਿਤ ਪ੍ਰਾਪਤ ਕਰ ਲਿਆ, ਉਸ ਦੀ ਮਾਇਆ ਦੀ ਸਾਰੀ ਤ੍ਰੇਹ ਭਾਵ ਤ੍ਰਿਸ਼ਨਾ ਰੂਪੀ ਪਿਆਸ ਖਤਮ ਹੋ ਗਈ।

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ
ਹਮ ਵੇਚਿਓ ਸਿਰੁ ਗੁਰ ਕੇ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ
ਗੁਰ ਰਾਖਹੁ ਲਾਜ ਜਨ ਕੇ॥

ਸਤਿਗੁਰ ਆਖਦੇ ਹਨ, ਹੇ ਭਾਈ ਗੁਰੂ ਹੀ ਮੇਰੀ ਜਾਤਿ ਹੈ, ਗੁਰੂ ਹੀ ਮੇਰੀ ਪਾਤਿ ਭਾਵ ਇੱਜਤ ਹੈ; ਭਾਈ ਮੈਂ ਆਪਣਾ ਸਿਰ ਵੀ ਗੁਰੂ ਕੋਲ ਵੇਚ ਦਿੱਤਾ ਹੈ। ਇਹ ਦਾਸ ਨਾਨਕ ਆਖਦਾ ਹੈ, ਹੇ ਗੁਰੂ ਜੀ ਮੇਰਾ ਤਾਂ ਹੁਣ ਨਾਮ ਵੀ ਗੁਰੂ ਦਾ ਚੇਲਾ ਭਾਵ 'ਗੁਰੂ ਦਾ ਸਿੱਖ' ਪੈ ਗਿਆ ਹੈ, ਹੁਣ ਤੂੰ ਆਪਣੇ ਇਸ ਸੇਵਕ ਦੀ ਲਾਜ ਰੱਖ ਲੈ ਅਤੇ ਮੈਨੂੰ ਹਰੀ ਨਾਮ ਦੀ ਦਾਤ ਬਖਸ਼ੀ ਰੱਖ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕਿਉਂ ਇਤਨੇ ਪਰੇਸ਼ਾਂ ਹੈਂ ਸ਼ੀਸ਼ੇ ਕੇ ਮਕਾਂ ਵਾਲੇ

ਰਾਹੀ ਮਾਸੂਮ ਰਜ਼ਾ ਦਾ ਸਾਰਾ ਸਾਹਿਤ ਹਿੰਦੁਸਤਾਨੀ ਸੱਭਿਅਤਾ ਤੇ ਸੱਭਿਆਚਾਰ ਦੀ ਸਾਂਝੀ ਵਿਰਾਸਤ ਦਾ ਸਾਹਿਤ ਹੈ। ਰਾਹੀ ਸਦਾ ਉਨ੍ਹਾਂ ਤਾਕਤਾਂ ਤੇ ਪ੍ਰਵਿਰਤੀਆਂ ਦਾ ਵਿਰੋਧ ਕਰਦੇ ਰਹੇ ਜੋ ਸਾਡੀ ਏਕਤਾ ਨੂੰ ਧਰਮ, ਫਿਰਕੇ, ਖੇਤਰ ਅਤੇ ਭਾਸ਼ਾ ਦੇ ਨਾਂ 'ਤੇ ਵੰਡਦੀਆਂ ਹਨ। ਨਾਲ ਹੀ ਉਨ੍ਹਾਂ ਆਉਣ ਵਾਲੇ ਨਵੇਂ ਸਮਾਜ ਦੀ ਧੜਕਣ ਨੂੰ ਵੀ ਬੋਲ ਤੇ ਸ਼ਬਦ ਦਿੱਤੇ। ਜਗੀਰਦਾਰੀ ਅਤੇ ਪੂੰਜੀਵਾਦੀ ਸਮਾਜ ਜੀਵਨ ਸ਼ਕਤੀ ਗੁਆ ਚੁਕਾ ਹੈ। ਇਸ ਕੋਲ ਸਮਾਜ ਨੂੰ ਦੇਣ ਵਾਸਤੇ ਕੋਈ ਭਵਿੱਖ ਨਹੀਂ ਹੈ। ਇਹ ਵਰਤਮਾਨ ਨੂੰ ਗੰਗਾ ਦੀ ਤਰ੍ਹਾਂ ਪ੍ਰਦੂਸ਼ਿਤ ਕਰ ਰਿਹਾ ਹੈ। ਰਾਹੀ ਨੇ ਆਪਣੀ ਸ਼ਾਇਰੀ, ਲੇਖਾਂ

**ਪ੍ਰੋ: ਕੁੰਵਰਪਾਲ ਸਿੰਘ**
**ਅਨੁਵਾਦ: ਕੇਹਰ ਸ਼ਰੀਫ**

ਅਤੇ ਨਾਵਲਾਂ ਵਿਚ ਭਾਰਤ ਦੇ ਇਸ ਦੁਖਾਂਤ ਦਾ ਚਿਤਰਣ ਕੀਤਾ ਹੈ।

ਆਪਣੇ ਪ੍ਰਸਿੱਧ ਨਾਵਲ 'ਆਧਾ ਗਾਂਵ' ਵਿਚ ਰਾਹੀ ਨੇ ਇਹ ਸਪਸ਼ਟ ਕੀਤਾ ਕਿ ਧਰਮ ਰਾਸ਼ਟਰ ਨਹੀਂ ਹੁੰਦਾ, 'ਇਸਲਾਮ ਇਕ ਧਰਮ ਹੈ, ਰਾਸ਼ਟਰ ਨਹੀਂ।' ਕੌਮ ਤੇ ਧਰਮ ਨੂੰ ਇਕ ਸਮਝਣਾ ਇਤਿਹਾਸ ਵਿਰੋਧੀ ਪ੍ਰਵਿਰਤੀ ਜਾਂ ਝੂਠੀ ਚੇਤਨਾ ਹੈ। ਇਸ ਦੇ ਆਧਾਰ 'ਤੇ ਜੋ ਵੀ ਰਾਜਨੀਤੀ ਕੀਤੀ ਜਾਵੇਗੀ, ਉਸ ਦੇ ਮਨੁਖਤਾ ਵਿਰੋਧੀ ਅਤੇ ਭੈੜੇ ਸਿੱਟੇ ਹੀ ਨਿਕਲਣਗੇ।


ਰਾਹੀ ਨੇ 1964 ਵਿਚ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਪਾਕਿਸਤਾਨ ਦੀ ਬੁਨਿਆਦ ਇਤਿਹਾਸ ਦੀ ਧਾਰਾ ਦੇ ਵਿਰੋਧ ਵਿਚ ਰੱਖੀ ਗਈ ਸੀ, ਇਸ ਕਰਕੇ ਇਸ ਦਾ ਟੁੱਟਣਾ ਅਟੱਲ ਹੈ। ਉਸ ਸਮੇਂ (1966) ਕਿਸੇ ਨੇ ਵੀ ਰਾਹੀ ਦੇ ਕਹੇ 'ਤੇ ਯਕੀਨ ਨਹੀਂ ਕੀਤਾ ਸੀ ਅਤੇ ਕੁਝ ਲੋਕਾਂ ਨੇ ਤਾਂ ਇਸ ਦੀ ਅੰਨੀ ਰਾਸ਼ਟਰ ਭਗਤੀ ਨਾਲ ਤੁਲਨਾ ਕੀਤੀ ਸੀ। 1971 ਵਿਚ ਜਦੋਂ ਬੰਗਲਾ ਦੇਸ਼ ਦਾ ਮੁਕਤੀ ਸੰਗਰਾਮ ਸ਼ੁਰੂ ਹੋਇਆ, ਉਦੋਂ ਰਾਹੀ ਬਹੁਤ ਖੁਸ਼ ਸਨ। ਉਨ੍ਹਾਂ ਨੇ ਇਕ ਖਤ ਵਿਚ ਮੈਨੂੰ ਲਿਖਿਆ, "ਦੇਖਿਉ, ਪਾਕਿਸਤਾਨ ਦੇ ਉਰਦੂ ਭਾਸ਼ੀ ਲੋਕ ਵੱਖਰੇ ਮੁਲਕ ਦੀ ਮੰਗ ਕਰਨਗੇ ਅਤੇ ਇਹ ਕਹਿਣਗੇ ਕਿ ਅਸੀਂ ਤਾਂ ਪਾਕਿਸਤਾਨ ਦੀ ਪੰਜਵੀਂ ਕੌਮੀਅਤ ਹਾਂ। ਇਤਿਹਾਸ ਸਭ ਨੂੰ ਸਬਕ ਸਿਖਾਉਂਦਾ ਹੈ। ਪਾਕਿਸਤਾਨ ਦੇ ਉਰਦੂ ਭਾਸ਼ੀ ਲੋਕ ਜਿਨ੍ਹਾਂ ਨੇ ਕੌਮ ਅਤੇ ਧਰਮ ਨੂੰ ਰਲਗੱਡ ਕੀਤਾ ਹੈ, ਆਪਣੇ ਹੀ ਬਣਾਏ ਹੋਏ ਸਵਰਗ ਵਿਚ ਅਜਨਬੀ ਸ਼ਰਨਾਰਥੀਆਂ ਵਾਂਗ ਰਹਿਣਗੇ।"

ਰਾਹੀ ਦੀਆਂ ਦੋਵੇਂ ਗੱਲਾਂ ਸੱਚ ਸਾਬਤ ਹੋਈਆਂ। ਇਤਿਹਾਸ ਨੇ ਭੁੱਲ ਨੂੰ ਸੋਧਿਆ। ਬੰਗਲਾ ਦੇਸ਼ ਦਾ ਆਧਾਰ ਬੰਗਾਲੀ ਕੌਮੀਅਤ ਸੀ, ਇਸਲਾਮ ਨਹੀਂ ਸੀ। ਪਾਕਿਸਤਾਨ ਦੇ ਉਰਦੂ ਭਾਸ਼ੀ ਲੋਕ, ਜਿਨ੍ਹਾਂ ਨੇ ਕਦੀ ਧਰਮ ਦੇ ਆਧਾਰ 'ਤੇ ਕੌਮ ਦੇ ਭਵਨ ਦਾ ਨਿਰਮਾਣ ਕੀਤਾ ਸੀ, ਅੱਜ ਮੁਹਾਜ਼ਿਰ ਬਣ ਕੇ ਉਰਦੂ ਭਾਸ਼ਾ ਅਤੇ ਆਪਣੇ ਸੱਭਿਆਚਾਰ ਦੀ ਰਾਖੀ ਦੀ ਮੰਗ ਕਰ ਰਹੇ ਹਨ। ਸਿੰਧੀ ਅਤੇ ਪਖਤੂਨ ਵੀ ਆਪਣੀ ਭਾਸ਼ਾ ਅਤੇ ਸੱਭਿਆਚਾਰ ਦੀ ਰੱਖਿਆ ਕਰਨ ਦੀ ਦੁਹਾਈ ਦੇ ਰਹੇ ਹਨ।

'ਦਿਲ ਏਕ ਸਾਦਾ ਕਾਗਜ਼' (1976) ਵਿਚ ਰਾਹੀ ਨੇ ਇਨ੍ਹਾਂ ਸੱਭਿਆਚਾਰਕ ਸਵਾਲਾਂ ਉਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਸੱਭਿਆਚਾਰਕ ਸਵਾਲਾਂ ਨੂੰ ਉਹ ਬਹੁਤ ਗੰਭੀਰਤਾ ਨਾਲ ਵਿਚਾਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸੱਭਿਆਚਾਰ ਕਦੇ ਵੀ ਫਿਰਕਾਪ੍ਰਸਤ ਨਹੀਂ ਹੁੰਦਾ। ਧਰਮ ਅਤੇ ਰਾਜਨੀਤੀ ਦੇ ਧੰਦੇ ਦਾ ਰਾਹੀ ਨੇ ਆਪਣੇ ਖਤਾਂ, ਲੇਖਾਂ ਅਤੇ ਨਾਵਲਾਂ ਵਿਚ ਖੁੱਲ੍ਹ ਕੇ ਮਜ਼ਾਕ ਉਡਾਇਆ ਹੈ। ਉਨ੍ਹਾਂ ਨੇ ਇਕ ਥਾਂ ਲਿਖਿਆ ਹੈ, "ਆਧੁਨਿਕ ਭਾਰਤ ਅੰਦਰ ਇਹ ਤੈਅ ਕਰਨਾ ਮੁਸ਼ਕਿਲ ਹੈ ਕਿ ਧਰਮ ਵੱਡਾ ਵਪਾਰ ਹੈ ਜਾਂ ਰਾਜਨੀਤੀ, ਪ੍ਰੰਤੂ ਦੋਹਾਂ ਵਪਾਰਾਂ ਵਿਚ ਪੈਸਾ, ਸਮਗਲਿੰਗ ਤੋਂ ਵੀ ਵੱਧ ਹੈ। ਇਸੇ ਕਰਕੇ ਜਿਸ ਨੂੰ ਦੇਖੋ, ਉਹ ਹੀ ਰਾਜਨੀਤੀ ਅਤੇ ਧਰਮ ਦੇ ਧੰਦੇ ਵਿਚ ਜਾਣ ਵਾਸਤੇ ਕਾਹਲਾ ਹੈ।"

ਰਾਹੀ ਅਜੋਕੇ ਸਿਆਸਤਦਾਨਾਂ ਦੀਆਂ ਨਿਜਵਾਦੀ ਪ੍ਰਵਿਰਤੀਆਂ ਅਤੇ ਪਰਿਵਾਰਵਾਦ ਦੀ ਨਿੰਦਾ ਕਰਦੇ ਹਨ। ਸਾਡੇ ਸਿਆਸੀ ਨੇਤਾ ਸਿਰਫ ਅੱਜ ਵਿਚ ਜਿਉਂਦੇ ਹਨ, ਦੇਸ਼ ਦੇ ਭਵਿੱਖ ਦਾ ਉਨ੍ਹਾਂ ਕੋਲ ਕੋਈ ਨਕਸ਼ਾ ਨਹੀਂ ਹੈ। ਪਰਿਵਾਰਵਾਦ, ਜਗੀਰਦਾਰੀ ਦੀ ਪਹਿਲੀ ਪਛਾਣ ਹੈ। ਇਹ ਲੋਕਤੰਤਰ ਵਿਰੋਧੀ ਹੈ ਪਰ ਸਾਡੇ ਕੌਮੀ ਅਤੇ ਸੂਬਈ ਨੇਤਾ ਆਪਣੇ ਧੀਆਂ-ਪੁੱਤਾਂ ਨੂੰ ਆਪਣੇ ਜਿਉਂਦੇ ਜੀਅ ਹੀ ਜਾਨਸ਼ੀਨ ਬਣਾਉਣ ਵਿਚ ਲੱਗੇ ਹੋਏ ਹਨ। ਕੁਝ ਨੇਤਾਵਾਂ ਦਾ ਪਤਨੀ ਪ੍ਰੇਮ ਵੀ ਕੁਝ ਜ਼ਿਆਦਾ ਹੀ ਵਧ ਗਿਆ ਹੈ। ਭ੍ਰਿਸ਼ਟਾਚਾਰ ਦਾ ਇਕ ਕਾਰਨ ਪਰਿਵਾਰ ਤੰਤਰ ਵੀ ਹੈ। ਅੱਜ ਤੱਕ ਕਿਸੇ ਮਹਾਨ ਰਚਨਾਕਾਰ ਦਾ ਪੁੱਤਰ ਜਾਂ ਧੀ ਪਿਉ ਦੇ ਮੋਢਿਆਂ 'ਤੇ ਚੜ੍ਹ ਕੇ ਵੱਡਾ ਲੇਖਕ ਨਹੀਂ ਬਣਿਆ। ਪ੍ਰੇਮ ਚੰਦ, ਇਕਬਾਲ, ਮਕਬੂਲ ਫਿਦਾ ਹੁਸੈਨ-ਇਸ ਦੀਆਂ ਮਿਸਾਲਾਂ ਹਨ। ਵਿਗਿਆਨ ਦੇ ਖੇਤਰ ਵਿਚ ਵੀ ਇਹ ਧਾਂਦਲੀ ਨਹੀਂ ਚੱਲਦੀ। ਇਹ ਕੰਮ ਤਾਂ ਵਪਾਰ ਅਤੇ ਰਾਜਨੀਤੀ ਵਿਚ ਹੀ ਸੰਭਵ ਹੈ। ਇਹ ਨਵੀਂ ਕਿਸਮ ਦਾ ਪ੍ਰੋਹਿਤਵਾਦ ਹੈ। ਰਾਹੀ ਦੁਖੀ ਹੋ ਕੇ ਕਹਿੰਦੇ ਹਨ ਕਿ ਆਧੁਨਿਕ ਯੁੱਗ ਵਿਚ ਮੱਧ ਯੁੱਗ ਆਇਆ ਹੈ, 'ਰਾਜੇ ਦਾ ਪੁੱਤ ਰਾਜਾ, ਮੰਤਰੀ ਦਾ ਪੁੱਤ ਮੰਤਰੀ, ਪ੍ਰਧਾਨ ਮੰਤਰੀ ਦਾ ਪੁੱਤ ਪ੍ਰਧਾਨ ਮੰਤਰੀ।'

ਰਾਹੀ ਨੂੰ ਆਪਣੇ ਹਿੰਦੁਸਤਾਨੀ ਹੋਣ ਦਾ ਬਹੁਤ ਮਾਣ ਸੀ। ਉਹਨੇ ਇਕ ਖਤ ਅਡਵਾਨੀ ਨੂੰ ਲਿਖਿਆ ਸੀ, "ਅਡਵਾਨੀ ਜੀ, ਤੁਸੀਂ ਪਾਕਿਸਤਾਨੀ ਹੋ (ਪਾਕਿਸਤਾਨ ਬਣਨ ਮਗਰੋਂ ਸਿੰਧ ਤੋਂ ਭਾਰਤ



ਰਾਹੀ ਮਾਸੂਮ ਰਜ਼ਾ

ਆਏ ਸਨ) ਮੇਰੇ ਬਾਪ-ਦਾਦਾ ਸ਼ੁੱਧ ਗੰਗਾ ਦੇ ਕੰਢੇ ਰਹਿਣ ਵਾਲੇ ਹਨ। ਮੇਰੀ ਪਹਿਚਾਣ ਇਕ ਹਿੰਦੁਸਤਾਨੀ ਮੁਸਲਮਾਨ ਦੀ ਹੈ।"

ਰਾਹੀ ਗੰਗਾ ਨੂੰ ਸਦਾ ਹੀ ਦੂਜੀ ਮਾਂ ਮੰਨਦੇ ਸਨ। ਇਕ ਮਾਂ ਉਹ ਜਿਸ ਨੇ ਪੈਦਾ ਕੀਤਾ, ਦੂਸਰੀ ਗੰਗਾ। ਉਸ ਨੇ ਵਸੀਅਤ ਕੀਤੀ ਸੀ (ਜੋ ਪੂਰੀ ਨਹੀਂ ਹੋਈ) ਗੰਗਾ ਦੇ ਇਸ ਪੁੱਤਰ ਨੂੰ ਮੌਤ ਤੋਂ ਬਾਅਦ ਉਸ ਦੀ ਹੀ ਗੋਦ ਵਿਚ ਸੁਆ ਦੇਣਾ, ਉਹ ਮੇਰੀ ਮਾਂ ਹੈ, ਉਹ ਮੇਰੇ ਸਰੀਰ ਦਾ ਜ਼ਹਿਰ ਪੀ ਲਵੇਗੀ। ਪਰ ਸ਼ਾਇਦ ਵਤਨ ਤੋਂ ਦੂਰ ਇੰਨੀ ਦੂਰ ਮੌਤ ਆਵੇ, ਜਿੱਥੋਂ ਮੈਨੂੰ ਗਾਜ਼ੀਪੁਰ ਲੈ ਜਾਣਾ ਸੰਭਵ ਨਾ ਹੋਵੇ, ਤਾਂ ਫੇਰ ਮੈਨੂੰ, ਜੇ ਉਸ ਸ਼ਹਿਰ ਵਿਚ ਕੋਈ ਛੋਟੀ ਜਿਹੀ ਕੋਈ ਨਦੀ ਵੀ ਵਗਦੀ ਹੋਵੇ, ਉਸ ਦੀ ਗੋਦ ਵਿਚ ਸੁਆ ਕੇ ਉਸ ਨੂੰ ਕਹਿ ਦੇਣਾ ਕਿ ਇਹ ਗੰਗਾ ਦਾ ਪੁੱਤ ਤੇਰੇ ਹਵਾਲੇ ਹੈ।

ਰਾਹੀ ਨੂੰ ਇਹ ਵਿਚਾਰ ਬਹੁਤ ਦੁਖੀ ਕਰਦਾ ਕਿ ਕਾਲਜਾਂ, ਯੂਨੀਵਰਸਿਟੀਆਂ ਦੀ ਗਿਣਤੀ ਵਧ ਰਹੀ ਹੈ ਪ੍ਰੰਤੂ ਤਰਕ ਅਤੇ ਬੁੱਧੀ ਗਾਇਬ ਹੋ ਰਹੇ ਹਨ। ਬਹੁਗਿਣਤੀ ਦੇ ਵਿਚਾਰ, ਉਹ ਵੀ ਦਲੀਲ ਰਹਿਤ ਕਿਸੇ ਘੱਟ ਗਿਣਤੀ 'ਤੇ ਨਹੀਂ ਥੋਪੇ ਜਾ ਸਕਦੇ। ਰਾਹੀ ਸਪਸ਼ਟ ਕਰਦੇ ਹਨ ਕਿ ਸਭ ਤੋਂ ਵੱਡਾ ਹੈ ਦੇਸ਼, ਉਸ ਦੀ ਏਕਤਾ, ਆਪਸੀ ਮਿਲਵਰਤਣ ਅਤੇ ਭਾਈਚਾਰਾ। ਇਸ ਦੇ ਰਾਸਤੇ ਵਿਚ ਆਉਂਦੀਆਂ ਰੁਕਾਵਟਾਂ ਨੂੰ ਹਟਾਉਣ ਵਿਚ ਕੋਈ ਸੰਕੋਚ ਨਹੀਂ ਕਰਨਾ ਚਾਹੀਦਾ। ਉਹ ਲੇਖਕ ਦੀ ਪ੍ਰਤੀਬੱਧਤਾ ਦਾ ਸਵਾਲ ਉਠਾਉਂਦੇ ਹਨ ਅਤੇ ਉਹਦੇ ਵਿਚਾਰਾਂ ਦੀ ਆਜ਼ਾਦੀ ਦੀ ਰਾਖੀ ਕਰਨ ਦਾ ਦਮ ਭਰਦੇ ਹਨ, "ਤੁਹਾਨੂੰ ਮੰਦਿਰ, ਮਸਜਿਦ ਬਣਾਉਣ ਦਾ ਹੱਕ ਹੈ ਤਾਂ ਮੈਨੂੰ ਵੀ ਇਹ ਹੱਕ ਹੈ ਕਿ ਜਿਹੜੇ ਧਾਰਮਿਕ ਸਥਾਨ ਦੇਸ਼ ਦੀ ਜਨਤਾ ਨੂੰ ਵੰਡਦੇ ਹੋਣ, ਉਹ ਭਾਵੇਂ ਮੰਦਿਰ ਹੋਵੇ ਜਾਂ ਮਸਜਿਦ, ਮੈਂ ਉਨ੍ਹਾਂ ਨੂੰ ਢਾਹੁਣ ਦੀ ਗੱਲ ਕਰਾਂ।"

ਮੁਸਲਿਮ ਸੱਭਿਆਚਾਰ ਕੀ ਹੈ? ਇਹ ਸੈਮੇਟਿਕ ਅਰਬੀ ਸੱਭਿਆਚਾਰ ਹੈ ਜਾਂ ਆਰੀਆਈ, ਈਰਾਨੀ ਸੱਭਿਆਚਾਰ ਜਾਂ ਫੇਰ ਦੋਹਾਂ ਦਾ ਮਿਲਗੋਭਾ ਹੈ? ਅਰਬ ਸੱਭਿਆਚਾਰ ਕੁਝ ਸਮੇਂ ਦੇ ਉਠਾਣ ਤੋਂ ਬਾਅਦ ਢਿੱਲਾ ਪੈ ਗਿਆ, ਪ੍ਰੰਤੂ ਉਸ ਦੀ ਚੜ੍ਹਤ ਦੇ ਸਮੇਂ ਵੀ ਈਰਾਨੀ ਸੱਭਿਆਚਾਰ ਦਾ ਉਸ ਉਤੇ ਅਸਰ ਪਿਆ ਸੀ। ਭਾਰਤ 'ਤੇ ਉਸ ਦਾ ਬਿਲਕੁਲ ਪ੍ਰਭਾਵ ਨਹੀਂ ਪਿਆ। ਈਰਾਨੀ ਸੰਸਕ੍ਰਿਤੀ ਇਸਲਾਮ ਤੋਂ ਪਹਿਲਾਂ ਦੀ ਹੈ ਅਤੇ ਇਹ ਇਤਿਹਾਸ ਦਾ ਇਕ ਵਿਚਾਰਨਯੋਗ ਪ੍ਰਸ਼ਨ ਹੈ ਕਿ ਈਰਾਨੀ ਸੱਭਿਆਚਾਰ ਹਜ਼ਾਰਾਂ ਸਾਲਾਂ ਤੋਂ ਆਪਣੀ ਹੋਂਦ ਰੱਖਦਾ ਹੈ। ਬਿਨਾ ਸ਼ੱਕ ਇਸ ਹੀ ਈਰਾਨੀ ਸੱਭਿਆਚਾਰ ਦਾ ਭਾਰਤ 'ਤੇ ਅਸਰ ਹੋਇਆ ਅਤੇ ਭਾਰਤ ਨੇ ਵੀ ਉਸ ਉਤੇ ਆਪਣਾ ਰੰਗ ਚੜ੍ਹਾਇਆ। ਪਰੰਤੂ ਫੇਰ ਵੀ ਭਾਰਤ ਦਾ ਪ੍ਰਾਚੀਨ ਸੱਭਿਆਚਾਰ ਹੀ ਇਸ ਅੰਦਰ ਪ੍ਰਧਾਨ ਰਿਹਾ ਅਤੇ ਬਾਹਰ ਵਾਲਿਆਂ 'ਤੇ ਵੀ ਉਸ ਦਾ ਅਸਰ ਹੋਇਆ।

ਜਦੋਂ ਤੋਂ ਧਰਮ ਸੱਤਾ ਤੱਕ ਪਹੁੰਚਣ ਦਾ ਸਾਧਨ ਬਣ ਗਿਆ ਹੈ, ਇਸ ਸਾਂਝੇ ਸੱਭਿਆਚਾਰ ਨੂੰ ਹਾਸ਼ੀਏ 'ਤੇ ਰੱਖਣ ਦਾ ਹਰ ਪਾਸਿਓਂ ਯਤਨ ਹੋ ਰਿਹਾ ਹੈ। ਅਮੀਰ ਖੁਸਰੋ ਨੂੰ ਇਸਲਾਮ ਦਾ ਅਲੰਬਰਦਾਰ ਅਤੇ ਕਠਮੁੱਲਾ (ਨਕਲੀ ਮੁੱਲਾ) ਸਿੱਧ ਕੀਤਾ ਜਾ ਰਿਹਾ ਹੈ। ਪ੍ਰੇਮ ਦੇ ਗੀਤ ਲਿਖਣ ਵਾਲੇ ਸੂਫੀਆਂ ਨੂੰ ਇਸਲਾਮ ਦੇ ਪ੍ਰਚਾਰਕ ਸਿੱਧ ਕੀਤਾ ਜਾ ਰਿਹਾ ਹੈ। ਜੋ ਦਰਗਾਹਾਂ ਹਿੰਦੂ-ਮੁਸਲਿਮ ਭਾਈਚਾਰੇ ਲਈ ਮਿਲਣ ਦੇ ਸਥਾਨ ਰਹੇ ਹਨ, ਉਨ੍ਹਾਂ ਬਾਰੇ ਝੂਠਾ ਪ੍ਰਚਾਰ ਜਾਰੀ ਹੈ। ਹੌਲੀ ਹੌਲੀ ਮੁਸਲਮਾਨ ਲੇਖਕਾਂ ਤੇ ਕਵੀਆਂ ਨੂੰ ਪਾਠਕ੍ਰਮਾਂ ਤੋਂ ਵਿਦਾ ਕੀਤਾ ਜਾ ਰਿਹਾ ਹੈ। ਰਹੀਮ ਅਤੇ ਰਸਖਾਨ ਹੁਣ ਸਾਡੇ ਪਾਠਕ੍ਰਮਾਂ ਵਿਚ ਘੱਟ ਹੀ ਦਿਸਦੇ ਹਨ।

ਰਾਹੀ ਇਸ ਪ੍ਰਵਿਰਤੀ ਤੋਂ ਦੁਖੀ ਹੋ ਕੇ ਸਵਾਲ ਪੁੱਛਦੇ ਹਨ, ਕੀ ਰਸਖਾਨ ਦਾ ਨਾਮ ਕੱਟ ਕੇ ਕ੍ਰਿਸ਼ਨ ਭਗਤੀ-ਕਾਵਿ ਦਾ ਇਤਿਹਾਸ ਲਿਖਿਆ ਜਾ ਸਕਦਾ ਹੈ? ਕੀ ਤੁਲਸੀ ਦੀ ਰਮਾਇਣ ਵਿਚ ਤੁਹਾਨੂੰ ਕਿਧਰੇ ਮੁਗਲ ਦਰਬਾਰ ਦੀਆਂ ਝਲਕੀਆਂ ਵਿਖਾਈ ਨਹੀਂ ਦਿੰਦੀਆਂ? ਕੀ ਤੁਸੀਂ ਅਨੀਸ ਦੇ ਮਰਸੀਏ ਦੇਖੇ? ਦੇਖੇ ਹੋਣਗੇ ਤਾਂ ਤੁਹਾਨੂੰ ਇਹ ਵੀ ਪਤਾ ਹੋਵੇਗਾ ਕਿ ਇਨ੍ਹਾਂ ਮਰਸੀਆਂ ਵਿਚਲੇ ਪਾਤਰਾਂ ਦੇ ਨਾਮ ਭਾਵੇਂ ਅਰਬੀ ਹੀ ਹੋਣ ਪ੍ਰੰਤੂ ਹਨ ਉਹ ਅਧਵ ਨਗਰੀ ਦੇ ਰਾਜਪੂਤ। ਕੀ ਤੁਸੀਂ ਗਾਲਿਬ ਦਾ ਇਕ ਸ਼ੇਅਰ ਸੁਣਨਾ ਪਸੰਦ ਕਰੋਗੇ:

ਜਲਾ ਹੈ ਜਿਸਮ ਯਹਾਂ
ਦਿਲ ਭੀ ਜਲ ਗਿਆ ਹੋਗਾ
ਕੁਰੇਦਤੇ ਹੋ ਅਬ ਰਾਖ ਜੁਸਤਜੂ ਕਿਆ ਹੈ।

ਇਕ ਦਹਾਕਾ ਪਹਿਲਾਂ ਰਾਹੀ ਨੇ ਸ਼ਿਵ ਸੈਨਾ ਦੇ ਦਿਸ਼ਾਹੀਣ ਅਤੇ ਦ੍ਰਿਸ਼ਟੀਹੀਣ ਲੋਕਾਂ ਨੂੰ ਕਿਹਾ ਸੀ, "ਤੁਹਾਨੂੰ ਭਾਰਤੀ ਸੱਭਿਆਚਾਰ ਦਾ ਤਾਂ ਕੀ ਪਤਾ ਹੋਣਾ ਸੀ, ਤੁਹਾਨੂੰ ਤਾਂ ਗਾਲ੍ਹ ਕੱਢਣੀ ਵੀ ਨਹੀਂ ਆਉਂਦੀ। ਤੁਸੀਂ ਲੋਕ ਧੁੱਪ ਦਾ ਅਸਲੀ ਰੰਗ ਦੇਖਣ ਵਾਸਤੇ ਤਿਆਰ ਨਹੀਂ ਹੋ। ਭੁੱਲ ਜਾਓ ਕਿ ਹਿੰਦੁਸਤਾਨ ਸਿਰਫ ਤੁਹਾਡੇ ਵਰਗੇ ਹਿੰਦੂਆਂ ਦਾ ਹੀ ਹੈ। ਇਹ ਮੇਰਾ ਵੀ ਹੈ ਅਤੇ ਇਹ ਕਿਸੇ ਤਰ੍ਹਾਂ

***ਇਹ ਰਾਹੀ ਦਾ ਹੀ ਦਿਲ-ਗੁਰਦਾ ਸੀ ਕਿ ਬੰਬਈ ਵਿਚ ਰਹਿ ਕੇ ਠਾਕਰੇ ਅਤੇ ਸ਼ਿਵ ਸੈਨਾ ਵਿਰੁਧ ਦਿੱਲੀ ਦੇ ਅਖਬਾਰਾਂ ਵਿਚ ਹੀ ਨਹੀਂ ਬਲਕਿ ਬੰਬਈ ਦੇ ਰਸਾਲਿਆਂ, ਅਖਬਾਰਾਂ ਵਿਚ ਵੀ ਨਿਡਰ ਹੋ ਕੇ ਆਪਣੀ ਗੱਲ ਕਹੀ। ਉਨ੍ਹਾਂ ਨੇ ਜਿਸ ਸਿਦਕਦਿਲੀ ਨਾਲ ਅਡਵਾਨੀ ਦੀ ਰੱਥ ਯਾਤਰਾ ਦਾ ਵਿਰੋਧ ਕੀਤਾ ਅਤੇ ਕਿਹਾ, "ਕੀ ਤੁਸੀਂ ਭਗਵਾਨ ਸ੍ਰੀ ਕ੍ਰਿਸ਼ਨ ਹੋ? ਰੱਥ 'ਤੇ ਸਵਾਰ ਤਾਂ ਉਹ ਹੀ ਹੁੰਦੇ ਸਨ, ਤੁਸੀਂ ਕਦੋਂ ਕੁ ਤੋਂ ਭਗਵਾਨ ਬਣ ਗਏ ਹੋ?"***

ਵੀ ਘੱਟ, ਮੇਰਾ ਨਹੀਂ।"

ਰਾਹੀ ਨੇ ਪੇਸ਼ਕਾਰੀ ਦੇ ਸਾਰੇ ਖਤਰਿਆਂ ਦਾ ਸਾਹਮਣਾ ਕੀਤਾ ਅਤੇ ਬਦਲੇ ਵਿਚ ਭਾਰੀ ਕੀਮਤ ਚੁਕਾਈ। ਅਲੀਗੜ੍ਹ, ਜੋ ਉਨ੍ਹਾਂ ਨੂੰ ਬਹੁਤ ਪਿਆਰਾ ਸੀ, ਉਥੋਂ ਬੇਦਖਲ ਕਰ ਦਿੱਤੇ ਗਏ। ਉਰਦੂ ਵਿਭਾਗ ਦੀ ਨੌਕਰੀ ਖੋਹ ਲਈ ਗਈ। ਬੰਬਈ ਵਿਚ ਪੰਝੀ ਸਾਲ ਪੈਸੇ ਕਮਾਉਣ ਦੀ ਮਸ਼ੀਨ ਬਣੇ ਰਹੇ। ਵਾਰ ਵਾਰ ਉਨ੍ਹਾਂ ਨੂੰ ਅਲੀਗੜ੍ਹ ਯਾਦ ਆਉਂਦਾ। ਉਹ ਸਿੱਖਿਆ ਜਗਤ ਵਿਚ ਦਾਖਲ ਹੋਣ ਦੇ ਚਾਹਵਾਨ ਰਹੇ, ਚਾਹੁੰਦੇ ਸਨ ਕਿ ਉਰਦੂ-ਹਿੰਦੀ ਸਾਹਿਤ ਦਾ ਸਾਂਝਾ ਇਤਿਹਾਸ ਹੋਵੇ। ਹਿੰਦੀ ਪਾਠਕ੍ਰਮ ਵਿਚ ਉਰਦੂ ਦੇ ਉਘੇ ਸਾਹਿਤਕਾਰਾਂ ਦਾ ਸਾਹਿਤ ਪੜ੍ਹਾਇਆ ਜਾਵੇ ਅਤੇ ਉਰਦੂ ਦੇ ਪਾਠਕ੍ਰਮਾਂ ਵਿਚ ਹਿੰਦੀ ਦੇ ਅਹਿਮ ਸਾਹਿਤਕਾਰਾਂ ਦਾ।

ਜਦੋਂ ਅੰਮ੍ਰਿਤ ਲਾਲ ਨਾਗਰ ਹਿੰਦੀ ਸੰਸਥਾਨ ਉਤਰ ਪ੍ਰਦੇਸ਼ ਦੇ ਪ੍ਰਧਾਨ ਸਨ ਤਾਂ ਰਾਹੀ ਨੇ ਉਸ ਨੂੰ ਸਾਂਝੇ ਇਤਿਹਾਸ ਦੀ ਇਕ ਲੰਬੀ ਯੋਜਨਾ ਭੇਜੀ। ਨਾਗਰ ਨੂੰ ਵੀ ਇਸ ਵਿਚ ਡੂੰਘੀ ਦਿਲਚਸਪੀ ਸੀ। ਪਰ ਸਾਡੇ ਸਿਆਸਤਦਾਨਾਂ, ਜੋ ਕਹਿੰਦੇ ਕੁਝ ਤੇ ਕਰਦੇ ਕੁਝ ਹੋਰ ਹਨ, ਨੇ ਰਾਹੀ ਤੇ ਨਾਗਰ ਦੀ ਯੋਜਨਾ ਨੂੰ ਕੋਈ ਹੁੰਗਾਰਾ ਨਾ ਦਿੱਤਾ। ਫੇਰ ਕੁਝ ਸਮੇਂ ਪਿਛੋਂ ਨਾਗਰ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਰਾਹੀ ਨੇ ਲਿਖਿਆ, "ਚੰਗੀਆਂ ਗੱਲਾਂ ਕਰਨ ਜਾਂ ਖੂਬਸੂਰਤ ਭਾਸ਼ਾ ਲਿਖਣ ਦਾ ਕੋਈ ਲਾਭ ਨਹੀਂ ਹੈ। ਸਾਡਾ ਸੰਵਿਧਾਨ ਕਹਿੰਦਾ ਹੈ, ਭਾਰਤ ਇਕ ਸੈਕੂਲਰ ਡੈਮੋਕਰੇਸੀ ਹੈ, ਪਰ ਸ਼ਿਵ ਸੈਨਾ ਦੇ ਨੇਤਾ ਬਾਲ ਠਾਕਰੇ ਸ਼ਿਵਾ ਜੀ ਪਾਰਕ 'ਚ ਮਾਈਕਰੋਫੋਨ ਲਾ ਕੇ ਭਾਰਤੀ ਮੁਸਲਮਾਨਾਂ ਨੂੰ ਵਿਦੇਸ਼ੀ ਦੱਸਦੇ ਹਨ ਅਤੇ ਕਾਂਗਰਸੀ ਮੁੱਖ ਮੰਤਰੀ ਬਿਆਨ ਦੇ ਕੇ ਚੁੱਪ ਕਰ ਜਾਂਦੇ ਹਨ।"

ਰਾਹੀ ਦਾ ਹੀ ਦਿਲ-ਗੁਰਦਾ ਸੀ ਕਿ ਬੰਬਈ ਵਿਚ ਰਹਿ ਕੇ ਠਾਕਰੇ ਅਤੇ ਸ਼ਿਵ ਸੈਨਾ ਵਿਰੁਧ ਦਿੱਲੀ ਦੇ ਅਖਬਾਰਾਂ ਵਿਚ ਹੀ ਨਹੀਂ ਬਲਕਿ ਬੰਬਈ ਦੇ ਰਸਾਲਿਆਂ, ਅਖਬਾਰਾਂ ਵਿਚ ਵੀ ਨਿਡਰ ਹੋ ਕੇ ਆਪਣੀ ਗੱਲ ਕਹੀ। ਉਨ੍ਹਾਂ ਨੇ ਸਿਦਕਦਿਲੀ ਨਾਲ ਅਡਵਾਨੀ ਦੀ ਰੱਥ ਯਾਤਰਾ ਦਾ ਵਿਰੋਧ ਕੀਤਾ ਤੇ ਕਿਹਾ, "ਕੀ ਤੁਸੀਂ ਭਗਵਾਨ ਸ੍ਰੀ ਕ੍ਰਿਸ਼ਨ ਹੋ? ਰੱਥ 'ਤੇ ਸਵਾਰ ਤਾਂ ਉਹ ਹੀ ਹੁੰਦੇ ਸਨ, ਤੁਸੀਂ ਕਦੋਂ ਕੁ ਤੋਂ ਭਗਵਾਨ ਬਣ ਗਏ ਹੋ?" ਇਸ ਦੇ ਨਾਲ ਹੀ ਰਾਹੀ ਨੇ, 'ਇਨ੍ਹਾਂ ਨੂੰ ਇਸਲਾਮ ਕੱਟ-ਪੀਸ ਵਿਚ ਚਾਹੀਦੈ' ਵਿਚ ਲਿਖਿਆ ਸੀ, "ਸਾਡੀ ਸਰਕਾਰ ਨਕਲੀ ਮੁੱਲਾਂਵਾਦ ਨੂੰ ਉਤਸ਼ਾਹਿਤ ਕਰ ਰਹੀ ਹੈ, ਉਸ ਵਿਰੁਧ ਕਾਰਵਾਈ ਨਹੀਂ ਕਰਦੀ।"

ਕਾਂਗਰਸ 'ਚ ਫਿਰਕਾਪ੍ਰਸਤ ਰਾਜਨੀਤੀ ਕਰਨ ਵਾਲੇ ਜੈਡ. ਆਰ. ਅੰਸਾਰੀ, ਮੁਸਲਿਮ ਲੀਗ ਦੇ ਸੁਲੇਮਾਨ ਸੇਠ, ਬਨਾਤਵਾਲਾ ਅਤੇ ਸ਼ਹਾਬੁਦੀਨ ਨੂੰ ਨਕਲੀ ਮੁੱਲਾਂਵਾਦ ਦੇ ਪ੍ਰਤੀਕ ਕਿਹਾ। ਉਨ੍ਹਾਂ ਇਕ ਖਤ ਅੱਲਾ ਮੀਆਂ ਦੇ ਨਾਂ ਲਿਖਿਆ, ਜਿਸ ਵਿਚ ਉਨ੍ਹਾਂ ਕਿਹਾ ਸੀ, "ਅੱਲਾ ਮੀਆਂ, ਸ਼ਹਾਬੁਦੀਨ ਅਤੇ ਬਨਾਤਵਾਲਾ ਆਦਿ ਤੇਰੇ ਇਸਲਾਮ ਨੂੰ ਨਹੀਂ ਮੰਨਦੇ।"

ਫਿਰਕਾਪ੍ਰਸਤ ਰਾਜਨੀਤੀ ਕਰਨ ਵਾਲੇ ਭਾਵੇਂ ਕਿਸੇ ਪਾਰਟੀ ਵਿਚ ਹੋਣ, ਰਾਹੀ ਨੇ ਅਸਲੀਅਤ ਪੇਸ਼ ਕਰਨ ਵਿਚ ਕੋਈ ਕਸਰ ਨਾ ਛੱਡੀ, "ਸ੍ਰੀ ਰਾਮ ਤੇ ਅੱਲਾ ਮੀਆਂ-ਦੋਹਾਂ ਨੂੰ ਹੀ ਅਪੀਲ ਕਰਦਾ ਹਾਂ ਕਿ ਵਾਪਸੀ ਡਾਕ ਰਾਹੀਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸ਼ਹਾਬੁਦੀਨ ਐਂਡ ਕੰਪਨੀ ਪ੍ਰਾਈਵੇਟ ਲਿਮਟਿਡ ਨੂੰ ਤਾਰ ਰਾਹੀਂ ਸੂਚਨਾ ਦੇਣ ਕਿ ਉਨ੍ਹਾਂ ਕੋਲ ਮੰਦਿਰ-ਮਸਜਿਦ ਲੋੜੋਂ ਵੱਧ ਹਨ, ਇਸ ਕਰਕੇ ਜਿੱਥੇ ਸ੍ਰੀ ਰਾਮ ਜਨਮ ਭੂਮੀ ਮੰਦਿਰ ਤੇ ਬਾਬਰੀ ਮਸਜਿਦ ਹਨ, ਉਥੋਂ ਉਸ ਮੰਦਿਰ ਤੇ ਮਸਜਿਦ ਨੂੰ ਢਾਹ ਕੇ ਬੱਚਿਆਂ ਵਾਸਤੇ ਪਾਰਕ ਬਣਾ ਦਿੱਤਾ ਜਾਵੇ ਕਿਉਂਕਿ ਫੁੱਲਾਂ ਵਿਚਾਲੇ ਖੇਡਦੇ ਬੱਚਿਆਂ ਤੋਂ ਵੱਧ ਖੂਬਸੂਰਤ ਦ੍ਰਿਸ਼ ਕੋਈ ਹੋ ਹੀ ਨਹੀਂ ਸਕਦਾ।"

'ਆਧਾ ਗਾਂਵ' ਰਾਹੀ ਦਾ ਹੀ ਨਹੀਂ, ਹਿੰਦੀ ਦਾ ਵੀ ਉਤਮ ਨਾਵਲ ਹੈ। ਇਹ ਵੀ ਸੱਚ ਹੈ ਕਿ ਪ੍ਰੇਮ ਚੰਦ ਤੋਂ ਬਾਅਦ ਰਾਹੀ ਮਾਸੂਮ ਰਜ਼ਾ ਦੇ ਨਾਵਲ ਸਭ ਤੋਂ ਵੱਧ ਪਾਠਕ ਖਰੀਦ ਕੇ ਪੜ੍ਹ ਰਹੇ ਹਨ। 'ਪੈਂਗੁਇਨ' ਨੇ 1995 ਵਿਚ ਇਸ ਦਾ ਅੰਗਰੇਜ਼ੀ ਅਨੁਵਾਦ ਕਰਵਾਇਆ। ਯੂਰਪ ਦੇ ਪਾਠਕ ਇਸ ਨਾਵਲ ਨੂੰ ਚਾਅ ਨਾਲ ਪੜ੍ਹਦੇ ਹਨ।

ਉਹ ਮੁਸਲਿਮ ਸਮਾਜ, ਉਸ ਦੀ ਮਾਨਸਿਕਤਾ ਅਤੇ ਮਨੋਵਿਗਿਆਨ ਨੂੰ ਇਸ ਨਾਵਲ ਦੇ ਮਾਧਿਅਮ ਰਾਹੀਂ ਸਮਝਾਉਣਾ ਚਾਹੁੰਦੇ ਹਨ। ਜਗੀਰਦਾਰੀ ਵਿਵਸਥਾ ਦੇ ਹੁੰਦਿਆਂ ਅਤੇ ਟੁੱਟਣ ਤੋਂ ਬਾਅਦ ਮੁਸਲਿਮ ਜਗੀਰਦਾਰਾਂ ਤੇ ਕਿਰਤੀ ਵਰਗ ਦਾ ਕੀ ਹਾਲ ਹੋਇਆ, ਇਸ ਸੱਚ ਦਾ ਵਰਣਨ 'ਆਧਾ ਗਾਂਵ' ਵਿਚ ਵਿਸਥਾਰ ਨਾਲ ਮਿਲਦਾ ਹੈ। ਇਸ ਗਹਿਰਾਈ ਨਾਲ ਕੋਈ ਹੋਰ ਨਾਵਲ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ। ਇਕ ਦਿਲਚਸਪ ਪ੍ਰਸੰਗ ਹੈ, 'ਆਧਾ ਗਾਂਵ' ਅਤੇ 'ਰਾਗ ਦਰਬਾਰੀ' ਇਕੋ ਵੇਲੇ (1966) ਪ੍ਰਕਾਸ਼ਿਤ ਹੋਏ। 1968 ਵਿਚ ਸਾਹਿਤ ਅਕਾਦਮੀ ਦੇ ਇਨਾਮ ਲਈ ਦੋਵੇਂ ਨਾਵਲ ਅੰਤਿਮ ਪੜਾਅ ਵਿਚ ਸਨ। ਦੋ ਮੈਂਬਰ 'ਆਧਾ ਗਾਂਵ' ਦੇ ਹੱਕ ਵਿਚ ਸਨ ਅਤੇ ਇਕ 'ਰਾਗ ਦਰਬਾਰੀ' ਦੇ। ਇੱਥੇ ਲੇਖਕ ਦਾ ਵੱਡਾ ਅਫਸਰ ਹੋਣਾ ਕੰਮ ਆਇਆ ਅਤੇ ਅੰਤ ਵਿਚ ਬਾਜ਼ੀ 'ਰਾਗ ਦਰਬਾਰੀ' ਨੇ ਜਿੱਤ ਲਈ। ਰਾਹੀ ਨੂੰ ਜਦੋਂ ਪੂਰੀ ਕਹਾਣੀ ਦਾ ਪਤਾ ਲੱਗਾ ਤਾਂ ਉਹਨੇ ਲਿਖਿਆ, "ਮੈਂ ਕਿਸੇ ਇਨਾਮ ਲਈ ਨਾਵਲ ਨਹੀਂ ਲਿਖਿਆ। ਜੇ ਮਿਲ ਜਾਂਦਾ ਤਾਂ ਵੀ ਠੀਕ ਸੀ, ਨਹੀਂ ਮਿਲਿਆ ਤਾਂ ਵੀ ਕੋਈ ਅਫਸੋਸ ਨਹੀਂ। ਸੁਣਿਆ ਹੈ ਕਿ ਪ੍ਰੇਮ ਚੰਦ, ਮੁਕਤੀਬੋਧ ਅਤੇ ਨਿਰਾਲਾ ਨੂੰ ਵੀ ਕੋਈ ਪੁਰਸਕਾਰ ਨਹੀਂ ਮਿਲਿਆ ਸੀ।"

ਇਸ ਨਾਵਲ ਦੀ ਤ੍ਰਾਸਦੀ ਸਮਾਪਤ ਹੋਣ ਦਾ ਨਾਂ ਹੀ ਨਹੀਂ ਲੈ ਰਹੀ। 1972 ਵਿਚ ਜੋਧਪੁਰ ਦੇ ਪਾਠਕ੍ਰਮ ਵਿਚੋਂ ਅਸ਼ਲੀਲ ਕਹਿ ਕੇ ਇਹ ਨਾਵਲ ਕੱਢ ਦਿੱਤਾ ਗਿਆ। ਉਨ੍ਹਾਂ ਮਹਾਂਪੰਡਿਤਾਂ ਨੇ ਇਸ ਨੂੰ ਅਸ਼ਲੀਲ ਕਿਹਾ ਜਿਹੜੇ ਰੀਤੀਕਾਲ ਦੇ ਕਵੀਆਂ ਨੂੰ ਰਸ ਲੈ ਲੈ ਕੇ ਪੜ੍ਹਦੇ ਹਨ। ਫੇਰ ਮਰਾਠਵਾੜਾ ਯੂਨੀਵਰਸਿਟੀ, ਔਰੰਗਾਬਾਦ ਵਿਚ ਵੀ 'ਆਧਾ ਗਾਂਵ' ਨਾਲ ਜੋਧਪੁਰ ਵਾਲੀ ਹੀ ਦੁਰਘਟਨਾ ਹੋਈ। "ਇਸ ਨਾਵਲ ਵਿਚ ਗਾਲ੍ਹਾਂ ਬਹੁਤ ਹਨ।" ਇਹ ਕਹਿ ਕੇ ਐਮ.ਏ. ਦੇ ਪਾਠਕ੍ਰਮ ਵਿਚੋਂ ਨਾਵਲ ਨੂੰ ਕੱਢ ਦਿੱਤਾ ਗਿਆ। ਅਸਲੀਅਤ ਗਾਲ੍ਹਾਂ ਤੇ ਅਸ਼ਲੀਲਤਾ ਨਹੀਂ ਸਗੋਂ 'ਆਧਾ ਗਾਂਵ' ਵਿਚ ਧਰਮ ਦੀ ਰਾਜਨੀਤੀ ਅਤੇ ਸੱਭਿਆਚਾਰ ਦਾ ਵਪਾਰ ਕਰਨ ਵਾਲੇ ਤੱਤਾਂ ਨੂੰ ਪਰਤ-ਦਰ-ਪਰਤ ਨੰਗਾ ਕੀਤਾ ਜਾਣਾ ਹੈ। ਦੋਵੇਂ ਹੀ ਫਿਰਕਾਪ੍ਰਸਤ ਤੱਤ ਰਾਹੀ ਅਤੇ 'ਆਧਾ ਗਾਂਵ' ਤੋਂ ਭੈਅ-ਭੀਤ ਵੀ ਹਨ ਅਤੇ ਗੁੱਸੇ ਵੀ। ਉਨ੍ਹਾਂ ਕੋਲ ਇੰਨਾ ਨੈਤਿਕ ਸਾਹਸ ਨਹੀਂ ਕਿ ਸੱਚ ਅਤੇ ਅਸਲੀਅਤ ਦਾ ਸਾਹਮਣਾ ਕਰ ਸਕਣ। ਇਸ ਤਰ੍ਹਾਂ ਬਹਾਨੇ ਬਣਾ ਕੇ ਪਿਛੇ ਤੋਂ ਵਾਰ ਕਰਦੇ ਹਨ।

ਰਾਹੀ ਨੇ 'ਟੋਪੀ ਸ਼ੁਕਲਾ' ਅਤੇ 'ਓਂਸ ਕੀ ਬੂੰਦ' ਦੀ ਭੂਮਿਕਾ ਵਿਚ ਤਿੱਖੀ ਟਿੱਪਣੀ ਕੀਤੀ ਸੀ, "ਆਧਾ ਗਾਂਵ ਵਿਚ ਬੇਸ਼ੁਮਾਰ ਗਾਲ੍ਹਾਂ ਸਨ, ਮੌਲਾਨਾ ਟੋਪੀ ਸ਼ੁਕਲਾ ਵਿਚ ਇਕ ਵੀ ਗਾਲ੍ਹ ਨਹੀਂ ਹੈ। ਪਰ ਸ਼ਾਇਦ ਇਹ ਪੂਰਾ ਨਾਵਲ ਇਕ ਗੰਦੀ ਗਾਲ੍ਹ ਹੈ ਅਤੇ ਮੈਂ ਇਹ ਗਾਲ੍ਹ ਡੰਕੇ ਦੀ ਚੋਟ ਨਾਲ ਦੇ ਰਿਹਾ ਹਾਂ। ਇਹ ਨਾਵਲ ਅਸ਼ਲੀਲ ਹੈ, ਜੀਵਨ ਦੀ ਤਰ੍ਹਾਂ।"

ਰਾਹੀ ਨੇ ਲਿਖਿਆ, ਵੱਡਿਆਂ ਤੇ ਬੁੱਢਿਆਂ ਨੇ ਕਈ ਵਾਰ ਕਿਹਾ ਹੈ ਕਿ ਗਾਲ੍ਹਾਂ ਨਾ ਲਿਖੋ। 'ਆਧਾ ਗਾਂਵ' ਵਿਚ ਇੰਨੀਆਂ ਗਾਲ੍ਹਾਂ ਨਾ ਹੁੰਦੀਆਂ ਤਾਂ ਤੁਹਾਨੂੰ ਸਾਹਿਤ ਅਕਾਦਮੀ ਪੁਰਸਕਾਰ ਜ਼ਰੂਰ ਮਿਲ ਗਿਆ ਹੁੰਦਾ। ਪਰ ਮੈਂ ਇਹ ਸੋਚਦਾ ਹਾਂ ਕਿ ਕੀ ਮੈਂ ਨਾਵਲ ਇਸ ਕਰਕੇ ਲਿਖਦਾ ਹਾਂ ਕਿ ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲੇ? ਇਨਾਮ ਮਿਲਣ ਦਾ ਕੋਈ ਨੁਕਸਾਨ ਨਹੀਂ ਹੈ, ਫਾਇਦਾ ਹੀ ਹੈ। ਪਰ ਮੈਂ ਸਾਹਿਤਕਾਰ ਹਾਂ, ਜੇ ਮੇਰੇ ਪਾਤਰ ਗੀਤਾ ਬੋਲਣਗੇ ਤਾਂ ਮੈਂ ਗੀਤਾ ਦੇ ਸ਼ਲੋਕ ਲਿਖਾਂਗਾ ਅਤੇ ਜਦੋਂ ਉਹ ਗਾਲ੍ਹਾਂ ਬਕਣਗੇ ਤਾਂ ਮੈਂ ਜ਼ਰੂਰ ਹੀ ਉਨ੍ਹਾਂ ਦੀਆਂ ਗਾਲ੍ਹਾਂ ਵੀ ਲਿਖਾਂਗਾ। ਮੈਂ ਕੋਈ ਨਾਜ਼ੀ ਸਾਹਿਤਕਾਰ ਨਹੀਂ ਕਿ ਆਪਣੇ ਨਾਵਲ ਦੇ ਸ਼ਹਿਰਾਂ 'ਤੇ ਆਪਣਾ ਹੁਕਮ ਚਲਾਵਾਂ ਅਤੇ ਹਰ ਪਾਤਰ ਦੇ ਹੱਥ ਵਿਚ ਇਕ ਸ਼ਬਦਕੋਸ਼ ਫੜ੍ਹਾ ਕੇ ਹੁਕਮ ਦੇ ਦੇਵਾਂ ਕਿ ਜੇ ਇਕ ਵੀ ਸ਼ਬਦ ਆਪਣੇ ਵਲੋਂ ਬੋਲਿਆ ਤਾਂ ਗੋਲੀ ਮਾਰ ਦਿਆਂਗਾ। ਕੋਈ ਵੱਡਾ ਸਿਆਣਾ ਇਹ ਦੱਸੇ ਕਿ ਜਿੱਥੇ ਮੇਰੇ ਪਾਤਰ ਗਾਲ੍ਹਾਂ ਕੱਢਦੇ ਹਨ, ਉਥੋਂ ਮੈਂ ਗਾਲ੍ਹਾਂ ਕੱਢ ਕੇ ਕੀ ਲਿਖਾਂ, ਡਾਟ-ਡਾਟ? ਤਾਂ ਉਦੋਂ ਫੇਰ ਲੋਕ ਆਪਣੇ ਵਲੋਂ ਗਾਲ੍ਹਾਂ ਘੜਨ ਲੱਗਣਗੇ ਅਤੇ ਮੈਨੂੰ ਗਾਲ੍ਹਾਂ ਦੇ ਸਿਲਸਿਲੇ ਵਿਚ ਆਪਣੇ ਪਾਤਰਾਂ ਤੋਂ ਸਿਵਾ ਕਿਸੇ 'ਤੇ ਵੀ ਭਰੋਸਾ ਨਹੀਂ ਹੈ।

ਗਾਲ੍ਹਾਂ ਮੈਨੂੰ ਵੀ ਚੰਗੀਆਂ ਨਹੀਂ ਲਗਦੀਆਂ। ਮੇਰੇ ਘਰ ਵਿਚ ਗਾਲ੍ਹਾਂ ਕੱਢਣ ਦੀ ਰੀਤ ਨਹੀਂ ਹੈ। ਪਰ ਲੋਕ ਸੜਕਾਂ ਉਤੇ ਗਾਲ੍ਹਾਂ ਕੱਢਦੇ ਹਨ। ਆਂਢ-ਗੁਆਂਢ ਵਿਚੋਂ ਗਾਲ੍ਹਾਂ ਸੁਣਦੀਆਂ ਹਨ ਤੇ ਮੈਂ ਆਪਣੇ ਕੰਨ ਬੰਦ ਨਹੀਂ ਕਰਦਾ। ਇਹ ਹੀ ਤੁਸੀਂ ਵੀ ਕਰਦੇ ਹੋਵੋਗੇ। ਫੇਰ ਮੇਰੇ ਪਾਤਰ ਗਾਲ੍ਹਾਂ ਬਕਦੇ ਹਨ ਤਾਂ ਤੁਸੀਂ ਮੇਰੇ ਪੇਸ਼ ਕਿਉਂ ਪੈਂਦੇ ਹੋ? ਉਹ ਪਾਤਰ ਆਪਣੇ ਘਰਾਂ ਵਿਚ ਗਾਲ੍ਹਾਂ ਕੱਢ ਰਹੇ ਹਨ। ਉਹ ਨਾ ਤਾਂ ਮੇਰੇ ਘਰ ਵਿਚ ਹਨ ਅਤੇ ਨਾ ਹੀ ਤੁਹਾਡੇ ਘਰ ਵਿਚ। ਇਸ ਕਰਕੇ ਸਾਹਿਬ, ਸਾਹਿਤ ਅਕਾਦਮੀ ਦੇ ਇਨਾਮ ਵਾਸਤੇ ਮੈਂ ਆਪਣੇ ਪਾਤਰਾਂ ਦੀ ਜ਼ੁਬਾਨ ਬੰਦ ਨਹੀਂ ਕਰ ਸਕਦਾ। ਇਸ ਨਾਵਲ ਦੇ ਪਾਤਰ ਵੀ ਕਿਤੇ-ਕਿਤੇ ਗਾਲ੍ਹਾਂ ਦਿੰਦੇ ਹਨ। ਤੁਸੀਂ ਜੇ ਕਦੇ ਗਾਲ੍ਹ ਸੁਣੀ ਹੀ ਨਾ ਹੋਵੇ ਤਾਂ ਤੁਸੀਂ ਇਹ ਨਾਵਲ ਨਾ ਪੜ੍ਹਿਓ, ਮੈਂ ਤੁਹਾਨੂੰ ਮਜਬੂਰ ਨਹੀਂ ਕਰਨਾ ਚਾਹੁੰਦਾ (ਰਾਹੀ ਮਾਸੂਮ ਰਜ਼ਾ: ਭੂਮਿਕਾ 'ਓਂਸ ਕੀ ਬੂੰਦ')।

'ਆਧਾ ਗਾਂਵ' ਮੂਲ ਰੂਪ ਵਿਚ ਫਾਰਸੀ ਵਿਚ ਲਿਖਿਆ ਗਿਆ ਸੀ। ਜਿਸ ਨੂੰ ਦੇਵਨਾਗਰੀ ਵਿਚ ਮੈਂ ਲਿਪੀਅੰਤਰ ਕੀਤਾ ਸੀ। ਇਸ ਤਰ੍ਹਾਂ ਹੀ ਰਾਹੀ ਦੀਆਂ ਕਈ ਅਰੰਭਕ ਰਚਨਾਵਾਂ ਵੀ ਫਾਰਸੀ ਵਿਚ ਹੀ ਸਨ। ਪਰ ਇਹ ਸਾਰੀਆਂ ਰਚਨਾਵਾਂ ਹਿੰਦੀ ਦੀਆਂ ਹਨ। ਰਾਹੀ ਠੀਕ ਕਹਿੰਦੇ ਸਨ, ਲਿਪੀ ਭਾਸ਼ਾ ਨਹੀਂ ਹੁੰਦੀ ਮਰਾਠੀ, ਸੰਸਕ੍ਰਿਤ, ਹਿੰਦੀ ਅਤੇ ਨੇਪਾਲੀ ਦੀ ਲਿਪੀ ਦੇਵਨਾਗਰੀ ਹੈ। ਪਰ ਭਾਸ਼ਾਵਾਂ ਇਹ ਵੱਖੋ ਵੱਖ ਹਨ।

ਰਾਹੀ ਦਾ ਵਿਚਾਰ ਸੀ ਕਿ ਉਰਦੂ ਸਾਹਿਤ ਲੋਕਾਂ ਵਿਚ ਪ੍ਰਵਾਨਿਤ ਅਤੇ ਸ਼ਕਤੀਸ਼ਾਲੀ ਹੈ, ਪ੍ਰੰਤੂ ਉਸ ਦੀ ਲਿਪੀ ਬਹੁਤ ਮੁਸ਼ਕਿਲ ਅਤੇ ਅੱਜ ਦੇ ਸੰਦਰਭ ਵਿਚ ਬਹੁਤ ਉਪਯੋਗੀ ਨਹੀਂ ਹੈ। ਇਸ ਕਰਕੇ ਉਰਦੂ ਨੂੰ ਦੇਵਨਾਗਰੀ ਲਿਪੀ ਅਪਨਾ ਲੈਣੀ ਚਾਹੀਦੀ ਹੈ। ਰਾਹੀ ਨੇ ਆਪਣੇ ਦਰਦ ਨੂੰ ਇਕ ਲੇਖ ਵਿਚ ਪੇਸ਼ ਕੀਤਾ ਹੈ:

"ਮੇਰਾ ਦਰਦ ਵੰਡਣ ਵਾਲਾ ਕੋਈ ਨਹੀਂ ਹੈ ਕਿਉਂਕਿ ਇਸ ਦਰਦ ਦੇ ਜੰਗ ਵਿਚ ਸ਼ਾਇਦ ਮੈਂ ਬਿਲਕੁਲ ਇਕੱਲਾ ਹਾਂ। ਮੈਂ ਸ਼ਾਇਦ ਉਰਦੂ ਦਾ ਇਕੱਲਾ ਸ਼ਾਇਰ ਹਾਂ ਜਿਸ ਨੇ ਇਹ ਕਹਿਣ ਦੀ ਹਿੰਮਤ ਕੀਤੀ ਕਿ ਉਰਦੂ ਅਤੇ ਹਿੰਦੀ ਦੋ ਅਲੱਗ ਅਲੱਗ ਭਾਸ਼ਾਵਾਂ ਨਹੀਂ ਹਨ। ਮੈਂ ਇਹ ਚੇਤਨਾ ਬਹੁਤ ਮਹਿੰਗੇ ਮੁੱਲ 'ਚ ਖਰੀਦੀ ਹੈ ਅਤੇ ਲੋਕ ਕਹਿੰਦੇ ਹਨ ਕਿ ਮੈਂ ਵਿਕ ਰਿਹਾ ਹਾਂ।"

# ਇਤਿਹਾਸਕ ਨਾਵਲ 'ਸੂਰਜ ਦੀ ਅੱਖ'

**ਪੁਸਤਕ ਪੜਚੋਲ**

***ਹਾਲ ਹੀ ਵਿਚ ਛਪਿਆ ਬਲਦੇਵ ਸਿੰਘ 'ਸੜਕਨਾਮਾ' ਦਾ ਨਾਵਲ 'ਸੂਰਜ ਦੀ ਅੱਖ' ਇਨ੍ਹੀਂ ਦਿਨੀਂ ਕਾਫੀ ਚਰਚਾ ਵਿਚ ਹੈ। ਇਸ ਨਾਵਲ ਦੀ ਆਲੋਚਨਾ ਵੀ ਬਥੇਰੀ ਹੋਈ ਹੈ ਪਰ ਪਾਠਕ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕੇ ਅਤੇ ਜਿਨ੍ਹਾਂ ਨੇ ਨਹੀਂ ਵੀ ਸੀ ਪੜ੍ਹਨਾ, ਉਨ੍ਹਾਂ ਨੇ ਵੀ ਇਹ ਨਾਵਲ ਪੜ੍ਹਿਆ ਹੈ। ਇਸ ਲੇਖ ਵਿਚ ਪ੍ਰੋ. ਹਰਪਾਲ ਸਿੰਘ ਨੇ ਨਾਵਲ ਦੀਆਂ ਕਮੀਆਂ-ਬੇਸ਼ੀਆਂ ਦਾ ਲੇਖਾ-ਜੋਖਾ ਕੀਤਾ ਹੈ। -ਸੰਪਾਦਕ***

ਇਤਿਹਾਸਕ ਨਾਵਲ ਲਿਖਣ ਦੀ ਪਰੰਪਰਾ ਪੰਜਾਬੀ ਵਿਚ ਪੱਛਮ ਵੱਲੋਂ ਆਈ। ਆਧੁਨਿਕਤਾ ਵਿਚ ਕਦਮ ਰੱਖਦਿਆਂ ਹੀ ਪੰਜਾਬੀ ਸਾਹਿਤਕਾਰਾਂ ਨੇ ਇਸ ਵਿਧਾ ਉਪਰ ਹੱਥ ਅਜਮਾਇਆ। ਭਾਈ ਵੀਰ ਸਿੰਘ ਦੇ ਸੁੰਦਰੀ, ਬਿਜੇ ਸਿੰਘ, ਨੌਧ ਸਿੰਘ; ਸੋਹਣ ਸਿੰਘ ਸੀਤਲ ਦੇ ਸਿੱਖ ਰਾਜ ਕਿਵੇਂ ਬਣਿਆ, ਸਿੱਖ ਰਾਜ ਕਿਵੇਂ ਗਿਆ ਅਤੇ ਦੁਖੀਏ ਮਾਂ-ਪੁੱਤ ਵੱਡੀ ਗਿਣਤੀ ਵਿਚ ਛਪੇ ਤੇ ਪੜ੍ਹੇ ਗਏ। ਸੰਤ ਸਿੰਘ ਸੇਖੋਂ ਨੇ ਆਪਣੇ ਵਿਰਸੇ ਦੇ ਰੂਬਰ ਹੁੰਦਿਆਂ 'ਮੋਇਆਂ ਸਾਰ ਨ ਕਾਈ' ਨਾਟਕ

**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਰਚਿਆ ਜਿਸ ਦੇ ਸੰਵਾਦ ਦਿਲ ਛੂੰਹਦੇ ਹਨ। ਕਰਨਲ ਨਰਿੰਦਰ ਪਾਲ ਸਿੰਘ ਨੇ ਅਜਿਹੇ ਨਾਵਲਾਂ ਦੀ ਲੜੀ ਸਿਰਜ ਦਿੱਤੀ ਜਿਸ ਨੂੰ ਮਨਮੋਹਨ ਬਾਵਾ ਨਾਪਸੰਦ ਕਰਦਿਆਂ ਲਿਖਦਾ ਹੈ- ਨਰਿੰਦਪਾਲ ਤੋਂ ਮੈਂ ਸਿਖਿਆ ਕਿ ਇਤਿਹਾਸਕ ਨਾਵਲ ਉਸ ਵਰਗਾ ਬਿਲਕੁਲ ਨਹੀਂ ਲਿਖਣਾ ਚਾਹੀਦਾ।

ਬਾਵਾ ਦਾ ਜ਼ਿਕਰ ਆ ਹੀ ਗਿਆ ਤਾਂ ਇਕ ਟਿੱਪਣੀ ਦੇਣੀ ਜਰੂਰੀ ਸਮਝਦਾ ਹਾਂ। ਉਸ ਦੀਆਂ ਉਹ ਕਿਰਤਾਂ ਜਿਹੜੀਆਂ ਪੂਰਬ ਇਤਿਹਾਸ ਸੁਰਜੀਤ ਕਰਦੀਆਂ ਹਨ, ਲਾਜਵਾਬ ਹਨ ਜਿਵੇਂ ਅਜਾਤ ਸੁੰਦਰੀ ਵਿਚਲੀਆਂ ਸਾਰੀਆਂ ਕਹਾਣੀਆਂ। ਜਦੋਂ ਉਹ ਰਣਜੀਤ ਸਿੰਘ ਕਾਲ ਸਿਰਜਦਾ ਹੈ, ਸਫਲ ਨਹੀਂ ਹੁੰਦਾ। ਇਸ ਦਾ ਕਾਰਨ ਪਰਾਪੂਰਬਲੀਆਂ ਕਥਾਵਾਂ ਵਿਚ ਮਿਥਿਕ ਮੌਜੂਦ ਹਨ, ਉਥੇ ਕਲਪਨਾ ਤੋਂ ਬਗੈਰ ਹੋਰ ਕੁਝ ਹੈ ਹੀ ਨਹੀਂ ਤੇ ਬਾਵਾ ਕਲਪਨਾ ਦੇ ਦੇਸ਼ ਦਾ ਮਾਹਿਰ ਯਾਤਰੀ ਹੈ। ਸਿੱਖ ਰਾਜ ਅਜੇ ਦੋ ਸਦੀਆਂ ਪਹਿਲਾਂ ਦੀ ਗੱਲ ਹੈ, ਉਥੇ ਕਲਪਨਾ/ਮਿੱਥ ਘੜੀ ਨਹੀਂ ਜਾ ਸਕਦੀ, ਕੋਈ ਘੜਦਾ ਹੈ ਤਾਂ ਓਪਰੀ ਲਗਦੀ ਹੈ। ਬਾਵਾ ਅਤੇ ਬਲਦੇਵ ਸਿੰਘ ਦੇ ਸਿੱਖ ਪਾਤਰਾਂ ਦੀਆਂ ਗੱਲਾਂ ਬਣਾਉਟੀ ਲਗਦੀਆਂ ਹਨ, ਬੇਜਾਨ ਹਨ, ਬੇਰਸ ਹਨ।

ਇਤਿਹਾਸ ਹਾਜਰ ਹੋਵੇ ਤਾਂ ਇਤਿਹਾਸਕ ਨਾਵਲ ਦੀ ਲੋੜ ਕਿਉਂ ਪਈ? ਵੱਡੇ ਚਿੰਤਕਾਂ-ਗਲਪਕਾਰਾਂ ਨੂੰ ਲੱਗਿਆ, ਇਤਿਹਾਸ ਪੂਰੀ ਗੱਲ ਨਹੀਂ ਸੁਣਾ ਰਿਹਾ, ਕੁਝ ਖੱਪੇ ਪੂਰਨ ਵਾਲੇ ਹਨ, ਜਿਸ ਨਾਇਕ ਨੂੰ ਆਦਰਸ਼ ਮਿਥ ਕੇ ਪੜ੍ਹਦੇ ਆਏ, ਉਹ ਤਾਂ ਖਲਨਾਇਕ ਸੀ; ਜਿਨ੍ਹਾਂ ਨੂੰ ਦੁਰਕਾਰਦੇ ਰਹੇ, ਉਹ ਸਹੀ ਸਨ। ਕੈਕਈ ਅਤੇ ਰਾਵਣ ਨੂੰ ਪੁਰਾਤਨ ਰਮਾਇਣਾਂ ਵਿਚ ਬੁਰੇ, ਕਪਟੀ ਕਿਰਦਾਰ ਵਾਲੇ ਦਿਖਾਇਆ ਗਿਆ। ਆਧੁਨਿਕ ਸਾਹਿਤਕਾਰਾਂ ਨੇ ਕਿਹਾ, ਕੈਕਈ ਗਲਤ ਕਿਵੇਂ ਹੈ? ਉਸ ਨੇ ਆਦਰਸ਼ਕ ਮਾਂ ਦਾ ਰੋਲ ਨਿਭਾਇਆ। ਰਾਵਣ ਦੀ ਭੈਣ ਸਰੂਪਨਖਾ ਦਾ ਕੀ ਕਸੂਰ ਸੀ ਕਿ ਨੱਕ ਵੱਢ ਦਿਤਾ? ਰਾਵਣ ਨੇ ਸੀਤਾ ਨਾਲ ਕੋਈ ਬਦਸਲੂਕੀ ਨਹੀਂ ਕੀਤੀ, ਪੰਚਬਟੀ ਬਾਗ 'ਚ ਰੱਖੀ ਤੇ ਹਰਮ 'ਚ ਆਉਣ ਦੀ ਅਰਜ ਕੀਤੀ, ਜਬਰਦਸਤੀ ਨਹੀਂ ਕੀਤੀ।

ਮਹਾਰਾਜਾ ਰਣਜੀਤ ਸਿੰਘ ਬਾਰੇ ਪੰਜਾਬੀ, ਅੰਗਰੇਜ਼ੀ ਅਤੇ ਫਾਰਸੀ ਵਿਚ ਦਰਜਨਾਂ ਕਿਤਾਬਾਂ ਮਿਲਦੀਆਂ ਹਨ, ਦਰਬਾਰ ਦੇ ਖੈਰਖਾਹ ਲੋਕਾਂ ਨੇ ਵੀ ਲਿਖੀਆਂ, ਆਲੋਚਕ ਅੰਗਰੇਜ਼ਾਂ ਅਤੇ ਮੁਸਲਮਾਨਾਂ ਨੇ ਵੀ। ਲਿਖਣ-ਪੜ੍ਹਨ ਦਾ ਸਿਲਸਿਲਾ ਹੁਣ ਵੀ ਜਾਰੀ ਹੈ ਤੇ ਜਾਰੀ ਰਹੇਗਾ। ਮਹਾਰਾਜੇ ਉਪਰ ਇਕ ਲੰਮਾ ਲੇਖ ਮੈਂ ਵੀ ਲਿਖਿਆ ਤੇ ਉਸ ਬਾਰੇ ਜਾਣਕਾਰੀ ਹਾਸਲ ਕਰਨ ਦਾ ਸ਼ੌਕ ਅਜੇ ਕਾਇਮ ਹੈ।

ਬਲਦੇਵ ਸਿੰਘ ਦਾ ਛੇ ਸੌ ਪੰਨਿਆਂ ਦਾ ਨਾਵਲ ਆਇਆ। ਏਨਾ ਕੁਝ ਪੜ੍ਹਨ ਦਾ ਵਕਤ ਨਹੀਂ ਹੁੰਦਾ ਪਰ ਇਸ ਨਾਵਲ ਦੇ ਆਗਮਨ ਨਾਲ ਵਿਵਾਦ ਛਿੜ ਗਿਆ। ਫਿਲਮ 'ਦ ਬਲੈਕ ਪ੍ਰਿੰਸ' ਬਾਰੇ ਵੀ ਚਰਚਾ ਹੁੰਦੀ ਰਹੀ, ਮੇਰੇ ਪਾਠਕ ਇਸ ਨਾਵਲ ਅਤੇ ਫਿਲਮ ਬਾਰੇ ਮੇਰਾ ਪ੍ਰਤੀਕਰਮ ਜਾਣਨ ਦੇ ਇਛੁਕ ਸਨ। ਫਲਸਰੂਪ ਫਿਲਮ ਵੀ ਦੇਖਣੀ ਪਈ, ਨਾਵਲ ਵੀ ਪੜ੍ਹਨਾ ਪਿਆ। ਇਹ ਦੋਵੇਂ ਕਲਾਕ੍ਰਿਤਾਂ ਮੈਨੂੰ ਹਲਕੀਆਂ ਲੱਗੀਆਂ। ਦੋਵਾਂ ਨੂੰ ਆਪੋ ਆਪਣੀ ਮੰਜ਼ਿਲ ਦਾ ਪਤਾ ਨਹੀਂ। ਜੋ ਦਿਖਾਉਣਾ ਬਣਦਾ ਸੀ, ਸੋ ਨਹੀਂ ਹੈ। ਜੋ ਦਿਖਾਇਆ ਜਾ ਰਿਹਾ ਹੈ, ਉਸ ਦੀ ਲੋੜ ਨਹੀਂ। ਫਿਲਮ ਉਪਰ ਮੈਂ ਲਿਖਤੀ ਟਿੱਪਣੀ ਕਰ ਚੁਕਾ ਹਾਂ। ਨਾਵਲ ਬਾਰੇ ਦੱਸਣਾ ਜਰੂਰੀ ਹੈ।

ਬਹੁਤ ਸਾਰੇ ਕਲਮਕਾਰ ਆਖਦੇ ਹਨ ਕਿ ਰਣਜੀਤ ਸਿੰਘ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਸਾਰੇ ਪੰਜਾਬੀਆਂ ਦਾ ਨਾਇਕ ਹੈ। ਮੈਂ ਇਸ ਕਥਨ ਨਾਲ ਸਹਿਮਤ ਨਹੀਂ। ਉਹ ਕੇਵਲ ਸਿੱਖਾਂ ਦਾ ਨਾਇਕ ਹੈ। ਹਿੰਦੂ ਅਤੇ ਮੁਸਲਮਾਨ ਉਸ ਉਪਰ ਮਾਣ ਨਹੀਂ ਕਰਦੇ ਕਿਉਂਕਿ ਉਨ੍ਹਾਂ ਪਾਸ ਰਣਜੀਤ ਸਿੰਘ ਤੋਂ ਵੱਡੇ ਨਾਇਕ ਸਿੰਘਾਸਨਾਂ ਉਪਰ ਸੁਸ਼ੋਭਿਤ ਹੁੰਦੇ ਰਹੇ ਹਨ। ਮੋਰੀਆ ਰਾਜੇ, ਗੁਪਤ ਬੰਸੀ ਰਾਜੇ, ਸਮਰਾਟ ਅਸ਼ੋਕ, ਕਨਿਸ਼ਕ, ਹਿੰਦੂਆਂ ਤੇ ਬੋਧੀਆਂ ਦੇ ਪ੍ਰਤਾਪੀ ਰਾਜੇ ਹੋਏ ਤੇ ਬਾਬਰ, ਜਹਾਂਗੀਰ, ਅਕਬਰ, ਸ਼ਾਹ ਜਹਾਨ ਆਦਿਕ ਮੁਗਲ ਕਾਲੀ ਬਾਦਸ਼ਾਹ, ਮੁਸਲਮਾਨਾਂ ਦੇ ਨਾਇਕ ਹਨ।

ਮੁਸਲਮਾਨ ਔਰੰਗਜ਼ੇਬ ਨੂੰ ਪਸੰਦ ਕਰਦੇ ਹਨ, ਉਸ ਦੀ ਨਿੰਦਾ ਉਨ੍ਹਾਂ ਨੂੰ ਚੰਗੀ ਨਹੀਂ ਲਗਦੀ ਜਦੋਂ ਕਿ ਹਿੰਦੂਆਂ-ਸਿੱਖਾਂ ਲਈ ਉਹ ਖਲਨਾਇਕ ਹੈ। ਇਹ ਸਾਰੇ ਸਮਰਾਟ ਰਣਜੀਤ ਸਿੰਘ ਤੋਂ ਕਿਤੇ ਵੱਡੇ ਰਾਜਭਾਗ ਦੇ ਮਾਲਕ ਸਨ ਤੇ ਨੀਤੀਆਂ ਘੜਨ ਦੇ ਮਾਹਿਰ। ਸਿੱਖਾਂ ਕੋਲ ਲੈ ਦੇ ਕੇ ਦੋ ਨਾਮ ਬਚਦੇ ਹਨ, ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ। ਬਾਬਾ ਬੰਦਾ ਸਿੰਘ ਉਪਰ ਲਿਖਣ ਵਾਸਤੇ ਜਦੋਂ ਮੈਂ ਸਮੱਗਰੀ ਦੀ ਦੇਖ ਭਾਲ ਕਰ ਰਿਹਾ ਸਾਂ, ਮੈਨੂੰ ਉਹ ਬਾਦਸ਼ਾਹ ਬਹੁਤ ਘੱਟ ਅਤੇ ਫਕੀਰ ਬਹੁਤ ਵੱਡਾ ਲੱਗਾ। ਆਖਰ ਉਸ ਨੇ ਦਸਮ ਪਾਤਸ਼ਾਹ ਦੇ ਚਰਨਾਂ ਦੀ ਛੁਹ ਪ੍ਰਾਪਤ ਕੀਤੀ ਸੀ। ਰਣਜੀਤ ਸਿੰਘ ਬਿਲਕੁਲ ਉਸ ਤਰ੍ਹਾਂ ਦਾ ਸੀ ਜਿਸ ਤਰ੍ਹਾਂ ਦੇ ਦੁਨੀਆਂਦਾਰ ਹੋਇਆ ਕਰਦੇ ਹਨ।

ਬਲਦੇਵ ਸਿੰਘ ਨੇ ਸ੍ਰੋਤ ਇਕੱਠੇ ਕੀਤੇ, ਪੜ੍ਹੇ, ਮੈਨੂੰ ਇਸ ਵਿਚ ਭੋਰਾ ਸ਼ੱਕ ਨਹੀਂ। ਉਸ ਨੂੰ ਪਤਾ ਨਹੀਂ ਲਗਦਾ, ਇਨ੍ਹਾਂ ਦਾ ਕਰਨਾ ਕੀ ਹੈ? ਪੀਣ ਖਾਣ ਵਾਸਤੇ ਰਸੋਈ ਰਸਦਾਂ ਨਾਲ ਭਰੀ ਪਈ ਹੈ ਪਰ ਮਾਲਕਣ ਨੂੰ ਜੇ ਪਕਾਉਣ ਦੀ ਜਾਚ ਨਹੀਂ, ਸਲੀਕੇ ਨਾਲ ਵਰਤਾਉਣ ਦੀ ਜਾਚ ਨਹੀਂ, ਫਿਰ ਕੀ ਲਾਭ? ਬਲਦੇਵ ਸਿੰਘ ਨੇ ਜੇ ਇਤਿਹਾਸ ਦੀ ਕਿਤਾਬ ਲਿਖਣੀ ਹੁੰਦੀ ਫਿਰ ਉਹ ਇਸ ਵਿਚ ਕਲਪਿਤ ਸੰਵਾਦ ਘੜ ਦੇ ਨਹੀਂ ਸੀ ਪਾ ਸਕਦਾ। ਲਿਖ ਉਹ ਨਾਵਲ ਰਿਹਾ ਹੈ ਫਿਰ ਫੁੱਟਨੋਟ ਕਿਉਂ ਦਿੰਦਾ ਜਾਂਦਾ ਹੈ? ਨਾਵਲਕਾਰੀ ਫੁੱਟਨੋਟਾਂ ਦੀ ਮੁਥਾਜ ਨਹੀਂ ਹੁੰਦੀ। ਨਾਵਲਕਾਰ ਨਿਰਣਾ ਨਹੀਂ ਕਰ ਸਕਿਆ ਕਿ ਹੀਰੋ ਨੂੰ ਚੰਗਾ ਦਿਖਾਉਣਾ ਹੈ ਕਿ ਮਾੜਾ।

ਮੇਰਾ ਰਣਜੀਤ ਸਿੰਘ ਉਤੇ ਲਿਖਿਆ ਲੇਖ ਪੜ੍ਹ ਕੇ ਇਕ ਮਿੱਤਰ ਨੇ ਫੋਨ ਕੀਤਾ, ਤੇਰੀ ਲਿਖਤ ਪੜ੍ਹ ਲਈ ਹੈ। ਇਹ ਦੱਸ, ਰਣਜੀਤ ਸਿੰਘ ਵਿਚ ਕੋਈ ਨੁਕਸ ਨਹੀਂ ਸੀ? ਮੈਂ ਕਿਹਾ, ਤੇਰੀ ਲਿਖਤ ਪੜ੍ਹੀ ਸੀ, ਇਹ ਦੱਸ ਰਣਜੀਤ ਸਿੰਘ ਵਿਚ ਗੁਣ ਨਹੀਂ ਸੀ? ਔਗੁਣ ਹੀ ਔਗੁਣ ਲਿਖੇ ਦੇਖੇ ਤਾਂ ਸਮਤੋਲ ਕਾਇਮ ਕਰਨ ਲਈ ਮੈਂ ਗੁਣ ਹੀ ਗੁਣ ਲਿਖ ਦਿੱਤੇ। ਜੇ ਤੂੰ ਕੋਈ ਗੁਣ ਲਿਖਦਾ, ਮੈਂ ਕੋਈ ਔਗੁਣ ਵੀ ਲਿਖ ਸਕਦਾ ਫਿਰ।

ਰਣਜੀਤ ਸਿੰਘ ਨੂੰ ਲਾਹੌਰ ਵਿਚ ਹੋਲੀ ਖੇਡਦਾ ਦਿਖਾਇਆ ਹੈ, ਸ਼ਰਾਬ ਪੀਤੀ ਹੋਈ ਹੈ, ਹਾਥੀ ਉਪਰ ਮੋਰਾਂ ਆਪਣੇ ਨਾਲ ਬਿਠਾ ਰੱਖੀ ਹੈ, ਰੰਗ ਪਾਉਂਦਿਆਂ ਪਾਉਂਦਿਆਂ ਸਰਦਾਰ ਇਕ ਦੂਜੇ ਨੂੰ ਪੱਥਰ ਮਾਰਨ ਲਗਦੇ ਹਨ, ਜੁੱਤੀਆਂ ਮਾਰਨ ਲਗਦੇ ਹਨ। ਸਰਕਾਰ ਖਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂ.ਪੀ., ਸੀ.ਪੀ. ਦੇ ਗਰੀਬ ਲੋਕ ਤਾਂ ਖੇਡਦੇ ਦੇਖੇ ਹਨ, ਇਕ ਦੂਜੇ ਉਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ, ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ।

***ਆਪਣੇ ਵਜ਼ੀਰਾਂ, ਅਫਸਰਾਂ ਨਾਲ ਗੱਲਾਂ ਕਰਦਿਆਂ ਰਣਜੀਤ ਸਿੰਘ ਤੋਂ ਜਿਹੜੇ ਵਾਕ ਬੁਲਵਾਏ ਗਏ ਹਨ, ਉਹ ਨੀਵੀਂ ਪੱਧਰ ਦੇ ਹਨ। ਚੇਤੇ ਰਹੇ, ਰਣਜੀਤ ਸਿੰਘ ਹਲ ਵਾਹੁੰਦਾ ਵਾਹੁੰਦਾ ਅਚਾਨਕ ਇਕ ਦਿਨ ਮਹਾਰਾਜੇ ਦੀ ਗੱਦੀ 'ਤੇ ਨਹੀਂ ਬੈਠ ਗਿਆ ਸੀ। ਮਹਾਰਾਜੇ ਦੇ ਬਾਬਾ ਚੜ੍ਹਤ ਸਿੰਘ ਦਾ ਬਾਬਾ, ਬੁੱਢਾ ਸਿੰਘ ਗੁਰੂ ਹਰਿਰਾਇ ਦਾ ਸਿੱਖ ਸਜਿਆ ਜਿਸ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਤੇ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਸੂਰਮਗਤੀ ਦੇ ਜੌਹਰ ਦਿਖਾਏ।***




ਆਪਣੇ ਵਜ਼ੀਰਾਂ, ਅਫਸਰਾਂ ਨਾਲ ਗੱਲਾਂ ਕਰਦਿਆਂ ਰਣਜੀਤ ਸਿੰਘ ਤੋਂ ਜਿਹੜੇ ਵਾਕ ਬੁਲਵਾਏ ਗਏ ਹਨ, ਉਹ ਨੀਵੀਂ ਪੱਧਰ ਦੇ ਹਨ। ਚੇਤੇ ਰਹੇ, ਰਣਜੀਤ ਸਿੰਘ ਹਲ ਵਾਹੁੰਦਾ ਵਾਹੁੰਦਾ ਅਚਾਨਕ ਇਕ ਦਿਨ ਮਹਾਰਾਜੇ ਦੀ ਗੱਦੀ 'ਤੇ ਨਹੀਂ ਬੈਠ ਗਿਆ ਸੀ। ਮਹਾਰਾਜੇ ਦੇ ਬਾਬਾ ਚੜ੍ਹਤ ਸਿੰਘ ਦਾ ਬਾਬਾ, ਬੁੱਢਾ ਸਿੰਘ ਗੁਰੂ ਹਰਿਰਾਇ ਦਾ ਸਿੱਖ ਸਜਿਆ ਜਿਸ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਤੇ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਸੂਰਮਗਤੀ ਦੇ ਜੌਹਰ ਦਿਖਾਏ। ਮਿਸਲ ਸ਼ੁਕਰਚੱਕ ਦੀ ਸਥਾਪਨਾ ਬੁੱਢਾ ਸਿੰਘ ਨੇ ਕਰ ਦਿੱਤੀ ਸੀ। ਇਨ੍ਹਾਂ ਸਰਦਾਰਾਂ ਵਿਚ ਬੋਲ ਬਾਣੀ ਦਾ ਸਲੀਕਾ ਪੁਸ਼ਤਾਂ ਤੋਂ ਤੁਰਿਆ ਆਇਆ ਸੀ। ਵੈਸੇ ਵੀ ਮਝੈਲ, ਰਹਿਣ ਸਹਿਣ, ਬੋਲਣ ਚਲਣ ਵਿਚ ਬਾਕੀ ਦੇ ਪੰਜਾਬੀਆਂ ਤੋਂ ਅੱਗੇ ਸਨ ਤੇ ਹਨ।

ਜੋ ਕੁਝ ਸਾਡੇ ਸਾਹਮਣੇ ਪਏ ਸਰੋਤਾਂ ਵਿਚ ਮੌਜੂਦ ਹੈ, ਉਹ ਉਵੇਂ ਦਾ ਉਵੇਂ ਪਾਠਕਾਂ ਅੱਗੇ ਨਹੀਂ ਰੱਖਣਾ ਹੁੰਦਾ। ਛਾਣਨੀ ਨਹੀਂ ਤਾਂ ਰੋਟੀਆਂ ਵਿਚ ਕੋੜਕੂ, ਕੰਕਰ ਆਉਣਗੇ ਹੀ ਆਉਣਗੇ। ਸਾਲ 1975 ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ ਸੀ। ਵਿਦਵਾਨਾਂ ਨੇ ਖੋਜ ਪੱਤਰ ਲਿਖੇ, ਪੜ੍ਹੇ। ਡਾ. ਫੌਜਾ ਸਿੰਘ ਨੇ ਇਕ ਲੇਖ ਵਿਚ ਗੁਲਾਮ ਹੁਸੈਨ ਦਾ ਹਵਾਲਾ ਦੇ ਦਿਤਾ ਜਿਸ ਨੇ ਗੁਰੂ ਜੀ ਬਾਰੇ ਲਿਖਿਆ ਸੀ ਕਿ ਉਹ ਲੁੱਟ ਮਾਰ ਕਰਿਆ ਕਰਦੇ ਸਨ। ਮੂਲ ਫਾਰਸੀ ਵਾਕ ਦਾ ਅੰਗਰੇਜ਼ੀ ਉਲਥਾ ਸੀ, "(Guru) Tegh Bahadur used to commit plunder and rapine." ਇਸ ਇਕ ਵਾਕ ਨੇ ਫੌਜਾ ਸਿੰਘ ਦੇ ਸਾਰੇ ਕੈਰੀਅਰ ਨੂੰ ਮਿੱਟੀ ਵਿਚ ਮਿਲਾ ਦਿੱਤਾ। ਥਾਂ ਥਾਂ ਲਿਖਤੀ ਤੇ ਜ਼ਬਾਨੀ ਮਾਫੀਆਂ ਮੰਗਦਾ ਫਿਰਿਆ। ਫੌਜਾ ਸਿੰਘ ਖਿਲਾਫ ਆਖਰੀ ਸਟੀਕ ਲੇਖ ਸ. ਕਪੂਰ ਸਿੰਘ ਨੇ ਲਿਖਿਆ, 1977 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਪੜ੍ਹਿਆ ਜਿਸ ਦਾ ਸਿਰਲੇਖ ਸੀ, Who killed Guru Teg Bahadar, ਗੁਲਾਮ ਹੁਸੈਨ ਦਾ ਹਵਾਲਾ ਫੌਜਾ ਸਿੰਘ ਨੇ ਮਨਘੜਤ ਨਹੀਂ ਸੀ ਦਿੱਤਾ, ਮੌਜੂਦ ਹੈ। ਫੌਜਾ ਸਿੰਘ ਨੇ ਉਸ ਦਾ ਵਾਕ ਲਿਖ ਦਿਤਾ, ਵਾਕ ਦੀ ਵਜ਼ਾਹਤ ਨਹੀਂ ਕੀਤੀ, ਸਮਝਿਆ ਗਿਆ ਕਿ ਫੌਜਾ ਸਿੰਘ, ਗੁਲਾਮ ਹੁਸੈਨ ਨਾਲ ਸਹਿਮਤ ਹੈ।

ਸਦਾ ਕੌਰ ਆਪਣੇ ਜਵਾਈ ਰਣਜੀਤ ਸਿੰਘ ਨੂੰ ਹਰ ਥਾਂ 'ਕਾਕਾ ਜੀ' ਕਹਿ ਕੇ ਗੱਲ ਕਰਦੀ ਹੈ। ਉਨ੍ਹਾਂ ਦਿਨਾਂ ਵਿਚ ਕੀ, ਪਿਛਲੀ ਵੀਹਵੀਂ ਸਦੀ ਤੱਕ ਜਵਾਈਆਂ ਨੂੰ 'ਸਾਊ' ਕਿਹਾ ਜਾਂਦਾ ਸੀ ਕਾਕਾ ਜੀ ਨਹੀਂ। ਕਾਕਾ ਜੀ ਪਿਛਲੇ ਤੀਹ ਕੁ ਸਾਲਾਂ ਦੇ ਸਮੇਂ ਵਿਚ ਵਿਕਸਿਤ ਹੋਇਆ ਹੈ। ਪੰਜਾਬੀ ਦੇ ਇਕ ਉਘੇ ਨਾਵਲਕਾਰ ਨੇ ਤਾਂ ਲਿਖਤ ਵਿਚ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਵੀ ਕਾਕਾ ਜੀ ਲਿਖ ਦਿਤਾ ਸੀ।

ਵਡੇਰੀਆਂ ਔਰਤਾਂ ਨੂੰ ਸ਼ਰਾਬਣਾਂ, ਕਬਾਬਣਾਂ ਤੇ ਦੁਰਾਚਾਰਨੀਆਂ ਦਿਖਾ ਕੇ ਚਟਖਾਰੇ ਲਏ ਹਨ। ਲਿਖਿਆ ਹੈ, ਜਦੋਂ ਮਹਾਰਾਣੀ ਜਿੰਦਾਂ ਨਾਲ ਵਿਆਹ ਹੋਇਆ ਉਦੋਂ ਤਾਂ ਰਣਜੀਤ ਸਿੰਘ ਨਪੁੰਸਕ ਹੋ ਚੁੱਕਾ ਸੀ, ਗੱਲਾਂ ਹੋ ਰਹੀਆਂ ਹਨ ਕਿ ਦਲੀਪ ਸਿੰਘ ਮਹਾਰਾਜੇ ਦਾ ਨਹੀਂ ਮਾਸ਼ਕੀ ਦਾ ਬੀਜ ਹੈ, ਹਰਾਮੀ ਸ਼ਾਹਜ਼ਾਦਾ। ਇਸੇ ਤਰ੍ਹਾਂ ਰਾਣੀ ਮਹਿਤਾਬ ਕੌਰ ਦੇ ਦੋ ਜੌੜੇ ਬੇਟੇ ਜਨਮ ਲੈਂਦੇ ਹਨ ਤਾਂ ਰਣਜੀਤ ਸਿੰਘ ਨੂੰ ਪਤਾ ਸੀ ਕਿ ਇਕ ਲੜਕਾ ਧੋਬੀ ਦਾ ਹੈ, ਦੂਜਾ ਸਦਾ ਕੌਰ ਦੀ ਇਕ ਨੌਕਰਾਣੀ ਦਾ। ਨਮੋਸ਼ੀ ਤੋਂ ਬਚਣ ਲਈ ਰਣਜੀਤ ਸਿੰਘ ਨੇ ਖੁਸ਼ੀ ਮਨਾਉਣ ਦਾ ਹੁਕਮ ਦਿੱਤਾ। (ਪੰਨਾ 209)

ਹਕੀਮ ਮਹਾਰਾਜਾ ਨੂੰ ਦਵਾਈ ਦੇਣ ਆਇਆ ਤਾਂ ਆਪਣੇ ਜੁਆਨ ਬੇਟੇ ਅਜੀਜ਼ਉਦੀਨ ਨੂੰ ਵੀ ਨਾਲ ਲਿਆਇਆ। ਇਸ ਜੁਆਨ ਦੀ ਜ਼ਬਾਨ ਏਨੀ ਬਾਅਦਬ ਸੀ ਕਿ ਮਹਾਰਾਜੇ ਨੇ ਹਕੀਮ ਨੂੰ ਕਿਹਾ, ਇਹ ਬੇਟਾ ਸਾਡੇ ਮਹਿਲਾਂ ਵਿਚ ਰਹੇਗਾ। ਜਿਸ ਸ਼ਖਸ ਵਿਚ ਖੁਦ ਸਲੀਕਾ ਨਾ ਹੋਵੇ, ਉਸ ਨੂੰ ਸਲੀਕੇਦਾਰ ਲੋਕ ਚੰਗੇ ਨਹੀਂ ਲਗਿਆ ਕਰਦੇ। ਮਹਾਰਾਜਾ ਆਪਣੇ ਤੋਂ ਛੋਟਿਆਂ ਨੂੰ ਵੀ ਤੁਸੀਂ ਕਹਿ ਕੇ ਬੁਲਾਉਂਦਾ ਸੀ। ਇਸ ਨਾਵਲ 'ਚ ਉਹ ਆਪਣੇ ਵਜ਼ੀਰਾਂ ਨਾਲ ਇਕ ਵਚਨ 'ਚ ਤੂੰ ਤੂੰ ਕਹਿ ਕੇ ਗੱਲ ਕਰਦਾ ਹੈ।

ਸਰਕਾਰ ਖਾਲਸਾ ਦੀ ਮਾਇਕ ਹਾਲਤ ਏਨੀ ਮਾੜੀ ਹੋ ਗਈ ਕਿ ਮਹਾਰਾਜੇ ਨੇ ਸਾਰੇ ਮੁਲਾਜ਼ਮਾਂ ਨੂੰ ਦੋ ਦੋ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣ ਲਈ ਕਿਹਾ। ਬਾਕੀ ਤਾਂ ਮੰਨ ਗਏ, ਜਰਨੈਲ ਐਲਾਰਡ ਅਤੇ ਵੈਨਤੂਰਾ ਅੜ ਗਏ, ਤਨਖਾਹ ਜਮ੍ਹਾਂ ਨਹੀਂ ਕਰਵਾਈ। ਮਹਾਰਾਜੇ ਨੇ ਤਲਬ ਕਰ ਲਏ। ਦਰਬਾਰ ਦੀ ਸਾਰੀ ਮਰਿਆਦਾ ਭੁਲਾ ਕੇ ਉਨ੍ਹਾਂ ਨੂੰ ਮਾਂਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗਾ। ਖੰਜਰ ਲੈ ਕੇ ਉਨ੍ਹਾਂ ਉਪਰ ਝਪਟਿਆ। (ਪੰਨਾ 409)

ਫਕੀਰ ਅਜੀਜ਼ਉਦੀਨ ਹੈਨਰੀ ਕੁਰਟ ਅਤੇ ਅਵੀਤਾਬੇਲ ਨੂੰ ਮਹਾਰਾਜੇ ਅੱਗੇ ਪੇਸ਼ ਕਰਦਿਆਂ ਆਖਦਾ ਹੈ, ਮਹਾਰਾਜ ਇਹ ਇਤਾਲਵੀ ਅਵੀਤਾਬੇਲ ਥੋੜਾ ਹਰਾਮੀ ਜਾਪਦਾ ਏ (ਪੰਨਾ 420)। ਇਹ ਦੋਵੇਂ ਸਰਕਾਰ ਖਾਲਸਾ ਦੇ ਜਰਨੈਲ ਹਨ। ਪੰਨਾ 430, 431 ਉਪਰ ਲੈਲੀ ਨੂੰ ਘੋੜਾ ਦਸਦਾ ਹੈ ਪਰ ਪੰਨਾ 594, 595 ਉਪਰ ਲੈਲੀ ਅਚਾਨਕ ਘੋੜੀ ਹੋ ਗਈ। ਘੋੜਿਆਂ ਦੇ ਵਪਾਰੀ ਜੋ ਮੁੱਲ ਮੰਗਦੇ ਹਨ, ਮਹਾਰਾਜੇ ਨੂੰ ਮਨਜੂਰ ਨਹੀਂ। ਹੁਕਮ ਦਿੰਦਾ ਹੈ, ਵਪਾਰੀਆਂ ਨੂੰ ਕੋੜੇ ਮਾਰੋ। ਕੋੜੇ ਖਾ ਕੇ ਵਪਾਰੀ ਜਿੰਨੇ ਪੈਸੇ ਮਿਲੇ, ਲੈ ਕੇ ਤੁਰਨ ਦੀ ਕਰਦੇ ਹਨ (ਪੰਨਾ 431)। ਨਪੁੰਸਕ ਰਾਜੇ ਦੀਆਂ ਰਾਣੀਆਂ ਪੁੱਤਰ ਜੰਮਦੀਆਂ ਰਹੀਆਂ, ਉਹ ਖੁਸ਼ੀਆਂ ਮਨਾਉਂਦਾ ਰਿਹਾ (444)।

ਦੂਤ ਖੁਸ਼ਖਬਰੀ ਸੁਣਾਉਂਦਾ ਹੈ, "ਮਹਾਰਾਜ, ਕੁੰਵਰ ਖੜਕ ਸਿੰਘ ਨੇ ਮਿਠਨਕੋਟ 'ਤੇ ਕਬਜ਼ਾ ਕਰ ਲਿਆ ਹੈ। ਹੁਣ ਉਸ ਨੇ ਸ਼ਿਕਾਰਪੁਰ ਉਪਰ ਕਬਜ਼ਾ ਕਰਨ ਦੀ ਆਗਿਆ ਮੰਗੀ ਹੈ।" ਦੂਤ ਨੇ ਕੁੰਵਰ ਵਾਸਤੇ ਉਸ ਨੇ ਸ਼ਬਦ ਵਰਤੇ ਹਨ, ਉਨ੍ਹਾਂ ਨੇ ਨਹੀਂ।

ਸਹੂਲਤ ਲਈ ਅਤੇ ਖੁਦ ਨੂੰ ਖਤਰਨਾਕ ਖਿਆਲਾਂ ਤੋਂ ਨਿਰਲੇਪ ਕਰਨ ਲਈ ਲੇਖਕ ਨੇ ਇਕ ਪਾਤਰ ਘੜ ਲਿਆ ਹੈ, ਪ੍ਰੋਫੈਸਰ ਕੌਤਕੀ। ਕੌਤਕੀ ਲਫਜ਼ ਆਪਣੇ ਆਪ ਵਿਚ ਹਲਕਾ ਹੈ, ਜਿਵੇਂ ਮਦਾਰੀ। ਕੌਤਕ ਕੋਈ ਨਹੀਂ ਦਿਖਾਉਂਦਾ, ਮਹਾਰਾਜੇ ਦਾ ਨਿਘਰਿਆ ਰੂਪ ਪੇਸ਼ ਕਰਦਾ ਹੈ। ਇਹ ਪਾਤਰ ਸੰਜੀਦਾ ਹੋਣ ਦੀ ਥਾਂ ਰਾਮਲੀਲਾ ਦਾ ਮਖੌਲੀਆ ਵਧੀਕ ਲਗਦਾ ਹੈ। ਜਿਸ ਤੋਂ ਵਧੀਕ ਗੰਭੀਰਤਾ ਦੀ ਉਮੀਦ ਸੀ, ਉਹੀ ਵਾਰ ਵਾਰ ਸੰਜੀਦਗੀ ਵਿਚ ਤ੍ਰੇੜਾਂ ਪਾਉਂਦਾ ਹੈ। ਇਸ ਨਾਵਲ ਨਾਲ ਨਾ ਇਤਿਹਾਸ ਵਿਚ ਕੋਈ ਵਾਧਾ ਹੋਇਆ, ਨਾ ਨਾਵਲਕਾਰੀ ਵਿਚ।

ਪਾਠਕਾਂ ਨੂੰ ਤੈਸ਼ ਵਿਚ ਆ ਕੇ ਲੇਖਕ ਵਾਸਤੇ ਅਪਸ਼ਬਦ ਨਹੀਂ ਬੋਲਣੇ ਚਾਹੀਦੇ। ਰਣਜੀਤ ਸਿੰਘ ਸਿੱਖਾਂ ਦਾ ਕੋਈ ਧਾਰਮਿਕ ਨੇਤਾ ਨਹੀਂ ਹੈ। ਸਖਤ ਦਿਲ ਸਖਤ ਜਾਨ ਹੈ, ਚਤਰ ਹੈ, ਸਵਾਰਥੀ ਹੈ, ਲੋਭੀ ਹੈ, ਰੋਮਾਂਟਿਕ ਹੈ-ਰਾਜੇ ਇਸੇ ਤਰ੍ਹਾਂ ਦੇ ਹੋਇਆ ਕਰਦੇ ਹਨ। ਦੇਖਣਾ ਇਹ ਹੈ ਕਿ ਹਜ਼ਾਰ ਔਗੁਣਾਂ ਦੇ ਹੁੰਦਿਆਂ ਉਸ ਨੇ ਅੱਧੀ ਸਦੀ ਤੱਕ 8% ਸਿੱਖਾਂ ਦਾ ਰਾਜ 92% ਪਰਜਾ ਉਪਰ ਕਰਵਾਇਆ ਜਿਸ ਦੇ ਜਿਉਂਦਿਆਂ ਕਿਸੇ ਨੇ ਗੱਦਾਰੀ ਨਹੀਂ ਕੀਤੀ। ਏਸ਼ੀਆ ਵਿਚ ਮੁਸਲਮਾਨਾਂ ਦੇ ਰਾਜ ਸਮੇਂ ਕੇਵਲ ਰਣਜੀਤ ਸਿੰਘ ਇਹ ਜੁਰਅਤ ਕਰ ਸਕਿਆ ਕਿ ਮੁਸਲਮਾਨ ਦੇਸ਼ਾਂ ਵਿਚਕਾਰ ਘਿਰਿਆ ਹੋਣ ਦੇ ਬਾਵਜੂਦ ਉਸ ਨੇ ਮੁਸਲਮਾਨ ਵਜ਼ੀਰ ਅਤੇ ਜਰਨੈਲ ਰੱਖੇ। ਕਿਸੇ ਮੁਸਲਮਾਨ ਵਜੀਰ ਜਾਂ ਜਰਨੈਲ ਨੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਾਜਿਸ਼ਾਂ ਵਿਚ ਹਿੱਸਾ ਨਹੀਂ ਲਿਆ, ਗੱਦਾਰੀ ਨਹੀਂ ਕੀਤੀ। ਮਾਖੇ ਖਾਨ ਅੰਗਰੇਜ਼ਾਂ ਉਪਰ ਤੋਪਾਂ ਦੇ ਗੋਲੇ ਦਾਗਦਾ ਰਿਹਾ। ਅੰਗਰੇਜ਼ਾਂ ਨੂੰ ਤੀਸਰੀ ਜਾਤ ਕਹਿੰਦਿਆਂ ਸ਼ਾਹ ਮੁਹੰਮਦ ਲਿਖਦਾ ਹੈ,

ਸੁਖੀ ਬਹੁਤ ਵੱਸਣ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ।

## ਮਿਨੀ ਕਹਾਣੀ

### ਸੁਮਨ ਬਾਲਾ

ਮੈਡਮ ਸੁਮਨ ਬਾਲਾ ਬਿਮਾਰ ਹੋਣ ਕਰਕੇ ਪਿੱਛਲੇ ਦੋ ਹਫਤਿਆਂ ਤੋਂ ਡੀ.ਐਮ.ਸੀ ਹਸਪਤਾਲ ਦਾਖਲ ਸੀ। ਬੋਰਡ ਵੱਲੋਂ ਬਾਰਵੀਂ ਦੀ ਪ੍ਰੀਖਿਆ ਵਿਚ ਉਸ ਦੀ ਉਪ ਸੁਪਰਡੈਂਟ ਦੀ ਡਿਊਟੀ ਲੱਗੀ ਹੋਈ ਸੀ। ਡਿਊਟੀ ਕਰਨ ਦੇ ਅਸਮਰੱਥ ਹੋਣ ਕਰਕੇ ਉਸ ਨੇ ਸਕੂਲ ਦੇ ਪ੍ਰਿੰਸੀਪਲ ਬਲਜੀਤ ਰਾਮ ਨੂੰ ਆਪਣਾ ਮੈਡੀਕਲ ਸਰਟੀਫਿਕੇਟ ਭੇਜ ਦਿੱਤਾ।

ਬਲਜੀਤ ਰਾਮ ਨੇ ਪਾਲੀ ਪੀਅਨ ਨੂੰ ਬੁਲਾਇਆ ਤੇ ਸਿਫਾਰਸ਼ ਸਮੇਤ ਸੁਮਨ ਬਾਲਾ ਦਾ ਕੇਸ ਹਮਦਰਦੀ ਨਾਲ ਵਿਚਾਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਨੂੰ ਭੇਜ ਦਿੱਤਾ। ਪਾਲੀ ਨੇ ਦਫਤਰ ਪਹੁੰਚ ਕੇ ਸਿੱਖਿਆ ਅਫਸਰ ਮੈਡਮ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਪ੍ਰਿੰਸੀਪਲ ਵਲੋਂ ਦਿੱਤਾ ਗਿਆ ਪੁਲੰਦਾ ਅੱਗੇ ਰੱਖ ਦਿੱਤਾ।

"ਕੀ ਹੈ ਇਹ?"

"ਜੀ! ਸਾਡੇ ਮੈਡਮ ਬਿਮਾਰ ਹਨ ਇਸ ਲਈ ਡਿਊਟੀ ਨਹੀਂ ਦੇ ਸਕਦੇ।"

"ਕੀ ਗੱਲ ਉਹਨੇ ਹੁਣੇ ਹੀ ਬਿਮਾਰ ਹੋਣਾ ਸੀ?" ਮੈਡਮ ਨੇ ਗੁੱਸੇ ਨਾਲ ਕਾਗਜ਼ ਵਗਾਹ ਕੇ ਮਾਰਦਿਆਂ ਕਿਹਾ।

ਪਾਲੀ ਨਿਮੋਝੂਣਾ ਜਿਹਾ ਹੋ ਕੇ ਕਾਗਜ਼ ਸਮੇਟਣ ਲੱਗਾ। ਇਸ ਸਮੇਂ ਇਕ ਅਧੇੜ ਉਮਰ ਦਾ ਅੱਪ-ਟੂ-ਡੇਟ ਵਿਅਕਤੀ ਜ਼ਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਆਇਆ ਤੇ ਕਹਿਣ ਲੱਗਾ, "ਮੈਡਮ ਮੈਨੂੰ ਮੰਤਰੀ ਸਾਹਿਬ ਦੇ ਪੀ. ਏ. ਬਹਾਦਰ ਸਿੰਘ ਨੇ ਤੁਹਾਡੇ ਕੋਲ ਭੇਜਿਆ ਹੈ।"

"ਹਾਂ ਜੀ! ਸਰ, ਕੀ ਹੁਕਮ ਹੈ?" ਮੈਡਮ ਨੇ ਮੁਸਕਰਾਉਂਦਿਆਂ ਕਿਹਾ।


"ਮੈਡਮ! ਆਹ ਦੋ ਡਿਊਟੀਆਂ ਕਟਵਾਉਣੀਆਂ ਨੇ। ਇਨ੍ਹਾਂ ਅਧਿਆਪਕਾਂ ਨੇ ਜਾਣਾ ਨਹੀਂ।"

"ਕੋਈ ਗੱਲ ਨਹੀਂ ਜੀ, ਪੀ.ਏ. ਸਾਹਿਬ ਨੂੰ ਕਹਿ ਦਿਉ ਬੇਫਿਕਰ ਰਹਿਣ।" ਕਹਿੰਦਿਆਂ ਮੈਡਮ ਨੇ ਉਹ ਕਾਗਜ਼ ਆਪਣੇ ਇੱਕ ਸਹਾਇਕ ਨੂੰ ਫੜਾ ਦਿੱਤੇ।

-ਰਮੇਸ਼ ਬੱਗਾ ਚੋਹਲਾ
ਫੋਨ: 91-94631-32719

# ਕਰੈਕਟਰ ਅਤੇ ਚਰਿੱਤਰ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਅੰਗਰੇਜ਼ੀ ਦੇ ਸ਼ਬਦ ਕਰੈਕਟਰ ਨੂੰ ਪੰਜਾਬੀ ਵਿਚ ਚਰਿਤਰ ਅਨੁਵਾਦਿਆ ਜਾਂਦਾ ਹੈ। ਧੁਨੀ ਅਤੇ ਅਰਥ ਪੱਖੋਂ ਮਿਲਦੇ-ਜੁਲਦੇ ਹੋਣ ਕਰਕੇ ਡਾ. ਹਰਭਜਨ ਸਿੰਘ ਦੇਹਰਾਦੂਨ ਸਮੇਤ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਦੋਨੋਂ ਸ਼ਬਦ ਸਜਾਤੀ ਅਰਥਾਤ ਇਕੋ ਸ੍ਰੋਤ ਤੋਂ ਉਪਜੇ ਹਨ। ਚਲੋ, ਪਹਿਲਾਂ ਕਰੈਕਟਰ ਦਾ ਕਰੈਕਟਰ ਪਰਖੀਏ।

ਅੰਗਰੇਜ਼ੀ ਕਰੈਕਟਰ ਨੂੰ ਅਸੀਂ ਪੰਜਾਬੀ ਵਿਚ ਮੁਖ ਤੌਰ 'ਤੇ ਚਰਿੱਤਰ ਜਾਂ ਚਾਲ-ਚਲਨ ਦੇ ਅਰਥਾਂ ਵਜੋਂ ਜਾਣਦੇ ਵੀ ਹਾਂ ਤੇ ਆਮ ਤੌਰ 'ਤੇ ਵਰਤਦੇ ਵੀ ਹਾਂ। ਮਿਸਾਲ ਵਜੋਂ ਸਕੂਲ ਛੱਡਣ ਵੇਲੇ 'ਕਰੈਕਟਰ ਸਰਟੀਫਿਕੇਟ' ਲਿਆ ਜਾਂਦਾ ਹੈ। ਕਿਸੇ ਦਾ ਲਿੰਗਕ ਪੱਖੋਂ ਮਾੜਾ ਚਰਿੱਤਰ ਹੋਵੇ ਤਾਂ ਉਸ ਨੂੰ ਅਸੀਂ ਚਰਿੱਤਰਹੀਣ ਕਹਿਣ ਦੀ ਥਾਂ ਬੋਲਚਾਲ ਵਿਚ ਕਰੈਕਟਰਲੈਸ ਕਹਿ ਦਿੰਦੇ ਹਾਂ।



ਸੱਚੀ ਗੱਲ ਤਾਂ ਇਹ ਹੈ ਕਿ ਅੰਗਰੇਜ਼ੀ ਵਿਚ ਕਰੈਕਟਰਲੈਸ ਸ਼ਬਦ ਇਨ੍ਹਾਂ ਅਰਥਾਂ ਵਿਚ ਵਰਤਿਆ ਹੀ ਨਹੀਂ ਜਾਂਦਾ। ਇਸ ਭਾਸ਼ਾ ਵਿਚ ਇਸ ਦੇ ਮੁਖ ਅਰਥ ਹਨ-ਆਮ ਜਿਹਾ, ਨੀਰਸ, ਫਿੱਕਾ, ਰੁੱਖਾ, ਨਕਸ਼ਹੀਣ, ਗੁਣਹੀਣ, ਬੇਜ਼ਮੀਰਾ। ਕਈ ਵਾਰੀ ਤਾਂ ਇਉਂ ਲਗਦਾ ਹੈ ਕਿ ਅਸੀਂ ਬਹੁਤੇ ਪ੍ਰਸੰਗਾਂ ਵਿਚ ਚਰਿੱਤਰ ਨਾਲੋਂ ਕਰੈਕਟਰ ਸ਼ਬਦ ਦੀ ਬਹੁਤੀ ਵਰਤੋਂ ਕਰਦੇ ਹਾਂ। ਅੰਗਰੇਜ਼ੀ ਵਿਚ ਇਸ ਦਾ ਮੁਖ ਅਰਥ ਮਨੁੱਖ ਦਾ ਚਾਲ-ਚਲਨ ਨਹੀਂ ਹੈ ਬਲਕਿ ਹੋਰ ਅਰਥ ਪਹਿਲਾਂ ਆਉਂਦੇ ਹਨ: ਕਾਸੇ ਦਾ ਮੁੱਢ ਸੁਭਾਅ, ਗੁਣ, ਸਿਫਤ, ਪ੍ਰਕ੍ਰਿਤੀ, ਲੱਛਣ, ਖਾਸੀਅਤ; ਵਿਸ਼ੇਸ਼ ਨਿਸ਼ਾਨ, ਲਿੰਗ, ਲਿਪੀ, ਅੱਖਰ; ਚਰਿੱਤਰ, ਚਾਲ-ਚਲਨ, (ਨਾਵਲ, ਨਾਟਕ, ਫਿਲਮ ਆਦਿ ਦਾ) ਪਾਤਰ, ਕਿਰਦਾਰ, ਮੌਜੀ ਬੰਦਾ ਆਦਿ। ਦੋ ਫਿਕਰਿਆਂ ਨਾਲ ਕੁਝ ਫਰਕ ਸਮਝ ਲਈਏ: 'He is a real character' ਦਾ ਮਤਲਬ ਹੈ ਕਿ ਉਹ ਆਪਣੀ ਹੀ ਕਿਸਮ ਦਾ (ਸਨਕੀ ਜਾਂ ਮਨਮੌਜੀ) ਬੰਦਾ ਹੈ ਜਦ ਕਿ 'He has real character' ਤੋਂ ਭਾਵ ਹੈ ਕਿ ਉਹ ਸੱਚੇ ਸੁੱਚੇ ਚਰਿੱਤਰ ਵਾਲਾ ਹੈ। ਪੰਜਾਬੀ ਚਰਿੱਤਰ ਤੋਂ ਇਨ੍ਹਾਂ ਹੋਰ ਅਰਥਾਂ ਦਾ ਕੰਮ ਨਹੀਂ ਲਿਆ ਜਾ ਸਕਦਾ।

ਕਰੈਟਰ ਦੇ ਉਪਰੋਕਤ ਸਾਰੇ ਅਰਥਾਂ ਵਿਚ ਕਾਸੇ ਦੀ ਵਿਸ਼ੇਸ਼ਤਾ, ਖਾਸੀਅਤ ਆਦਿ ਦਾ ਭਾਵ ਸਪਸ਼ਟ ਨਿਹਿਤ ਹੈ। ਅਸਲ ਵਿਚ ਇਸ ਸ਼ਬਦ ਦਾ ਮੁਢ ਗਰੀਕ ਤੋਂ ਬੱਝਾ। ਗਰੀਕ ਭਾਸ਼ਾ ਦੇ ਇਸ ਸ਼ਬਦ ਨੂੰ ਰੋਮਨ ਅੱਖਰਾਂ ਵਿਚ kharakter ਲਿਖਿਆ ਜਾ ਸਕਦਾ ਹੈ। ਪ੍ਰਾਚੀਨ ਵਿਚ ਇਸ ਦੇ ਸਹੀ ਉਚਾਰਣ ਬਾਰੇ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ। ਹਾਂ, ਅੱਜ ਕਲ੍ਹ ਇਸ ਨੂੰ ਖਰਕਤੀਰਾ ਜਿਹਾ ਉਚਾਰਿਆ ਜਾਂਦਾ ਹੈ। ਉਦੋਂ ਗਰੀਕ ਵਿਚ ਇਸ ਦਾ ਅਰਥ ਸੀ-ਨਿਸ਼ਾਨ, ਚਿੰਨ੍ਹ ਅਰਥਾਤ ਕਾਸੇ ਦਾ ਵਿਸ਼ੇਸ਼ ਗੁਣ ਜਾਂ ਪਛਾਣ। ਇਹ ਸ਼ਬਦ ਲਾਤੀਨੀ ਅਤੇ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਕੋਈ 15ਵੀਂ ਸਦੀ ਦੇ ਅੱਧ ਵਿਚ ਪ੍ਰਵੇਸ਼ ਹੋਇਆ। ਇਨ੍ਹਾਂ ਭਾਸ਼ਾਵਾਂ ਰਾਹੀਂ ਅੰਗਰੇਜ਼ੀ ਵਿਚ ਪੁੱਜਦੇ ਹੋਏ ਇਸ ਨੇ ਕਈ ਲਾਖਣਿਕ ਅਤੇ ਵਿਸ਼ੇਸ਼ ਅਰਥ ਗ੍ਰਹਿਣ ਕਰਦਿਆਂ ਖੂਬ ਸੈਮਾਂਟਿਕ ਪਸਾਰਾ ਕੀਤਾ। ਗਰੀਕ ਭਾਸ਼ਾ ਵਿਚ ਇਹ ਸ਼ਬਦ Charassein ਸ਼ਬਦ ਤੋਂ ਬਣਿਆ ਜਿਸ ਦਾ ਅਰਥ ਸੀ-ਚੰਡਣਾ, ਤਿੱਖਾ ਕਰਨਾ, ਖੁਣਨਾ, ਛਿਰੀ ਪਾਉਣਾ। ਗੌਰਤਲਬ ਹੈ ਕਿ ਪ੍ਰਾਚੀਨ ਵਿਚ ਬੰਧਕ ਗੁਲਾਮਾਂ ਨੂੰ ਪਛਾਣਨ ਲਈ ਉਨ੍ਹਾਂ ਦੇ ਮੱਥੇ ਉਤੇ ਘੋੜੇ ਦਾ ਚਿੱਤਰ ਖੁਣ ਦਿੱਤਾ ਜਾਂਦਾ ਸੀ। ਇਸ ਸ਼ਬਦ ਦੇ ਏਹੀ ਖੁਣਨ, ਦਾਗਣ, ਨਿਸ਼ਾਨ ਲਾਉਣ ਵਾਲੇ ਅਰਥਾਂ ਤੋਂ ਅੱਜ ਇਸ ਦੇ ਅਰਥ ਲਿਪੀ, ਅੱਖਰ, ਹਰਫ ਆਦਿ ਦੇ ਲਏ ਜਾਂਦੇ ਹਨ। ਜਾਦੂ-ਟੂਣੇ ਦੇ ਵਿਸ਼ੇਸ਼ ਚਿੰਨਾਂ ਜਾਂ ਆਕ੍ਰਿਤੀਆਂ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਸੀ।

ਇਸ ਸ਼ਬਦ ਦਾ ਪਿਛੋਕੜ ਹੈ Kharax ਜਿਸ ਦਾ ਅਰਥ ਹੈ-ਨੁਕੀਲੀ ਕੀਲੀ, ਖੁੰਡੀ, ਗੁੱਲੀ ਜੋ ਖੁਣਨ ਜਾਂ ਲਿਖਣ ਦੇ ਕੰਮ ਆਉਂਦੀ ਹੈ। ਅਸੀਂ ਇਸ ਨੂੰ ਕਲਮ ਵੀ ਕਹਿ ਸਕਦੇ ਹਾਂ। ਧਿਆਨਯੋਗ ਹੈ ਕਿ ਅੰਗਰੇਜ਼ੀ ਸਟਾਈਲ ਵਿਚ ਮੁਢਲੇ ਅਰਥ ਕਲਮ, ਬੁਰਸ਼ ਦੇ ਹਨ, ਅੱਜ ਵਿਕਾਸ ਕਰਕੇ ਇਹ ਸ਼ਬਦ ਵਿਸ਼ੇਸ਼ ਗੁਣ, ਸ਼ੈਲੀ ਦੇ ਅਰਥਾਂ ਦਾ ਧਾਰਨੀ ਬਣ ਗਿਆ ਹੈ। ਲਿਥੁਏਨੀਅਨ ਵਿਚ Kharax ਦਾ ਸਜਾਤੀ ਸ਼ਬਦ Zerti ਲਭਿਆ ਗਿਆ ਹੈ ਜਿਸ ਦਾ ਅਰਥ ਇਹੋ ਹੁੰਦਾ ਹੈ। ਇਸ ਦਾ ਭਾਰੋਪੀ ਮੂਲ Gher ਦੱਸਿਆ ਜਾਂਦਾ ਹੈ ਜਿਸ ਵਿਚ ਕੱਟਣ ਦੇ ਭਾਵ ਹਨ। ਮੈਂ ਇਸ ਦੀ ਹੋਰ ਖੋਜ ਨਹੀਂ ਕਰ ਸਕਿਆ।


ਕਿਸੇ ਚੀਜ਼ ਦੀ ਖਾਸੀਅਤ ਪ੍ਰਗਟਾਉਂਦੇ ਨਿਵੇਕਲੇ ਚਿੰਨ੍ਹ ਜਾਂ ਲੱਛਣ ਤੋਂ ਇਸ ਵਿਚ ਵਿਸ਼ੇਸ਼ਤਾ, ਖਾਸੀਅਤ, ਵਿਲੱਖਣਤਾ, ਗੁਣ ਦੇ ਅਰਥ ਪ੍ਰਗਟ ਹੋਏ। ਪਰ ਸਮਝਣ ਵਾਲੀ ਗੱਲ ਹੈ ਕਿ ਕਰੈਕਟਰ ਸ਼ਬਦ ਵਿਚ ਆਮ ਤੌਰ 'ਤੇ ਕਿਸੇ ਵਿਅਕਤੀ ਜਾਂ ਵਸਤੂ ਦੇ ਭੌਤਿਕ ਗੁਣ ਦੀ ਵਿਸ਼ੇਸ਼ਤਾ ਵੱਲ ਸੰਕੇਤ ਨਹੀਂ ਬਲਕਿ ਅੰਤਰੀਵ ਗੁਣ ਜਾਂ ਖੂਬੀ ਵੱਲ ਹੈ। ਮਿਸਾਲ ਵਜੋਂ ਕੋਈ ਵਿਅਕਤੀ ਲੰਗੜਾ ਜਾਂ ਬੌਣਾ ਹੈ ਤਾਂ ਇਹ ਇਸ ਦਾ ਕਰੈਕਟਰ ਨਹੀਂ। ਵਿਸ਼ੇਸ਼ਤਾ, ਖੂਬੀ, ਖਾਸੀਅਤ ਜਾਂ ਪਛਾਣ ਚਿੰਨ੍ਹ ਦੇ ਭਾਵ ਤੋਂ ਅੱਗੇ ਵਧਦਿਆਂ ਇਸ ਨੇ ਆਮ ਅਰਥ ਗ੍ਰਹਿਣ ਕਰ ਲਿਆ, 'ਕਿਸੇ ਵਿਅਕਤੀ ਵਸਤੂ ਦੇ ਸਮੁੱਚੇ ਵਿਸ਼ੇਸ਼ ਗੁਣ ਅਰਥਾਤ ਸੁਭਾਅ, ਪ੍ਰਕ੍ਰਿਤੀ'। ਸਤ੍ਹਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਆ ਕੇ ਹੀ ਇਸ ਸ਼ਬਦ ਵਿਚ ਮਨੁੱਖ ਦੇ ਨੈਤਿਕ ਗੁਣਾਂ ਦਾ ਭਾਵ ਸਮੋਇਆ ਜਿਸ ਨੂੰ ਅਸੀਂ ਪੰਜਾਬੀ ਵਿਚ ਚਰਿੱਤਰ, ਚਾਲ-ਚਲਨ ਜਾਂ ਆਚਰਣ ਕਹਿੰਦੇ ਹਾਂ। ਇਸ ਤੋਂ ਸੌ ਸਾਲ ਬਾਅਦ ਇਸ ਵਿਚ ਮੌਜੀ ਆਦਮੀ ਦੇ ਅਰਥ ਆਏ।

ਸ਼ਬਦਾਂ ਵਿਚ ਅਰਥ ਦੇ ਪੱਖੋਂ ਖਾਸ ਤੋਂ ਆਮ ਵੱਲ ਵਿਸਤ੍ਰਿਤ ਹੋਣ ਅਤੇ ਆਮ ਤੋਂ ਖਾਸ ਵੱਲ ਸੰਕੁਚਿਤ ਹੋਣ ਦੀ ਪ੍ਰਵ੍ਰਿਤੀ ਹੁੰਦੀ ਹੈ। ਅਠਾਰਵੀਂ ਸਦੀ ਵਿਚ ਨਾਟਕ ਜਾਂ ਗਲਪ ਦੇ ਪਾਤਰ ਲਈ ਵੀ ਇਹ ਸ਼ਬਦ ਵਰਤਿਆ ਜਾਣ ਲੱਗਾ ਅਰਥਾਤ ਕਿਸੇ ਵਿਅਕਤੀ ਦੇ ਵਿਸ਼ੇਸ਼ ਗੁਣ ਨਿਭਾਉਣ ਵਾਲਾ ਵਿਅਕਤੀ। ਸਾਹਿਤ ਵਿਚ ਰੁਚੀ ਰੱਖਣ ਵਾਲੇ ਪਾਠਕ ਨੋਟ ਕਰਨ ਕਿ Characterization ਲਈ ਪੰਜਾਬੀ ਸ਼ਬਦ ਪਾਤਰ-ਚਿੱਤਰਣ ਘੜਿਆ ਗਿਆ ਹੈ ਜਦ ਕਿ ਹਿੰਦੀ ਵਿਚ ਚਰਿੱਤਰ-ਚਿਤਰਣ ਹੈ। ਇਸ ਤਰ੍ਹਾਂ ਇਸ ਸ਼ਬਦ ਦੇ ਵਿਭਿੰਨ ਅਜੋਕੇ ਅਰਥਾਂ ਨੇ ਇਸ ਦੇ ਮੁਢਲੇ ਅਰਥ ਨੂੰ ਇਕ ਤਰ੍ਹਾਂ ਦੱਬ ਘੁਟ ਹੀ ਲਿਆ ਹੈ। ਸਪੱਸ਼ਟ ਹੈ ਕਿ ਕਰੈਕਟਰ ਸ਼ਬਦ ਨੂੰ ਚਰਿੱਤਰ ਵਾਲੇ ਅਰਥ ਗ੍ਰਹਿਣ ਕਰਨ ਵਿਚ ਚੋਖਾ ਸਮਾਂ ਲੱਗਾ।

ਕੀ ਪੰਜਾਬੀ ਜਾਂ ਹੋਰ ਭਾਰਤੀ ਭਾਸ਼ਾਵਾਂ ਦਾ ਸ਼ਬਦ ਚਰਿੱਤਰ ਇਹੋ ਕਰੈਕਟਰ ਹੈ? ਜੇ ਇਹੋ ਹੈ ਤਾਂ ਫਿਰ ਕੀ ਇਹ ਗਰੀਕ ਸ਼ਬਦ ਦਾ ਸਜਾਤੀ ਹੈ ਜਾਂ ਗਰੀਕ ਤੋਂ ਸਾਡੀਆਂ ਭਾਸ਼ਾਵਾਂ ਵਿਚ ਦਾਖਲ ਹੋਇਆ? ਜਾਂ ਤੀਜੀ ਸੰਭਾਵਨਾ ਹੈ ਕਿ ਅੰਗਰੇਜ਼ੀ ਰਾਜ ਸਮੇਂ ਇਹ ਸਿੱਧਾ ਸਾਡੀਆਂ ਭਾਸ਼ਾਵਾਂ ਵਿਚ ਚਰਿੱਤਰ ਵਜੋਂ ਆ ਘੁਸਿਆ। ਖੈਰ! ਇਹ ਸਾਰੀਆਂ ਸੰਭਾਵਨਾਵਾਂ ਰੱਦ ਹਨ ਕਿਉਂਕਿ ਇਸ ਸ਼ਬਦ ਦਾ ਚਰਿੱਤਰ ਸ਼ਬਦ ਨਾਲ ਸਜਾਤੀ ਜਾਂ ਮਾਂਗਵਾਂ ਹੋਣ ਦਾ ਕੋਈ ਸਬੰਧ ਨਹੀਂ ਹੈ। ਚਰਿੱਤਰ ਸੁਤੰਤਰ ਤੌਰ 'ਤੇ 'ਦੇਸੀ' ਸ਼ਬਦ ਹੈ, ਇਸ ਦੇ ਕਿਸੇ ਵੀ ਅੰਸ਼ ਦਾ ਕਰੈਕਟਰ ਸ਼ਬਦ ਨਾਲ ਕੋਈ ਸਜਾਤੀ ਜੋੜ ਨਹੀਂ ਬੈਠਦਾ। ਚਰਿੱਤਰ ਸ਼ਬਦ ਸੰਸਕ੍ਰਿਤ ਵਿਚ ਮੌਜੂਦ ਹੈ।

ਆਪਟੇ ਦੇ ਸੰਸਕ੍ਰਿਤ ਕੋਸ਼ ਵਿਚ ਚਾਰਿਤ੍ਰਮ ਸ਼ਬਦ ਹੈ ਜਿਸ ਦੇ ਅਰਥ ਹਨ-ਵਤੀਰਾ, ਵਰਤਾਉ, ਆਚਾਰ; ਸਦਾਚਾਰ, ਸਦਗੁਣ, ਪ੍ਰਤਿਸ਼ਠਾ, ਪੈਂਠ। ਇਸ ਦਾ ਇਕ ਗੌਲਣਯੋਗ ਅਰਥ ਇਸਤਰੀ ਦੇ ਪ੍ਰਸੰਗ ਵਿਚ ਹੈ ਅਰਥਾਤ (ਲੈਂਗਿਕ) ਪਵਿੱਤਰਤਾ, ਅਛੂਤਤਾ, ਸਤੀਤਵ, ਅਸਮਤ, ਪਾਕੀਜ਼ਗੀ, ਸ਼ੀਲਤਾ, ਇਸਤਰੀ-ਧਰਮ ਆਦਿ। ਭਾਰਤੀ ਸੰਸਕ੍ਰਿਤੀ ਵਿਚ ਇਸਤਰੀ ਤੋਂ ਸਤੀ ਸਵਿਤਰੀ ਹੋਣ ਦੀ ਆਸ ਕੀਤੀ ਜਾਂਦੀ ਹੈ। ਹੋਰ ਤਾਂ ਹੋਰ ਇਸ ਗੁਣ ਦਾ ਰਖਵਾਲਾ ਇਕ ਦੇਵਤਾ ਵੀ ਹੈ, ਚਾਰਿਤ੍ਰਮ ਦੇਵਤਾ। ਇਸੇ ਕਰਕੇ ਚਰਿੱਤਰ ਜਿਸ ਦਾ ਇਕ ਰੁਪਾਂਤਰ ਚਲਿੱਤਰ ਵੀ ਹੈ, ਔਰਤਾਂ ਦੇ ਪ੍ਰਸੰਗ ਵਿਚ ਛਲ ਕਪਟ ਜਿਹੇ ਨਿਖੇਧਾਤਮਕ ਭਾਵ ਗ੍ਰਹਿਣ ਕਰ ਗਿਆ। ਪੁਰਾਣੇ ਗ੍ਰੰਥਾਂ ਵਿਚ 360 ਤ੍ਰਿਆ ਚਲਿੱਤਰ ਦੱਸੇ ਜਾਂਦੇ ਹਨ।

ਸੰਸਕ੍ਰਿਤ ਵਿਚ ਚਰਿਤਰ ਸ਼ਬਦ ਵੀ ਮੌਜੂਦ ਹੈ ਜਿਸ ਦਾ ਮੁੱਖ ਅਰਥ ਪੈਰ, ਲੱਤ ਹੈ। ਮੋਨੀਅਰ-ਵਿਲੀਅਮਜ਼ ਅਨੁਸਾਰ ਪਾਣਿਨੀ ਨੇ ਇਹ ਸ਼ਬਦ ਵਰਤਿਆ ਹੈ। 'ਮਹਾਨ ਕੋਸ਼' ਨੇ ਇਸ ਦੇ ਅਰਥ ਪਿਆਦਾ, ਪੈਦਲ ਵੀ ਦਿੱਤੇ ਹਨ। ਅਸਲ ਵਿਚ ਇਥੋਂ ਹੀ ਇਸ ਚਰਿੱਤਰ ਸ਼ਬਦ ਦਾ ਅਰਥ-ਵਿਕਾਸ ਹੁੰਦਾ ਹੈ। ਅਸੀਂ ਪੈਰ ਦੇ ਅਰਥਾਂ ਵਿਚ ਚਰਣ ਸ਼ਬਦ ਜਾਣਦੇ ਹਾਂ। ਫਿਰ ਇਸ ਵਿਚ ਚੱਲਣ, ਫਿਰਨ, ਘੁੰਮਣ, ਵਰਤਾਉ ਕਰਨ, ਕਾਰਨਾਮੇ ਆਦਿ ਦੇ ਅਰਥ ਵਿਕਸਿਤ ਹੁੰਦੇ ਹਨ। ਫਿਰ ਪ੍ਰਕ੍ਰਿਤੀ, ਸੁਭਾਅ ਦੇ। ਇਕ ਹੋਰ ਅਹਿਮ ਅਰਥ ਹੈ-ਰਵਾਇਤੀ ਨਿਯਮ, ਰੀਤੀ। ਇਸ ਸ਼ਬਦ ਪਿਛੇ




'ਚਰ' ਧਾਤੂ ਕੰਮ ਕਰ ਰਿਹਾ ਹੈ ਜਿਸ ਵਿਚ ਚੱਲਣ, ਤੁਰਨ, ਫਿਰਨ, ਘੁੰਮਣ ਦੇ ਭਾਵ ਹਨ। ਚਰਣ (ਪੈਰ) ਚੱਲਣ ਦਾ ਅੰਗ ਹੀ ਹੈ। ਖੁਦ ਚੱਲਣਾ ਅਤੇ ਚਰਨਾ ਸ਼ਬਦ ਇਸ ਤੋਂ ਬਣੇ। ਇਸ ਧਾਤੂ ਤੋਂ ਬੇਸ਼ੁਮਾਰ ਸ਼ਬਦਾਂ ਦਾ ਨਿਰਮਾਣ ਹੋਇਆ ਹੈ ਜਿਨ੍ਹਾਂ ਦੀ ਚਰਚਾ ਫਿਰ ਕਦੇ ਕਰਾਂਗੇ। ਚਾਲ-ਚਲਨ, ਚਰਿੱਤਰ, ਚਰਿਤ, ਆਚਰਣ ਸ਼ਬਦ ਇਸੇ ਤੋਂ ਬਣੇ। ਇਥੇ ਚੱਲਣ ਤੋਂ ਭਾਵ ਹੈ-ਸਮਾਜ ਵਿਚ ਵਿਚਰਨਾ ਜੋ ਖੁਦ ਇਸ ਧਾਤੂ ਦੀ ਪੈਦਾਵਾਰ ਹੈ: ਵਿ+ਚਰ। ਆਦਮੀ ਸਮਾਜ ਵਿਚ ਜਿਸ ਤਰ੍ਹਾਂ ਵਿਚਰਦਾ ਹੈ, ਉਹੀ ਉਸ ਦਾ ਚਰਿੱਤਰ ਆਦਿ ਹੁੰਦਾ ਹੈ।

'ਚਰਿਤ' ਦਾ ਸ਼ਾਬਦਿਕ ਅਰਥ ਹੈ, ਘੁੰਮਿਆ-ਫਿਰਿਆ ਤੇ ਵਿਸਤ੍ਰਿਤ ਅਰਥ ਕਿਰਿਆ, ਕੌਤਕ, ਕਾਰਨਾਮਾ, ਬਿਰਤਾਂਤ ਜੋ ਨਾਇਕ ਦੇ ਬਹੁਤ ਘੁੰਮਣ ਫਿਰਨ ਅਤੇ ਅਨੁਭਵੀ ਹੋਣ ਵੱਲ ਸੰਕੇਤ ਕਰਦਾ ਹੈ। ਤੁਲਸੀ ਦਾਸ ਦੀ 'ਰਾਮਚਰਿਤਮਾਨਸ' ਵਿਚਲੇ ਚਰਿਤ ਦਾ ਇਹੋ ਆਸ਼ਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਤੁਕਾਂ ਹਨ, 'ਅਪਨੇ ਚਰਿਤ ਪ੍ਰਭਿ ਆਪਿ ਬਨਾਏ॥' ਅਤੇ 'ਏਕ ਨਿਮਖ ਉਪਾਇ ਸਮਾਵੈ ਦੇਖਿ ਚਰਿਤ ਮਨ ਮੋਹਿ॥' ਚਰ ਸ਼ਬਦ ਭਾਰੋਪੀ ਖਾਸੇ ਦਾ ਹੈ ਜਿਸ ਦਾ ਮੂਲ Kwel ਕਲਪਿਆ ਗਿਆ ਹੈ। ਇਸ ਵਿਚ ਘੁੰਮਣਾ ਫਿਰਨਾ, ਵਸਣਾ ਆਦਿ ਦੇ ਭਾਵ ਹਨ। ਇਸ ਕਵੇਲ ਦਾ ਹਿੰਦ-ਯੂਰਪੀ ਭਾਸ਼ਾਵਾਂ ਵਿਚ ਖੂਬ ਪਸਾਰਾ ਹੈ ਪਰ ਇਸ ਵਿਚ ਫਿਰ ਕਦੇ ਛਾਲ ਮਾਰਾਂਗੇ। ਹਾਲ ਦੀ ਘੜੀ ਏਨਾ ਦੱਸ ਦੇਈਏ ਕਿ ਕਈ ਵਿਦਵਾਨਾਂ ਅਨੁਸਾਰ ਨਿਖੜੇ ਨਿਖੜੇ ਜਾਪਦੇ ਬਾਈਸਿਕਲ, ਰਿਕਸ਼ਾ, ਚੱਕਰ, ਕਲੋਨੀ, ਪੁਲੀ, ਤਲਿਸਮਾ, ਕਲਚਰ, ਕਾਲਰ, ਚੱਜ ਸ਼ਬਦ ਇਸ ਦੀ ਲਪੇਟ ਵਿਚ ਹਨ। ਮੈਂ ਐਵੇਂ ਨਹੀਂ ਚਾਰ ਰਿਹਾ, ਵਿਦਵਾਨਾਂ ਨੇ ਖੋਜਾਂ ਕਰਕੇ ਸਿੱਟੇ ਕਢੇ ਹਨ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਕਰੈਕਟਰ ਅਤੇ ਚਰਿੱਤਰ ਸ਼ਬਦ ਬਿਲਕੁਲ ਵੱਖੋ ਵੱਖਰੇ ਧਾਤੂਆਂ ਤੋਂ ਉਪਜੇ ਹਨ, ਦੋਨੋਂ ਇਕ ਦੂਜੇ ਤੋਂ ਸੁਤੰਤਰ ਤੌਰ 'ਤੇ ਵਿਕਸਿਤ ਹੋਏ ਹਨ ਪਰ ਸਮਾਂ ਪਾ ਕੇ ਦੋਨਾਂ ਨੇ ਕੁਝ ਸਮਾਨ ਪਰ ਅਨੇਕਾਂ ਵੱਖਰੇ ਅਰਥ ਧਾਰਨ ਕਰ ਲਏ। ਵਿਉਤਪਤੀ ਦੇ ਪੱਖ ਤੋਂ ਦੋਨਾਂ ਦਾ ਕੋਈ ਮੇਲ ਨਹੀਂ, ਕੇਵਲ ਧੁਨੀ ਸਮਾਨਤਾ ਕਾਰਨ ਸਜਾਤੀ ਹੋਣ ਦੀ ਭ੍ਰਾਂਤੀ ਪੈਦਾ ਹੋਈ ਹੈ।

---

## ਇੱਕ ਦੀ ਰਮਜ

ਗੁਰ ਨਾਨਕ ਇਸ ਜੱਗ ਦੇ ਅੰਦਰ,
ਇੱਕ ਰੱਬ ਦੀ ਇੰਜ ਗੱਲ ਸਮਝਾਈ।
ਕਰਤਾ ਆਪੇ ਕਿਰਤ 'ਚ ਵਸਦਾ,
ਸੈਭੰ ਰੂਪੀ ਬਣਤ ਬਣਾਈ।
ਨਿਯਮ-ਹੁਕਮ ਦਾ ਰੂਪ ਵਟਾ ਕੇ,
ਜੱਗ ਦੀ ਖੁਦ ਕਰਦਾ ਅਗਵਾਈ।
ਗੁਰੂ ਗਿਆਨ ਦੀ ਕਿਰਪਾ ਸਦਕਾ,
ਸਭ ਪਾਸੇ ਇਹ ਦਵੇ ਦਿਖਾਈ।

ਨਾਨਕ ਰੂਪੀ ਗਿਆਨ ਜੋਤ ਜਦ,
ਦਸ ਦੇਹਾਂ 'ਚੋਂ ਹੋ ਕੇ ਚੱਲੀ।
ਗੁਰੂ ਗ੍ਰੰਥ ਦੇ ਰੂਪ 'ਚ ਆਖਿਰ,
ਹੋ ਗਈ ਸਭ 'ਤੇ ਨਜਰ ਸਵੱਲੀ।
ਕੁਝ ਗੁਰੂ-ਪੁਤਰਾਂ ਬਾਗੀ ਹੋ ਕੇ,
ਬਿਪਰੀ ਸੋਚੇ ਬੇੜੀ ਠੱਲ੍ਹੀ।
ਗੁਰੂ ਕਾਲ ਦੇ ਵਿਚੇ ਬਣ ਗਏ,
ਬਾਈ ਡੇਰੇ ਮੱਲੋ-ਮੱਲੀ।

ਬਾਈਆਂ ਤੋਂ ਅੱਜ ਬਾਈ ਸੌ ਬਣ,
ਸ਼ਬਦ-ਗਿਆਨ ਨੂੰ ਢਾਹ ਰਹੇ ਨੇ।
ਗੁਰੂ ਗ੍ਰੰਥ ਨੂੰ ਪਿੱਛੇ ਕਰਕੇ,
ਦੇਹ ਨੂੰ ਗੁਰੂ ਸਦਾ ਰਹੇ ਨੇ।
ਕੁਝ ਅਗਲੇਰੇ ਕਦਮ ਤੋਂ ਪਹਿਲਾਂ,
ਗੁਰ ਨੂੰ ਢਾਲ ਬਣਾ ਰਹੇ ਨੇ।
ਛੁਟਿਆਵਣ ਲਈ ਗ੍ਰੰਥ ਗੁਰੂ ਨੂੰ,
ਬਿਪਰੀ ਗ੍ਰੰਥ ਫੈਲਾ ਰਹੇ ਨੇ।

ਗੁਰੂ ਗ੍ਰੰਥ ਦੇ ਸ਼ਬਦਾਂ ਅੰਦਰ,
ਸਿੱਖ ਦੀ ਜੀਵਨ ਜਾਚ ਸਮਾਈ।
ਗੁਰਮਤਿ ਛੱਡ ਕੇ ਮਨਮੱਤ ਵਾਲੀ,
ਫਿਰਦੇ ਕਈ ਅੱਜ ਰਹਿਤ ਬਣਾਈ।
ਕਰਮਕਾਂਡ ਘੜ ਮਰਿਆਦਾ ਵਿਚ,
ਸਿੱਖ ਬਿਪਰ ਵਿਚ ਸਾਂਝ ਦਿਖਾਈ।
ਵਿਹਾਰਕ ਜੀਵਨ ਨੂੰ ਤੱਜ ਕੇ,
ਖਲਕਤ ਪੂਜਾ ਵਿਚ ਉਲਝਾਈ।

ਸਿੱਖ ਪੰਥ ਦਾ ਤਖਤ ਇੱਕ ਹੈ,
ਗ੍ਰੰਥ ਗੁਰੂ ਵਿਚ ਗੁਰੂਆਂ ਘੜਿਆ।
ਅਕਾਲ ਪੁਰਖ ਦਾ ਤਖਤ ਨਿਰਾਲਾ,
ਨਾਨਕ ਸ਼ਬਦੀਂ ਰਤਨੀਂ ਜੜਿਆ।
ਇੱਟਾਂ ਰੇਤ ਨਾ ਚੂਨਾ ਕੋਈ,
ਇਹ ਹੈ ਗੁਰ ਸਿਧਾਂਤ ਵਿਚ ਮੜਿਆ।
ਦੁਨੀਆਂ ਦੇ ਸਭ ਤਖਤਾਂ ਸਾਹਵੇਂ,
ਸਦਾ ਰਹੂ ਹਿੱਕ ਤਾਣੀ ਖੜਿਆ।

ਸੂਰਜ ਦੀ ਪਰਿਕਰਮਾ ਕਰਦੀ,
ਧਰਤੀ ਰੁੱਤਾਂ ਸਾਲ ਬਣਾਵੇ।
ਅੱਜ ਦੇ ਯੁੱਗ ਦੀ ਸੂਰਜ ਗਿਣਤੀ,
ਚੰਦ ਗਣਨਾ ਦੇ ਮੇਚ ਨਾ ਆਵੇ।
ਏਕੋ ਨਿਯਮ 'ਚ ਬੱਝ ਕੈਲੰਡਰ,
ਨਾਨਕਸ਼ਾਹੀ ਅੱਜ ਅਖਵਾਵੇ।
ਦਿਨ-ਸੁਧ ਪੱਕੀਆਂ ਮਿਤੀਆਂ ਕਾਰਨ,
ਹਰ ਵਾਰੀ ਨਿਸ਼ਚਿਤ ਥਾਂ ਆਵੇ।

ਆਓ, ਦੋ ਦੀ ਦੁਐਤ ਤੋਂ ਬਚ ਕੇ,
ਇੱਕ ਦਾ ਨੁਕਤਾ ਸਾਹਵੇਂ ਲਿਆਈਏ।
ਇੱਕ ਰੱਬ, ਇੱਕ ਗੁਰ, ਇੱਕ ਮਰਿਆਦਾ,
ਏਕੋ ਗ੍ਰੰਥ ਦਾ ਪੰਥ ਸਦਾਈਏ।
ਤਖਤ, ਕੈਲੰਡਰ ਦੀ ਨੀਤੀ ਵਿਚ,
ਇੱਕੋ ਨਿਯਮ ਨੂੰ ਹੀ ਅਪਨਾਈਏ।
ਗੁਰ ਨਾਨਕ ਦੇ ਇੱਕ ਦੀਆਂ ਰਮਜ਼ਾਂ,
ਸਮਝ ਕੇ ਇੱਕ ਵਿਚ ਇੱਕ ਹੋ ਜਾਈਏ।

*-ਗੁਰਮੀਤ ਸਿੰਘ ਬਰਸਾਲ*

---

## ਤੈਨੂੰ ਕੀ?

ਹਰ ਕੰਮ ਵਿਚੋਂ ਕਮਿਸ਼ਨ ਖਾਵਾਂ, ਤੈਨੂੰ ਕੀ?
ਧੱਕੇ ਨਾਲ ਮੈਂ ਹਿੱਸਾ ਪਾਵਾਂ, ਤੈਨੂੰ ਕੀ?
ਜਿਹੜਾ ਮੇਰੀ ਈਨ ਨਾ ਮੰਨੇ ਉਸ ਉਤੇ
ਥਾਣਿਓਂ ਝੂਠੇ ਕੇਸ ਬਣਾਵਾਂ, ਤੈਨੂੰ ਕੀ?
ਜੱਟ ਭਾਵੇਂ ਮਰਦਾ ਏ ਤਾਂ ਮਰ ਜਾਵੇ
ਕਰਜਿਓਂ ਕਰੜਾ ਵਿਆਜ ਕਮਾਵਾਂ, ਤੈਨੂੰ ਕੀ?
ਹਰ ਇਕ ਕੰਮ ਦੀ ਪਹਿਲਾਂ 'ਫੀਸ' ਲੈ ਕੇ ਵੀ
ਕੰਮ ਕਰਾਵਾਂ ਜਾਂ ਨਾ ਕਰਾਵਾਂ, ਤੈਨੂੰ ਕੀ?
ਦਸ ਸਾਲ ਰਾਜ, ਚਲਾਈਆਂ ਚੰਮ ਦੀਆਂ,
ਹੁਣ ਜਬਰ ਵਿਰੋਧੀ ਲਹਿਰ ਚਲਾਵਾਂ, ਤੈਨੂੰ ਕੀ?
ਵੇਚ ਕੇ ਚਿੱਟਾ ਜਵਾਨੀ ਨੂੰ ਕੀਤਾ ਬਰਬਾਦ
ਕੋਠੀਆਂ, ਕਾਰਾਂ ਕੁਰਕ ਕਰਾਵਾਂ, ਤੈਨੂੰ ਕੀ?
ਜਿਹੜਾ ਅਫਸਰ ਕੇਸਾਂ ਵਿਚ ਉਲਝਾਵੇਗਾ
ਸੀ.ਬੀ.ਆਈ. ਤੋਂ ਦਬਕਾਵਾਂ, ਤੈਨੂੰ ਕੀ?
ਤਾਕਤਵਰ ਨੇਤਾ ਦਾ 'ਕਾਕਾ' ਸ਼ਰੇਆਮ
ਕੁੜੀਆਂ ਦੀ ਜੇ ਚੁੰਨੀ ਲਾਹਵਾਂ, ਤੈਨੂੰ ਕੀ?
ਅਸਲੀ ਮੁੱਦਿਆਂ ਤੋਂ ਜੇ ਲੋਕੀਂ ਭਟਕਣ ਨਾ
ਭੂਤਾਂ ਕੋਲੋਂ ਗੁੱਤ ਕਟਾਵਾਂ, ਤੈਨੂੰ ਕੀ?
ਜੇਕਰ ਹੋਏ ਚੜ੍ਹਾਈ ਕਿਸੇ ਵੀ ਸਾਥੀ ਦੀ
ਪੌੜੀ ਖਿੱਚਾਂ ਤੇ ਠਿੱਬੀ ਲਾਵਾਂ, ਤੈਨੂੰ ਕੀ?
ਅਮਰੀਕਾ ਤੇ ਜਪਾਨ ਮੇਰੀ ਪਿੱਠ ਉਤੇ
ਪਾਕਿ-ਚੀਨ ਨੂੰ ਉਂਗਲ ਲਾਵਾਂ, ਤੈਨੂੰ ਕੀ?
ਜਹਾਜ਼ ਵਿਚ ਹੀ ਮੰਜਾ ਡਾਹਿਆ, ਸਰਕਾਰੀ
ਖਾਤੇ ਵਿਚੋਂ ਟਿਕਟ ਕਟਾਵਾਂ, ਤੈਨੂੰ ਕੀ?
'ਮਾਲੀਏ' ਤੇ ਅੰਬਾਨੀ ਦੇ ਨਾਲ ਯਾਰੀ ਏ
'ਗਿੱਲਾਂ' ਨੂੰ ਹੀ ਲਾਭ ਪਹੁੰਚਾਵਾਂ, ਤੈਨੂੰ ਕੀ?

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

---

## ਹਰ ਕੋਈ ਸਿਆਣਾ

ਅੱਜ ਕਲ ਹਰ ਕੋਈ ਦੂਜਿਆਂ ਨੂੰ,
ਲੱਗਿਆ ਏ ਸਮਝਾਉਣ।
ਆਪਣੇ ਅੰਦਰ ਮਾਰ ਕੇ ਝਾਤੀ,
ਖੁਦ ਨੂੰ ਸਮਝਦਾ ਕੌਣ?
ਸਾਰੀ ਜਨਤਾ ਗਿਆਨ ਵੰਡਣ 'ਤੇ
ਹੋਈ ਏ ਮਸ਼ਰੂਫ,
ਜਿਹਨੂੰ ਦੇਖੋ ਵਟਸਐਪ 'ਤੇ
ਲਿਖ ਲਿਖ ਸਿੱਖਿਆ ਪਾਉਣ।

ਮੈਂ ਸਿਆਣਾ ਦੁਨੀਆਂ ਬੁੱਧੂ,
ਵਹਿਮ ਭੁਲੇਖੇ ਪਾਲੇ,
ਅੰਦਰੋਂ ਖਾਲੀ ਕਰਨ ਦਿਖਾਵੇ,
ਉਚੀ ਰੱਖਦੇ ਧੌਣ।
ਹੋਰਾਂ ਦੀ ਛੋਟੀ ਵੀ ਗਲਤੀ,
ਹਜ਼ਮ ਨਹੀਂ ਕਰ ਸਕਦੇ,
ਵੱਡੀ ਗਲਤੀ ਆਪਣੀ 'ਤੇ,
ਮਾਫੀ ਬਿਨਾ ਮੰਗੇ ਹੀ ਚਾਹੁਣ।

ਬੱਲਿਓਂ ਕਿਸੇ ਨੂੰ ਉਪਰ ਚੁੱਕਣਾ,
ਕੋਸ਼ਿਸ਼ ਭਾਰੀ ਲੱਗਦੀ,
ਥੱਲੇ ਖਿਚਣ ਦੇ ਲਈ ਉਪਰੋਂ,
ਜੋਰ ਬਹੁਤੇ ਪਏ ਲਾਉਣ।
ਕਿਸੇ ਦੇ ਹਿਤ ਦੀ ਗੱਲ ਕਰਨੋਂ ਵੀ
ਡਰ ਲਗਦਾ ਏ,
ਕੋਈ ਵੀ ਉਠ ਕਹਿ ਸਕਦਾ,
ਤੂੰ ਹੁੰਦਾ 'ਬਹਾਦਰ' ਕੌਣ?

*-ਬਹਾਦਰ ਸਿੰਘ ਮਾਨਸਾ*
*ਫੋਨ: 91-98768-29764*

**ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ**

**ਸ਼ੌਰਟ ਕੱਟ ਵਾਇਆ ਲੌਂਗ ਰੂਟ**

**7**

ਅਮਰੀਕ ਸਿੰਘ ਬਲ
ਫੋਨ: 34602835897

# ਜ਼ਿੰਦਗੀ ਦੇ ਮੁਹਾਣੇ 'ਤੇ

*ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਸੱਤਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ*

### ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ 'ਚੋਂ ਵੀ ਲੰਘਣਾ ਪੈਣਾ, ਉਹ ਵੀ ਲੁਕ-ਛੁਪ ਕੇ ਅਤੇ ਬਹੁਤ ਘੱਟ ਮਿਲਦੇ ਪਾਣੀ ਤੇ ਰੋਟੀ ਦੇ ਸਹਾਰੇ... ਤੇ ਫਿਰ ਐਥੇ ਹਾਲਾਤ ਨਾਲ ਘੁਲਦਿਆਂ 20 ਵਰ੍ਹਿਆਂ ਦਾ ਸੋਨੂੰ ਆਪਣਿਆਂ ਤੋਂ ਇੰਨੇ ਹਜ਼ਾਰ ਮੀਲ ਦੂਰ ਅਲਵਿਦਾ ਆਖ ਗਿਆ। ਹੁਣ ਪੜ੍ਹੋ ਇਸ ਤੋਂ ਅੱਗੇ...*

ਪੰਜ ਕੁ ਵਜੇ ਫਿਰ ਸਾਨੂੰ ਕੁੜ੍ਹਦੇ-ਕਲਪਦਿਆਂ ਨੂੰ ਜੀਪਾਂ 'ਚ ਚੜ੍ਹਾ ਲਿਆ। ਸਭ ਹੜਬੜਾਏ ਹੋਏ, ਪਾਣੀ ਦੇ ਦੋ-ਦੋ ਘੁੱਟ ਪੀ ਕੇ ਬਹਿ ਗਏ। ਜੀਪਾਂ ਲਹਿੰਦੇ ਨੂੰ ਦੌੜ ਪਈਆਂ। ਜੇ ਇਕ ਜੀਪ ਦਾ ਟਾਇਰ ਪੈਂਚਰ ਨਾ ਹੁੰਦਾ, ਤਾਂ ਦੁਪਹਿਰ ਬਾਅਦ ਤਕ ਵੀ ਸ਼ਾਇਦ ਜੀਪਾਂ ਨਹੀਂ ਸੀ ਰੁਕਣੀਆਂ। ਅੱਜ ਦੋ ਕੁ ਵਾਰੀ ਪਾਣੀ ਹੀ ਪੀਤਾ, ਖਾਣ ਦਾ ਕੋਈ ਮੌਕਾ ਨਹੀਂ ਦਿੱਤਾ ਗਿਆ।

ਡੌਂਕਰਾਂ ਕੋਲ ਮੁਰੰਮਤ ਦਾ ਸਭ ਇੰਤਜ਼ਾਮ ਸੀ, ਪੈਂਚਰ ਲਾਇਆ ਗਿਆ। ਘੰਟਾ ਕੁ ਆਰਾਮ ਮਿਲ ਗਿਆ। ਫਿਰ ਤੁਰੇ ਥੋੜ੍ਹਾ, ਫਿਰ ਪੈਂਚਰ। ਚਾਰ ਘੰਟਿਆਂ ਵਿਚ ਇਕੋ ਟਾਇਰ ਤਿੰਨ ਵਾਰ ਪੈਂਚਰ ਹੋਇਆ। ਬਹਾਨੇ ਨਾਲ ਸਾਨੂੰ ਤਿੰਨ ਅਣ-ਕਿਆਸੇ ਆਰਾਮ ਕਿਸ਼ਤਾਂ 'ਚ ਹਾਸਲ ਹੋ ਗਏ ਸਨ।

ਸ਼ਾਮ ਨੂੰ ਇਕ ਟਿੱਬੇ 'ਤੇ ਜੀਪ ਖੜ੍ਹੀ ਨਜ਼ਰ ਆਈ। ਅਸੀਂ ਦੂਰ ਹੀ ਪਹਾੜੀ ਪਿੱਛੇ ਖੜ੍ਹ ਗਏ। ਡੌਂਕਰ ਕਾਫੀ ਦੇਰ ਬਿੜਕਾਂ ਲੈਂਦੇ ਰਹੇ, ਫਿਰ ਚੱਲ ਪਏ। ਕੋਲੋਂ ਲੰਘੇ ਤਾਂ ਦੇਖਿਆ, ਜੀਪ ਵਿਚ ਦੋ ਕੁ ਕੰਬਲ, ਤਿੰਨ-ਚਾਰ ਫਟੇ ਬੈਗ, ਕੁਝ ਖਿਲਰੇ ਕੱਪੜੇ... ਇਹ ਵੀ ਸ਼ਾਇਦ ਸਾਡੇ ਵਰਗੇ ਮੁਸਾਫਿਰ ਹੋਣਗੇ ਜਿਨ੍ਹਾਂ ਬਾਰੇ ਅਸੀਂ ਕਿਸੇ ਫੈਸਲੇ ਜਾਂ ਅੰਦਾਜ਼ੇ ਤਕ ਨਾ ਪਹੁੰਚ ਸਕੇ! ਖਬਰੇ ਜੀਪ ਖਰਾਬ ਹੋ ਗਈ ਜਾਂ ਫਿਰ ਕੁਝ ਹੋਰ...!

ਦੂਰੋਂ ਇਕ ਪਾਸਿਓਂ ਕੋਈ ਆਦਮੀ ਹੱਥ ਹਿਲਾਉਂਦਾ ਸਾਡੇ ਵੱਲ ਦੌੜਿਆ ਆਉਂਦਾ ਨਜ਼ਰ ਆਇਆ। ਖੌਰੇ, ਕਿਹੜੀ ਮੁਸੀਬਤ ਦਾ ਮਾਰਿਆ ਹੋਣਾ! ਪਰ ਸਾਡੇ ਬੇਰਹਿਮ ਡੌਂਕਰਾਂ ਨੇ ਝਟਕੇ ਨਾਲ ਜੀਪਾਂ ਦਾ ਰੁਖ ਉਲਟ ਪਾਸੇ ਮੋੜ ਦਿੱਤਾ। ਉਹ ਕਿਸੇ ਲਈ ਵੀ ਨਹੀਂ ਸਨ ਰੁਕ ਸਕਦੇ, ਚਾਹੇ ਕੋਈ ਕਿੱਡੀ ਬਿਪਤਾ ਵਿਚ ਕਿਉਂ ਨਾ ਫਸਿਆ ਹੋਵੇ! ਬੁਰਾ ਮਹਿਸੂਸ ਹੋਇਆ। ਸੋਚਿਆ, ਸ਼ਾਇਦ ਉਸ ਦੀ ਕੁਝ ਮਦਦ ਕੀਤੀ ਜਾ ਸਕਦੀ ਹੋਵੇ! ਸ਼ਾਇਦ ਉਸ ਦੇ ਜੀਣ-ਮਰਨ ਦਾ ਸਵਾਲ ਹੋਵੇ!

ਉਨ੍ਹਾਂ ਰੇਤਲੇ ਟਿੱਬਿਆਂ 'ਚ ਸਾਨੂੰ ਵਾਰ-ਵਾਰ ਉਤਰ ਕੇ ਜੀਪਾਂ ਨੂੰ ਧੱਕਾ ਲਾਉਣਾ ਪਿਆ। ਭੁੱਖ ਪਿਆਸ ਤੇ ਗਰਮੀ ਦੀਆਂ ਮਾਰਾਂ ਨਾਲ ਝੰਬੇ ਸਰੀਰਾਂ ਵਿਚੋਂ ਜਿਵੇਂ ਸਾਹ-ਸਤ ਮੁੱਕਦੇ ਜਾਂਦੇ ਸਨ। ਰੋਜ਼ਾਨਾ ਅੱਠ-ਨੌਂ ਘੰਟੇ ਤਪਦੇ ਸੂਰਜ ਦੀਆਂ ਗੁਸੈਲ ਕਿਰਨਾਂ ਸਾਡੇ ਨਿਢਾਲ, ਅਧਮੋਏ ਜਿਸਮਾਂ 'ਤੇ ਆਪਣੀ ਜ਼ੋਰ-ਅਜ਼ਮਾਈ ਪੂਰੀ ਇਮਾਨਦਾਰੀ ਨਾਲ ਕਰ ਰਹੀਆਂ ਸਨ। ਹਰ ਰੋਜ਼ ਸੂਰਜ ਅੱਗੇ ਦੌੜ ਲਾਉਂਦੇ ਸਾਂ। ਅੱਧੀ ਦਿਹਾੜੀ ਤੋਂ ਬਾਅਦ ਪਛੜਦੇ ਆਖਿਰ ਹਾਰ ਜਾਂਦੇ ਸਾਂ, ਪਰ ਮਨ ਅੰਦਰ ਇਸ ਦਿਲਾਸੇ ਨਾਲ ਧੀਰਜ ਧਰ ਲੈਂਦੇ ਕਿ ਆਖਿਰ ਮੁਕਾਬਲਾ ਕਾਫੀ ਸਖਤ ਤੇ ਕਰੀਬ ਰਿਹਾ ਸੀ।

ਦਿਨ ਢਲੇ ਥੋੜ੍ਹੇ-ਥੋੜ੍ਹੇ ਚੌਲ ਮਿਲੇ ਜੋ ਦੋ ਕੁ ਕੌਰਾਂ ਤੋਂ ਜ਼ਿਆਦਾ ਮੇਰੇ ਅੰਦਰ ਨਹੀਂ ਸੀ ਲੰਘਦੇ। ਦੋ ਘੁੱਟ ਵਾਧੂ ਪਾਣੀ ਬਦਲੇ ਮੇਰਾ ਹਿੱਸਾ ਹੋਰਾਂ ਦੇ ਪੇਟ ਵਿਚ ਪਹੁੰਚ ਜਾਂਦਾ। ਪਾਣੀ ਨਾਲ ਦੋ-ਤਿੰਨ ਬਿਸਕੁਟ ਖਾ ਲੈਂਦਾ ਸਾਂ। ਇੰਨੀ ਕੁ ਖੁਰਾਕ ਤੇ ਥੋੜ੍ਹਾ ਆਰਾਮ ਜਦ ਮਿਲਦਾ, ਤਾਂ ਲੱਗਦਾ, ਜਿਵੇਂ ਕੋਈ ਵੱਡੀ ਸੱਧਰ ਪੂਰੀ ਹੋ ਗਈ ਹੋਵੇ। ਇਸ ਸ਼ਾਮ ਇਹ ਜਾਣ ਕੇ ਸਾਡੀ ਖੁਸ਼ੀ ਦੁਗਣੀ ਹੋ ਗਈ ਕਿ ਇਥੇ ਪਾਣੀ ਦੇ ਦੋ ਖੂਹ ਸਨ। ਨਾਲੇ ਰਾਤ ਭਰ ਆਰਾਮ ਕਰਨਾ ਸੀ। ਸਭ ਨਹਾ-ਧੋ ਕੇ ਕੈਨੀਆਂ ਭਰਨ ਲੱਗ ਪਏ। ਡੌਂਕਰਾਂ ਨੇ ਹਰ ਗੱਡੀ ਦੇ ਖਾਲੀ ਹੋਏ ਡੀਜ਼ਲ ਵਾਲੇ ਦੋ-ਦੋ ਡਰੰਮ ਭਰਨ ਦਾ ਹੁਕਮ ਵੀ ਦੇ ਦਿੱਤਾ। ਅਸੀਂ ਸਵਾਲ ਕੀਤਾ, "ਪੀਣ ਲਈ?" ਤਾਂ ਉਨ੍ਹਾਂ 'ਨਾਂਹ' ਵਿਚ ਸਿਰ ਮਾਰਿਆ। ਦੋ ਜੀਪਾਂ ਵਾਲੇ ਮੁੰਡਿਆਂ ਨੇ ਰਸਮ ਵਜੋਂ ਹੀ ਡਰੰਮ ਅੱਧੇ-ਪੌਣੇ ਹੀ ਭਰੇ, ਸ਼ਾਇਦ ਇਹ ਸੋਚ ਕੇ ਕਿ ਖਾਲੀ ਡਰੰਮ ਖੜਕਣ-ਭੁੜਕਣ ਨਾ, ਜਾਂ ਫਿਰ ਇਹ ਕਿ ਅਗਾਂਹ ਸਫਰ ਇਕ-ਅੱਧ ਦਿਨ ਦਾ ਹੀ ਹੋਣਾ ਸੀ, ਪਰ ਮੈਂ ਆਪਣੇ ਵਾਲੇ ਦੋ ਡਰੰਮ ਪੂਰੇ ਭਰੇ ਸਨ।

ਪਾਣੀ ਦੇ ਕਤਰੇ-ਕਤਰੇ ਦੀ ਅਹਿਮੀਅਤ ਸਾਨੂੰ ਪਤਾ ਲੱਗ ਗਈ ਸੀ। ਲੋੜ ਭਾਵੇਂ ਨਾ ਪਵੇ, ਫਿਰ ਵੀ ਪਾਣੀ ਜ਼ਿਆਦਾ ਤੋਂ ਜ਼ਿਆਦਾ ਚਾਹੀਦਾ ਏ। ਪਾਣੀ ਤਾਂ ਅਸੀਂ ਇੰਜ ਪੀ ਰਹੇ ਸਾਂ ਜਿਵੇਂ 'ਭੁੱਖੇ ਜੱਟ ਕਟੋਰਾ ਲੱਭਿਆ, ਪਾਣੀ ਪੀ-ਪੀ ਆਫਰਿਆ' ਜਾਂ ਊਠਾਂ ਵਾਂਗ ਅੰਦਰ ਇਕ-ਦੋ ਦਿਨ ਲਈ ਪਾਣੀ ਜਮ੍ਹਾਂ ਕਰ ਰਹੇ ਹੋਈਏ। ਆਖਿਰ ਕੁਝ ਸੰਤੁਸ਼ਟੀ ਮਹਿਸੂਸ ਕਰਦੇ, ਠੰਢਕ ਦਿੰਦੀ ਹਵਾ ਦੀਆਂ ਲੋਰੀਆਂ ਮਾਣਦੇ ਸਭ ਠੰਡੀ ਰੇਤ 'ਤੇ ਲਿਟ ਗਏ। ਅਸਮਾਨ 'ਤੇ ਆਪਣਾ ਅੱਧ-ਪਚੱਧਾ ਲੁਭਾਵਣਾ ਆਕਾਰ ਲਈ ਚੰਨ ਆਪਣੇ ਇਕਲਾਪੇ ਨਾਲ ਹੌਲੀ-ਹੌਲੀ ਸਰਕ ਰਿਹਾ ਸੀ। ਵਧਦੇ ਹਨੇਰੇ ਦਾ ਬੋਝ ਆਪਣੀਆਂ ਪਲਕਾਂ 'ਤੇ ਮਹਿਸੂਸ ਕਰਦਿਆਂ ਸਭ ਛੇਤੀ ਹੀ ਸੌਂ ਗਏ।

ਅਚਾਨਕ ਲੱਗਾ, ਮੇਰੇ ਲਰਜ਼ਦੇ ਖਾਬਾਂ ਦੀ ਦੁਨੀਆਂ ਵਿਚ ਕੋਈ ਘੁਸਪੈਠ ਹੋਣ ਲੱਗੀ ਸੀ। ਸ਼ੋਰ-ਸ਼ਰਾਬਾ ਸੁਣ ਕੇ ਬੜੇ ਯਤਨ ਨਾਲ ਬੋਝਲ ਪਲਕਾਂ ਚੁੱਕੀਆਂ ਤਾਂ ਦੇਖਿਆ ਮੂੰਹ-ਹਨੇਰੇ ਜਿਹੇ ਹਰ ਪਾਸੇ ਊਠ ਅੜਿੰਗਦੇ ਫਿਰ ਰਹੇ ਸਨ। ਕੁਝ ਬੰਦੇ ਵੀ ਉਨ੍ਹਾਂ ਦੇ ਅੱਗੇ-ਪਿੱਛੇ ਭੱਜਦੇ ਦਿਸੇ।

ਜੀਪਾਂ ਪਹਿਲਾਂ ਹੀ ਸਟਾਰਟ ਹੋ ਚੁੱਕੀਆਂ ਸਨ, ਹਾਰਨ ਵੱਜ ਰਹੇ ਸਨ। ਹਰ ਵਕਤ ਸਾਡੇ ਲਈ ਉਹ ਜੀਪਾਂ ਹੀ ਦੁਨੀਆਂ ਦਾ ਪਹਿਲਾ ਤੇ ਆਖਰੀ ਸਹਾਰਾ ਸਨ। ਵਾਧੂ ਸੋਚਣ-ਸਮਝਣ 'ਚ, ਸਿਰ ਖਪਾਉਣ 'ਚ ਵਕਤ ਨਾ ਗੁਆਉਂਦਿਆਂ ਹਰ ਕੋਈ ਛਾਲਾਂ ਮਾਰ ਕੇ ਜੀਪਾਂ ਵਿਚ ਜਾ ਚੜ੍ਹਿਆ। ਜਲਦਬਾਜ਼ੀ ਵਿਚ ਮੋਹਕਮ ਤੇ ਨੀਲੇ ਦੀਆਂ ਜੁੱਤੀਆਂ ਤੇ ਕੁਝ ਕੁ ਦੇ ਇਕ-ਦੋ ਕੱਪੜੇ ਵਗੈਰਾ ਪਿੱਛੇ ਛੁੱਟ ਗਏ।

ਮੈਂ ਖੁੱਲ੍ਹਾ-ਡੁੱਲ੍ਹਾ ਸਪੋਰਟਸ ਪਜਾਮਾ ਤੇ ਅੱਧੀਆਂ ਬਾਂਹਾਂ ਦੀ ਸਫੇਦ ਟੀ-ਸ਼ਰਟ ਪਹਿਨੀ ਹੋਈ ਸੀ ਜੋ ਮੈਲੇ ਹੋ ਕੇ ਬਦਰੰਗ ਹੋ ਚੁੱਕੇ ਸਨ। ਪੈਰੀਂ ਕਾਲੀ ਗੁਰਗਾਬੀ ਅਤੇ ਕਾਲੀ ਜੈਕਟ ਸੀ ਜੋ ਦਿਨੇ ਥੱਲੇ ਵਿਛਾ ਕੇ ਪੈ ਜਾਂਦਾ ਤੇ ਰਾਤ ਨੂੰ ਪਹਿਨ ਕੇ ਸੌਂ ਜਾਂਦਾ। ਸੋਚਿਆ ਸੀ, ਨਵੇਂ ਕੱਪੜੇ ਰੇਗਿਸਤਾਨੀ ਸਫਰ ਖਤਮ ਹੋਣ 'ਤੇ ਪਾਵਾਂਗਾ। 70 ਕੁ ਅਮਰੀਕੀ ਡਾਲਰ ਬੈਗ 'ਚ ਪਏ ਕੱਪੜਿਆਂ ਦੀਆਂ ਗੁਪਤ ਥਾਂਵਾਂ 'ਚ ਸੀਤੇ ਹੋਏ ਸਨ। ਇਹ 'ਲੋਪੋ' ਦੇ ਕਹਿਣ 'ਤੇ ਕੀਤਾ ਸੀ ਜਿਸ ਨੇ ਖੁਦ ਮੈਥੋਂ 20 ਡਾਲਰ ਲੈ ਕੇ (ਖੌਰੇ ਕਿਸ ਹੱਕ ਅਧੀਨ!) ਆਪਣੇ ਨਵੇਂ ਕੱਪੜਿਆਂ ਵਿਚ ਸੀ ਲਏ ਸਨ। ਇਹ ਸਭ ਡੌਂਕਰਾਂ ਦੀ ਲੁੱਟ-ਖਸੁੱਟ ਤੋਂ ਬਚਣ ਲਈ ਕੀਤੇ ਉਪਾਅ ਸਨ। ਕੁਝ ਕੁ ਨੇ ਪਹਿਨੇ ਹੋਏ ਕੱਪੜਿਆਂ ਦੇ ਖੂੰਜਿਆਂ ਵਿਚ ਵੀ ਯੂਰੋ, ਡਾਲਰ ਲੁਕੋਏ ਹੋਏ ਸਨ।

ਫਿਲਹਾਲ ਸਾਨੂੰ ਇਥੋਂ ਕੋਈ ਖਤਰਾ ਨਹੀਂ ਸੀ, ਪਰ ਜੀਪਾਂ ਦੌੜ ਪਈਆਂ ਸਨ। ਡੌਂਕਰ ਮਾਮੂਲੀ ਜੋਖਮ ਵੀ ਉਠਾਉਣਾ ਨਹੀਂ ਸੀ ਚਾਹੁੰਦੇ। ਘੰਟੇ ਬਾਅਦ ਵੀ ਤੁਰਨਾ ਹੀ ਸੀ, ਚਲੋ ਹੁਣੇ ਹੀ ਸਹੀ!

ਦਿਨ ਦੀ ਚਿਲਕਦੀ ਧੁੱਪ ਨੇ ਹੌਲੀ-ਹੌਲੀ, ਗੁਜ਼ਰੀ ਸ਼ਾਮ ਦੇ ਨਹਾਉਣ-ਧੋਣ ਦਾ ਅਨੰਦ ਭੁਲਾ ਦਿੱਤਾ। ਸੂਰਜ ਹੋਰ ਉਠਿਆ ਤਾਂ ਗਲੇ ਫਿਰ ਸੁੱਕਣ ਲੱਗ ਪਏ, ਮੂੰਹ ਟੱਡ ਹੋਣ ਲੱਗੇ, ਜੀਭਾਂ ਬਾਹਰ ਨਿਕਲਣ ਲੱਗ ਪਈਆਂ। ਸੂਰਜ ਸਾਰੀ ਸਮਰੱਥਾ ਨਾਲ ਵਰ੍ਹਦਾ ਆਪਣੀ ਅਸੀਮ ਤਾਕਤ ਦਾ ਲੋਹਾ ਮਨਵਾਉਣਾ ਚਾਹੁੰਦਾ ਸੀ ਸ਼ਾਇਦ। ਰੇਗਿਸਤਾਨ ਵੀ ਆਪਣੇ ਢੰਗ ਨਾਲ ਸੂਰਜ ਦਾ ਸਾਥ ਦਿੰਦਾ ਜਾਂਦਾ ਸੀ, ਪਰ ਸਾਡੀ ਨਜ਼ਰ ਵਿਚ ਇਹ ਤਾਕਤ ਨਹੀਂ ਸੀ, ਜ਼ੁਲਮ ਸੀ, ਤੇ ਜ਼ੁਲਮ ਹਮੇਸ਼ਾ ਜੁਰਮ ਹੁੰਦਾ। ਇਹ ਭਾਵੇਂ ਕੁਦਰਤੀ ਨਿਯਮਾਂ ਅਧੀਨ ਸੀ, ਫਿਰ ਵੀ ਲੱਗਦਾ ਸੀ, ਸੂਰਜ ਦੀ ਕਰੋਪ ਹੋਈ ਨਿਗ੍ਹਾ ਦਾ ਕੇਂਦਰ-ਬਿੰਦੂ ਇਹ ਰੇਗਿਸਤਾਨ ਸੀ ਅਤੇ ਉਸ ਤੋਂ ਵੀ ਵੱਧ ਅਸੀਂ।

ਦੋ-ਤਿੰਨ ਵਾਰ ਅੱਧੇ-ਪੌਣੇ ਘੰਟੇ ਦੇ ਆਰਾਮ ਵਾਲੇ ਵਕਤ ਨੂੰ ਅੱਖੋਂ ਪਰੋਖੇ ਕਰ ਦੇਈਏ ਤਾਂ ਸਾਰਾ ਦਿਨ ਜੀਪਾਂ ਦੇ ਪਹੀਏ ਘੁੰਮਦੇ ਰਹੇ ਸਨ। ਗਰਮੀ ਨਾਲ ਪਾਣੀ ਜ਼ਿਆਦਾ ਖਰਚ ਹੋ ਰਿਹਾ ਸੀ। ਸ਼ਾਮ ਤਕ ਡਰੰਮਾਂ ਵਿਚ ਪਾਣੀ ਥੋੜ੍ਹਾ-ਥੋੜ੍ਹਾ ਰਹਿ ਗਿਆ। ਅੱਧੇ ਡਰੰਮ ਭਰਨ ਵਾਲੇ ਜਦ ਸਾਡੇ ਡਰੰਮਾਂ ਨਾਲ ਆ ਜੁੜੇ ਤਾਂ ਮੈਂ ਉਲਾਂਭੇ ਭਰੀ ਲਾਹਣਤ ਪਾਈ, "ਡਰੰਮ ਭਰ ਲੈਂਦੇ ਤਾਂ ਤਿਹਾਏ ਮਰਨ ਵਾਲੀ ਹਾਲਤ ਨਹੀਂ ਸੀ ਹੋਣੀ।"

ਡੌਂਕਰਾਂ ਨੇ ਕੈਨੀਆਂ ਵਾਲਾ ਪਾਣੀ ਛੂਹਣ ਨਹੀਂ ਸੀ ਦਿੱਤਾ। ਕਿਹਾ ਸੀ ਕਿ ਡਰੰਮਾਂ ਵਾਲਾ ਪਾਣੀ ਪੀਣ ਲਈ ਨਹੀਂ, ਪਰ ਉਹ ਡੀਜ਼ਲ ਰਲਿਆ ਪਾਣੀ ਪੀਣਾ ਪਿਆ। ਸਾਹ ਰੋਕ ਕੇ ਡੀਜ਼ਲ ਦੀ ਬਦਬੂ ਵਾਲਾ ਪਾਣੀ ਮਸਾਂ ਅੰਦਰ ਲੰਘਾਉਂਦੇ, ਤੇ ਉਹ ਵੀ ਆਖਰ ਪਿਆਸ ਹੋਰ ਵਧਾ ਜਾਂਦਾ। ਡੀਜ਼ਲ ਵਾਲੇ ਡਕਾਰ ਆਉਂਦੇ। ਕੋਈ ਵਿਅੰਗ-ਬੋਲ ਮਚਲਿਆ, "ਲੈ ਬਈ! ਹੁਣ ਜੀਪਾਂ ਨਾਲ ਆਪਾਂ ਵੀ ਡੀਜ਼ਲ 'ਤੇ ਹੋ ਗਏ ਆਂ।"

ਗੱਡੀਆਂ ਦਿਨ ਭਰ ਕਦੇ ਰੇਤੀਲੇ ਟਿੱਬਿਆਂ 'ਤੇ, ਕਦੇ ਉਚੀਆਂ-ਨੀਵੀਆਂ ਪਥਰੀਲੀਆਂ ਰਾਹਾਂ 'ਤੇ ਦੌੜਦੀਆਂ ਰਹੀਆਂ। ਇਕ ਟਰੱਕ ਤੇਜ਼ੀ ਨਾਲ ਸਾਨੂੰ ਓਵਰਟੇਕ ਕਰਦਿਆਂ ਸੋਚਾਂ ਦਾ ਥੱਬਾ ਸਾਡੇ ਜ਼ਿਹਨ 'ਚ ਸੁੱਟ ਗਿਆ ਕਿ ਸ਼ਾਇਦ ਹੁਣ ਆਬਾਦੀ ਨੇੜੇ ਹੀ ਹੋਵੇ, ਪਰ ਜੀਪਾਂ ਪਤਾ ਨਹੀਂ ਰੱਬ ਦੀ ਧੁੰਨੀ 'ਚ ਜਾ ਕੇ ਰੁਕਣੀਆਂ ਸਨ! ਜੀਪਾਂ ਰੇਤ 'ਚ ਫਸ ਜਾਂਦੀਆਂ ਤਾਂ ਧੱਕਾ ਲਾ-ਲਾ ਕੇ ਰਹਿੰਦੀ-ਖੂੰਹਦੀ ਜਾਨ ਵੀ ਨਿਕਲਦੀ ਜਾਂਦੀ ਜਾਪਦੀ। ਧੱਕਾ ਲਾਉਂਦੇ ਮੁੰਡੇ ਮੌਕਾ ਤਾੜ ਕੇ ਡੌਂਕਰਾਂ ਦੀਆਂ ਟੰਗੀਆਂ ਥਰਮੋਸਾਂ 'ਚੋਂ ਪਾਣੀ ਦੀ ਡੌਂਕੀ ਲਾ ਜਾਂਦੇ। ਪਤਾ ਲੱਗਣ 'ਤੇ ਡੌਂਕਰ ਧੌਲ-ਧੱਫਾ ਕਰਦੇ ਤੇ ਪਾਣੀ ਲੁਕੋ ਲੈਂਦੇ।

ਆਉਂਦੇ ਵਕਤ ਵਿਚ 'ਡੌਂਕੀ' ਅਤੇ 'ਡੌਂਕਰ' ਲਫਜ਼ ਮਸ਼ਹੂਰ ਹੋਣ ਵਾਲੇ ਸਨ। ਸਾਡੀ ਜ਼ਿੰਦਗੀ, ਸਾਡਾ ਭਵਿਖ, ਸਾਡਾ ਸਭ ਕੁਝ ਇਨ੍ਹਾਂ 'ਤੇ ਹੀ ਨਿਰਭਰ ਹੋਣਾ ਸੀ। ਸਾਡੀਆਂ ਜ਼ੁਬਾਨਾਂ 'ਤੇ ਇਹੀ ਦੋ ਸ਼ਬਦ ਰਹਿ ਜਾਣੇ ਸੀ। ਮਾਨਵੀ ਤਸਕਰਾਂ ਲਈ ਰੂਸੀ ਬੋਲੀ ਵਿਚ 'ਡੌਨ' ਦਾ ਵਿਗੜਿਆ ਲਫਜ਼ 'ਡੌਂਕਰ' ਹੈ। 'ਡੌਂਕੀ' ਦਾ ਸ਼ਾਬਦਿਕ ਅਰਥ ਸੀ-ਗੈਰਕਾਨੂੰਨੀ ਘੁਸਪੈਠ, ਦੋ ਨੰਬਰੀ ਕੰਮ ਜਾਂ ਫਿਰ ਚੋਰੀ ਕਹਿ ਲਓ। 'ਡੌਂਕਰ' ਨਾਮਕਰਨ ਉਨ੍ਹਾਂ ਸਭ ਦਾ ਸੀ ਜਿਹੜੇ ਸਾਨੂੰ ਨਾਜਾਇਜ਼ ਛੁਪਾ ਕੇ ਰੱਖਣ ਜਾਂ ਇਕ ਥਾਂ ਤੋਂ ਦੂਜੇ ਥਾਂ 'ਤੇ ਪਹੁੰਚਾ ਰਹੇ ਸਨ। ਡੌਂਕੀ ਦਾ ਸਭ ਤੋਂ ਨਿਮਨ ਸਤਰ ਸੀ, ਆਪਸੀ/ਸਾਂਝੇ ਖਾਣੇ ਜਾਂ ਪਾਣੀ ਦੀ ਚੋਰੀ ਕਰਨਾ। ਖਾਣ-ਪੀਣ ਦਾ ਨਿਜ਼ਾਮ ਜਿਹੜੇ 'ਨਾਢੂ ਖਾਂ' ਮੁੰਡਿਆਂ ਦੇ ਹੱਥ ਹੁੰਦਾ ਸੀ, ਉਹ ਨਿਰੰਕੁਸ਼ਤਾ ਦੇ ਆਧਾਰ 'ਤੇ ਡੌਂਕੀ ਲਾ ਜਾਂਦੇ ਸਨ।

ਸ਼ਾਮ ਨੂੰ ਕਿਤੇ ਜਾ ਕੇ ਕਾਫਲਾ ਰੁਕਿਆ। ਥੋੜ੍ਹੇ ਚੌਲ ਬਣਾ ਕੇ ਖਾਧੇ ਗਏ, ਪਰ ਰਾਤ ਨੂੰ ਪਾਣੀ ਸਭ ਨੂੰ ਕਤਾਰ ਵਿਚ ਲਾ ਕੇ, ਦੋ-ਦੋ ਘੁੱਟਾਂ ਹੀ ਵੰਡਿਆ ਗਿਆ। ਇਹ ਇਸ਼ਾਰਾ ਸੀ ਕਿ ਸਫਰ ਹਾਲੇ ਕਾਫੀ ਹੈ ਅਤੇ ਨੇੜੇ-ਤੇੜੇ ਪਾਣੀ ਵੀ ਨਹੀਂ ਮਿਲਣਾ। ਡਰੰਮ ਖਾਲੀ ਹੋ ਕੇ ਬੋਲ ਪਏ ਸਨ। ਕੈਨੀਆਂ ਦਾ ਪਾਣੀ ਛੇੜ ਲਿਆ ਗਿਆ ਸੀ। ਫਿਰ ਕੈਨੀਆਂ ਨੂੰ ਰੱਸੇ ਪਾ ਕੇ ਬੰਨ੍ਹ ਦਿੱਤਾ ਤਾਂ ਕਿ ਪਾਣੀ ਚੋਰੀ ਨਾ ਕੀਤਾ ਜਾ ਸਕੇ। ਲੰਮੇ ਪਏ ਹੀ ਸਾਂ ਕਿ ਤੇਜ਼ ਵਗਦੀ ਹਵਾ ਨੇ ਰੌਦਰ ਰੂਪ ਧਾਰ ਲਿਆ। ਰੇਤ ਦਾ ਤੂਫਾਨ ਚਲ ਪਿਆ ਸੀ। ਅੱਖਾਂ-ਮੂੰਹ-ਸਿਰ ਰੇਤ ਨਾਲ ਭਰ ਗਏ। ਸਾਰੇ ਜੀਪਾਂ ਦੀ ਓਟ ਵਿਚ ਉਪਰ ਲੋਈਆਂ, ਜੈਕਟਾਂ ਲਪੇਟੀ ਕੁਦਰਤ ਦੀ ਇਕ ਹੋਰ ਮੁਸੀਬਤ ਅਧਮੋਏ ਜਿਸਮਾਂ ਅਤੇ ਥੱਕੀਆਂ-ਹਾਰੀਆਂ ਰੂਹਾਂ 'ਤੇ ਝੱਲਦੇ ਰਹੇ।

ਅਜਿਹੀ ਹਾਲਤ ਵਿਚ ਨੀਂਦ ਕਿਥੋਂ ਆਉਂਦੀ? ਘੜੀ ਭਰ ਅੱਖ ਲੱਗਦੀ, ਪੁੱਟੀ ਜਾਂਦੀ। ਝੋਕਾ ਮਾਰਦਿਆਂ, ਪਾਸੇ ਬਦਲਦਿਆਂ, ਹੜਬੜਾਉਂਦਿਆਂ ਕਿਸੇ ਤਰ੍ਹਾਂ ਉਹ ਤੂਫਾਨੀ ਰਾਤ ਲੰਘਾਈ। ਤੜਕੇ ਜਿਹੇ ਜਾ ਕੇ ਹਨੇਰੀ ਰੁਕੀ; ਜਿਵੇਂ ਰਾਤ ਭਰ ਆਰਾਮ ਨਾਲ ਸੌਣ ਤੋਂ ਰੋਕਣ ਲਈ ਰੇਗਿਸਤਾਨ ਨੇ ਆਪਣੀ ਅਥਾਹ ਤਾਕਤ 'ਚੋਂ ਇਹ ਛੋਟਾ ਜਿਹਾ ਹਥਿਆਰ ਇਸਤੇਮਾਲ ਕੀਤਾ ਹੋਵੇ। ਉਹ ਕਿਵੇਂ ਗਵਾਰਾ ਕਰ ਸਕਦਾ ਸੀ ਕਿ ਉਸ ਦੇ ਸਾਮਰਾਜ ਵਿਚ ਘੁਸਪੈਠੀਏ ਚੈਨ ਨਾਲ ਸੌਂ ਸਕਣ!

ਸਭ ਨੂੰ ਇਕ-ਇਕ ਬੁੱਕ ਪਾਣੀ ਪਿਲਾ ਕੇ, ਗੱਡੀਆਂ ਅਗਲੇ ਪੜਾਅ ਵੱਲ ਤੋਰ ਲਈਆਂ

**ਸ਼ਾਮ ਨੂੰ ਸਾਡੀ ਖੁਸ਼ੀ ਦੁਗਣੀ ਹੋ ਗਈ- ਇਥੇ ਪਾਣੀ ਦੇ ਦੋ ਖੂਹ ਸਨ। ਰਾਤ ਭਰ ਆਰਾਮ ਕਰਨਾ ਸੀ। ਸਭ ਨਹਾ-ਧੋ ਕੇ ਕੈਨੀਆਂ ਭਰਨ ਲੱਗ ਪਏ। ਡੌਂਕਰਾਂ ਨੇ ਹਰ ਗੱਡੀ ਦੇ ਖ਼ਾਲੀ ਹੋਏ ਡੀਜ਼ਲ ਵਾਲੇ ਦੋ-ਦੋ ਡਰੰਮ ਭਰਨ ਦਾ ਹੁਕਮ ਵੀ ਦੇ ਦਿੱਤਾ। ਅਸੀਂ ਸਵਾਲ ਕੀਤਾ, "ਪੀਣ ਲਈ?" ਤਾਂ ਉਨ੍ਹਾਂ 'ਨਾਂਹ' ਵਿਚ ਸਿਰ ਮਾਰਿਆ... ਪਾਣੀ ਦੇ ਕਤਰੇ-ਕਤਰੇ ਦੀ ਅਹਿਮੀਅਤ ਸਾਨੂੰ ਪਤਾ ਲੱਗ ਗਈ ਸੀ। ਲੋੜ ਭਾਵੇਂ ਨਾ ਪਵੇ, ਫਿਰ ਵੀ ਪਾਣੀ ਜ਼ਿਆਦਾ ਤੋਂ ਜ਼ਿਆਦਾ ਚਾਹੀਦਾ ਏ।**



ਗਈਆਂ। ਚੜ੍ਹਿਆ ਦਿਨ ਕੁਝ ਜ਼ਿਆਦਾ ਹੀ ਸਖਤ ਸੀ। ਧੁੱਪ ਛੁਰੀਆਂ ਵਾਂਗ ਜਿਸਮ 'ਚ ਚੁੱਭਦੀ ਸੀ। ਦੁਪਹਿਰ ਤਕ ਹਾਲਤ ਬਦ ਤੋਂ ਬਦਤਰ ਹੁੰਦੀ ਗਈ।

ਸਾਡੀ ਜੀਪ ਦੀ ਇਕ ਨੁੱਕਰੇ ਲੁਕਿਆ ਸੁੱਕੀਆਂ ਖਜੂਰਾਂ ਦਾ ਬੋਰਾ ਫਟ ਗਿਆ। ਭੁੱਖ ਮਾਰੀਆਂ ਅੱਖਾਂ ਚਮਕ ਪਈਆਂ। ਮੈਂ ਵੀ ਕਾਫੀ ਖਜੂਰਾਂ ਖਾਧੀਆਂ। ਉਤੋਂ ਹਵਾ ਨਾਲ ਫਟੇ ਬੁੱਲਾਂ 'ਤੇ ਦੋ-ਤਿੰਨ ਵਾਰ ਸਰ੍ਹੋਂ ਦਾ ਤੇਲ ਲਾ ਬੈਠਾ ਸੀ ਜੋ ਸੰਘ ਨੂੰ ਜਾ ਚਿੰਬੜਿਆ। 'ਸਿਆਣੇ ਦਾ ਆਖਿਆ, ਔਲੇ ਦਾ ਖਾਧਾ' ਅਤੇ 'ਪਾਣੀ ਦੀ ਕਮੀ 'ਚ ਰੇਗਿਸਤਾਨ 'ਚ ਖਾਧੀਆਂ ਗਰਮ ਸੁੱਕੀਆਂ ਖਜੂਰਾਂ ਦਾ' ਬਾਅਦ ਵਿਚ ਹੀ ਪਤਾ ਲੱਗਦਾ ਏ। ਡੀਜ਼ਲ ਰਲੇ ਕੁਝ ਘੁੱਟ ਪਾਣੀ, ਸਰ੍ਹੋਂ ਦੇ ਤੇਲ ਅਤੇ ਖਜੂਰਾਂ ਨੇ ਪੇਟ 'ਚ ਪਹੁੰਚ ਕੇ ਜਿਵੇਂ ਤਬਾਹੀ ਲੈ ਆਂਦੀ। ਮੈਨੂੰ ਲੱਗਾ, ਪਿਆਸ ਨਾਲ ਮਰਿਆ ਈ ਮਰਿਆ। 7-8 ਦਿਨਾਂ ਦੀ ਘੱਟ ਖੁਰਾਕ ਤੇ ਪਾਣੀ ਦੀ ਕਮੀ ਨੇ ਅੰਦਰੋਂ ਇੰਜ ਕਮਜ਼ੋਰ ਕਰ ਦਿੱਤਾ ਸੀ ਕਿ ਮੈਨੂੰ ਆਪਣਾ-ਆਪ ਖੋਖਲਾ ਮਹਿਸੂਸ ਹੋਣ ਲੱਗਾ। ਅੰਨ-ਪਾਣੀ ਦੇ ਫਾਕਿਆਂ ਨੇ ਹਾਲਤ ਪਤਲੀ ਕਰ ਸੁੱਟੀ ਸੀ।

ਮੇਰੇ ਜਿਹੀ ਹਾਲਤ 'ਚ ਹੋਰ ਵੀ ਨਜ਼ਰ ਆਏ। ਨੀਲਾ ਤੇ ਪਨੂੰ ਕੁਝ ਜ਼ਿਆਦਾ ਹੀ ਡਿਗਦੇ ਦਿਸਦੇ ਸਨ। ਮੂੰਹਾਂ 'ਚੋਂ ਬਦੋਬਦੀ 'ਹਾਏ-ਹਾਏ' ਨਿਕਲਦੀ। ਹੋਰ ਬਦਹਾਲਾਂ ਵਿਚੋਂ 42 ਕੁ ਸਾਲਾ (ਦਵਿੰਦਰ ਸਿੰਘ) 'ਬਜ਼ੁਰਗ' ਜਾਂ 'ਭਾਈਏ' ਦੀ ਹਾਲਤ ਜ਼ਿਆਦਾ ਨਾਜ਼ੁਕ ਸੀ। ਕੈਨੀਆਂ ਰੱਸਿਆਂ ਨਾਲ ਬੰਨ੍ਹੀਆਂ ਹੋਣ ਕਰ ਕੇ ਪਾਣੀ ਚੋਰੀ ਵੀ ਨਹੀਂ ਸੀ ਪੀ ਸਕਦੇ। ਉਚੇ-ਨੀਵੇਂ ਟਿੱਬੇ ਜਾਨ ਦੇ ਅੜਬ ਦੁਸ਼ਮਣ ਬਣੇ ਬੈਠੇ ਸਨ। ਹਰ ਉਚਾ ਟਿੱਬਾ ਸਾਹਮਣੇ ਇੰਜ ਆਪਣਾ ਆਪ ਖਿਲਾਰ ਕੇ ਅੜ ਜਾਂਦਾ, ਜਿਵੇਂ ਸਾਨੂੰ ਲੰਘਣ ਨਹੀਂ ਦੇਵੇਗਾ। ਜੀਪਾਂ ਰੇਤ ਵਿਚ ਖੁੱਭ-ਖੁੱਭ ਜਾਂਦੀਆਂ। ਅਸੀਂ ਮਰਦੇ ਜਿਸਮਾਂ ਦੀ ਬਚੀ-ਖੁਚੀ ਜਾਨ ਨਾਲ ਧੱਕੇ ਲਾ-ਲਾ ਗੱਡੀਆਂ ਟਿੱਬਿਆਂ 'ਚੋਂ ਕੱਢਦੇ ਤਾਂ ਸਾਹੋ-ਸਾਹੀ ਹੋਏ, ਹੌਂਕਦੇ, ਤਕਦੀਰ ਨੂੰ ਗਾਲ੍ਹਾਂ ਕੱਢਦੇ, ਵਕਤ ਨੂੰ ਕੋਸਦੇ, ਰੱਬ ਨੂੰ ਉਲਾਂਭੇ ਦਿੰਦੇ, ਮਿਹਣੇ ਮਾਰਦੇ। ਡੌਂਕਰ ਸਾਹਮਣੇ ਹੱਥ ਜੋੜਦੇ, ਤਰਲੇ ਪਾਉਂਦੇ, ਡੇਲੂ (ਪਾਣੀ) ਮੰਗਦੇ, ਪਰ ਉਹ ਨਿਰਦਈ ਕਿਸੇ ਦੀ ਵੀ ਨਾ ਸੁਣਦੇ।

ਜੇਠ-ਹਾੜ੍ਹ ਵਾਲੇ ਤਾਪਮਾਨ ਨੇ ਰੇਗਿਸਤਾਨ ਦੇ ਭਿਆਨਕ ਹਾਲਾਤ ਨਾਲ ਫਾਲਤੂ ਇਤਫਾਕ ਰੱਖਦਿਆਂ, ਅੱਡੀ-ਚੋਟੀ ਦਾ ਜ਼ੋਰ ਲਾ ਕੇ ਜਿਸਮਾਂ ਨੂੰ ਧੁਰ ਅੰਦਰ ਤਕ ਸਾੜਨਾ ਸ਼ੁਰੂ ਕਰ ਦਿੱਤਾ। ਮਹਿਸੂਸ ਹੁੰਦਾ ਸੀ, ਜਿਵੇਂ ਤੱਤੀ ਵਗਦੀ ਲੂ, ਰਗਾਂ ਵਿਚ ਵਹਿੰਦੇ ਲਹੂ ਨੂੰ ਅਹਿਸਤਾ-ਅਹਿਸਤਾ ਚੂਸ ਰਹੀ ਸੀ। ਸਰੀਰਾਂ ਦਾ ਤਾਪਮਾਨ ਮਾਹੌਲ ਅਨੁਸਾਰ ਬਹੁਤ ਗਰਮਾ ਗਿਆ ਤੇ ਸਾਹ ਲੈਣਾ ਵੀ ਮੁਸ਼ਕਿਲ ਲੱਗਣ ਲੱਗਾ। ਜਿਵੇਂ ਸੜਦੀ ਧੁੱਪ ਰੋਮਾਂ ਦੇ ਰਸਤੇ ਘੁਸਪੈਠ ਕਰ ਕੇ ਅੰਦਰ ਤੀਕ ਦੀ ਨਮੀ ਪੀ ਰਹੀ ਸੀ! ਰੇਗਿਸਤਾਨ, ਸੂਰਜ, ਗਰਮੀ ਕਈ ਦਿਨਾਂ ਤੋਂ ਚਲੀ ਆ ਰਹੀ ਬੇਰਹਿਮੀ ਤੇ ਜ਼ੁਲਮ ਦੀ ਨੀਤੀ ਨੂੰ ਜਿਵੇਂ ਅੱਜ ਇਕ ਦਮ ਸਿਖਰ 'ਤੇ ਲੈ ਆਏ ਸਨ।

ਕਿਤੇ ਡੌਂਕਰ ਰਸਤਾ ਭਟਕ ਜਾਂਦੇ ਤਾਂ ਹੋਰ ਮੁਸੀਬਤ ਹੋ ਜਾਂਦੀ: ਰਸਤਾ ਹੋਰ ਲੰਮੇਰਾ ਹੋ ਜਾਂਦਾ। ਖਦਸ਼ਾ ਸਤਾਉਂਦਾ ਕਿ ਹੌਲੀ-ਹੌਲੀ ਸੋਨੂੰ ਦੀ ਮਰਨ ਤੋਂ ਪਹਿਲਾਂ ਵਾਲੀ ਹਾਲਤ ਵੱਲ ਵਧ ਰਹੇ ਸਾਂ! ਮਤਲਬ: ਇਕ-ਦੋ ਦਿਨ ਅਜਿਹੇ ਹੀ ਹਾਲ ਰਹੇ ਤਾਂ ਕੋਈ ਜਣਾ ਅਣਹੋਣੀ ਦਾ ਸ਼ਿਕਾਰ ਹੋ ਜਾਵੇਗਾ। ਲੋਈਆਂ ਦੇ ਸਿਰੇ ਫੜ ਕੇ ਸਿਰਾਂ 'ਤੇ ਤਾਣੀਆਂ ਤਾਂ ਧੁੱਪ ਤੋਂ ਥੋੜ੍ਹੀ ਰਾਹਤ ਮਹਿਸੂਸ ਹੋਈ, ਪਰ ਪਿਆਸ ਜਿਵੇਂ ਮਾਰ ਸੁੱਟਣ 'ਤੇ ਤੁਲੀ ਹੋਈ ਸੀ।

ਇਕ ਚਿੜੀ ਪਤਾ ਨਹੀਂ ਕਿਧਰੋਂ ਛਾਂ-ਟਿਕਾਣਾ ਦੇਖ ਕੇ ਮੇਰੇ ਗੋਡਿਆਂ 'ਤੇ ਆਣ ਬੈਠੀ। ਬੁਰੀ ਤਰ੍ਹਾਂ ਅੱਡਿਆ ਮੂੰਹ। ਝੱਬੀਆਂ ਕੈਨੀਆਂ 'ਚੋਂ ਛਲਕਾਅ ਕੇ ਪਾਣੀ ਪਿਲਾਇਆ। ਕੁਝ ਮਿੰਟਾਂ ਬਾਅਦ ਉਹ ਉਡ ਗਈ। ਕਿਸਮਤ ਉਸ ਨੂੰ ਪਤਾ ਨਹੀਂ ਕਿਧਰ ਲੈ ਗਈ ਸੀ: ਸ਼ਾਇਦ ਜ਼ਿੰਦਗੀ ਵੱਲ! ਸ਼ਾਇਦ ਮੌਤ ਵੱਲ! ਅਸੀਂ ਵੀ ਇਸੇ ਢੰਗ ਨਾਲ ਪਾਣੀ ਪੀਣ ਦੀ ਕੋਸ਼ਿਸ਼ ਕੀਤੀ, ਪਰ ਬੂੰਦਾਂ ਕੀ ਸੰਵਾਰ ਸਕਦੀਆਂ ਸਨ? ਮਹਿਸੂਸ ਹੋਣ ਲੱਗਾ, ਜਿਵੇਂ ਜਾਨ ਹੌਲੀ-ਹੌਲੀ ਖਿਸਕ ਰਹੀ ਸੀ। 'ਚਾਚੇ ਕੰਬੋਅ' ਨਾਲ ਤਕਰਾਰ ਹੋਈ ਤਾਂ ਉਚੀ ਬੋਲਣ ਨਾਲ ਸੁੱਕਿਆ ਸੰਘ ਹੋਰ ਖੁਸ਼ਕ ਹੁੰਦਾ ਗਿਆ, ਗਲਾ ਜਿਵੇਂ ਪੱਥਰ ਹੋ ਗਿਆ ਤੇ ਬੁਰੀ ਤਰ੍ਹਾਂ ਦਰਦ ਹੋਣ ਲੱਗਾ। ਸੋਨੂੰ ਤੋਂ ਅਗਲਾ ਨੰਬਰ ਮੈਨੂੰ ਆਪਣਾ ਲੱਗਣ ਲੱਗ ਪਿਆ। ਫਿਰ ਸਭ ਨੇ ਰੁਮਾਲ ਕੈਨੀ 'ਚ ਭਿਓਂ ਕੇ ਮੂੰਹਾਂ 'ਚ ਤੁਪਕੇ ਨਿਚੋੜੇ, ਪਰ ਹਾਲਤ ਵਿਗੜਦੀ ਗਈ। ਮੂੰਹ ਵਿਚ ਥੁੱਕ ਤਕ ਨਹੀਂ ਸੀ ਆ ਰਿਹਾ। ਅੱਖਾਂ ਅੱਗੇ ਕਈ ਵਾਰ ਝੌਲਾ ਹਨੇਰਾ ਪਸਰਦਾ ਲੱਗਦਾ ਤਾਂ ਸਿਰ ਨੂੰ ਝਟਕੇ ਮਾਰ ਖੁਦ ਨੂੰ ਝੰਜੋੜਦਾ। ਰੋਣਹਾਕਾ ਹੋਇਆ, 'ਹਾਏ ਹਾਏ' ਕਰਦਾ ਹੱਥੋਂ ਖਿਸਕਦੀ ਜ਼ਿੰਦਗੀ ਦਾ ਲੜ ਮਜ਼ਬੂਤੀ ਨਾਲ ਫੜਨ ਦੀ ਕੋਸ਼ਿਸ਼ ਵਿਚ ਸਾਹਾਂ ਦਾ ਸਾਥ ਨਿਭਾਉਣ ਦੀ ਜੱਦੋ-ਜਹਿਦ ਕਰ ਰਿਹਾ ਸਾਂ, ਪਰ ਇਹ ਬਲਹੀਣ ਸੰਘਰਸ਼ ਸਿਥਲ ਹੋ ਰਿਹਾ ਸੀ।

ਨੈਣਾਂ ਅੱਗੇ ਮਾਂ-ਬਾਪ, ਭੈਣ-ਭਰਾ, ਪ੍ਰੇਮਿਕਾ ਦੇ ਚਿਹਰੇ ਘੁੰਮਣ ਲੱਗੇ। ਮੇਰੇ ਕੋਲ ਗੁਆਉਣ ਲਈ ਆਪਣੀ ਇਸ ਜ਼ਿੰਦਗੀ ਤੋਂ ਵੀ ਜ਼ਿਆਦਾ ਅਹਿਮ ਚੀਜ਼ਾਂ ਸਨ। ਬੇਵਸੀ 'ਚ ਨੇਤਰਾਂ ਵਿਚੋਂ ਹੰਝੂ ਵਹਿ ਤੁਰੇ। ਮੈਂ ਨਹੀਂ ਸੀ ਚਾਹੁੰਦਾ, ਸੋਨੂੰ ਵਰਗੀ ਦਰਦਨਾਕ ਤੇ ਗੁੰਮਨਾਮ ਮੌਤ ਹੋਵੇ। ਇਸ ਖਿਆਲ ਨਾਲ ਹੀ ਮੈਂ ਤਕ ਕੰਬ ਉਠਿਆ ਕਿ ਹੁਣ ਮੈਂ ਆਪਣੇ ਪਰਿਵਾਰ ਨੂੰ ਸ਼ਾਇਦ ਕਦੇ ਨਾ ਮਿਲ ਸਕਾਂ!

(ਚਲਦਾ)

# ਮਾਂਵਾਂ-ਸੰਘਣੀਆਂ ਛਾਂਵਾਂ

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਨੇ ਕੁਦਰਤ ਦੇ ਅਜ਼ੀਮ ਸੋਮੇ ਨਦੀ ਦੀ ਗੱਲ ਕਰਦਿਆਂ ਮਨੁੱਖੀ ਸਭਿਅਤਾ ਵਲੋਂ ਇਸ ਨਾਲ ਕੀਤੇ ਦੁਰਵਿਹਾਰ ਅਤੇ ਇਸ ਦੇ ਪਾਣੀਆਂ ਨੂੰ ਦੂਸ਼ਿਤ ਕਰਨ 'ਤੇ ਰੁਦਨ ਕੀਤਾ ਸੀ ਅਤੇ ਤਾੜਨਾ ਕੀਤੀ ਸੀ ਕਿ ਜੇ ਅਸੀਂ ਹੀ ਇਸ ਦੀ ਹੋਂਦ ਨੂੰ ਮਿਟਾ ਦਿੱਤਾ ਤਾਂ ਇਸ ਦੇ ਪੱਤਣਾਂ ਦੀਆਂ ਰੌਣਕਾਂ ਖੁਸ ਜਾਣਗੀਆਂ ਤੇ ਲੁੱਡਣ ਮਲਾਹ ਦੀ ਦਰਦੀਲੀ ਹੇਕ ਹਵਾ ਨੂੰ ਸਿਸਕਣ ਲਾ ਦੇਵੇਗੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਜਗ ਜਨਨੀ ਮਾਂ ਦੀਆਂ ਰਹਿਮਤਾਂ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਮਾਂ ਬੱਚਿਆਂ ਦੀ ਸਭ ਤੋਂ ਵੱਡੀ ਰਹਿਨੁਮਾ। ਉਨ੍ਹਾਂ ਦੀ ਮਾਰਗ ਦਰਸ਼ਕ, ਉਨ੍ਹਾਂ ਦੇ ਰਾਹਾਂ ਵਿਚੋਂ ਕੰਡੇ ਚੁਗ ਕੇ ਆਪਣੇ ਪੋਟਿਆਂ ਨੂੰ ਪੀੜ-ਪੀੜ ਕਰਨ ਵਾਲੀ ਅਤੇ ਲਾਡਲਿਆਂ ਨੂੰ ਰੋੜਾਂ ਦੀ ਚੁਭਣ ਤੋਂ ਬਚਾਉਣ ਲਈ ਮਲੂਕ ਪੈਰਾਂ ਹੇਠ ਤਲੀਆਂ ਧਰਨ ਵਾਲੀ।...ਕਦੇ ਆਪਣੇ ਆਪ ਦੇ ਰੂਬਰੂ ਹੋਣਾ ਅਤੇ ਆਪਣੇ ਆਪ ਨੂੰ ਮਾਂ ਦੀ ਅਹਿਮੀਅਤ ਬਾਰੇ ਪੁੱਛਣਾ। ਮਾਂ ਤੋਂ ਬਗੈਰ ਤਾਂ ਤੁਸੀਂ ਆਪਣੀ ਹੋਂਦ ਵੀ ਨਹੀਂ ਚਿੱਤਵ ਸਕਦੇ। -ਸੰਪਾਦਕ***

ਚਿਰ ਬਾਅਦ ਵਤਨ ਨੂੰ ਚੱਲਿਆਂ ਸਾਂ। ਬੜੀ ਦੇਰ ਉਡੀਕਦਾ ਰਿਹਾ ਕਿ ਕਦੇ ਤਾਂ ਮਾਂ ਦਾ ਫੋਨ ਆਵੇਗਾ ਕਿ ਪੁੱਤ ਕਦੋਂ ਆਵੇਂਗਾ? ਅਕਸਰ ਹੀ ਮਾਂ ਫੋਨ 'ਤੇ ਇਹ ਹੀ ਕਹਿੰਦੀ ਹੁੰਦੀ ਸੀ। ਪਰ ਮੈਂ ਕਿੰਨਾ ਭੋਲਾ ਸਾਂ। ਮਾਂ ਨੂੰ ਸੁਰਗਵਾਸ ਹੋਈ ਨੂੰ ਵੀ ਦੋ ਸਾਲ ਹੋ ਚੁਕੇ ਸਨ। ਭਲਾ! ਸਦਾ ਲਈ ਤੁਰ ਗਈਆਂ ਮਾਂਵਾਂ ਥੋੜ੍ਹੇ ਆਪਣੇ ਬੱਚਿਆਂ ਨੂੰ ਕਦੇ ਕਹਿੰਦੀਆਂ ਨੇ, ਪੁੱਤ ਕਦੋਂ ਆਵੇਂਗਾ! ਮਾਂ ਸਦਕਾ ਖੁੱਲ੍ਹੇ ਰਹਿਣ ਵਾਲੇ ਦਰ ਹੁਣ ਬੰਦ ਨੇ। ਬੜਾ ਔਖਾ ਹੁੰਦਾ ਏ ਬੰਦ ਦਰਾਂ ਨੂੰ ਮੁਖਾਤਬ ਹੋਣਾ ਅਤੇ ਦਰਾਂ ਦੀ ਉਡੀਕ ਬਣ ਕੇ ਸਦਾ ਲਈ ਦੂਰ ਤੁਰ ਗਈਆਂ ਮਾਂਵਾਂ ਦੇ ਮੂਕ ਰੁਦਨ ਨੂੰ ਸੁਣਨਾ। ਇਹ ਰੁਦਨ ਹਰ ਉਸ ਸ਼ਖਸ ਨੂੰ ਸੁਣਨਾ ਪੈਂਦਾ ਏ ਜੋ ਤੁਰ ਗਈ ਮਾਂ ਨੂੰ ਭਾਲਦਾ ਆਪਣੇ ਵਤਨ, ਸ਼ਹਿਰ ਜਾਂ ਗਰਾਂ ਨੂੰ ਪਰਤਦਾ ਏ।

ਮਾਂ ਹੀ ਬੱਚਿਆਂ ਨੂੰ ਉਡੀਕਦੀ ਏ। ਉਸ ਦੀ ਉਡੀਕ ਵਿਚ ਨਿਰਛੱਲਤਾ ਅਤੇ ਸਾਫਗੋਈ ਹੁੰਦੀ ਏ ਜਦ ਕਿ ਬਾਕੀ ਰਿਸ਼ਤਿਆਂ 'ਚ ਕਿਸੇ ਨਾ ਕਿਸੇ ਪੱਧਰ 'ਤੇ ਨਿਜੀ ਮੁਫਾਦ ਜੁੜਿਆ ਹੁੰਦਾ ਏ।

ਮਾਂ ਬੱਚਿਆਂ ਦੀ ਸਭ ਤੋਂ ਵੱਡੀ ਰਹਿਨੁਮਾ। ਉਨ੍ਹਾਂ ਦੀ ਮਾਰਗ ਦਰਸ਼ਕ, ਉਨ੍ਹਾਂ ਦੇ ਰਾਹਾਂ ਵਿਚੋਂ ਕੰਡੇ ਚੁਗ ਕੇ ਆਪਣੇ ਪੋਟਿਆਂ ਨੂੰ ਪੀੜ-ਪੀੜ ਕਰਨ ਵਾਲੀ ਅਤੇ ਲਾਡਲਿਆਂ ਨੂੰ ਰੋੜਾਂ ਦੀ ਚੁਭਣ ਤੋਂ ਬਚਾਉਣ ਲਈ ਮਲੂਕ ਪੈਰਾਂ ਹੇਠ ਤਲੀਆਂ ਧਰਨ ਵਾਲੀ।

ਮਾਂ ਬੱਚਿਆਂ ਦੀ ਸਭ ਤੋਂ ਵੱਡੀ ਸੁਪਨਸਾਜ਼। ਉਨ੍ਹਾਂ ਦੇ ਨੈਣਾਂ ਵਿਚ ਸੁਪਨੇ ਧਰਦੀ, ਇਨ੍ਹਾਂ ਦੀ ਪੂਰਤੀ ਲਈ ਹਰ ਉਪਰਾਲੇ ਕਰਦੀ ਅਤੇ ਆਪਣੀਆਂ ਲੋੜਾਂ ਤੇ ਥੋੜ੍ਹਾਂ ਦੀ ਪ੍ਰਵਾਹ ਕੀਤੇ ਬਿਨਾ ਆਪਣੇ ਬੱਚਿਆਂ ਦੇ ਚਾਅ ਪੂਰੇ ਕਰਦੀ।

ਮਾਂ ਬੱਚਿਆਂ ਦੀ ਸਭ ਤੋਂ ਵੱਡੀ ਖੈਰ-ਖਾਹ, ਸੁੱਖਾਂ ਮੰਗਦੀ, ਚੜ੍ਹਦੀ ਕਲਾ ਲਈ ਅਰਦਾਸਾਂ ਕਰਦੀ ਅਤੇ ਟੁੱਟਦੇ ਸਾਹਾਂ ਦੀ ਅਉਧ ਹੰਢਾਉਂਦਿਆਂ ਵੀ ਬੱਚਿਆਂ ਦੀ ਲੰਮੀ ਉਮਰ ਦੀ ਦੁਆ ਕਰਦੀ। ਜਖਮਾਂ 'ਤੇ ਹਮਦਰਦੀ ਦੇ ਫਹੇ ਧਰਦੀ, ਸਿੰਮਦੀ ਪੀੜ 'ਤੇ ਮੋਹ ਦੀਆਂ ਟਕੋਰਾਂ ਕਰਦੀ ਅਤੇ ਦਰਦ ਹਰਦੀ।

***ਮਾਂ ਹੁੰਦੀ ਏ ਤਾਂ ਘਰ ਤੁਹਾਨੂੰ ਉਡੀਕਦਾ ਏ, ਕਮਰੇ ਵਿਚ ਮਾਂ ਦੀ ਮਹਿਕ ਮਾਣਨ ਨੂੰ ਜੀਅ ਕਰਦਾ ਏ, ਘੂਰੀਆਂ-ਝਿੜਕਾਂ ਦੇ ਪਲ ਮੁੜ ਜਿਉਣ ਨੂੰ ਜੀ ਕਰਦਾ ਏ। ਪਰ ਮਾਂ ਦੀ ਗੈਰ ਹਾਜਰੀ ਵਿਚ ਦਰ ਉਦਾਸ ਹੋ ਜਾਂਦੇ ਨੇ, ਘਰ ਦੀ ਉਡੀਕ ਖਤਮ ਹੋ ਜਾਂਦੀ ਏ। ਕੁਝ ਨੂੰ ਤਾਂ ਮਾਂ ਦਾ ਸਿਵਾ ਸੇਕਣਾ ਵੀ ਨਸੀਬ ਨਹੀਂ ਹੁੰਦਾ ਅਤੇ ਉਹ ਸਿਰਫ ਮੜ੍ਹੀਆਂ ਦੀ ਰਾਖ ਫਰੋਲਣ ਜੋਗੇ ਰਹਿ ਜਾਂਦੇ ਨੇ।***

ਬੱਚੇ ਮਾਂ ਦਾ ਪ੍ਰਤੀਬਿੰਬ, ਉਸ ਦੀ ਸੋਚ ਦਾ ਝਲਕਾਰਾ, ਉਸ ਦੀ ਜੀਵਨ-ਜਾਚ ਦਾ ਦਰਪਣ ਅਤੇ ਉਸ ਦੀ ਕ੍ਰਿਤ-ਸਾਧਨਾ ਦਾ ਸੁੱਚਾ ਸੰਕਲਪ। ਮਾਂ ਬੱਚਿਆਂ ਨੂੰ ਜਨਮ ਹੀ ਨਹੀਂ ਦਿੰਦੀ ਸਗੋਂ ਉਸ ਦੇ ਸਮੁੱਚੇ ਜੀਵਨ ਨੂੰ ਵੀ ਸੇਧ ਦਿੰਦੀ ਏ। ਮਾਂ ਦੇ ਸੰਸਕਾਰਾਂ ਅਤੇ ਸੋਚ ਦਾ ਬੱਚੇ ਦੇ ਮਾਨਸਿਕ, ਸਰੀਰਕ ਅਤੇ ਵਿਅਕਤੀਤਵ ਵਿਕਾਸ ਵਿਚ ਅਹਿਮ ਯੋਗਦਾਨ ਹੈ।

ਗਰਭਵਤੀ ਯਹੂਦੀ ਮਾਂਵਾਂ ਹਿਸਾਬ ਦੇ ਵੱਧ ਤੋਂ ਵੱਧ ਸਵਾਲ ਹੱਲ ਕਰਨ ਵਿਚ ਆਪਣਾ ਸਮਾਂ ਬਿਤਾਉਂਦੀਆਂ ਹਨ। ਉਹ ਵੱਧ ਤੋਂ ਵੱਧ ਬਦਾਮ ਖਾਂਦੀਆਂ ਹਨ। ਇਸ ਨਾਲ ਗਰਭ ਵਿਚ ਪਲ ਰਹੇ ਬੱਚੇ 'ਤੇ ਚੰਗਾ ਅਸਰ ਹੁੰਦਾ ਏ। ਇਸ ਕਰਕੇ ਹੀ ਯਹੂਦੀ ਲੋਕ ਹਿਸਾਬ, ਵਿਗਿਆਨ ਅਤੇ ਬਿਜਨਸ ਦੇ ਖੇਤਰ ਵਿਚ ਦੁਨੀਆਂ ਵਿਚ ਸਭ ਤੋਂ ਅੱਗੇ ਹਨ। ਸਭ ਤੋਂ ਵੱਧ ਨੋਬਲ ਪੁਰਸਕਾਰ ਯਹੂਦੀ ਲੋਕਾਂ ਨੇ ਜਿੱਤੇ ਹਨ ਅਤੇ ਦੁਨੀਆਂ ਦੀ ਅਰਥ ਵਿਵਸਥਾ 'ਤੇ ਯਹੂਦੀਆਂ ਦਾ ਪੂਰਾ ਗਲਬਾ ਏ। ਆਪਣੇ ਬੱਚਿਆਂ ਨੂੰ ਬਹਾਦਰੀ ਦੀ ਕਥਾ ਸੁਣਾਉਣ ਵਾਲੀਆਂ ਮਾਂਵਾਂ ਦੇ ਬੱਚੇ ਬਹਾਦਰ ਹੁੰਦੇ ਨੇ।

ਮਾਂ ਸਮਾਜ ਦਾ ਸਭ ਤੋਂ ਵੱਡਾ ਸੱਚ, ਸਮਾਜਿਕ ਮੁਹਾਂਦਰੇ ਦੇ ਨਕਸ਼, ਕਦਰਾਂ ਕੀਮਤਾਂ ਦੀ ਸਿਰਜਕ, ਪਰਿਵਾਰ ਦੀ ਮੂਲ ਇਕਾਈ ਅਤੇ ਘਰ ਦੇ ਅਰਥਾਂ ਦੀ ਸੁੱਚੀ ਤਸ਼ਬੀਹ। ਮਾਂ ਤੋਂ ਬਗੈਰ ਕਿੰਜ ਕਰੋਗੇ ਘਰ ਦਾ ਕਿਆਸ ਅਤੇ ਉਸ ਦੀ ਅਣਹੋਂਦ ਵਿਚ ਘਰ ਨੂੰ ਅਘਰ ਹੋਣ ਦਾ ਮਿਲ ਜਾਂਦਾ ਏ ਸਰਾਪ।

ਮਾਂ ਮਾਨਵਤਾ ਦਾ ਸਭ ਤੋਂ ਵੱਡਾ ਤੋਹਫਾ, ਕੁਦਰਤ ਦੀ ਮਹਾਨ ਕਿਰਤ, ਤਹਿਜ਼ੀਬ ਦੀ ਅਨਮੋਲ ਦਾਤ, ਧਰਤ ਦੇ ਵਿਹੜੇ 'ਚ ਤਾਰਿਆਂ ਦੀ ਪਰਾਤ ਜੋ ਚਾਨਣ ਵੰਡੇ, ਨਿੱਘ ਤਰੌਂਕੇ, ਸੁਖਨ ਦੀ ਬਰਸਾਤ ਕਰੇ ਅਤੇ ਆਪਾ ਆਪਣੇ ਜਾਇਆਂ ਤੋਂ ਕੁਰਬਾਨ ਕਰੇ।

ਮਾਂ ਬੱਚਿਆਂ ਦੀ ਸਭ ਤੋਂ ਵੱਡੀ ਪਨਾਹ, ਮਿੱਠੀ ਜਿਹੀ ਝਿੜਕ, ਮੋਹ-ਭਿੱਜੀ ਘੂਰੀ, ਅਕਲ-ਕਟੋਰਾ ਅਤੇ ਕੰਨ-ਮਰੋੜਨੀ।

ਮਾਂ ਸਿਰਫ ਮਾਂ ਹੁੰਦੀ ਏ। ਉਸ ਨਾਲ ਜੋੜੇ ਗਏ ਉਪਨਾਮ ਉਸ ਦੀ ਮਹਾਨਤਾ ਨੂੰ ਸਿਜਦਾ, ਉਸ ਦੀਆਂ ਕਥਨੀਆਂ ਤੇ ਕਰਨੀਆਂ ਨੂੰ ਅਨਾਇਤ ਅਤੇ ਜਾਲੇ ਜ਼ਫਰਾਂ ਨੂੰ ਸਦੀਵੀ ਸਲਾਮ।

ਮਾਂ ਪੋਤੜਾ ਵੀ ਹੁੰਦੀ ਅਤੇ ਲੋਰੀ ਵੀ। ਬੱਚੇ ਲਈ ਚੋਗ ਵੀ ਬਣਦੀ ਅਤੇ ਝਿੜਕ ਵੀ। ਉਹ ਖਿਡੌਣਾ ਵੀ ਹੁੰਦੀ ਅਤੇ ਸੁਪਨ ਉਡਾਣ ਵੀ। ਮਾਂ ਰਾਗ ਵੀ ਹੁੰਦੀ ਅਤੇ ਤੋਤਲੇ ਬੋਲ ਵੀ। ਮਾਂ ਗਡੀਰਾ ਵੀ ਬਣਦੀ ਅਤੇ ਘਨ੍ਹੇੜੀ ਵੀ।

ਮਾਂ ਨਿਮਰਤਾ ਦਾ ਮੁਜੱਸਮਾ, ਬੱਚਿਆਂ ਲਈ ਰੋਲ ਮਾਡਲ, ਜੀਵਨ-ਜਾਚ ਦਾ ਸਕੂਲ, ਮਾਨਵੀ ਕਦਰਾਂ ਕੀਮਤਾਂ ਦੀ ਪਾਠਸ਼ਾਲਾ, ਪਰਿਵਾਰਕ ਰਿਸ਼ਤਿਆਂ ਦੇ ਨਿਭਾ ਦਾ ਸੰਕਲਪ ਅਤੇ ਜ਼ਿੰਦਗੀ ਦੀ ਸੁਚੱਜੀ ਵਿਚਾਰਧਾਰਾ।

ਮਾਂ ਬੱਚਿਆਂ ਦੇ ਅਚੇਤ ਮਨਾਂ ਵਿਚ ਉਕਰੀ ਵਰਣਮਾਲਾ, ਕਰਮ ਸਾਧਨਾ ਦੀ ਪਿੱਠਭੂਮੀ, ਮਸਤਕ 'ਤੇ ਉਕਰੇ ਦਿਸਹੱਦਿਆਂ ਦਾ ਨਾਮਕਰਣ ਅਤੇ ਅਪਹੁੰਚ ਮੰਜ਼ਿਲਾਂ ਦੀ ਪ੍ਰਾਪਤੀ ਦਾ ਅਹਿਦ।

ਘਰ ਵਿਚ ਵਿਚਰਦੀ ਮਾਂ, ਬੱਚਿਆਂ ਦੇ ਹਰ ਪਲ ਦੀ ਸਿਰਜਣਹਾਰ, ਸੋਚ ਦੇ ਦਾਇਰੇ, ਇੱਛਾਵਾਂ ਦਾ ਮੌਲਣਾ, ਆਸਾਂ ਦਾ ਵਿਗਸਣਾ ਅਤੇ ਫਲ ਪ੍ਰਾਪਤੀ ਲਈ ਕਰਮਯੋਗਤਾ ਦਾ ਨਿਰਮਾਣ।

ਮਾਂ ਦੇ ਪੈਰਾਂ ਵਿਚ ਸਵਰਗ, ਉਸ ਦੀ ਬੁੱਕਲ ਵਿਚ ਕੁਦਰਤ ਅਤੇ ਉਸ ਦੀ ਅਸੀਸ ਵਿਚ ਜੀਵਨ-ਦਾਤਾਂ ਦਾ ਭੰਡਾਰ। ਮਾਂਵਾਂ ਹਮੇਸ਼ਾ ਬੱਚਿਆਂ ਨੂੰ ਦਿੰਦੀਆਂ ਨੇ ਭਾਵੇਂ ਕਈ ਵਾਰ ਬੱਚੇ ਉਸ ਦੀਆਂ ਨਿਆਮਤਾਂ ਦੀ ਕਬੂਲੀ ਤੋਂ ਨਾਬਰ ਹੋ ਜਾਂਦੇ ਨੇ।

ਮਾਂ ਦੇ ਦਰਬਾਰ ਵਿਚ ਤਾਜਾਂ ਤੇ ਤਖਤਾਂ ਵਾਲੇ ਸਿਰ ਝੁਕਾਉਂਦੇ, ਹਕੂਮਤਾਂ ਨਿੰਵ ਜਾਂਦੀਆਂ ਅਤੇ ਬਾਦਸ਼ਾਹੀਆਂ ਦਰੀਂ ਸਲਾਮ ਕਰਦੀਆਂ।

ਬੱਚਿਆਂ ਦੇ ਲਾਡਲੇ ਨਾਂਵਾਂ ਵਿਚ ਮਾਂ ਦੀ ਅਪਣੱਤ, ਕਲਾਵੀਂ ਨਾ-ਮਿਆਉਣ ਵਾਲੀ ਸੰਵੇਦਨਾ, ਅੰਬਰਾਂ ਦੇ ਹਾਣ ਦੀ ਚਾਹਨਾ ਅਤੇ ਸ਼ਾਬਦਿਕ ਅਰਥਾਂ ਵਿਚ ਨਾ ਸਮਾ ਸਕਣ ਵਾਲੀ ਇਬਾਦਤ।

ਕਦੇ ਆਪਣੇ ਆਪ ਦੇ ਰੂਬਰੂ ਹੋਣਾ ਅਤੇ ਆਪਣੇ ਆਪ ਨੂੰ ਮਾਂ ਦੀ ਅਹਿਮੀਅਤ ਬਾਰੇ ਪੁੱਛਣਾ। ਮਾਂ ਤੋਂ ਬਗੈਰ ਤਾਂ ਤੁਸੀਂ ਆਪਣੀ ਹੋਂਦ ਵੀ ਨਹੀਂ ਚਿੱਤਵ ਸਕਦੇ।

ਮਾਂ ਜਿਉਂਦੀ ਏ ਤਾਂ ਬੱਚਿਆਂ ਨੂੰ ਲਡਾਏ ਜਾਂਦੇ ਲਾਡ ਜਿਉਂਦੇ ਨੇ, ਮਾਂਵਾਂ 'ਤੇ ਬੱਚਿਆਂ ਦੇ ਦਾਈਏ ਰਹਿੰਦੇ ਨੇ। ਮਾਂ ਕੋਲੋਂ ਹਰ ਮੰਗ ਮੰਨਵਾਉਣਾ ਅਸਾਨ ਹੁੰਦਾ ਏ। ਮਾਂ ਲਈ ਬੱਚਿਆਂ ਦੇ ਚਾਅ ਪੂਰੇ ਕਰਨਾ, ਜ਼ਿੰਦਗੀ ਦਾ ਸਭ ਤੋਂ ਵੱਡਾ ਅਤੇ ਸੁੱਚਾ ਸਰੋਕਾਰ ਹੁੰਦਾ ਏ।

ਮਾਂ ਸਾਰੀ ਰਾਤ ਹੀ ਤੁਰਦੀ ਫਿਰਦੀ ਰਹਿੰਦੀ ਏ। ਪਤਾ ਨਹੀਂ ਕਿਹੜੇ ਵਕਤ ਸੌਂਦੀ ਏ। ਕਦੇ ਊਂਘਦੇ ਬੱਚਿਆਂ ਨੂੰ ਪਲੋਸਦੀ, ਰਜਾਈ ਨਾਲ ਢਕਦੀ ਅਤੇ ਆਪਣੇ ਅੰਤਰੀਵੀ ਸੇਕ ਨਾਲ ਸੁੰਨ-ਰਾਤਾਂ ਵਿਚ ਨਿੱਘ ਬਖਸ਼ਦੀ ਏ। ਕਦੇ ਬਾਹਰੋਂ ਵਾਪਸ ਨਾ ਪਰਤ ਕੇ ਆਏ ਬੱਚਿਆਂ ਦਾ ਫਿਕਰ ਸਤਾਉਂਦਾ ਏ। ਉਹ ਘੜੀ-ਮੁੜੀ ਬੀਹੀ ਵਿਚ ਬਿੜਕਾਂ ਲੈਂਦੀ, 'ਰੱਬ ਭਲੀ ਕਰੇ' ਦੀਆਂ ਮੌਨ ਅਰਦਾਸਾਂ ਕਰਦੀ ਰਹਿੰਦੀ ਏ।

ਮਾਂ ਦੇ ਕਲੇਜੇ ਨੂੰ ਖੋਹ ਪੈਂਦੀ ਏ ਜਦ ਉਸ ਦਾ ਲਾਡਲਾ ਭੁੱਖ ਨਾਲ ਜੂਝਦਾ ਏ, ਬੱਚੇ ਦੀ ਕਿਰਤ ਨੂੰ ਫਲ ਨਹੀਂ ਮਿਲਦਾ ਜਾਂ ਉਸ ਦੇ ਹੱਥ ਵਿਚ ਫੜੀਆਂ ਡਿਗਰੀਆਂ ਰੋਟੀ ਦਾ ਟੁੱਕ ਬਣਨ ਦੀ ਬਜਾਏ ਰੱਦੀ ਦਾ ਟੋਟਾ ਬਣ ਜਾਂਦੀਆਂ ਨੇ।

ਮਾਂ ਦੀ ਹਿੱਕ ਵਿਚ ਦਰਦ ਸਿੰਮਦਾ ਏ ਜਦ ਉਸ ਦੇ ਬੱਚਿਆਂ ਨੂੰ ਹਿੱਚਕੀ ਲੱਗਦੀ ਏ, ਉਨ੍ਹਾਂ ਦੀਆਂ ਮੰਜ਼ਿਲਾਂ ਵਿਚ ਖਾਈਆਂ ਉਗਦੀਆਂ ਨੇ ਜਾਂ ਬੱਚਿਆਂ ਦੇ ਸ਼ਫਾਫ ਸੁਪਨਿਆਂ ਵਿਚ ਗੰਧਲਾਪਣ ਘੋਲਿਆ ਜਾਂਦਾ ਏ।

ਰਾਤਾਂ ਨੂੰ ਜਾਗਦੀ ਮਾਂ ਦੇ ਨੈਣਾਂ ਵਿਚ ਸੁੱਤੇ ਲਾਡਲੇ ਦੇ ਨੈਣੀਂ ਤਰਦੇ ਸੁਪਨਿਆਂ ਦੀ ਲਾਲੀ ਹੁੰਦੀ ਏ। ਉਹ ਲਾਲੀ ਨਾਲ ਸੰਵਾਦ ਰਚਾਉਂਦੀ, ਆਪਣੀਆਂ ਨਿੰਦਰਾਈਆਂ ਰਾਤਾਂ ਨੂੰ ਸੁਖਨ ਦਾ ਜਾਗ ਲਾਉਂਦੀ ਏ।

ਬੱਚਿਆਂ ਦੀ ਪਰਵਰਿਸ਼ ਵਿਚ ਰੁੱਝੀ ਮਾਂ ਨੂੰ ਨੀਂਦ ਅਤੇ ਪਿਆਸ ਦਾ ਕਦੇ ਅਹਿਸਾਸ ਨਹੀਂ ਹੁੰਦਾ। ਉਹ ਤਾਂ ਬੱਚਿਆਂ ਦੀ ਪਿਆਸ ਅਤੇ ਭੁੱਖ ਨੂੰ ਮਿਟਾਉਣ ਦੇ ਸਮਰਪਣ ਵਿਚੋਂ ਹੀ ਆਪਣੇ ਜੀਵਨ ਦਾ ਧੰਨ ਭਾਗ ਸਮਝਦੀ ਏ। ਕਈ ਕਈ ਰਾਤਾਂ ਤੱਕ ਆਪਣੇ ਬੱਚਿਆਂ ਦੇ ਸਿਰਹਾਣੇ ਬੈਠੀਆਂ ਮਾਂਵਾਂ, ਰੱਬ ਦਾ ਅਜਿਹਾ ਉਤਮ ਰੂਪ ਹਨ ਜਿਸ ਦੀਆਂ ਮਿਹਰਬਾਨੀਆਂ ਨੂੰ ਦੁਨਿਆਵੀ ਤਰਾਜੂ ਵਿਚ ਨਹੀਂ ਤੋਲਿਆ ਜਾ ਸਕਦਾ।



ਮਾਂ ਜਦ ਤੁਰ ਜਾਂਦੀ ਏ ਤਾਂ ਉਸ ਦੇ ਨਾਲ ਹੀ ਰੁਖਸਤ ਹੋ ਜਾਂਦੀਆਂ ਨੇ ਦਾਤਾਂ ਦੀਆਂ ਕਣੀਆਂ, ਬੁੱਝ ਜਾਂਦੇ ਨੇ ਮਾਂ ਦੀਆਂ ਰਹਿਮਤਾਂ ਦੇ ਚਿਰਾਗ ਅਤੇ ਮਾਯੂਸ ਹੋ ਜਾਂਦੀਆਂ ਨੇ ਮਾਂ ਦੀਆਂ ਕੰਬਦੇ ਹੱਥਾਂ ਨਾਲ ਦਿੱਤੀਆਂ ਅਸੀਸਾਂ।

ਮਾਂ ਹੁੰਦੀ ਏ ਤਾਂ ਘਰ ਤੁਹਾਨੂੰ ਉਡੀਕਦਾ ਏ, ਕਮਰੇ ਵਿਚ ਮਾਂ ਦੀ ਮਹਿਕ ਮਾਣਨ ਨੂੰ ਜੀਅ ਕਰਦਾ ਏ, ਘੂਰੀਆਂ-ਝਿੜਕਾਂ ਦੇ ਪਲ ਮੁੜ ਜਿਉਣ ਨੂੰ ਜੀ ਕਰਦਾ ਏ। ਪਰ ਮਾਂ ਦੀ ਗੈਰ ਹਾਜਰੀ ਵਿਚ ਦਰ ਉਦਾਸ ਹੋ ਜਾਂਦੇ ਨੇ, ਘਰ ਦੀ ਉਡੀਕ ਖਤਮ ਹੋ ਜਾਂਦੀ ਏ। ਕੁਝ ਨੂੰ ਤਾਂ ਮਾਂ ਦਾ ਸਿਵਾ ਸੇਕਣਾ ਵੀ ਨਸੀਬ ਨਹੀਂ ਹੁੰਦਾ ਅਤੇ ਉਹ ਸਿਰਫ ਮੜ੍ਹੀਆਂ ਦੀ ਰਾਖ ਫਰੋਲਣ ਜੋਗੇ ਰਹਿ ਜਾਂਦੇ ਨੇ।

ਮਾਂ ਦੀਆਂ ਗੱਲਾਂ- 'ਪੁੱਤ ਭੁੱਖ ਤਾਂ ਨਹੀਂ ਲੱਗੀ', 'ਵੇਲੇ ਸਿਰ ਰੋਟੀ ਖਾ ਲਿਆ ਕਰ', 'ਨੀਂਦ ਪੂਰੀ ਜਰੂਰ ਕਰਿਆ ਕਰ', 'ਆਪਣੀ ਸਿਹਤ ਦਾ ਖਿਆਲ ਰੱਖੀਂ' ਜਾਂ 'ਨੇਕ ਨੀਤੀ ਨਾਲ ਕੰਮ ਕਰਿਆ ਕਰ ਵਾਹਿਗੁਰੂ ਸਭ ਕੁਝ ਦੇਵੇਗਾ' ਜਦ ਯਾਦ ਆਉਂਦੀਆਂ ਨੇ ਤਾਂ ਮਨ-ਮਮਟੀ 'ਤੇ ਚਿਰਾਗ ਜਗਦਾ ਏ ਜਿਸ ਵਿਚ ਮਾਂ ਦੀਆਂ ਗੱਲਾਂ ਦੇ ਡੂੰਘੇ ਅਰਥ, ਸਮੋਈ ਸੰਵੇਦਨਾ, ਸ਼ੁਭ-ਭਾਵਨਾ ਅਤੇ ਸ਼ੁਭ-ਕਰਮਨ ਦਾ ਸੰਦੇਸ਼ ਅੰਤਰੀਵ ਨੂੰ ਚਾਨਣ ਨਾਲ ਭਰ ਦਿੰਦਾ ਏ। ਇਹ ਚਾਨਣ ਉਮਰ ਦਾ ਸਭ ਤੋਂ ਉਤਮ ਖਜਾਨਾ ਹੁੰਦਾ ਏ।

ਮਾਂਵਾਂ, ਬਲਦੀਆਂ ਛਾਂਵਾਂ ਹੁੰਦੀਆਂ ਜਿਹੜੀਆਂ ਦਰਦ, ਗਮ ਅਤੇ ਵਿਗੋਚਿਆਂ 'ਚ ਧੁੱਖਦੀਆਂ ਵੀ, ਤਿੱਖੜ ਦੁਪਹਿਰਾਂ 'ਚ ਆਪਣੇ ਬੱਚਿਆਂ 'ਤੇ ਠੰਢੜੀ ਛਾਂ ਬਣਦੀਆਂ ਨੇ।

ਮਾਂ ਲਈ ਹਰ ਦਿਨ ਮਦਰ'ਜ਼ ਡੇ, ਹਰ ਪਲ ਉਸ ਦੀ ਅਰਾਧਨਾ ਦਾ ਪਲ, ਹਰ ਵਕਤ ਉਹ ਪੂਜਾ ਦੀ ਵੇਦੀ ਅਤੇ ਹਰ ਸਾਹ ਉਸ ਦੀਆਂ ਦੇਣਾਂ ਦਾ ਕਰਜ਼ਦਾਰ। ਸਾਹਾਂ ਵਿਚ ਜਿਉਂਦੀ ਮਾਂ ਨੂੰ ਕਿੰਜ ਵਿਸਾਰੋਗੇ ਤੇ ਕਿੰਜ ਮਾਂ ਦੀ ਘਾਲਣਾ 'ਚ ਗੁੱਝੇ ਵਿਅਕਤੀਤਵ ਨੂੰ ਆਪਣੇ-ਆਪੇ ਤੋਂ ਦੂਰ ਕਰੋਗੇ।

ਮਾਂ ਤਾਂ ਤੁਹਾਡੇ ਨਾਲ ਵੱਸਦੀ-ਹੱਸਦੀ, ਜਿਉਂਦੀ-ਜਾਗਦੀ, ਪੁਚਕਾਰਦੀ ਅਤੇ ਦੁਲਾਰਦੀ ਹੈ। ਸਿਰਫ ਤੁਹਾਨੂੰ ਉਸ ਦੀ ਹੋਂਦ ਦਾ ਅਹਿਸਾਸ ਹੋਣਾ ਚਾਹੀਦਾ ਹੈ। ਅਹਿਸਾਸ ਵਿਹੂਣੇ ਲੋਕਾਂ ਲਈ ਮਾਂ ਦੇ ਕੋਈ ਅਰਥ ਨਹੀਂ ਹੁੰਦੇ ਪਰ ਅਹਿਸਾਸ ਭਕੁੰਨੇ ਲੋਕਾਂ ਲਈ ਮਾਂ ਦੀ ਮਹਿਕੀਲੀ ਹੋਂਦ ਤੋਂ ਬਗੈਰ ਜਿਉਣਾ ਅਰਥਹੀਣ ਹੁੰਦਾ ਏ।

ਮਾਂ ਦੀ ਚਰਨ-ਬੰਦਨਾ ਤਾਂ ਕਰੋ। ਦੇਖਣਾ! ਤੁਹਾਡੀ ਝੋਲੀ ਦੁਨੀਆਂ ਦੀਆਂ ਸਭ ਤੋਂ ਨਾਯਾਬ ਵਸਤਾਂ ਨਾਲ ਹਮੇਸ਼ਾ ਭਰੀ ਰਹੇਗੀ।

## ਮਾਂ

ਮਾਂ,
ਹੇ ਮੇਰੀ ਮਾਂ
ਤੇਰੇ ਆਪਣੇ ਦੁੱਧ ਵਰਗਾ
ਹੀ ਤੇਰਾ ਸੁੱਚਾ ਨਾਂ
ਜੀਭ ਹੋ ਜਾਏ ਮਾਖਿਓਂ
ਹਾਏ ਨੀ ਤੇਰਾ ਨਾਂ ਲਿਆਂ
ਜੇ ਇਜਾਜ਼ਤ ਦਏਂ ਤਾਂ
ਮੈਂ ਇਕ ਵਾਰੀ ਲੈ ਲਵਾਂ
ਮਾਘੀ ਦੀ ਹਾਏ ਸੁੱਚੜੀ,
ਸੰਗਰਾਂਦ ਵਰਗਾ ਤੇਰਾ ਨਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ।

ਮਾਂ,
ਹੇ ਮੇਰੀ ਮਾਂ!
ਤੂੰ ਮੇਰੀ ਜਨਨੀ ਨਹੀਂ
ਮੈਂ ਇਹ ਹਕੀਕਤ ਜਾਣਦਾਂ
ਤੇਰਾ ਮੇਰਾ ਕੀ ਹੈ ਰਿਸ਼ਤਾ
ਏਸ ਬਾਰੇ ਕੀ ਕਹਾਂ?
ਗ਼ਮ ਦੇ ਸਹਿਰਾਵਾਂ 'ਚ ਭੁੱਜਿਆ
ਮੈਂ ਹਾਂ ਪੰਛੀ ਬੇ-ਜ਼ੁਬਾਂ
ਦੋ ਕੁ ਪਲ ਜੇ ਦਏਂ ਇਜਾਜ਼ਤ
ਤੇਰੀ ਛਾਂਵੇਂ ਬੈਠ ਲਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ।

ਮਾਂ, ਹੇ ਮੇਰੀ ਮਾਂ!
ਜਾਣਦਾਂ, ਮੈਂ ਜਾਣਦਾਂ
ਅਜੇ ਤੇਰੇ ਦਿਲ 'ਚ ਹੈ?
ਖੁਸ਼ਬੋ ਦਾ ਹੜ੍ਹ
ਉਮਰ ਮੇਰੀ ਦੇ ਵਰ੍ਹੇ
ਹਾਲੇ ਜਵਾਂ
ਠੀਕ ਹੀ ਕਹਿੰਦੀ ਹੈਂ ਤੂੰ ਇਹ
ਅੰਮੜੀਏ
ਰੱਤ ਤੱਤੀ
ਕਾਮ ਦੀ ਹੁੰਦੀ ਹੈ ਮਾਂ
ਪਰ ਮੈਂ ਅੰਮੀਏ ਇਹ ਕਹਾਂ
ਰੱਤ ਠੰਡੀ ਹੋਣ ਵਿਚ
ਲੱਗੇਗਾ ਅੰਤਾਂ ਦਾ ਸਮਾਂ
ਕਰਨ ਲਈ ਕੀੜੀ ਨੂੰ ਜਿੰਨਾ
ਸ਼ਾਇਦ ਭੂ-ਪਰਦੱਖਣਾ
ਕੀਹ ਭਲਾ ਏਨੇ ਸਮੇਂ
ਪਿੱਛੋਂ ਇਕ ਜੰਮਦੀ ਹੈ ਮਾਂ?
ਝੂਠ ਬਕਦਾ ਹੈ ਜਹਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ,
ਹੇ ਮੇਰੀ ਮਾਂ!

ਮਾਂ,
ਹੇ ਮੇਰੀ ਮਾਂ
ਤੋਤੇ ਦੀ ਅੱਖ ਵਾਂਗ ਟੀਰਾ
ਹੈ ਅਜੇ ਸਾਡਾ ਜਹਾਂ
ਭੇਡ ਦੇ ਪੀਲੇ ਨੇ ਦੰਦ
ਕੁੱਤੇ ਦੀ ਇਹਦੀ ਜ਼ੁਬਾਂ
ਕਰਦਾ ਫਿਰਦਾ ਹੈ ਜੁਗਾਲੀ
ਕਾਮ ਦੀ ਇਹ ਥਾਂ ਕੁਥਾਂ
ਬਹੁਤ ਬਕਵਾਸੀ ਸੀ ਇਹਦੇ
ਪਿਉ ਦਾ ਪਿਉ
ਬਹੁਤ ਬਕਵਾਸਣ ਸੀ ਇਹਦੀ
ਮਾਂ ਦੀ ਮਾਂ
ਏਥੇ ਥੋਹਰਾਂ ਵਾਂਗ
ਉਗਦਾ ਹੈ ਸ਼ੈਤਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ,
ਹੇ ਮੇਰੀ ਮਾਂ!

ਮਾਂ,
ਹੇ ਮੇਰੀ ਮਾਂ
ਮਿਰਗਾਂ ਦੀ ਇਕ ਨਸਲ ਦਾ
ਕਸਤੂਰੀਆਂ ਹੁੰਦਾ ਹੈ ਨਾਂ
ਕਸਤੂਰੀਆਂ ਨੂੰ ਜਨਮ ਦੇਂਦੀ
ਹੈ ਜਦੋਂ ਉਨ੍ਹਾਂ ਦੀ ਮਾਂ
ਪਾਲਦੀ ਹੈ ਰੱਖ ਕੇ
ਇਕ ਹੋਰ ਥਾਂ, ਇਕ ਹੋਰ ਥਾਂ
ਫੇਰ ਆਉਂਦਾ ਹੈ ਸਮਾਂ
ਖਰਮ-ਹੀਣੇ ਬੱਚਿਆਂ ਨੂੰ
ਭੁੱਲ ਜਾਂਦੀ ਹੈ ਉਹ ਮਾਂ
ਮਾਂ-ਵਿਹੂਣੇ ਪਹੁੰਚ ਜਾਂਦੇ
ਨੇ ਕਿਸੇ ਐਸੀ ਉਹ ਥਾਂ
ਜਿੱਥੇ ਕਿਧਰੇ ਚੁਗਣ ਪਈਆਂ
ਹੋਣ ਰਲ ਕੇ ਬਕਰੀਆਂ
ਬਕਰੀਆਂ ਵੀ ਕਰਦੀਆਂ ਨਾ,
ਚੁੰਘਣੋ ਉਨ੍ਹਾਂ ਨੂੰ ਨਾਂਹ
ਮਾਂ ਤਾਂ ਹੁੰਦੀ ਹੈ ਮਾਂ
ਪਸ਼ੂ ਤੋਂ ਮਾੜੀ ਨਹੀਂ
ਅੰਮੜੀਏ ਆਦਮ ਦੀ ਮਾਂ
ਤੇਰਾ ਮੇਰਾ ਕੀ ਹੈ ਰਿਸ਼ਤਾ
ਏਸ ਬਾਰੇ ਕੀ ਕਹਾਂ?
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਤੇਰੇ ਸੁੱਚੇ ਦੁੱਧ ਵਰਗਾ
ਹੀ ਤੇਰਾ ਸੁੱਚਾ ਹੈ ਨਾਂ
ਮਾਂ,
ਹੇ ਮੇਰੀ ਮਾਂ!

***-ਸ਼ਿਵ ਕੁਮਾਰ***

## ਦੁੱਖ ਪਰਦੇਸਾਂ ਦੇ

# ਡਿਕਟੇਟਰ ਡੈਡੀ



**ਚਰਨਜੀਤ ਸਿੰਘ ਸਾਹੀ**
ਫੋਨ: 317-430-6545

ਮਾਸਟਰ ਕਿਸ਼ਨ ਸਿੰਘ ਇੰਡੀਆ ਤੋਂ ਰਿਟਾਇਰ ਤਾਂ ਹੈਡਮਾਸਟਰ ਹੋਇਆ ਸੀ ਪਰ ਉਸ ਦੇ ਰਹਿਣ ਸਹਿਣ ਤੇ ਬੋਲਚਾਲ ਤੋਂ ਐਂ ਲੱਗਦਾ ਸੀ ਜਿਵੇਂ ਕਿਸੇ ਫੌਜੀ ਦੀ ਰੂਹ ਬਚਪਨ ਵੇਲੇ ਹੀ ਉਹਦੇ ਸਰੀਰ ਵਿਚ ਵੱਸ ਗਈ ਹੋਵੇ। ਇਸੇ ਲਈ ਫੌਜੀਆਂ ਵਾਲਾ ਜ਼ਾਬਤਾ ਰੱਖਣਾ, ਉਹ 75 ਸਾਲ ਦੀ ਉਮਰੇ ਵੀ ਨਾ ਤਿਆਗ ਸਕਿਆ। ਨੌਕਰੀ ਕਰਦਿਆਂ ਸਕੂਲ ਦੇ ਨਾਲਾਇਕ ਬੱਚੇ ਉਸ ਨੂੰ ਆਉਂਦਾ ਵੇਖ ਕੇ ਰਾਹ ਬਦਲ ਲੈਂਦੇ ਤੇ ਲਾਇਕ ਹੁਣ ਵੀ ਜਦੋਂ ਕਿਤੇ ਮਿਲਦੇ ਤਾਂ ਗੋਡੀਂ-ਪੈਰੀਂ ਹੱਥ ਲਾ ਇੱਜਤ ਦਿੰਦੇ।

ਅਜੇ ਥੋੜ੍ਹਾ ਚਿਰ ਹੀ ਹੋਇਆ ਸੀ, ਉਹ ਤੇ ਉਸ ਦੀ ਧਰਮ ਪਤਨੀ ਚੰਦ ਕੌਰ ਨੂੰਹ-ਪੁੱਤ ਕੋਲ ਕੈਨੇਡਾ ਆ ਵਸੇ। ਇਥੋਂ ਦੇ ਬੱਚਿਆਂ ਦੀ ਜੀਵਨ ਸ਼ੈਲੀ ਕਈ ਵਾਰੀ ਕਿਸ਼ਨ ਸਿੰਘ ਦੀ ਬਰਦਾਸ਼ਤ ਤੋਂ ਬਾਹਰ ਹੋ ਜਾਂਦੀ। ਉਨ੍ਹਾਂ ਦੀ ਸਵੇਰ ਤੋਂ ਸ਼ਾਮ ਤੱਕ ਦੀ ਰਹਿਣੀ-ਬਹਿਣੀ ਵੇਖ ਵੇਖ ਉਨ੍ਹਾਂ ਨੂੰ ਕੋਸਣਾ, ਖਿਝਣਾ ਤੇ ਟੋਕਣਾ ਉਸ ਦੀ ਆਦਤ ਬਣ ਗਈ। ਆਪ ਉਹ ਸਵੇਰੇ ਸ਼ਾਮ ਸੈਰ ਕਰਨੀ ਨਾ ਭੁੱਲਦਾ ਅਤੇ ਖਾਣ-ਪੀਣ ਲਈ ਘਰਵਾਲੀ ਚੰਦ ਕੌਰ ਨੂੰ ਹਦਾਇਤਾਂ ਸਨ, ਖਾਸ ਕਰ ਲੰਚ ਤੇ ਡਿਨਰ ਲਈ, ਸਮੇਂ ਸਿਰ ਤਿਆਰ ਹੋਵੇ ਤੇ ਤਵੇ ਤੋਂ ਲਹਿੰਦਾ ਗਰਮ ਫੁਲਕਾ ਮੇਰੇ ਹੱਥ ਵਿਚ ਆਉਣਾ ਚਾਹੀਦਾ, ਬਾਕੀ ਟੱਬਰ ਜਦੋਂ ਮਰਜੀ ਖਾਵੇ।

ਵੇਲੇ ਸਿਰ ਖਾਣਾ, ਰਾਤੀਂ ਛੇਤੀ ਸੌਣਾ, ਸਵੇਰੇ ਛੇਤੀ ਉਠਣਾ-ਉਹਦਾ ਸ਼ੁਰੂ ਤੋਂ ਹੀ ਨਿਯਮ ਸੀ। ਸਵੇਰੇ ਪਹਿਲਾ ਚਾਹ ਦਾ ਕੱਪ ਉਹਨੂੰ ਹੱਥੀਂ ਬਣਾਇਆ ਹੀ ਸਵਾਦ ਲੱਗਦਾ। ਉਸ ਦੀ ਸਵੱਖਤੇ ਪੰਜ ਵਜੇ ਈ ਰਸੋਈ ਵਿਚ ਲੌਂਗ ਇਲਾਚੀ ਕੁੱਟਣ ਦੀ ਆਵਾਜ਼ ਪਰਿਵਾਰ ਨੂੰ ਅੱਖੜਦੀ, ਬੈਡ 'ਤੇ ਸੁਤਿਆਂ ਨੂੰ ਪਾਸੇ ਮਾਰਨ ਲਈ ਮਜਬੂਰ ਕਰ ਦਿੰਦੀ।

ਇਕ ਦਿਨ ਨੂੰਹ ਨੇ ਬੇਨਤੀ ਕੀਤੀ, "ਡੈਡੀ ਗਰਾਈਂਡਰ ਵਿਚ ਇਕੱਠਾ ਚਾਹ ਮਸਾਲਾ ਰਗੜ ਦੇਨੇ ਆਂ?"

"ਨਹੀਂ ਬੇਟਾ ਉਹਦਾ ਫਲੇਵਰ ਖਤਮ ਹੋ ਜਾਂਦਾ।" ਅੱਗੋਂ ਜਵਾਬ ਸੀ।

ਪਰਿਵਾਰ ਨਾਲ ਕਿਸੇ ਫੰਕਸ਼ਨ 'ਤੇ ਜਾਂ ਕਿਤੇ ਹੋਰ ਜਾਣਾ ਹੁੰਦਾ, ਉਹ ਸਭ ਤੋਂ ਪਹਿਲਾਂ ਤਿਆਰ ਹੋ ਘਰ ਦੇ ਗਰਾਜ 'ਚ ਸਜ ਬੈਠਦਾ। ਬਾਕੀ ਪਰਿਵਾਰ ਦੇ ਮੈਂਬਰ ਨਾਲੇ ਤਿਆਰ ਹੋਈ ਜਾਂਦੇ, ਨਾਲੇ ਕਹੀ ਜਾਂਦੇ, "ਛੇਤੀ ਕਰੋ, ਨਹੀਂ ਤਾਂ ਹੁਣੇ ਡੈਡੀ ਨੇ ਗਰਾਜ 'ਚ ਖੌਰੂ ਪਾ ਦੇਣਾ ਤੇ ਸਭ ਦੇ ਵਰੰਟ ਜਾਰੀ ਕਰ ਦੇਣੇ ਨੇ।"

ਅੱਜ ਐਤਵਾਰ, ਸਵੇਰੇ ਈ ਨਿਰਣੇ ਕਾਲਜੇ ਪੁੱਤਰ ਬਿਕਰ ਸਿੰਘ ਦੀ ਪੇਸ਼ੀ ਪਈ ਹੋਈ ਸੀ। ਪਰ ਅੱਗੋਂ ਪੁੱਤਰ ਹੀ ਕਿਸ਼ਨ ਸਿੰਘ ਨੂੰ ਪਿਆਰ ਤੇ ਦਲੀਲਾਂ ਨਾਲ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, "ਡੈਡੀ ਪਲੀਜ਼! ਤੁਹਾਨੂੰ ਕਈ ਵਾਰੀ ਕਿਹਾ ਕਿ ਇਹ ਇੰਡੀਆ ਨਹੀਂ, ਕੈਨੇਡਾ ਏ ਕੈਨੇਡਾ! ਵੇਸੇ ਵੀ ਪਿਛਲੇ ਪੰਦਰਾਂ ਸਾਲਾਂ ਵਿਚ ਦੁਨੀਆਂ ਬਹੁਤ ਬਦਲ ਗਈ ਏ, ਸਵੇਰੇ-ਸ਼ਾਮ ਬੱਚਿਆਂ ਨੂੰ ਨਾ ਟੋਕਿਆ ਕਰੋ। ਸਾਡੇ ਵੇਲੇ ਹੋਰ ਗੱਲ ਸੀ, ਅਸੀਂ ਤੁਹਾਡੀ ਹਰ ਗੱਲ ਮੰਨੀ, ਉਹ ਹੀ ਕਰਿਆ ਜੋ ਤੁਸੀਂ ਕਿਹਾ। ਸਾਡੇ 'ਤੇ ਤਾਂ ਤੁਸੀਂ ਛੋਟੇ ਹੁੰਦਿਆਂ ਹੀ ਠੱਪੇ ਲਾ ਦਿੱਤੇ ਸੀ ਕਿ ਅਸੀਂ ਕਿਹੜੀ ਕਿਹੜੀ ਡਿਗਰੀ ਕਰਨੀ ਏ। ਤੁਹਾਡੇ ਹੁਕਮ ਬਗੈਰ ਘਰ ਵਿਚ ਪੱਤਾ ਵੀ ਨਹੀਂ ਸੀ ਹਿੱਲਦਾ, ਪਰ ਇਥੋਂ ਦੇ ਬੱਚਿਆਂ ਨੇ ਉਹ ਨਹੀਂ ਕਰਨਾ ਜੋ ਤੁਸੀਂ ਪੁਰਾਣੀ ਰੱਟ ਲਾਈ ਜਾਂਦੇ ਜੇ-ਫਲਾਣਿਆ ਤੂੰ ਇੰਜੀਨੀਅਰਿੰਗ ਕਰ, ਤੂੰ ਮੈਡੀਕਲ। ਬੱਚੇ ਇਰੀਟੇਟ ਹੁੰਦੇ ਨੇ। ਡੈਡੀ ਇਹ ਪਹਿਲਾਂ ਹੀ ਤੁਹਾਡੇ ਤੋਂ ਪਰੇ ਪਰੇ ਰਹਿੰਦੇ ਨੇ, ਫੇਰ ਇਨ੍ਹਾਂ ਬਿਲਕੁਲ ਹੀ ਤੁਹਾਡੇ ਨੇੜੇ ਨਹੀਂ ਲੱਗਣਾ। ਇਨ੍ਹਾਂ ਉਹੀ ਕਰਨਾ ਜੋ ਇਨ੍ਹਾਂ ਨੂੰ ਚੰਗਾ ਲੱਗੇ। ਡੈਡੀ ਤੁਸੀਂ ਸਮਝਦੇ ਕਿਉਂ ਨਹੀਂ? ਇਥੇ ਪੜ੍ਹਾਈ ਦਾ ਸਿਸਟਮ ਇੰਡੀਆ ਨਾਲੋਂ ਵੱਖਰਾ ਹੈ। ਵੈਸੇ ਵੀ ਅਸੀਂ ਕਿਹੜੀ ਇਨ੍ਹਾਂ ਦੀ ਕਮਾਈ ਖਾਣੀ ਏ, ਅਸੀਂ ਤਾਂ ਸੋਚੀਂ ਬੈਠੇ ਆਂ, ਯੂਨੀਵਰਸਿਟੀ ਦੀ ਡਿਗਰੀ ਲੈ ਲੈਣ, ਬੱਸ ਆਪਣੇ ਜੋਗੇ ਹੋ ਜਾਣ। ਦੂਜਾ, ਜਿਹੜਾ ਤੁਸੀਂ ਗੱਲ ਗੱਲ 'ਤੇ ਪੰਜਾਬੀ ਬੋਲਣ ਦੀ ਕਹਿੰਦੇ ਰਹਿੰਦੇ ਹੋ, ਅਸੀਂ ਬਥੇਰਾ ਮੱਥਾ ਮਾਰ ਲਿਆ ਤੇ ਤੁਸੀਂ ਵੀ ਇਥੇ ਆ ਕੇ ਆਪਣੀ ਮਾਸਟਰੀ ਵਾਲੇ ਦਾਅ ਪੇਚ ਵਰਤ ਲਏ, ਜਿੰਨੀ ਬੋਲਦੇ ਨੇ ਠੀਕ ਏ। ਚਲੋ ਸਮਝਦੇ ਤਾਂ ਹਨ ਨਾ ਗੁਜਾਰੇ ਲਈ। ਪਲੀਜ਼! ਰੀਲੈਕਸ ਹੋ ਕੇ ਰਿਹਾ ਕਰੋ! ਮੈਂ ਤੁਹਾਡੀਆਂ ਭਾਵਨਾਵਾਂ ਸਮਝਦਾ ਵੀ ਹਾਂ, ਕਦਰ ਵੀ ਕਰਦਾਂ ਪਰ ਇਸ ਮਾਮਲੇ ਵਿਚ ਮੈਂ ਬੇਵੱਸ ਹਾਂ। ਆਪਣੀ ਰਿਟਾਇਰਮੈਂਟ ਇੰਜੁਆਏ ਕਰੋ।" ਕਹਿੰਦੇ ਕਹਿੰਦੇ ਬਿਕਰ ਦੇ ਦੋਵੇਂ ਹੱਥ ਡੈਡੀ ਅੱਗੇ ਜੁੜ ਗਏ।

"ਵਾਹ ਵੀ ਵਾਹ! ਉਏ ਕਾਕਾ! ਕਿਵੇਂ ਰੀਲੈਕਸ ਰਹੀਏ?" ਕਿਸ਼ਨ ਸਿੰਘ ਨੇ ਸਿੱਧੇ ਹੋ ਬੈਠਦਿਆਂ ਆਪਣੀ ਚੁੱਪ ਤੋੜੀ, "ਰੋਟੀ ਤਾਂ ਇੰਡੀਆ ਵੀ ਖਾਈ ਜਾਂਦੇ ਸੀ, ਸਾਡਾ ਏਥੇ ਆਉਣ ਦਾ ਕੀ ਫਾਇਦਾ? ਤੂੰ ਦੱਸ। ਮੇਰੇ ਤਾਂ ਹਜਾਰਾਂ ਪੜ੍ਹਾਏ ਹੋਏ ਦੁਨੀਆਂ ਦੇ ਕੋਨੇ ਕੋਨੇ ਵਿਚ ਕਾਮਯਾਬੀ ਦੇ ਝੰਡੇ ਗੱਡੀ ਬੈਠੇ ਨੇ, ਅਜੇ ਵੀ ਮੈਨੂੰ ਯਾਦ ਕਰਦੇ ਨੇ। ਮੈਂ ਆਪਣੀਆਂ ਅੱਖਾਂ ਸਾਹਮਣੇ ਇਨ੍ਹਾਂ ਨੂੰ ਕਿਵੇਂ ਵਿਗੜਦੇ ਦੇਖਾਂ? ਇਕ ਮੇਰੀ ਸੁਣ ਲੈ! ਜੇ ਮੈਂ ਤੁਹਾਨੂੰ ਭੈਣ-ਭਰਾਵਾਂ ਨੂੰ ਖਿੱਚ ਕੇ ਨਾ ਰੱਖਦਾ, ਨਾਲੇ ਮੇਰਾ ਡਰ ਨਾ ਹੁੰਦਾ ਤਾਂ ਤੁਸੀਂ ਵੀ ਡਾਕਟਰ, ਇੰਜੀਨੀਅਰ ਨਾ ਬਣਦੇ। ਹੋਰਾਂ ਵਾਂਗ ਤੁਰੇ ਫਿਰਦੇ ਆਵਾਰਾ ਗਲੀਆਂ ਵਿਚ। ਹਾਂ! ਤੁਸੀਂ ਵੀ ਕਰਦੇ ਫਿਰ ਇਥੇ ਆ ਕੇ ਔਡ ਜਾਬਾਂ! ਯਾਰ ਮੈਂ ਤਾਂ ਉਥੇ ਵੀ ਕਮਲਾ ਹੋਇਆ ਰਹਿੰਦਾ ਸੀ। ਦਾਖਲੇ ਕਿਤੇ ਸੌਖੇ ਮਿਲਦੇ ਸੀ? ਨਾਲੇ ਫਿਰ ਖੁੱਲ੍ਹੇ ਕੋਟੇ ਵਾਲਿਆਂ ਨੂੰ! ਸਹੁਰੀ ਰਿਜ਼ਰਵੇਸ਼ਨ ਨੇ ਸਾਡੀ ਸਾਰੀ ਉਮਰ ਮੱਤ ਮਾਰੀ ਰੱਖੀ। ਜੇ ਇਥੇ ਮੌਕੇ ਨੇ, ਤਾਂ ਇਹ ਨਹੀਂ ਸੁਣਦੇ ਉਏ, ਕਾਕਾ! ਸ਼ੌਕ ਤਾਂ ਬੱਚਿਆਂ ਵਿਚ ਪੈਦਾ ਕਰਨਾ ਮਾਪਿਆਂ ਦਾ ਕੰਮ ਏ। ਜੇ ਇਨ੍ਹਾਂ ਨੂੰ ਚੰਗਾ-ਮਾੜਾ ਆਪਾਂ ਨਾ ਦੱਸਾਂਗੇ ਤਾਂ ਹੋਰ ਕੀਹਨੇ ਦੱਸਣਾ, ਲੋਕਾਂ ਨੇ? ਜੇ ਤੁਹਾਡੀ ਸੋਚ ਏਹੀ ਏ, ਠੀਕ ਏ, ਤਾਂ ਫਿਰ ਇਹ ਵੀ ਕਰ ਲੈਣਗੇ ਗੋਰਿਆਂ ਦੇ ਜਵਾਕਾਂ ਵਾਂਗ ਟਾਕੋ ਬੈਲ-ਮੈਕਡੋਨਲਡ 'ਤੇ ਦਿਹਾੜੀ, ਹਾਂ! ਬਈ ਫਿਰ ਮੈਨੂੰ ਤਾਂ ਤੋਰ ਦਿਉ ਇੰਡੀਆ! ਭਾਵੇਂ ਕੱਲ੍ਹ ਹੀ। ਮੈਂ ਨਹੀਂ ਇਹ ਸਭ ਵੇਖ ਸਕਦਾ। ਤੁਹਾਨੂੰ ਤਾਂ ਕੰਮਾਂ ਕਾਰਾਂ ਵਿਚੋਂ ਟਾਈਮ ਹੀ ਨਹੀਂ ਇਨ੍ਹਾਂ ਨੂੰ ਪੁੱਛਣ-ਗਿੱਛਣ ਦਾ।"

ਪਰ ਜਾਣਾ ਕਿਸ਼ਨ ਸਿੰਘ ਨੇ ਕਿਥੇ ਸੀ? ਇੰਡੀਆ ਤੋਂ ਸਭ ਕੁਝ ਵੇਚ ਵੱਟ ਸਾਰਾ ਪਰਿਵਾਰ ਤਾਂ ਇਥੇ ਆ ਗਿਆ ਸੀ। ਜਦੋਂ ਵੀ ਇਸ ਤਰ੍ਹਾਂ ਗੁੱਸੇ ਹੁੰਦਾ ਤਾਂ ਆਪਣੇ ਦਿਲ ਦੀ ਭੜਾਸ ਇਹ ਰਟੇ ਰਟਾਏ ਵਾਕ ਬੋਲ ਕੱਢ ਲੈਂਦਾ, 'ਮੈਨੂੰ ਤੋਰ ਦਿਉ ਇੰਡੀਆ' ਕਹਿ ਕੇ ਥੋੜ੍ਹੀ ਦੇਰ ਵਿਸ ਘੋਲਦਾ ਤੇ ਆਪ ਹੀ ਕੁਝ ਦੇਰ ਪਿੱਛੋਂ ਸ਼ਾਂਤ ਹੋ ਜਾਂਦਾ।

"ਲੈ! ਡੈਡੀ ਤੁਸੀਂ ਤਾਂ ਗੁੱਸਾ ਕਰ'ਗੇ। ਮੈਨੂੰ ਨਹੀਂ ਚੰਗਾ ਲੱਗਦਾ, ਬੱਚੇ ਜਦੋਂ ਤੁਹਾਡੀ ਸੁਣਦੇ ਨਹੀਂ।" ਬਿੱਕਰ ਨੇ ਗੁੱਸੇ ਹੋ ਗਏ ਡੈਡੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

"ਪਰ ਪੁੱਤਰਾ! ਮੈਨੂੰ ਤਾਂ ਲੂਹਰੀਆਂ ਉਠਦੀਆਂ। ਪਹਿਲਾਂ ਤਾਂ ਸਹੁਰੇ ਅੱਧੀ ਅੱਧੀ ਰਾਤ ਤੱਕ ਉਲੂਆਂ ਵਾਂਗ ਗੇਮਾਂ ਖੇਡੀ ਜਾਂਦੇ ਨੇ ਜਾਂ ਟੈਲੀਵੀਜ਼ਨ ਮੂਹਰਿਉਂ ਨਹੀਂ ਉਠਦੇ ਜਾਂ ਫੋਨਾਂ 'ਤੇ ਠੂੰਗੇ ਮਾਰੀ ਜਾਣਗੇ। ਸਵੇਰੇ ਟਾਈਮ ਨਾਲ ਉਠਦੇ ਨਹੀਂ, ਮਾਂ ਹਾਕਾਂ ਮਾਰ ਮਾਰ ਘਰ ਸਿਰ 'ਤੇ ਚੁੱਕ ਲੈਂਦੀ ਆ। ਵੀਕਐਂਡ 'ਤੇ ਊਂ ਦੁਪਹਿਰ ਤੱਕ ਦਲਿਦਰੀ ਬੈਡ ਨਹੀਂ ਛੱਡਦੇ। ਜੇ ਮੈਂ ਕੱਲ ਮੁੰਡੇ ਨੂੰ ਕਹਿ'ਤਾ 'ਉਏ ਬੌਬੀ! ਅੱਜ ਐਤਵਾਰ ਤੈਨੂੰ ਛੁੱਟੀ ਏ, ਘਾਹ ਕੱਟ ਦੇਹ, ਕਿੱਡਾ ਕਿੱਡਾ ਹੋ ਗਿਆ। ਕੋਈ ਗਵਾਂਢੀ ਸ਼ਿਕਾਇਤ ਕਰ ਦੂ। ਤੇਰੇ ਡੈਡ ਨੂੰ ਕੰਮ ਤੋਂ ਵਿਹਲ ਨਹੀਂ ਮਿਲੀ।' ਅੱਗੋਂ ਕਹਿੰਦਾ, 'ਦਿਸ ਇਜ ਨਾਟ ਮਾਈ ਜਾਬ!' ਕਿਵੇਂ ਵਿਹਲਾ ਫਿੱਟੀ ਜਾਂਦਾ। ਗੋਰਿਆਂ ਵਾਂਗ ਘਰੋਂ ਕੱਢੇ ਹੋਣ ਸੋਲਾਂ ਸਾਲਾਂ ਦੀ ਉਮਰੇ, ਕਮਾਉ ਤੇ ਖਾਉ, ਆਪੇ ਹੋਸ਼ ਟਿਕਾਣੇ ਆ ਜੇ। ਪਰ ਇਥੇ! ਕੌਣ ਆਖੇ ਸਾਹਿਬ ਨੂੰ, ਇੰਜ ਨਹੀਂ ਤਾਂ ਇੰਜ ਕਰ। ਇੰਡੀਆ ਹੁੰਦਾ, ਇਹਦੇ ਮੈਂ ਪਾਸੇ ਸੇਕਦਾ।"

"ਡੈਡੀ ਮੈਂ ਕਰ ਲਿਆ ਘਾਹ ਕੱਟਣ ਵਾਲੇ ਦਾ ਇੰਤਜਾਮ, ਉਹ ਕੱਟ ਜਾਇਆ ਕਰੂ ਹਫਤੇ ਪਿਛੋਂ।"

"ਆਹੋ! ਇਹਦੇ ਹੱਡਾਂ 'ਚ ਪਾਣੀ ਪਾਈ ਜਾਉ, ਕੱਟਣ ਨੂੰ ਮੈਂ ਨ੍ਹੀਂ ਕੱਟ ਸਕਦਾ! ਮੈਨੂੰ ਤਾਂ ਡਾਕਟਰ ਨੇ ਰੋਕਿਆ ਸਾਹ ਤੇ ਅਲਰਜੀ ਕਰਕੇ, ਇਹ ਵੀ ਕੋਈ ਕੰਮਾਂ ਵਿਚੋਂ ਕੰਮ ਏ। ਚਲੋ ਮੈਨੂੰ ਕੀ, ਉਏ ਕਾਕਾ ਪਿਆਰ ਦੇ ਨਾਲ ਨਾਲ ਬੱਚਿਆਂ ਨੂੰ ਮਾਪਿਆਂ ਦਾ ਡਰ ਵੀ ਭੋਰਾ ਹੋਣਾ ਚਾਹੀਦਾ ਏ। ਪੁੱਛ ਲੈ ਆਪਣੀ ਮਾਂ ਨੂੰ! ਮੇਰੇ ਸਕੂਲ ਦੇ ਸਟਾਫ ਤੇ ਰਿਸ਼ਤੇਦਾਰਾਂ ਨੇ ਮੇਰੇ ਤੋਂ ਸਲਾਹਾਂ ਲੈ ਲੈ ਬੱਚਿਆਂ ਨੂੰ ਵਧੀਆ ਡਿਗਰੀਆਂ ਕਰਾ ਲਈਆਂ, ਉਹ ਵੀ ਪੁੱਛਦੇ ਹੁੰਦੇ ਸੀ ਬਈ ਕਿਸ਼ਨ ਸਿਆਂ! ਤੇਰੇ ਬੱਚੇ ਕਿਵੇਂ ਪ੍ਰੋਫੈਸ਼ਨਲ ਡਿਗਰੀਆਂ ਕਰੀ ਜਾਂਦੇ ਨੇ, ਕੇਹੜੇ ਪਾਠ ਪੜ੍ਹਾਉਨੈਂ ਤੂੰ ਇਨ੍ਹਾਂ ਨੂੰ, ਸਾਨੂੰ ਵੀ ਦੱਸ ਕੋਈ ਗੁਰ। ਕਹਿੰਦੇ ਨੇ ਨਾ, ਘਰ ਦਾ ਜੋਗੀ ਜੋਗੜਾ ਤੇ ਬਾਹਰਲਾ ਜੋਗੀ ਸਿੱਧ। ਮੇਰੇ ਪਰਿਵਾਰ ਨੂੰ ਮੇਰੀਆਂ ਕਹੀਆਂ ਜ਼ਹਿਰ ਵਾਂਗ ਲੱਗਦੀਆਂ।"

ਬੈਡ ਰੂਮ ਦਾ ਡੋਰ ਨਾਕ ਹੋਇਆ, "ਆ ਜੋ ਭਾਈ ਕੌਣ ਆ?"

"ਡੈਡੀ ਜੀ! ਅੱਜ ਤੁਹਾਡਾ ਜਨਮ ਦਿਨ ਏ, ਹੈਪੀ ਬਰਥ ਡੇ। ਸਵੇਰੇ ਸਵੇਰੇ ਗੁੱਸਾ ਥੁੱਕ ਦਿਉ!" ਕਿਸ਼ਨ ਸਿੰਘ ਦੀ ਨੂੰਹ ਨੇ ਡੋਰ ਦੇ ਬਾਹਰੋਂ ਹੀ ਵਿਸ਼ ਕੀਤਾ ਤੇ ਇਸ਼ਾਰੇ ਨਾਲ ਬਿੱਕਰ ਨੂੰ ਕਮਰੇ ਵਿਚੋਂ ਬਾਹਰ ਬੁਲਾ ਲਿਆ।

"ਥੈਂਕ ਯੂ ਬੇਟੀ! ਪਰ ਭਾਈ ਕੁੜੀਏ ਸਾਡੇ ਕਾਹਦੇ ਬਰਥ ਡੇ ਮਨਾਉਣੇ, ਪਤਾ ਨਹੀਂ ਕਿਸ ਦਿਨ ਜੰਮਿਆ ਸੀ? ਇਹ ਤਾਂ ਬਜ਼ੁਰਗਾਂ ਨੇ ਅੰਦਾਜ਼ੇ ਨਾਲ ਹੀ ਲਿਖਾਇਆ ਹੋਣਾ ਸਕੂਲ ਵਿਚ। ਬੱਚਿਆਂ ਦੇ ਮਨਾਇਆ ਕਰੋ।"

ਸ਼ਾਵਰ ਲੈ ਕੇ ਵਾਸ਼ਰੂਮ ਵਿਚੋਂ ਵਾਹਿਗੁਰ ਵਾਹਿਗੁਰ ਕਰਦੀ ਚੰਦ ਕੌਰ ਨੇ ਬਾਹਰ ਆ ਕਿਸ਼ਨ ਸਿੰਘ ਨੂੰ ਸਵਾਲ ਕੀਤਾ ਨਾਲੇ ਤਰਲਾ ਮਾਰਿਆ, "ਕਿਉਂ ਸਵੇਰੇ ਸਵੇਰੇ ਮੁੰਡੇ ਦੀ ਕਲਾਸ ਲਾਈ ਬੈਠੇ ਸੀ? ਉਠੋ! ਚੱਲੋ ਤਿਆਰ ਹੋਵੋ, ਅੱਜ ਤਾਂ ਚੱਲੋ ਗੁਰਦੁਆਰੇ ਮੱਥਾ ਟੇਕ ਆਈਏ। ਬੱਚੇ ਵੀ ਕਹਿੰਦੇ ਨੇ, ਤੁਹਾਡਾ ਜਨਮ ਦਿਨ ਵੀ ਏ। ਕੁਝ ਮਨ ਨੂੰ ਸ਼ਾਤੀਂ ਆਵੇ ਜਿਹੜਾ ਹਰ ਵੇਲੇ ਆਦਮ ਬੋ ਆਦਮ ਬੋ ਕਰਦੇ ਰਹਿੰਦੇ ਜੇ।"

"ਅੱਛਾ! ਤੂੰ ਵੀ ਰਲ ਗਈ ਇਨ੍ਹਾਂ ਨਾਲ! ਮੈਂ ਨਹੀਂ ਜਾਣਾ ਜੂਣਾ ਕਿਤੇ।" ਕਿਸ਼ਨ ਸਿੰਘ ਬੈਡ 'ਤੇ ਨਿਸਲ ਹੋ ਪੈ ਗਿਆ।

"ਅੱਛਾ! ਫਿਰ ਮੈਂ ਵੀ ਤੁਹਾਡੇ ਵਾਂਗ ਬਿਨਾ ਕਿਸੇ ਕਾਰਨ ਬੱਚਿਆਂ ਨਾਲ ਕਲੇਸ਼ ਕਰੀ ਜਾਵਾਂ? ਮੇਰੀ ਸੁਣੋ ਆਪਾਂ ਆਪਣੇ ਜੰਮੇ ਆਪਣੇ ਹਿਸਾਬ ਨਾਲ ਪਾਲੇ ਤੇ ਪੜ੍ਹਾਏ। ਹੁਣ ਇਨ੍ਹਾਂ ਦੀ ਵਾਰੀ, ਜਿਵੇਂ ਮਰਜੀ ਕਰਨ। ਸਰਦਾਰ ਜੀ ਸੱਮਝਿਆ ਕਰੋ। ਹਰ ਵੇਲੇ ਟੋਕਾ ਟਾਕੀ ਚੰਗੀ ਨਹੀਂ ਹੁੰਦੀ। ਸਾਰਾ ਪਰਿਵਾਰ ਤੁਹਾਡੀ ਕਿੰਨੀ ਇੱਜਤ ਕਰਦਾ। ਪੰਤਾਲੀ ਸਾਲ ਹੋ'ਗੇ ਤੁਹਾਡੇ ਲੜ ਲੱਗੀ ਨੂੰ, ਸਾਰੀ ਉਮਰ ਤੁਸੀਂ ਆਪਣੀ ਮਨਾਈ ਤੇ ਚਲਾਈ। ਹੁਣ ਤਾਂ ਕਿਸੇ ਹੋਰ ਦੀ ਸੁਣ ਲਿਆ ਕਰੋ।"

ਅੱਗੋਂ ਕਿਸ਼ਨ ਪਹਿਲਾਂ ਹੀ ਤਪਿਆ ਬੈਠਾ ਸੀ, "ਮੈਂ ਕੀ ਮਾੜਾ ਕਹਿ'ਤਾ? ਆਹੀ ਤਾਂ ਕਿਹਾ ਸੀ, ਪਿਛਲੇ ਹਫਤੇ ਵੱਡੀ ਕੁੜੀ ਨੂੰ, 'ਪੁੱਤ ਤੂੰ ਘਰ ਵਿਚ ਵੱਡੀ ਪੋਤੀ ਆ, ਜੇ ਤੂੰ ਡਾਕਟਰ ਬਣੇਗੀ ਤਾਂ ਤੇਰੀ ਰੀਸੇ ਛੋਟਿਆਂ ਨੂੰ ਵੀ ਕਿਸੇ ਚੰਗੀ ਡਿਗਰੀ ਲਈ ਕਹਾਂਗੇ।' ਅੱਗੋਂ ਮੈਨੂੰ ਹੀ ਲੈਕਚਰ ਦੇ ਦਿੱਤਾ, 'ਗਰੈਂਡ ਪਾ, ਅਸੀਂ ਨਹੀਂ ਉਹ ਪੜ੍ਹਾਈ ਕਰਨੀ ਜਿਹਦੇ ਨਾਲ ਪਿਛੋਂ ਸਾਰੀ ਉਮਰ ਟੈਨਸ਼ਨ ਤੇ ਸਟਰੈਸ ਰਹੇ। ਅਸੀਂ ਤਾਂ ਉਹ ਕਰਨੀ ਆ, ਗੁਜ਼ਾਰੇ ਲਈ ਪੈਸੇ ਵੀ ਮਿਲਣ ਤੇ ਜਾਬ ਨੂੰ ਇੰਜੁਆਏ ਵੀ ਕਰ ਸਕੀਏ।' ਅਖੇ, ਇਹ ਕੇਹੜਾ ਇਕ ਦਿਨ ਕੰਮ ਕਰਨਾ, ਇਹ ਤਾਂ ਸਾਰੀ ਉਮਰ ਕਰਨਾ। ਅਸੀਂ ਨੀ ਡੈਡ-ਮੌਮ ਵਾਂਗ ਦਿਨ ਰਾਤ ਕੰਮ ਕਰਨਾ ਤੇ ਨਾ ਹੀ ਸਾਨੂੰ ਇਨ੍ਹਾਂ ਦੇ ਪੈਸੇ ਚਾਹੀਦੇ। ਇਹ ਉਨ੍ਹਾਂ ਦੇ ਕਮਾਏ ਹੋਏ ਨੇ ਤੇ ਉਹੀ ਵਰਤਣ।"

ਚੰਦ ਕੌਰ ਨੇ ਕਿਹਾ, "ਠੀਕ ਹੀ ਤਾਂ ਕਿਹਾ ਕੁੜੀ ਨੇ।"

"ਕੀ ਠੀਕ ਕਿਹਾ? ਮੈਂ ਪੂਰੀ ਜ਼ਿੰਦਗੀ ਲਾ'ਤੀ ਇਕ ਜਨਰੇਸ਼ਨ ਨੂੰ ਸੁਧਾਰਨ ਵਿਚ ਤਾਂ ਕਿ ਸਮਾਜ ਵਿਚ ਸਿਰ ਉਚਾ ਕਰਕੇ ਤੁਰ ਸਕਣ। ਕਿਵੇਂ ਦੇਖ ਲਵਾਂ ਆਪਣਾ ਪਰਿਵਾਰ ਢਹਿੰਦੀ ਕਲਾ ਵੱਲ ਜਾਂਦਿਆਂ। ਥੋੜ੍ਹੇ ਪੜ੍ਹਿਆਂ ਦੇ ਬੱਚੇ ਡਾਕਟਰ, ਇੰਜੀਨੀਅਰ ਬਣੀ ਜਾਂਦੇ, ਮੇਰਿਆਂ ਦਾ ਦਿਮਾਗ ਟਿਕਾਣੇ ਨੀ। ਪਤਾ ਈ ਨਹੀਂ ਕਿਹੜਾ ਪ੍ਰੋਫੈਸ਼ਨ ਚੰਗਾ। ਪਰ ਚੰਦ ਕੁਰੇ ਤੈਨੂੰ ਕੀ ਪਤਾ? ਸਿਵਾਏ ਮੰਨੀਆਂ ਪੱਥਣ ਤੋਂ। ਘੁੱਗੀ ਕਿਆ ਜਾਣੇ ਸਤਿਗੁਰ ਕੀਆਂ ਬਾਤਾਂ! ਨਾਲੇ ਕੁੜੀਆਂ ਦੇ ਦਿਮਾਗ ਵਿਚ ਇਹ ਕਿਨ੍ਹੇ ਪਾ ਦਿੱਤਾ, 'ਅਖੇ ਤੁਸੀਂ ਇੰਡੀਅਨ! ਮੁੰਡਿਆਂ ਨੂੰ ਜ਼ਿਆਦਾ ਇੰਪੋਰਟੈਂਸ ਦਿਨੇਂ ਓਂ, ਕੁੜੀਆਂ ਨਾਲੋਂ।' ਜਦੋਂ ਕਿ ਪੋਤਾ ਸਹੁਰੀ ਦਾ ਬਿਲਕੁਲ ਈ ਨੀ ਸੁਣਦਾ। ਮੈਂ ਰੋਜ਼ ਉਹਦੀ ਕੁੱਤੇਖਾਣੀ ਕਰਦਾਂ। ਕੁੜੀਆਂ ਨੂੰ ਤਾਂ ਮੈਂ ਹਮੇਸ਼ਾਂ ਪਿਆਰ ਨਾਲ ਹੀ ਸਮਝਾਉਂਦਾਂ। ਮੈਂ ਤਾਂ ਜ਼ਿੰਦਗੀ ਵਿਚ ਕਾਮਯਾਬ ਹੋਣ ਦੇ ਗੁਰ ਇਨ੍ਹਾਂ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਏ, ਬਈ ਟਾਈਮ ਦੇ ਪਾਬੰਦ ਰਹੋ, ਸਖਤ ਮਿਹਨਤ ਕਰੋ, ਇਮਾਨਦਾਰੀ ਤੇ ਪਾਜੇਟਿਵ ਸੋਚ ਰੱਖੋ। ਫਿਰ ਕੋਈ ਤਾਕਤ ਨਹੀਂ ਤੁਹਾਨੂੰ ਜ਼ਿੰਦਗੀ ਵਿਚ ਫੇਲ੍ਹ ਕਰ ਸਕਦੀ।"

"ਚਲੋ ਸਰਦਾਰ ਜੀ, ਤੁਸੀਂ ਉਨ੍ਹਾਂ ਦੇ ਪੇਪਰ ਦੇਣੇ ਨੇ ਸਕੂਲ ਜਾ ਕੇ। ਜਦੋਂ ਉਨ੍ਹਾਂ ਦੇ ਮਾਂ-ਬਾਪ ਖੁਸ਼ ਨੇ, ਤੁਸੀਂ ਕਿਉਂ ਫਿਕਰ ਕਰਦੇ ਓ?"

"ਤੂੰ ਚੁੱਪ ਨਹੀਂ ਕਰ ਸਕਦੀ ਇਕ ਮਿੰਟ! ਮੈਂ ਕੋਈ ਝੂਠ ਬੋਲਦਾਂ?"

"ਅੱਛਾ ਬਾਬਾ ਤੁਸੀਂ ਜਿੱਤੇ ਬਾਕੀ ਸਾਰਾ ਟੱਬਰ ਹਾਰ ਗਿਆ।" ਚੰਦ ਕੌਰ ਦੋਵੇਂ ਹੱਥ ਬੰਨ ਖੜੀ ਹੋ ਗਈ, "ਮੈਨੂੰ ਇਹ ਦੱਸੋ, ਕਿਥੇ ਨੇ ਸਾਡੇ ਦਾਦੇ ਪੜਦਾਦੇ? ਉਨ੍ਹਾਂ ਆ ਕੇ ਵੇਖਿਆ ਅਸੀਂ ਕੀ ਕਰ ਰਹੇ ਆਂ? ਨਾ ਅਸੀਂ ਆ ਕੇ ਵੇਖਣਾ।" ਏਨਾ ਕਹਿ ਚੰਦ ਕੌਰ ਕਮਰੇ ਵਿਚੋਂ ਬਾਹਰ ਹੋ ਗਈ।

---

## ਸੂਰਜ ਢਾਲ ਕੇ ਮੁੜਦੇ

ਅਚਾਰ, ਰੋਟੀਆਂ ਸਟੀਲ ਦਾ ਡੱਬਾ
ਜਾਣਾ ਪੈਂਦਾ ਜਿਗਰਾ ਕਰਕੇ ਵੱਡਾ।
ਜਿਸਮ ਕਿਰਾਏ 'ਤੇ ਚਾੜ੍ਹਨ ਦੇ ਲਈ
ਬਣਿਆ ਸਾਡੇ ਖਾਤਿਰ ਵੀ ਅੱਡਾ।
ਪੁਰਖੇ ਸਾਡੇ ਸਦੀਆਂ ਤੋਂ ਖਪਦੇ ਆਏ
ਪਰ ਗਰੀਬੀ ਵਾਲਾ ਭਰੇ ਨਾ ਖੱਡਾ।
ਜਿੰਨਾ ਮਰਜੀ ਕਿਰਸਾਂ ਕਰ ਲਈਏ
ਫੇਰ ਵੀ ਸਦਾ ਹੀ ਸਾਡੇ ਬੋਝੇ ਥੁੜ੍ਹਦੇ।
ਚੜ੍ਹਦੇ ਸੂਰਜ ਘਰ ਨਹੀਂ ਹੁੰਦੇ
ਸ਼ਾਮੀਂ ਸੂਰਜ ਢਾਲ ਕੇ ਮੁੜ੍ਹਦੇ।

ਮਹਿੰਗਾਈ ਵਾਲੀ ਅਮਰ ਵੇਲ ਨੇ
ਸੁਪਨੇ ਸੰਘੀਓਂ ਸਾਡੇ ਦੱਬ ਲਏ ਨੇ।
ਕਿਸਮਤ ਦੀਆਂ ਲਕੀਰਾਂ ਨੇ ਵੀ ਲੱਗੇ
ਕੋਈ ਵੈਰ ਪੁਰਾਣੇ ਕੱਢ ਲਏ ਨੇ।
ਆਪਣੇ ਵੀ ਤਾਂ ਰਹੇ ਨਾ ਆਪਣੇ
ਪੈਰ ਛੇਤੀ ਉਨ੍ਹਾਂ ਛੱਡ ਲਏ ਨੇ।
ਉਮਰ ਤੋਂ ਪਹਿਲਾਂ ਅੰਗ ਹੋਏ ਬੁੱਢੇ
ਹੁਣ ਨਾ ਕਾਹਲੀ-ਕਾਹਲੀ ਫੁਰਦੇ।
ਚੜ੍ਹਦੇ ਸੂਰਜ ਘਰ ਨਹੀਂ ਹੁੰਦੇ
ਸ਼ਾਮੀਂ ਸੂਰਜ ਢਾਲ ਕੇ ਮੁੜ੍ਹਦੇ।

ਸਰਕਾਰਾਂ ਨੇ ਵੀ ਤਾਂ ਮੁੱਖ ਮੋੜ ਲਏ
ਆ ਕਦੇ ਨਾ ਸਾਰਾਂ ਲਈਆਂ ਨੇ।
ਬੇਰੁਜ਼ਗਾਰੀ ਹਾਸੇ ਖਾ ਗਈ
ਪੜ੍ਹ-ਲਿਖ ਕੇ ਜ਼ਿੱਲਤਾਂ ਪੱਲੇ ਪਈਆਂ ਨੇ।
ਅੱਕੇ ਕਿਸਾਨ ਨੇ ਜਾਨ ਗੁਆ ਲਈ
ਅੱਜ ਵੀ ਉਵੇਂ ਹੀ ਪਈਆਂ ਖਾਤੇ ਬਹੀਆਂ ਨੇ।
ਛੋਟੀ ਉਮਰੇ ਜ਼ਿੰਮੇਵਾਰੀਆਂ ਦੇ ਰੋਗ ਅਵੱਲੇ
ਤਾਹੀਂ ਬੈਠ ਕੇ ਸਾਰੀ ਰਾਤੇ ਝੁਰਦੇ।
ਚੜ੍ਹਦੇ ਸੂਰਜ ਘਰ ਨਹੀਂ ਹੁੰਦੇ
ਸ਼ਾਮੀਂ ਸੂਰਜ ਢਾਲ ਕੇ ਮੁੜ੍ਹਦੇ।

ਜੱਗ 'ਤੇ ਦਾਨ ਪੁੰਨ ਭਾਵੇਂ ਲੱਖ ਹੁੰਦੇ
ਪਰ ਮਜ਼ਲੂਮਾਂ ਦੇ ਢਿੱਡ ਹਾਲੇ ਵੀ ਭੁੱਖੇ ਨੇ।
ਖੌਰੇ ਕਦ ਇਨ੍ਹਾਂ ਦੇ ਚਿਹਰੇ ਨੇ ਖਿੜ੍ਹਨਾ
ਜਿਹੜੇ ਬੈਠੇ ਟਾਹਣੀਓਂ ਟੁੱਟੇ ਨੇ।
ਨਫਰਤ, ਧੋਖੇ ਕਿੰਨੇ ਵਧ ਗਏ
ਮੋਹ ਕੁੰਭਕਰਨੀ ਨੀਂਦ 'ਚ ਸੁੱਤੇ ਨੇ।
ਧਰਮ ਦੇ ਪੈਗੰਬਰ ਬਣ ਕੇ ਲੋਕੀਂ
ਕਿਉਂ ਨਾ ਸੱਚੀ ਸੋਚ ਦੇ ਰਸਤੇ ਤੁਰਦੇ।
ਚੜ੍ਹਦੇ ਸੂਰਜ ਘਰ ਨਹੀਂ ਹੁੰਦੇ
ਸ਼ਾਮੀਂ ਸੂਰਜ ਢਾਲ ਕੇ ਮੁੜ੍ਹਦੇ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

---

## ਭਟਕਣ

ਜ਼ਿੰਦਗੀ ਤਾਂ;
ਉਲਝ ਕੇ ਹੀ ਰਹਿ ਗਈ ਹੈ
ਹਿਸਾਬ ਦੇ ਫਾਰਮੂਲਿਆਂ ਵਿਚ,
ਵਿਗਿਆਨ ਦੀਆਂ ਪਰਿਭਾਸ਼ਾਵਾਂ ਵਿਚ,
ਆਰਥਿਕਤਾ ਦੀਆਂ ਟਰਮਾਂ ਵਿਚ,
ਬਸ! ਭਟਕ ਰਿਹਾ ਹਾਂ
ਰਿਸ਼ਤਿਆਂ ਦੇ ਜੰਗਲ ਵਿਚ!

ਤਿਤਲੀਆਂ ਜਿਹੀਏ ਕੁੜੀਏ
ਪਰ ਤੂੰ ਜੋ ਮੇਰੇ ਸ਼ਾਇਰ ਹੋਣ 'ਤੇ
ਮਾਣ ਮਹਿਸੂਸ ਕਰਦੀ ਏਂ,
ਮੇਰੀਆਂ ਨਜ਼ਮਾਂ ਸਹੇਲੀਆਂ ਨੂੰ
ਗਾ-ਗਾ ਸੁਣਾਉਂਦੀ ਏ।
ਪਰ ਸਾਇਦ! ਤੈਨੂੰ ਪਤਾ ਨਹੀਂ
ਸ਼ਾਇਰੀ ਕਦੇ ਢਿੱਡ ਨਹੀਂ ਭਰਦੀ।
ਤੇ ਕਵਿਤਾ ਕਿਸੇ ਰੱਜੇ ਬੰਦੇ ਦਾ
ਡੱਕਾਰ ਥੋੜ੍ਹੀ ਏ!

ਕੀ ਤੈਨੂੰ ਪਤੈ ਮੇਰੀਆਂ ਨਜ਼ਮਾਂ ਦੀਆਂ
ਸਾਰੀਆਂ ਕਾਪੀਆਂ ਬਾਲ ਕੇ ਵੀ
ਇੱਕ ਵਕਤ ਦਾ
ਚੁੱਲ੍ਹਾ ਤੱਕ ਨਹੀਂ ਜਲਣਾ?
ਤੇ ਤੂੰ ਮੇਰੇ ਕਵੀਪੁਣੇ 'ਤੇ
ਬੜਾ ਮਾਣ ਕਰਦੀ ਏ!

ਪਰ ਕੀ ਤੈਨੂੰ ਪਤੈ
ਹੁਣ ਮੈਂ ਘਰਦਿਆਂ ਨੂੰ
ਪੁੱਤ ਜਾਂ ਭਰਾ ਨਹੀਂ
ਬਲਕਿ ਇੱਕ ਕਵੀ ਹੀ
ਨਜ਼ਰ ਆਉਂਦਾ ਹਾਂ!
ਪਰ ਉਨ੍ਹਾਂ ਨੂੰ ਮੇਰੀ ਭਟਕਣ ਕਿਧਰੇ ਵੀ
ਦਿਖਾਈ ਨਹੀਂ ਦਿੰਦੀ!

ਪਰ ਤੂੰ ਸੱਚੋ-ਸੱਚ ਦੱਸੀਂ
ਕੀ ਮੇਰੀ ਭਟਕਣ ਦਾ
ਅਹਿਸਾਸ ਹੈ ਤੈਨੂੰ?

*-ਗਗਨਦੀਪ ਸਿੰਘ ਸੰਧੂ*
*ਫੋਨ: 91-75894-31402*

---

## ਸੁਨਿਆਰ

ਜਿਨ੍ਹਾਂ ਸੋਨੇ ਦੀ ਖਾਤਰ ਸਵਾਹ ਛਾਣੀ
ਨਨਿਆਰ ਕਰਨ ਲਈ ਆਤਮਦਾਹ ਚੱਲੇ।
ਜਿਨ੍ਹਾਂ ਮਾਂ ਦੇ ਗਹਿਣੇ 'ਚ ਖੋਟ ਪਾਈ
ਸੁਨਿਆਰ ਦਿੱਲੀ ਨੂੰ ਵਾਹੋਦਾਹ ਚੱਲੇ।
ਵੱਡਾ ਬਿੱਲ ਮਰੀਜ ਦੀ ਲਾਸ਼ ਖਾਤਰ
ਨਕਲੀ ਦਵਾਈ, ਟੀਕੇ, ਨਕਲੀ ਸਾਹ ਚੱਲੇ।
ਹੱਥ ਗੀਤਾ, ਕੱਛ ਦੇ ਵਿਚ ਛੁਰੀਆਂ
ਗਵਾਹੀ ਦੇਣ ਕਚਹਿਰੀ ਗਵਾਹ ਚੱਲੇ।
ਮਾਇਆ ਨਾਗਣੀ ਦੇ ਘਪਲੇ ਕਰਨ ਖਾਤਰ
'ਗਿੱਲਾ' ਨੇਤਾ ਅਤੇ ਨੌਕਰਸ਼ਾਹ ਚੱਲੇ।

*-ਜਗਰਾਜ ਗਿੱਲ*
*ਫੋਨ: 704-257-6693*

---

## ਧਰਮ ਦੇ ਨਾਂ 'ਤੇ

ਵਰਤਮਾਨ ਦੀ ਕਿਰਤ ਨੂੰ ਛੱਡ ਕੇ,
ਅਗਲੇ ਪਿਛਲੇ ਜਨਮਾਂ ਕਾਰਨ,
ਬਿਪਰੀ ਆਵਾਗਵਣਾਂ ਵਾਲਾ,
ਕਰਮ ਪੜ੍ਹਾਉਂਦੇ ਕਰਮ ਦੇ ਨਾਂ 'ਤੇ।

ਇਕਨਾਂ ਮੰਦਿਰੀਂ ਨੰਗੇ ਬੁੱਤ ਨੇ,
ਇਕਨਾਂ ਨੰਗੇ ਸ਼ਬਦ ਸਜਾਏ,
ਨੰਗੀ ਸ਼ਾਇਰੀ ਦੀ ਮੱਤ ਵੱਖਰੀ,
ਸ਼ਰਧਾ ਆਖਣ ਸ਼ਰਮ ਦੇ ਨਾਂ 'ਤੇ।
ਕੁਦਰਤ ਜਿਹੜੇ ਨਿਯਮ 'ਚ ਚਲਦੀ,
ਉਹ ਬ੍ਰਹਿਮੰਡੀ ਧਰਮ ਸਦਾਏ,
ਹਰ ਘਟਨਾ ਦਾ ਨਿਯਮ, ਧਰਮ ਹੈ,
ਦੁਨੀਆਂ ਮਰਦੀ ਭਰਮ ਦੇ ਨਾਂ 'ਤੇ।

ਧਰਮ ਹੁੰਦਾ ਗੁਣ ਧਾਰਨ ਕਰਨਾ,
ਕੁਦਰਤ ਦੇ ਨਿਯਮਾਂ ਸੰਗ ਤੁਰਨਾ,
ਲੇਕਿਨ ਅਜਬ ਪਸਾਰਾ ਜੱਗ ਦਾ,
ਧਰਮ ਬਿਨਾ ਸਭ ਧਰਮ ਦੇ ਨਾਂ 'ਤੇ।

*-ਗੁਰਮੀਤ ਸਿੰਘ ਬਰਸਾਲ*

---

## ਲੋਹੇ ਦਾ ਸਵਾਦ

ਸ਼ਬਦ ਕਿਸ ਤਰ੍ਹਾਂ ਕਵਿਤਾ ਬਣਦੇ ਹਨ
ਇਸ ਨੂੰ ਦੇਖੋ।
ਅੱਖਰਾਂ 'ਚੋਂ ਕਿਰੇ ਹੋਏ
ਆਦਮੀ ਨੂੰ ਪੜ੍ਹੋ।
ਕੀ ਤੁਸੀਂ ਸੁਣਿਆ ਕਿ ਇਹ
ਲੋਹੇ ਦੀ ਆਵਾਜ਼ ਹੈ ਜਾਂ
ਮਿੱਟੀ ਤੇ ਡੁੱਲ੍ਹੇ ਹੋਏ ਖੂਨ ਦਾ ਰੰਗ।
ਲੋਹੇ ਦਾ ਸਵਾਦ ਲੁਹਾਰ ਤੋਂ ਨਾ ਪੁੱਛੋ
ਉਸ ਘੋੜੇ ਤੋਂ ਪੁੱਛੋ
ਜਿਸ ਦੇ ਮੂੰਹ ਵਿਚ ਲਗਾਮ ਹੈ।

*-ਧੂਮਿਲ*
*ਅਨੁਵਾਦ: ਮੁਲਖ ਸਿੰਘ ਪਿੱਪਲੀ*
*ਫੋਨ: 91-94162-55877*

# ਅੱਗ ਦੀ ਵਿਥਿਆ



***ਆਦਿ-ਕਾਲੀਨ ਮਨੁੱਖ ਨੇ ਪਹਿਲੋਂ ਪਹਿਲ ਅੱਗ ਦਾ ਜਲਵਾ ਅਸਮਾਨੀ ਬਿਜਲੀ ਦੇ ਰੂਪ ਵਿਚ ਦੇਖਿਆ। ਖਾਣਾ ਪਕਾਉਣ ਅਤੇ ਨਿੱਘ ਲੈਣ ਤੋਂ ਛੁੱਟ, ਅੱਗ ਦੀ ਸਹਾਇਤਾ ਨਾਲ ਮਿੱਟੀ ਦੇ ਬਰਤਨ ਅਤੇ ਇੱਟਾਂ ਦੀ ਪਕਾਈ ਵੀ ਕੀਤੀ ਜਾਂਦੀ ਹੈ। ਫਿਰ ਅੱਗ ਦੇ ਤਾਅ ਨਾਲ ਧਾਤਾਂ ਨੂੰ ਵੀ ਢਾਲਿਆ ਜਾਂਦਾ ਹੈ। ਪਰਖ ਕਰਨ ਲਈ ਸੋਨੇ ਨੂੰ ਵੀ ਢਾਲਿਆ ਜਾਂਦਾ ਹੈ। ਭਾਸ਼ਾ ਵਿਗਿਆਨੀ ਤੇ ਨਿਰੁਕਤਸ਼ਾਸਤਰੀ ਜੀ.ਐਸ. ਰਿਆਲ ਨੇ ਅੱਗ ਦੀ ਨਿਰੁਕਤੀ ਅਤੇ ਇਸ ਦੇ ਇਤਿਹਾਸ ਦੀਆਂ ਪਰਤਾਂ ਆਪਣੇ ਇਸ ਲੇਖ ਵਿਚ ਫਰੋਲੀਆਂ ਹਨ। -ਸੰਪਾਦਕ***

ਅੱਗ ਦਾ ਸਬੰਧ ਸੰਸਕ੍ਰਿਤ 'ਅਗਨਿ' ਨਾਲ ਪ੍ਰਤੱਖ ਹੈ, ਪਰ ਵਿਚਾਰਨਯੋਗ ਗੱਲ ਇਹ ਹੈ ਕਿ ਜਿਥੇ ਸੰਸਕ੍ਰਿਤ ਦਾ ਸ਼ਬਦ ਪੁਲਿੰਗ ਹੈ; ਪੰਜਾਬੀ, ਹਿੰਦੀ ਆਦਿ ਦੇ ਸਬੰਧਤ ਸ਼ਬਦ ਇਸਤਰੀ-ਲਿੰਗ ਵਜੋਂ ਵਰਤੇ ਜਾਂਦੇ ਹਨ। ਇਸ ਹਿਸਾਬ ਨਾਲ ਪੰਜਾਬੀ ਵਿਚ 'ਘਰ ਨੂੰ ਅੱਗ ਲੱਗ ਗਈ' ਦੇ ਟਾਕਰੇ 'ਤੇ ਸੰਸਕ੍ਰਿਤ ਵਿਚ ਮਾਨੋ 'ਘਰ ਨੂੰ ਅੱਗ ਲੱਗ ਗਿਆ' ਦਾ ਵਾਕ ਵਰਤਿਆ ਜਾਵੇਗਾ। ਸਾਡੀ ਅੱਗ ਦੇ ਸਜਾਤੀ ਸ਼ਬਦ ਲਾਤੀਨੀ Ignis ਤੇ ਰੂਸੀ Ogon ਵੀ ਲਿੰਗ ਪੱਖੋਂ ਸੰਸਕ੍ਰਿਤ ਨਾਲ ਸਹਿਮਤ ਹਨ। ਇੰਜ ਹੀ ਅੱਗ ਦੇ ਬੋਧਕ ਸ਼ਬਦ, ਫਰਾਂਸੀਸੀ Feu ਤੇ ਇਤਾਲਵੀ Fuoco ਵੀ ਪੁਲਿੰਗ ਹਨ। ਅਜਿਹੀ ਵਿਲੱਖਣਤਾ ਬਾਰੇ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸੰਸਕ੍ਰਿਤ ਵਿਚ 'ਅਗਨਿ' ਦਾ ਵੱਡਾ ਪ੍ਰਯੋਗ

**ਜੀ.ਐਸ. ਰਿਆਲ**

'ਅੱਗ ਦੇ ਦੇਵਤੇ' ਲਈ ਵੀ ਕੀਤਾ ਜਾਂਦਾ ਹੈ। ਇਸ ਲਈ ਸ਼ੁਰੂ ਵਿਚ ਇਸ ਸ਼ਬਦ ਦਾ ਪੁਲਿੰਗ ਹੋਣਾ ਸੁਭਾਵਕ ਸੀ। ਹੁੰਦੇ ਹੁੰਦੇ, ਧਾਰਮਿਕ ਭਾਵ ਵਾਲੇ ਸ਼ਬਦ ਦਾ ਰੂਪ ਤਾਂ ਥਿਰ ਰਿਹਾ, ਪਰ ਲੌਕਿਕ ਵਰਤੋਂ ਵਾਲੇ ਸ਼ਬਦ ਦਾ ਰੂਪ ਬਦਲ ਗਿਆ। ਲਿੰਗ ਦੀ ਬਦਲੀ ਵੀ ਇਸ ਵੱਖਰਤਾ ਜਾਂ ਵਿਸ਼ੇਸ਼ੀਕਰਣ ਦਾ ਹੀ ਸਿੱਟਾ ਜਾਪਦੀ ਹੈ।

ਆਦਿ-ਕਾਲੀਨ ਮਨੁੱਖ ਨੇ ਪਹਿਲਾਂ ਪਹਿਲ ਅੱਗ ਦਾ ਜਲਵਾ ਅਸਮਾਨੀ ਬਿਜਲੀ ਦੇ ਰੂਪ ਵਿਚ ਦੇਖਿਆ। ਉਸ ਨੇ ਕੁਦਰਤ ਵੱਲੋਂ ਲੱਗਣ ਵਾਲੀਆਂ ਅੱਗਾਂ ਦਾ ਵੀ ਤਮਾਸ਼ਾ ਦੇਖਿਆ, ਜਿਵੇਂ ਬਿਜਲੀ ਦੁਆਰਾ ਲੱਗੀ ਅੱਗ, ਜੰਗਲ ਦੀ ਅੱਗ (ਦਵ-ਅਗਨਿ) ਅਤੇ ਜਵਾਲਾਮੁਖੀ ਪਹਾੜ ਦੀਆਂ ਲਾਟਾਂ। ਮਨੁੱਖ ਨੇ ਪੱਥਰ 'ਤੇ ਪੱਥਰ ਮਾਰ ਕੇ ਅੱਗ ਦੀ ਕਾਢ ਕੱਢੀ। ਇਸ ਤੋਂ ਇਲਾਵਾ ਸੁੱਕੀ ਲੱਕੜ ਵਿਚੋਂ ਵੀ ਅੱਗ ਪ੍ਰਾਪਤ ਕੀਤੀ ਗਈ। ਇਸ ਵਿਧੀ ਅਨੁਸਾਰ ਲੱਕੜ ਦੇ ਇਕ ਟੋਟੇ ਵਿਚ ਡੂੰਘ ਪਾ ਕੇ ਦੂਜੀ ਲੱਕੜ ਨੂੰ ਮਧਾਣੀ ਵਾਂਗ ਉਸ ਵਿਚ ਘੁਮਾਇਆ ਜਾਂਦਾ ਸੀ। ਇਸ ਤਰ੍ਹਾਂ ਘਿਸਰ ਨਾਲ ਅੱਗ ਦੀਆਂ ਚੰਗਿਆੜੀਆਂ ਨਿਕਲਦੀਆਂ ਸਨ ਜੋ ਕੋਲ ਰੱਖੀ ਰੂੰ ਜਾਂ ਸੁੱਕੇ ਪੱਤਿਆਂ ਨੂੰ ਛੂਹ ਕੇ ਅੱਗ ਬਾਲ ਦਿੰਦੀਆਂ ਸਨ। ਇਨ੍ਹਾਂ ਲੱਕੜੀਆਂ ਨੂੰ ਸੰਸਕ੍ਰਿਤ ਵਿਚ 'ਅਰਨੀ' ਕਿਹਾ ਜਾਂਦਾ ਹੈ ਅਤੇ ਉਪਰੋਕਤ ਵਿਧੀ ਨੂੰ 'ਅਰਨੀ ਮੰਥਨ'।

ਪ੍ਰਾਚੀਨ ਢੰਗ ਨਾਲ ਅੱਗ ਪੈਦਾ ਕਰਨ ਲਈ ਅੰਗਰੇਜ਼ੀ ਵਿਚ Flint ਅਤੇ Tinder ਸ਼ਬਦ ਹਨ। ਇਨ੍ਹਾਂ ਵਿਚੋਂ ਪਹਿਲੇ ਦਾ ਅਰਥ 'ਚਕਮਾਕ ਪੱਥਰ' ਅਤੇ ਦੂਜੇ ਦਾ ਅਰਥ 'ਚੰਗਿਆੜੀਆਂ ਨੂੰ ਫੜਨ ਵਾਲਾ ਪਦਾਰਥ' ਹੈ; ਜਿਵੇਂ ਸੁੱਕੀ ਤੇ ਗਲੀ-ਸੜੀ ਲੱਕੜੀ। ਫਾਰਸੀ ਆਤਸ਼-ਜ਼ਨੀ (ਅੱਗ ਲਾਉਣ) ਦਾ ਮੂਲ ਅਰਥ ਹੀ 'ਅੱਗ ਮਾਰਨਾ' ਅਰਥਾਤ ਅੱਗ ਬਾਲਣ ਲਈ ਚਕਮਾਕ ਤੇ ਲੋਹੇ ਨੂੰ ਇਕ ਦੂਜੇ ਨਾਲ ਟਕਰਾਉਣਾ ਜਾਂ ਅਜਿਹੀ ਹੋਰ ਕਿਸੇ ਚੀਜ਼ ਨੂੰ ਰਗੜਨਾ ਹੈ।

ਤੀਲਾਂ ਵਾਲੀ ਡੱਬੀ ਦੀ ਕਾਢ ਤੋਂ ਪਹਿਲਾਂ ਘਰੇਲੂ ਅੱਗ ਨੂੰ ਵਡਮੁੱਲੀ ਵਸਤੂ ਸਮਝਿਆ ਜਾਂਦਾ ਸੀ। ਪੱਥਰ ਜਾਂ ਲੱਕੜੀ ਵਿਚੋਂ ਅੱਗ ਨੂੰ ਪ੍ਰਾਪਤ ਕਰਨਾ ਇੰਨਾ ਸੌਖਾ ਨਹੀਂ ਸੀ। ਇਸ ਲਈ ਅੱਗ ਨੂੰ ਘਰ ਵਿਚ ਸੰਭਾਲ ਕੇ ਰੱਖਿਆ ਜਾਂਦਾ ਸੀ ਕਿ ਕਿਤੇ ਬੁਝ ਨਾ ਜਾਏ। ਸੰਸਕ੍ਰਿਤ 'ਅਗਨਿ ਰਕਸ਼ਣ' ਤੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ। ਘਰ ਦਾ ਸੁਆਮੀ ਘਰੇਲੂ ਅੱਗ ਨੂੰ ਆਪਣੇ ਪਿਤਾ ਤੋਂ ਪ੍ਰਾਪਤ ਕਰਦਾ ਅਤੇ ਆਪਣੀ ਸੰਤਾਨ ਦੇ ਹਵਾਲੇ ਕਰਦਾ ਦੱਸਿਆ ਗਿਆ ਹੈ। ਅਜਿਹੀ ਹਾਲਤ ਵਿਚ ਜੇ ਕਿਸੇ ਘਰ ਵਿਚ ਅੱਗ ਬੁਝ ਜਾਂਦੀ ਤਾਂ ਗੁਆਂਢੀਆਂ ਤੋਂ ਮੰਗ ਕੇ ਲਿਆਂਦੀ ਜਾਂਦੀ ਸੀ। ਸਾਡਾ ਅਖਾਣ 'ਅੱਗ ਲੈਣ ਆਈ ਘਰ ਵਾਲੀ ਬਣ ਬੈਠੀ' ਅਜਿਹੀ ਸਥਿਤੀ ਦਾ ਹੀ ਸੂਚਕ ਹੈ। ਜਿਥੋਂ ਤੱਕ ਅੰਗਰੇਜ਼ੀ ਮੂਲਕ ਮਾਚਸ ਦਾ ਸਬੰਧ ਹੈ, ਇਸ ਦਾ ਪੁਰਾਣਾ ਅਰਥ 'ਪਲੀਤਾ' ਹੈ। ਦਰਅਸਲ, ਇਥੇ ਪਲੀਤੇ ਦਾ ਠੀਕ ਭਾਵ ਅਜਿਹੀ ਡੋਰੀ ਜਾਂ ਤੀਲੀ ਹੈ, ਜਿਸ ਨੂੰ ਕਿਸੇ ਸਮੇਂ ਪਿਘਲੀ ਹੋਈ ਗੰਧਕ ਵਿਚ ਡੋਬ ਕੇ ਚਕਮਾਕ ਦੀ ਸਹਾਇਤਾ ਨਾਲ ਅੱਗ ਦਿੱਤੀ ਜਾਂਦੀ ਸੀ। ਇਹ ਸ਼ਬਦ ਅੰਗਰੇਜ਼ੀ Matchlock ਵਿਚ ਵੀ ਮਿਲਦਾ ਹੈ, ਜਿਸ ਦਾ ਅਰਥ 'ਪੁਰਾਣੇ ਵੇਲਿਆਂ ਦੀ ਪਲੀਤੇ ਵਾਲੀ ਬੰਦੂਕ' ਹੈ, ਜਿਸ ਨੂੰ ਅਸੀਂ ਤੋੜੇਦਾਰ ਬੰਦੂਕ ਕਹਿੰਦੇ ਹਾਂ। ਦੂਜੀ ਕਿਸਮ ਦੀ ਬੰਦੂਕ ਨੂੰ, ਜਿਸ ਦੀ ਕਲਾ 'ਤੇ ਚਕਮਾਕ ਲੱਗਾ ਹੁੰਦਾ ਸੀ, ਜੋ ਲੋਹੇ ਨਾਲ ਟਕਰਾ ਕੇ ਅੱਗ ਕਢਦਾ ਸੀ, ਅੰਗਰੇਜ਼ੀ ਵਿਚ Flintlock ਅਤੇ ਪੰਜਾਬੀ ਵਿਚ ਪੱਥਰ-ਕਲਾ ਕਿਹਾ ਜਾਂਦਾ ਹੈ। ਬੰਦੂਕ ਚਲਾਉਣ ਲਈ ਦਾਗਣਾ ਸ਼ਬਦ ਦੀ ਵਰਤੋਂ ਤੋਂ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਸ ਸ਼ਬਦ ਦਾ ਮੂਲ ਅਰਥ ਪਲੀਤੇ ਨੂੰ 'ਅੱਗ ਲਾਉਣਾ' ਹੈ।

ਅੱਗ ਦੀ ਵਰਤੋਂ ਖਾਣਾ ਪਕਾਉਣ ਤੇ ਸਰਦੀ ਤੋਂ ਬਚਣ ਲਈ ਕੀਤੀ ਜਾਂਦੀ। ਚੁੱਲ੍ਹੇ ਦੇ ਮੂਲ ਅਰਥ ਦਾ ਕੁਝ ਪਤਾ-ਥਹੁ ਨਹੀਂ ਲਗਦਾ, ਪਰ ਅੰਗਰੇਜ਼ੀ Oven ਤੋਂ ਪਤਾ ਲਗਦਾ ਹੈ ਕਿ ਪੁਰਾਤਨ ਕਾਲ ਵਿਚ ਮਿੱਟੀ ਦੇ ਭਾਂਡੇ ਨੂੰ ਅੱਗ ਵਿਚ ਰੱਖ ਦਿੰਦੇ ਸਨ ਅਤੇ ਉਸ ਵਿਚ ਖਾਣ ਵਾਲੀ ਚੀਜ਼ ਪਕਾਈ ਜਾਂਦੀ ਸੀ। ਤਦੇ ਹੀ ਅੰਗਰੇਜ਼ੀ ਦਾ ਵਿਚਾਰ ਅਧੀਨ ਸ਼ਬਦ, ਲਾਤੀਨੀ Olla ਦਾ ਸਬੰਧੀ ਮੰਨਿਆ ਜਾਂਦਾ ਹੈ, ਜਿਸ ਦਾ ਅਰਥ 'ਚੌੜੇ ਮੂੰਹ ਵਾਲਾ ਮਿੱਟੀ ਦਾ ਭਾਂਡਾ' ਹੈ।

ਸੰਸਕ੍ਰਿਤ ਅਸ਼ਮਨ ਅਤੇ ਰੂਸੀ kamen ਇਕ ਹੀ ਮੂਲ ਦੇ ਸ਼ਬਦ ਹਨ, ਅਤੇ ਇਨ੍ਹਾਂ ਦਾ ਅਰਥ 'ਪੱਥਰ' ਹੈ। ਇਨ੍ਹਾਂ ਤੋਂ ਬਣੇ ਸ਼ਬਦ ਸੰਸਕ੍ਰਿਤ ਅਸ਼ਮੰਤ ਅਤੇ ਰੂਸੀ Kamin-ਦੋਨਾਂ ਦਾ ਅਰਥ 'ਅੰਗੀਠੀ' ਦਾ ਨਿਕਲਦਾ ਹੈ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਥੇ 'ਅੰਗੀਠੀ' ਦਾ ਇਤਿਹਾਸਕ ਅਰਥ ਪੱਥਰ ਦਾ ਬਣਿਆ ਭਾਂਡਾ ਹੈ, ਜਿਸ ਵਿਚ ਸੇਕਣ ਜਾਂ ਖਾਣਾ ਪਕਾਉਣ ਲਈ ਅੱਗ ਪਾਈ ਜਾਂਦੀ ਸੀ। ਸਾਡੇ ਦੇਸ਼ ਵਿਚ ਸਰਦੀ ਘੱਟ ਹੋਣ ਕਰ ਕੇ ਚੁੱਲ੍ਹੇ-ਚੌਂਕੇ ਦੀ ਗੱਲ ਅੱਗੇ ਨਹੀਂ ਵਧੀ, ਪਰ ਸਰਦ ਦੇਸ਼ਾਂ ਵਿਚ ਚੁੱਲ੍ਹੇ ਦੀ ਬੜੀ ਪੁੱਛ-ਪ੍ਰਤੀਤ ਰਹੀ ਹੈ। ਇਨ੍ਹਾਂ ਦੇਸ਼ਾਂ ਵਿਚ ਚੁੱਲ੍ਹੇ-ਚੌਂਕੇ ਦੀ ਥਾਂ ਘਰ ਦੇ ਵਿਚਕਾਰ ਹੁੰਦੀ ਸੀ ਤਾਂ ਜੋ ਕਮਰਿਆਂ ਨੂੰ ਨਿਘ ਮਿਲ ਸਕੇ। ਇਸ ਤੋਂ ਇਲਾਵਾ ਇਹ ਥਾਂ ਸਾਰੇ ਪਰਿਵਾਰ ਦੇ ਇਕੱਠੇ ਬੈਠਣ ਦਾ ਅੱਡਾ ਵੀ ਸੀ। ਇਸ ਵਿਸ਼ੇਸ਼ਤਾ ਕਾਰਨ ਲਾਤੀਨੀ Focus ਅਰਥਾਤ 'ਚੁੱਲ੍ਹੇ' ਦਾ ਦੂਜਾ ਅਰਥ 'ਪਰਿਵਾਰ ਜਾਂ ਟੱਬਰ' ਹੈ। ਲਾਤੀਨੀ ਦਾ ਇਹ ਸ਼ਬਦ ਅੰਗਰੇਜ਼ੀ Focus ਸ਼ਬਦ ਦੇ ਰੂਪ ਵਿਚ ਵੀ ਮਿਲਦਾ ਹੈ ਜਿਸ ਦਾ ਅਰਥ 'ਕੇਂਦਰ ਬਿੰਦੂ' ਹੈ। ਇਸ ਨਾਲ ਢੁਕਵੀਂ ਮਿਸਾਲ ਰੂਸੀ Ochag ਦੀ ਹੈ, ਜਿਸ ਦਾ ਅਰਥ ਇਕ ਪਾਸੇ ਤਾਂ 'ਚੁੱਲ੍ਹਾ-ਚੌਂਕਾ' ਅਤੇ ਦੂਜੇ ਪਾਸੇ 'ਕੇਂਦਰ ਜਾਂ ਅੱਡਾ' ਹੈ। ਸਰਦ ਦੇਸ਼ਾਂ ਵਿਚ ਚੁੱਲ੍ਹੇ ਦੀ ਮਹਾਨਤਾ ਦਾ ਪਤਾ ਅੰਗਰੇਜ਼ੀ Hearth ਤੋਂ ਵੀ ਲਗਦਾ ਹੈ। ਇਸ ਸ਼ਬਦ ਦਾ ਅਰਥ 'ਚੁੱਲ੍ਹਾ-ਚੌਂਕਾ' ਵੀ ਹੈ ਅਤੇ ਇਸ ਦੇ ਨਾਲ 'ਘਰ-ਬਾਰ' ਵੀ। ਅੱਗ ਨੂੰ ਪਾਚਕ ਸ਼ਕਤੀ ਵੀ ਸਮਝਿਆ ਜਾਂਦਾ ਹੈ। ਸੰਸਕ੍ਰਿਤ ਵਿਚ ਅਗਨਿ ਦਾ ਅਰਥ 'ਪਾਚਕ ਸ਼ਕਤੀ' ਤੋਂ ਇਲਾਵਾ, 'ਪਿੱਤਾ' ਵੀ ਹੈ। ਇਸ ਤਰ੍ਹਾਂ 'ਜਠਰ-ਅਗਨਿ' (ਸ਼ਾਬਦਕ 'ਪੇਟ ਦੀ ਅੱਗ') ਦਾ ਅਰਥ ਭੋਜਨ ਪਚਾਉਣ ਵਾਲੀ ਅੱਗ ਜਾਂ ਪਾਚਕ ਸ਼ਕਤੀ ਹੈ।

ਇਸ ਸੰਦਰਭ ਵਿਚ ਇਹ ਦੇਖਿਆ ਜਾ ਸਕਦਾ ਹੈ ਕਿ ਰੂਸੀ ਵਿਚ Pechen (ਜਿਗਰ), ਅਤੇ Pechka (ਚੁੱਲ੍ਹਾ) ਸ਼ਬਦ ਇਕ ਹੀ ਸਰੋਤ ਦੀ ਉਪਜ ਹਨ ਅਤੇ ਦੋਨਾਂ ਦੇ ਪਿੱਛੇ ਪਕਾਉਣ ਦਾ ਭਾਵ ਕੰਮ ਕਰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜਿਵੇਂ ਚੁੱਲ੍ਹਾ ਭੋਜਨ ਨੂੰ ਪਕਾਉਂਦਾ ਤੇ ਉਸ ਨੂੰ ਖਾਣਯੋਗ ਬਣਾਉਂਦਾ ਹੈ, ਜਿਗਰ (ਜਾਂ ਪਿੱਤਾ) ਵੀ ਖਾਧੇ ਹੋਏ ਭੋਜਨ ਨੂੰ ਪਚਾਉਣ ਵਿਚ ਸਹਾਇਤਾ ਕਰਦਾ ਹੈ।

ਖਾਣਾ ਪਕਾਉਣ ਤੇ ਨਿੱਘ ਲੈਣ ਤੋਂ ਛੁੱਟ, ਅੱਗ ਦੀ ਸਹਾਇਤਾ ਨਾਲ ਮਿੱਟੀ ਦੇ ਬਰਤਨ ਅਤੇ ਇੱਟਾਂ ਦੀ ਪਕਾਈ ਵੀ ਕੀਤੀ ਜਾਂਦੀ ਹੈ। ਫਿਰ ਅੱਗ ਦੇ ਤਾਅ ਨਾਲ ਧਾਤਾਂ ਨੂੰ ਵੀ ਢਾਲਿਆ ਜਾਂਦਾ ਹੈ। ਪਰਖ ਕਰਨ ਲਈ ਸੋਨੇ ਨੂੰ ਵੀ ਢਾਲਿਆ ਜਾਂਦਾ ਹੈ। ਇਸ ਕ੍ਰਿਆ ਨੂੰ ਅਗਨੀ ਪਰੀਖਿਆ ਕਿਹਾ ਜਾਂਦਾ ਹੈ (ਕਿਸੇ ਸਮੇਂ ਸੱਚ ਝੂਠ ਦੀ ਪਰਖ ਲਈ ਕਥਿਤ ਦੋਸ਼ੀ ਨੂੰ ਵੀ ਅੱਗ ਦੇ ਤਸੀਹੇ ਦਿੱਤੇ ਜਾਂਦੇ ਸਨ)। 'ਅਗਨੀ-ਪਰੀਖਿਆ' ਦੇ ਟਾਕਰੇ 'ਤੇ ਅੰਗਰੇਜ਼ੀ Test ਸ਼ਬਦ ਪੇਸ਼ ਕੀਤਾ ਜਾ ਸਕਦਾ ਹੈ। ਇਸ ਦਾ ਵਰਤਮਾਨ ਅਰਥ 'ਜਾਂਚ ਪੜਤਾਲ ਜਾਂ ਪਰੀਖਿਆ' ਹੈ, ਜਦੋਂ ਕਿ ਇਸ ਦਾ ਇਤਿਹਾਸਕ ਅਰਥ ਕੇਵਲ 'ਮਿੱਟੀ ਦੀ ਪਿਆਲੀ ਜਾਂ ਕੁਠਾਲੀ' ਹੈ ਜਿਸ ਵਿਚ ਸੋਨੇ ਨੂੰ ਢਾਲ ਕੇ ਉਸ ਦੇ ਸ਼ੁੱਧ ਹੋਣ ਦੀ ਪਰਖ ਕੀਤੀ ਜਾਂਦੀ ਹੈ। ਆਦਿ-ਕਾਲੀਨ ਮਨੁੱਖ ਰਾਤ ਦੇ ਹਨੇਰੇ ਵਿਚ ਆਪਣੇ ਆਪ ਨੂੰ



ਅਸੁਰੱਖਿਅਤ ਮਹਿਸੂਸ ਕਰਦਾ ਸੀ। ਇਸ ਹਾਲਤ ਵਿਚ ਉਸ ਨੂੰ ਜੰਗਲੀ ਜਾਨਵਰਾਂ, ਕੀੜੇ ਮਕੌੜਿਆਂ ਅਤੇ ਭੂਤ ਪ੍ਰੇਤਾਂ ਦਾ ਖਦਸ਼ਾ ਰਹਿੰਦਾ ਸੀ। ਲੋਅ ਦੀ ਪ੍ਰਾਪਤੀ ਲਈ, ਪਹਿਲਾਂ ਪਹਿਲ ਮਨੁੱਖ ਨੇ ਘਾਹ ਫੂਸ ਜਾਂ ਲੱਕੜੀ ਆਦਿ ਦੀ ਵਰਤੋਂ ਕੀਤੀ। 'ਲੂਕਾ, ਚੁਆਤੀ ਤੇ ਮਸ਼ਾਲ' ਇਸ ਪੱਧਰ ਦੇ ਸ਼ਬਦ ਹਨ। ਮਿੱਟੀ ਦੇ ਦੀਵੇ ਦੀ ਕਾਢ, ਜਿਸ ਵਿਚ ਚਰਬੀ ਜਾਂ ਬਨਸਪਤੀ ਤੇਲ, ਅਤੇ ਰੂੰ ਦੀ ਬਣੀ ਬੱਤੀ ਦੀ ਵਰਤੋਂ ਹੁੰਦੀ ਸੀ, ਮਨੁੱਖੀ ਸਭਿਅਤਾ ਦੇ ਇਤਿਹਾਸ ਦਾ ਅਹਿਮ ਪੜਾਅ ਹੈ। 'ਬੱਤੀ' ਦਾ ਆਪਣਾ ਅਰਥ ਤਾਂ ਕੇਵਲ ਵੱਟੀ ਹੋਈ ਚੀਜ਼ ਹੈ। ਹੌਲੀ-ਹੌਲੀ ਬੱਤੀ ਦਾ ਅਧਿਕਾਰ ਵਧਦਾ ਗਿਆ ਅਤੇ ਇਹ ਦੀਵੇ 'ਤੇ ਹੀ ਨਹੀਂ, ਬਲਕਿ ਲਾਲਟੈਨ ਅਤੇ ਬਿਜਲੀ 'ਤੇ ਵੀ ਭਾਰੂ ਹੋ ਗਈ। ਪੁਰਾਣੀ ਆਦਤ ਤੋਂ ਮਜਬੂਰ ਅਸੀਂ ਬਿਜਲੀ ਦਾ ਬਟਨ 'ਖੋਲ੍ਹਣਾ ਜਾਂ ਬੰਦ ਕਰਨਾ' ਕਹਿਣ ਦੀ ਬਜਾਏ, 'ਬੱਤੀ ਬਾਲਣ ਜਾਂ ਬੁਝਾਉਣ' ਦੀ ਹੀ ਗੱਲ ਕਰਦੇ ਹਾਂ। ਪੰਜਾਬੀ ਵਿਚ ਮਿਲਦੇ 'ਲਾਲਟੈਣ, ਲੈਂਪ, ਗੈਸ, ਫਾਨੂਸ' ਸਾਰੇ ਯੂਨਾਨੀ ਅਸਲੇ ਦੇ ਸ਼ਬਦ ਹਨ। 'ਮੋਮਬੱਤੀ' ਵਿਚ 'ਮੋਮ' ਫਾਰਸੀ ਦਾ ਸ਼ਬਦ ਹੈ। ਰੋਮਨ, ਧਾਰਮਿਕ ਰਸਮਾਂ ਵਿਚ ਮੋਮਬੱਤੀ ਦੀ ਵਰਤੋਂ ਆਮ ਕਰਦੇ ਸਨ। ਅੰਗਰੇਜ਼ੀ 'ਟਾਰਚ' ਦਾ ਪੁਰਾਣਾ ਅਰਥ 'ਘਾਹ-ਫੂਸ ਨੂੰ ਲਪੇਟ ਕੇ ਬਣਾਈ 'ਲੂਕਾ ਜਾਂ ਮਸ਼ਾਲ' ਹੈ। ਟਾਰਚ ਲਈ ਬੈਟਰੀ ਦੀ ਵਰਤੋਂ ਪੰਜਾਬੀ ਦੀ ਵਿਸ਼ੇਸ਼ ਕਾਢ ਹੈ, ਕਿਉਂਕਿ ਅੰਗਰੇਜ਼ੀ ਵਿਚ ਇਸ ਦਾ ਅਰਥ ਟਾਰਚ ਵਿਚ ਪੈਣ ਵਾਲਾ ਸੈਲ ਹੈ, ਟਾਰਚ ਨਹੀਂ।

ਅੱਗ ਨੂੰ ਬੜਾ ਪਵਿੱਤਰ ਤੇ ਪੂਜਨੀਕ ਮੰਨਿਆ ਗਿਆ ਹੈ। ਰਿਗਵੇਦ ਦਾ ਅਰੰਭ ਹੀ ਅਗਨੀ ਦੇਵਤੇ ਦੀ ਉਸਤਤ ਨਾਲ ਹੁੰਦਾ ਹੈ। ਇਹ ਦੇਵਤਾ ਲਾਲ ਘੋੜਿਆਂ ਵਾਲਾ ਅਤੇ ਸੱਤਾਂ ਜੀਭਾਂ ਵਾਲਾ ਮਿਥਿਆ ਗਿਆ ਹੈ। ਇਸ ਦੇ ਕੇਸ ਅੱਗ ਦੀਆਂ ਲਾਟਾਂ ਦੇ ਤੁਲ ਹਨ। ਅੱਗ ਆਦਿ ਦੀ ਧਾਰਮਿਕ ਰਸਮ ਵਿਚ ਇਸ ਨੂੰ ਤਿਲ, ਘਿਓ ਆਦਿ ਦੀ ਭੇਟਾ ਦਿੱਤੀ ਜਾਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਦੇਵਤਾ ਭੇਟਾ ਨੂੰ ਦੂਜੇ ਦੇਵਤਿਆਂ ਤੱਕ ਪਹੁੰਚਾਉਂਦਾ ਹੈ। ਵਿਆਹ ਦੀ ਰਸਮ ਵਿਚ ਇਸ ਨੂੰ ਸਾਖੀ ਬਣਾਇਆ ਜਾਂਦਾ ਹੈ। ਇਸ ਦੀ ਹਜ਼ੂਰੀ ਵਿਚ ਕੀਤਾ ਪ੍ਰਣ ਭੰਗ ਕਰਨਾ ਵੱਡਾ ਪਾਪ ਸਮਝਿਆ ਜਾਂਦਾ ਹੈ। ਅਗਨਿ ਸਾਕਸ਼ਿਕ ਦਾ ਅਰਥ ਵਿਆਹ ਸਮੇਂ, ਅਗਨੀ-ਦੇਵ ਜਾਂ ਪਵਿੱਤਰ ਅੱਗ ਦੀ ਗਵਾਹੀ ਹੈ। ਚੁੱਲ੍ਹੇ ਚੌਂਕੇ ਵਾਲੀ ਥਾਂ ਨੂੰ ਅੱਜ ਵੀ ਅਸੀਂ ਬੜਾ ਪਵਿੱਤਰ ਮੰਨਦੇ ਹਾਂ। ਇਸ ਦੇ ਪਿਛੋਕੜ ਵਿਚ ਵੀ ਅੱਗ ਦੀ ਪਵਿੱਤਰਤਾ ਦਾ ਹੱਥ ਹੈ। ਦੀਵੇ ਬਾਲ ਕੇ ਦੇਵਤਿਆਂ ਦੀ ਪੂਜਾ ਅਰਥਾਤ ਆਰਤੀ ਕਰਨਾ ਵੀ ਅੱਗ ਦੀ ਮਾਨਤਾ ਦੀ ਨਿਸ਼ਾਨੀ ਹੈ। ਪੁਰਾਤਨ ਈਰਾਨੀ ਵੀ ਅੱਗ ਨੂੰ ਬੜਾ ਪੂਜਨੀਕ ਤੇ ਪਵਿੱਤਰ ਮੰਨਦੇ ਸਨ। ਈਰਾਨੀ ਵਿਚ ਪਵਿੱਤਰ ਅੱਗ ਅਤੇ ਅੱਗ ਦੇ ਦੇਵਤੇ ਲਈ ਆਜ਼ਰ ਦਾ ਸ਼ਬਦ ਹੈ, ਜਿਸ ਦਾ ਮੁਢਲਾ ਰੂਪ ਆਤਰ ਹੈ। ਫਾਰਸੀ ਦਾ ਇਹ ਸ਼ਬਦ, ਪ੍ਰਾਚੀਨ ਸੰਸਕ੍ਰਿਤ ਅਥਰ, ਅਰਥਾਤ ਅੱਗ ਨਾਲ ਸਬੰਧਤ ਹੈ, ਜਿਸ ਨੂੰ ਅਥਰਵਨ (ਅੱਗ ਦੀ ਪੂਜਾ ਨਾਲ ਸਬੰਧਤ ਪੁਜਾਰੀ) ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਭਾਰਤ ਵਾਸੀਆਂ ਅਤੇ ਈਰਾਨੀਆਂ ਵਾਂਗ ਰੋਮਨ ਵੀ ਅੱਗ ਦੀ ਪਵਿੱਤਰਤਾ ਵਿਚ ਵਿਸ਼ਵਾਸ ਰੱਖਦੇ ਸਨ। ਲਾਤੀਨੀ Ignis ਅਰਥਾਤ 'ਅੱਗ' ਦੇ ਹੋਰ ਅਰਥ 'ਪਵਿੱਤਰ ਅੱਗ' ਅਤੇ 'ਵੇਦੀ' ਦੇ ਵੀ ਹਨ। ਰੋਮਨ Vesta ਨੂੰ ਚੁੱਲ੍ਹੇ-ਚੌਂਕੇ ਦੀ ਦੇਵੀ ਮੰਨਦੇ ਸਨ। ਰੋਮ ਵਿਚ ਵੇਸਤਾ ਦੇਵੀ ਦਾ ਮੰਦਿਰ ਸੀ, ਜਿਸ ਵਿਚ ਅੱਗ ਨਿਰੰਤਰ ਜਲਦੀ ਰਹਿੰਦੀ ਸੀ, ਇਸ ਮੰਦਿਰ ਦੀ ਦੇਖ ਭਾਲ ਲਈ ਕੁਆਰੀਆਂ ਕੁੜੀਆਂ ਪੁਜਾਰਨਾਂ ਦਾ ਕੰਮ ਕਰਦੀਆਂ ਸਨ। ਇਹ ਜ਼ਰੂਰੀ ਸੀ ਕਿ ਇਹ ਪੁਜਾਰਨਾਂ ਚੰਗੀ ਕੁਲ ਦੀਆਂ ਹੋਣ। ਉਨ੍ਹਾਂ ਦੇ ਮਾਂ-ਬਾਪ ਜੀਂਦੇ ਹੋਣ ਅਤੇ ਉਨ੍ਹਾਂ ਵਿਚ ਕੋਈ ਸਰੀਰਕ ਕਜ ਨਾ ਹੋਵੇ। ਇਸ ਤੋਂ ਇਲਾਵਾ, ਰੋਮਨ Vulcan ਨੂੰ ਅੱਗ ਅਤੇ ਧਾਤ-ਸਾਜ਼ੀ ਦਾ ਦੇਵਤਾ ਮੰਨਦੇ ਸਨ। ਈਸਾਈ ਧਰਮ ਦੇ ਪ੍ਰਸਾਰ ਨਾਲ ਉਪਰੋਕਤ ਰੀਤੀਆਂ ਅਤੇ ਵਿਸ਼ਵਾਸਾਂ ਦਾ ਦੇਵਤਾ ਮੰਨਦੇ ਸਨ। ਈਸਾਈ ਧਰਮ ਦੇ ਪ੍ਰਸਾਰ ਨਾਲ ਉਪਰੋਕਤ ਰੀਤੀਆਂ ਅਤੇ ਵਿਸ਼ਵਾਸਾਂ ਦਾ ਅੰਤ ਹੋ ਗਿਆ। ਯੂਨਾਨੀ ਮਿਥਿਹਾਸ ਅਨੁਸਾਰ ਪ੍ਰੋਮੀਥੀਅਸ ਲੋਕਾਂ ਦੀ ਭਲਾਈ ਲਈ ਸੁਰਗ ਤੋਂ ਅੱਗ ਚੋਰੀ ਕਰ ਕੇ ਲਿਆਇਆ, ਜਿਸ ਕਰ ਕੇ ਉਸ ਬਚਾਰੇ ਨੂੰ ਬੜੀ ਸਜ਼ਾ ਭੁਗਤਣੀ ਪਈ। ਸੰਸਕ੍ਰਿਤ ਵਿਚ ਵੀ ਅੱਗ ਸਬੰਧੀ ਮਿਥਿਹਾਸਕ ਕਥਾ ਹੈ। ਇਸ ਮੁਜਬ ਵਡਵਾਗਨ ਦਾ ਮੂਲ ਅਰਥ 'ਵਡਵਾ' ਅਰਥਾਤ 'ਘੋੜੀ' ਦੇ ਮੂੰਹ ਵਿਚੋਂ ਨਿਕਲਣ ਵਾਲੀ ਅੱਗ ਹੈ। ਕਿਹਾ ਜਾਂਦਾ ਹੈ ਕਿ ਇਹ ਭੂ-ਗਰਭੀ ਅੱਗ ਹੈ ਜਿਸ ਦਾ ਨਿਕਾਸ-ਸੋਮਾ ਦੱਖਣੀ ਧਰੁਵ ਹੈ। ਇਸ ਤੋਂ ਇਲਾਵਾ ਵਡਵਾ ਨੂੰ ਸੂਰਜ ਦੇਵਤੇ ਦੀ ਪਤਨੀ ਵੀ ਕਿਹਾ ਗਿਆ ਹੈ।

ਮਨੁੱਖੀ ਇਤਿਹਾਸ ਵਿਚ ਅੱਗ ਦੀ ਕਾਢ ਬੜੀ ਵਿਚਿੱਤਰ ਘਟਨਾ ਹੈ। ਅੱਗ ਨੇ ਮਨੁੱਖ ਨੂੰ ਜਿੰਨਾ ਸੁਖ ਦਿੱਤਾ, ਮਨੁੱਖ ਨੇ ਵੀ ਉਸ ਦਾ ਪੂਰਾ ਮੁੱਲ ਤਾਰਿਆ। ਅੱਗ ਸਬੰਧੀ ਯਾਦਾਂ ਮਿਥਿਹਾਸ ਦੇ ਧੁੰਦਲਕਿਆਂ ਵਿਚ ਵਲ੍ਹੇਟੀਆਂ ਪਈਆਂ ਹਨ। ਪੂਜਨੀਕ ਗ੍ਰੰਥਾਂ ਵਿਚ ਇਸ ਦੀ ਮਹਿਮਾ ਅਤੇ ਬੋਲਬਾਲਾ ਹੈ। ਕਈ ਧਾਰਮਿਕ ਰੀਤੀਆਂ ਅਤੇ ਵਿਸ਼ਵਾਸ ਇਸ ਦੇ ਦੁਆਲੇ ਘੁੰਮਦੇ ਹਨ। ਹਜ਼ਾਰਾਂ ਸਾਲ ਲੰਘਣ ਦੇ ਬਾਵਜੂਦ ਇਤਿਹਾਸ ਤੇ ਸਭਿਅਤਾ ਦੇ ਇਸ ਪੜਾਅ 'ਤੇ ਜਨਾਨੀਆਂ ਰੋਟੀਆਂ ਪਕਾਉਂਦੀਆਂ ਪਹਿਲੀ ਟਿੱਕੀ ਚੁੱਲ੍ਹੇ ਦੀ ਭੇਟ ਕਰਦੀਆਂ ਹਨ।

**ਮਨੁੱਖ ਨੇ ਪੱਥਰ 'ਤੇ ਪੱਥਰ ਮਾਰ ਕੇ ਅੱਗ ਦੀ ਕਾਢ ਕੱਢੀ। ਇਸ ਤੋਂ ਇਲਾਵਾ, ਸੁੱਕੀ ਲੱਕੜ ਵਿਚੋਂ ਵੀ ਅੱਗ ਪ੍ਰਾਪਤ ਕੀਤੀ ਗਈ। ਇਸ ਵਿਧੀ ਅਨੁਸਾਰ ਲੱਕੜ ਦੇ ਇਕ ਟੋਟੇ ਵਿਚ ਡੂੰਘ ਪਾ ਕੇ ਦੂਜੀ ਲੱਕੜ ਨੂੰ ਮਧਾਣੀ ਵਾਂਗ ਉਸ ਵਿਚ ਘੁਮਾਇਆ ਜਾਂਦਾ ਸੀ। ਇਸ ਤਰ੍ਹਾਂ ਘਿਸਰ ਨਾਲ ਅੱਗ ਦੀਆਂ ਚੰਗਿਆੜੀਆਂ ਨਿਕਲਦੀਆਂ ਸਨ, ਜੋ ਕੋਲ ਰੱਖੀ ਰੂੰ ਜਾਂ ਸੁੱਕੇ ਪੱਤਿਆਂ ਨੂੰ ਛੂਹ ਕੇ ਅੱਗ ਬਾਲ ਦਿੰਦੀਆਂ ਸਨ।**



# ਪੰਜਾਬੀ ਫਿਲਮਾਂ, ਵਿਰਾਸਤ ਤੇ ਦਿਖਾਵਟ

**ਸੁਰਿੰਦਰ ਮੱਲ੍ਹੀ**
ਫੋਨ: +91-99154-93043

ਕੁਝ ਚਿਰ ਪਹਿਲਾਂ ਮੇਰੇ ਨਜ਼ਦੀਕੀ ਦੋਸਤ ਹਰੀ ਦੱਤ ਨੇ ਪੁਰਾਣਾ ਅਨੁਭਵ ਸਾਂਝਾ ਕਰਦਿਆਂ ਵਿਰਾਸਤੀ ਫ਼ਿਲਮਾਂ ਨੂੰ ਪਰਿਭਾਸ਼ਿਤ ਕੀਤਾ। ਹਰੀ ਦੱਤ ਅਨੁਸਾਰ ਫ਼ਿਲਮ 'ਉਡੀਕਾਂ' ਦੇ ਨਿਰਮਾਤਾਵਾਂ ਨੇ ਉਸ 'ਤੇ ਦਬਾਅ ਪਾਇਆ ਕਿ ਉਹ ਪੰਜਾਬ ਦੀ ਵਿਰਾਸਤ ਨਾਲ ਸਬੰਧਿਤ ਕੋਈ ਫ਼ਿਲਮ ਲਿਖੇ ਅਤੇ ਨਿਰਦੇਸ਼ਿਤ ਕਰੇ। ਨਿਰਮਾਤਾਵਾਂ ਅਨੁਸਾਰ 'ਉਡੀਕਾਂ' ਵਿਚ ਪੁਰਾਣੇ ਰੀਤੀ ਰਿਵਾਜਾਂ ਅਤੇ ਸਭਿਆਚਾਰ ਦਾ ਬੋਲਬਾਲਾ ਹੋਣਾ ਚਾਹੀਦਾ ਸੀ।

ਹਰੀ ਦੱਤ ਨੇ ਆਪਣੇ ਨਿਰਮਾਤਾਵਾਂ ਦੇ ਦ੍ਰਿਸ਼ਟੀਕੋਣ ਨੂੰ ਵਧੇਰੇ ਸਪਸ਼ਟ ਕਰਦਿਆਂ ਕਿਹਾ, "ਮੈਂ ਪੰਜਾਬ ਦੀ ਉਸ ਵਿਰਾਸਤ ਨੂੰ ਉਜਾਗਰ ਕਰਾਂਗਾ ਜਿਸ ਦਾ ਸਬੰਧ ਦਿੱਖ ਨਾਲ ਨਹੀਂ, ਸਗੋਂ ਪੰਜਾਬ ਦੀ ਅੰਤਰੀਵ ਆਤਮਾ ਨਾਲ ਹੈ। ਵਿਰਾਸਤ ਦੇ ਨਾਂ 'ਤੇ ਮੈਂ ਸਿਰਫ਼ ਕੱਚੇ ਘਰ ਹੀ ਨਹੀਂ ਦਿਖਾਵਾਂਗਾ, ਸਗੋਂ ਉਹ ਸਭਿਆਚਾਰ ਦਿਖਾਵਾਂਗਾ ਜਿਹੜਾ ਸਦੀਵੀ ਹੈ ਅਤੇ ਪੰਜਾਬ ਦੇ ਕਣ ਕਣ ਵਿਚ ਵਸਿਆ ਹੋਇਆ ਹੈ।"

ਉਂਜ, ਇਥੇ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਪੰਜਾਬੀ ਵਿਰਾਸਤ ਅਤੇ ਸਭਿਆਚਾਰ ਬੜੇ ਹੀ ਵਿਆਪਕ ਸ਼ਬਦ ਹਨ। ਪ੍ਰਿੰਸੀਪਲ ਤੇਜਾ ਸਿੰਘ ਅਤੇ ਪ੍ਰੋਫ਼ੈਸਰ ਪੂਰਨ ਸਿੰਘ ਨੇ ਇਨ੍ਹਾਂ ਵਿਸ਼ਿਆਂ ਸਬੰਧੀ ਕਈ ਸਿਧਾਂਤਕ ਲੇਖ ਲਿਖੇ ਹਨ। ਪੰਜਾਬੀ ਵਿਰਾਸਤ ਦਾ ਸਰਲੀਕਰਨ ਕਦੇ ਵੀ ਸੰਭਵ ਨਹੀਂ ਹੋਇਆ ਅਤੇ ਨਾ ਹੀ ਕੋਈ ਬੁੱਧੀਜੀਵੀ ਇਸ ਨੂੰ ਸੰਪੂਰਨ ਰੂਪ ਵਿਚ ਉਲੀਕਣ ਦਾ ਦਾਅਵਾ ਕਰ ਸਕਦਾ ਹੈ।

ਲਿਹਾਜ਼ਾ, ਹਰੀ ਦੱਤ ਨੇ ਪੰਜਾਬ ਦਾ ਇਕ ਹੀ ਪੱਖ ਆਪਣੀ ਫ਼ਿਲਮ ਲਈ ਚੁਣਿਆ- ਇਸ ਸੂਬੇ ਦੀਆਂ ਉਹ ਵਿਧਵਾ ਔਰਤਾਂ ਜਿਹੜੀਆਂ ਆਪਣੇ ਫ਼ੌਜੀ ਪਤੀ ਦੀ ਜੰਗ ਵਿਚ ਹੋਈ ਮੌਤ ਤੋਂ ਬਾਅਦ ਸੰਘਰਸ਼ ਕਰਦੀਆਂ ਹਨ ਅਤੇ ਇਸ ਸਮਾਜ ਵਿਚ ਸਿਰ ਉਚਾ ਕਰ ਕੇ ਵਿਚਰਦੀਆਂ ਹਨ। ਇਸ ਕਥਾਨਕ ਦੀ ਸੰਵੇਦਨਸ਼ੀਲਤਾ ਦੇ ਆਲੇ ਦੁਆਲੇ ਹੀ ਉਸ ਨੇ ਪੰਜਾਬ ਦੇ ਜਨ ਜੀਵਨ ਅਤੇ ਪੁਰਾਣੇ ਰੀਤੀ ਰਿਵਾਜਾਂ ਦਾ ਵੀ ਜਾਲ ਬੁਣਿਆ ਸੀ। ਕਹਿਣ ਦੀ ਲੋੜ ਨਹੀਂ ਹੈ ਕਿ 'ਉਡੀਕਾਂ' ਸਫ਼ਲ ਕਮਰਸ਼ਲ ਕਲਾ ਫ਼ਿਲਮ ਸੀ।


ਫਿਲਮ 'ਲਹੌਰੀਏ' ਵਿਚ ਅਦਾਕਾਰਾ ਨਿਮਰਤ ਖਹਿਰਾ।

ਇਸ ਪਿਛੋਕੜ ਨੂੰ ਇਥੇ ਉਲੀਕਣ ਦਾ ਮਤਲਬ ਇਹ ਹੈ ਕਿ ਮੌਜੂਦਾ ਸਮੇਂ ਵਿਚ ਇਸ ਵਿਰਾਸਤੀ ਸਿਨੇਮਾ ਦਾ ਪੰਜਾਬੀ ਫ਼ਿਲਮਾਂ ਦੇ ਪ੍ਰਸੰਗ ਵਿਚ ਜ਼ਿਕਰ ਕੀਤਾ ਜਾ ਰਿਹਾ ਹੈ, ਪਰ ਉਹ ਪਹਿਲਾਂ ਹੀ ਇਸ ਸੂਬਾਈ ਸਿਨੇਮਾ ਦੇ ਆਧਾਰ ਵਿਚ ਮੌਜੂਦ ਸੀ। ਕੀ ਗੁਰਦਾਸ ਮਾਨ ਦੀ ਕਿਰਤ 'ਵਾਰਿਸ ਸ਼ਾਹ' ਪੰਜਾਬ ਦੇ ਪੁਰਾਤਨ ਸਭਿਆਚਾਰ ਦਾ ਸ਼ੀਸ਼ਾ ਪੇਸ਼ ਨਹੀਂ ਕਰਦੀ ਸੀ? ਇਸੇ ਤਰ੍ਹਾਂ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਵਿਚ ਉਸ ਨੇ 1947 ਦੀ ਪੰਜਾਬ ਵੰਡ ਦਾ ਬੜਾ ਹੀ ਭਾਵਪੂਰਤ ਚਿਤਰਨ ਕੀਤਾ ਸੀ।

ਉਂਜ, ਕਹਿਣ ਨੂੰ ਤਾਂ ਦਾਰਾ ਸਿੰਘ ਨੇ ਵੀ ਪੰਜਾਬੀ ਵਿਰਸੇ ਨੂੰ ਪ੍ਰਮੁਖਤਾ ਦੇਣ ਲਈ ਕਈ ਵਿਸ਼ੇ ਛੋਹੇ ਸਨ। 'ਨਾਨਕ ਦੁਖੀਆ ਸਭ ਸੰਸਾਰ' ਸਮਾਜਿਕ-ਧਾਰਮਿਕ ਕਿਰਤ ਸੀ ਜਿਸ ਵਿਚ ਪੰਜਾਬ ਦੀ ਵੰਡ ਤੋਂ ਲੈ ਕੇ ਪਰਿਵਾਰਕ ਵਿਛੋੜੇ ਤਕ ਨੂੰ ਪੇਸ਼ ਕੀਤਾ ਗਿਆ ਸੀ। ਸਿੱਖ ਇਤਿਹਾਸ ਨੂੰ ਲੈ ਕੇ ਵੀ ਦਾਰਾ ਸਿੰਘ ਨੇ 'ਸਵਾ ਲਾਖ ਸੇ ਏਕ ਲੜਾਊਂ" ਦਾ ਨਿਰਮਾਣ ਕੀਤਾ ਸੀ। ਇਹ ਵੱਖਰੀ ਗੱਲ ਹੈ ਕਿ ਦਰਸ਼ਕਾਂ ਨੇ ਇਸ ਦੀ ਪੇਸ਼ਕਾਰੀ 'ਤੇ ਇਤਰਾਜ਼ ਉਠਾਏ ਸਨ, ਪਰ ਸਿੱਖ ਇਤਿਹਾਸ ਨੂੰ ਲੈ ਕੇ ਹੀ ਐਨੀਮੇਸ਼ਨ ਕਿਰਤ 'ਚਾਰ ਸਾਹਿਬਜ਼ਾਦੇ' ਨੂੰ ਦਰਸ਼ਕਾਂ ਦਾ ਭਰਪੂਰ ਸਮਰਥਨ ਮਿਲਿਆ ਸੀ। ਕੀ ਇਹ ਫ਼ਿਲਮ ਪੰਜਾਬੀ ਵਿਰਸੇ ਦਾ ਅਦੁੱਤੀ ਨਮੂਨਾ ਨਹੀਂ ਸੀ?

ਇਸ ਲਈ ਜਦੋਂ ਅਜੋਕੇ ਪ੍ਰਸੰਗ ਵਿਚ ਪੰਜਾਬੀ ਫ਼ਿਲਮਾਂ ਲਈ 'ਵਿਰਾਸਤੀ' ਵਿਸ਼ੇਸ਼ਣ ਜੋੜਿਆ ਜਾਂਦਾ ਹੈ ਤਾਂ ਇਹ ਤਰਕਹੀਣ ਲੱਗਦਾ ਹੈ। ਪੰਜਾਬੀ ਸਿਨੇਮਾ ਦਾ ਇਹ ਵਰਤਮਾਨ ਵਿਰਾਸਤੀ ਫ਼ਿਲਮਾਂ ਵਾਲਾ ਦੌਰ 'ਅੰਗਰੇਜ਼' ਅਤੇ 'ਲਵ ਪੰਜਾਬ' ਤੋਂ ਮੰਨਿਆ ਜਾਂਦਾ ਹੈ। ਬਾਅਦ ਵਿਚ ਇਹੀ ਲੇਬਲ 'ਬੰਬੂਕਾਟ', 'ਲਾਹੌਰੀਏ' ਅਤੇ 'ਚੰਨਾ ਮੇਰਿਆ' ਨਾਲ ਵੀ ਚਿਪਕਾ ਦਿੱਤਾ ਗਿਆ। ਅਜਿਹਾ ਕਿਉਂ?

ਇਸ ਪ੍ਰਸ਼ਨ ਦਾ ਸਪਸ਼ਟ ਜਵਾਬ ਹੈ ਕਿ ਨਿਰਮਾਤਾਵਾਂ ਨੇ ਆਪਣੀਆਂ ਫ਼ਿਲਮਾਂ ਵਿਚ ਨਵੀਨਤਾ ਦਾ ਰੰਗ ਘੋਲਣ ਲਈ ਇਹ ਤਿਕੜਮ ਲਗਾਈ ਸੀ। ਜੇ ਬਾਰੀਕੀ ਨਾਲ ਇਨ੍ਹਾਂ ਫ਼ਿਲਮਾਂ ਦਾ ਜਾਇਜ਼ਾ ਲਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਵਿਰਾਸਤੀਪਣ ਤਾਂ ਵਰਿੰਦਰ ਤੋਂ ਲੈ ਕੇ ਮਨਮੋਹਨ ਸਿੰਘ ਦੀਆਂ ਫ਼ਿਲਮਾਂ ਵਿਚ ਵੀ ਮੌਜੂਦ ਸੀ, ਸਗੋਂ ਇਨ੍ਹਾਂ ਸ਼ਖਸਾਂ ਨੇ ਪੰਜਾਬ ਦੇ ਆਧੁਨਿਕ ਸਭਿਆਚਾਰ ਨੂੰ ਵੀ ਆਪਣੀਆਂ ਫ਼ਿਲਮਾਂ ਦਾ ਆਧਾਰ ਬਣਾਇਆ ਸੀ। ਵਰਿੰਦਰ ਨੇ ਪੰਜਾਬ ਦੀ ਹਰੀ ਕ੍ਰਾਂਤੀ ਅਤੇ ਉਸ ਤੋਂ ਪੈਦਾ ਹੋਏ ਪ੍ਰਭਾਵ ਦਿਖਾਏ ਸਨ। ਉਸ ਨੇ 'ਸਰਪੰਚ', 'ਬਲਬੀਰੋ ਭਾਬੀ' ਅਤੇ 'ਜੱਟ ਅਤੇ ਜ਼ਮੀਨ' ਵਰਗੀਆਂ ਅਨੇਕਾਂ ਫ਼ਿਲਮਾਂ ਰਾਹੀਂ ਪੰਜਾਬ ਦੇ ਵਿਰਸੇ ਵਿਚ ਆ ਰਹੀ ਤਬਦੀਲੀ ਨੂੰ ਲੋਕਪ੍ਰਿਯਾ ਢੰਗ ਨਾਲ ਪੇਸ਼ ਕੀਤਾ ਸੀ। ਪੰਜਾਬ ਦੇ ਅਖਾੜੇ ਅਤੇ ਖੁੱਲ੍ਹੇ ਖੇਤਾਂ ਦਾ ਚਿਤਰਨ ਕਰ ਕੇ ਉਸ ਨੇ ਇਸ ਪ੍ਰਾਂਤ ਦੀ ਬਹੁਰੰਗੀ ਜੀਵਨਸ਼ੈਲੀ ਦਾ ਨਮੂਨਾ ਵੀ ਪੇਸ਼ ਕੀਤਾ ਸੀ।


ਮਨਮੋਹਨ ਸਿੰਘ ਨੇ ਪਰਵਾਸੀ ਪੰਜਾਬੀਆਂ ਦੇ ਬਦਲ ਰਹੇ ਦ੍ਰਿਸ਼ਟੀਕੋਣ ਨੂੰ 'ਜੀ ਆਇਆਂ ਨੂੰ' ਅਤੇ 'ਮੇਰਾ ਪਿੰਡ' ਰਾਹੀਂ ਉਜਾਗਰ ਕੀਤਾ ਸੀ। ਉਂਜ ਵੀ ਇਸ ਨਿਰਦੇਸ਼ਕ 'ਤੇ ਇਹ ਦੋਸ਼ ਹਮੇਸ਼ਾਂ ਹੀ ਲੱਗਦਾ ਰਿਹਾ ਹੈ ਕਿ ਉਹ ਘੜੀ ਮੁੜੀ ਪਰਵਾਸੀ ਪੰਜਾਬੀਆਂ ਨਾਲ ਸਬੰਧਿਤ ਵਿਸ਼ਿਆਂ ਨੂੰ ਹੀ ਦੁਹਰਾਉਂਦਾ ਰਹਿੰਦਾ ਹੈ, ਪਰ ਸਾਡਾ ਅਸਲੀ ਉਦੇਸ਼ ਇਹ ਸਿੱਧ ਕਰਨਾ ਹੈ ਕਿ ਪੰਜਾਬੀ ਦੀਆਂ ਵਿਰਾਸਤੀ ਸ਼੍ਰੇਣੀ ਵਾਲੀਆਂ ਫ਼ਿਲਮਾਂ ਪਹਿਲਾਂ ਵੀ ਮੌਜੂਦ ਸਨ। ਇਸ ਵੇਲੇ ਜਿਨ੍ਹਾਂ ਵਿਰਾਸਤੀ ਫ਼ਿਲਮਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਪੰਜਾਬ ਦੇ ਵਿਰਸੇ ਦੀਆਂ ਦਿਖਾਵਟੀ ਫ਼ਿਲਮਾਂ ਤਾਂ ਜ਼ਰੂਰ ਹਨ, ਪਰ ਉਨ੍ਹਾਂ ਵਿਚ ਕਿਸੇ ਵੀ ਤਰ੍ਹਾਂ ਦਾ ਸਦੀਵੀਪਣ ਅਤੇ ਸਰਬਵਿਆਪਕ ਆਕਰਸ਼ਣ ਨਜ਼ਰ ਨਹੀਂ ਆਉਂਦਾ।

ਲਿਹਾਜ਼ਾ, ਫਿਲਮ ਨਿਰਦੇਸ਼ਕ ਹਰੀ ਦੱਤ ਦੀ ਇਹ ਦਲੀਲ ਵਜ਼ਨ ਰੱਖਦੀ ਹੈ ਕਿ ਕੱਚੇ ਪਿੰਡ ਅਤੇ ਭਾਰਤ-ਪਾਕਿਸਤਾਨ ਦੀ ਪੰਜਾਬ ਸਰਹੱਦ ('ਲਾਹੌਰੀਏ') ਦੇ ਦ੍ਰਿਸ਼ ਦਿਖਾ ਕੇ ਹੀ ਪੰਜਾਬ ਦੀ ਵਿਰਾਸਤ ਨੂੰ ਉਜਾਗਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਆਵਾਜਾਈ ਦੇ ਆਧੁਨਿਕ ਸਾਧਨਾਂ ('ਬੰਬੂਕਾਟ') ਦਾ ਹਵਾਲਾ ਦੇ ਕੇ ਪੰਜਾਬ ਦੇ ਸਭਿਆਚਾਰਕ ਵਿਰਸੇ ਨੂੰ ਸਥਿਰਤਾ ਦਿੱਤੀ ਜਾ ਸਕਦੀ ਹੈ। ਇਸ ਮਹਾਨ ਸਭਿਆਚਾਰ ਨੂੰ ਗਲੈਮਰ ਦਾ ਤੜਕਾ ਲਾਉਣ ਦੀ ਜ਼ਰੂਰਤ ਨਹੀਂ ਸਗੋਂ ਉਸ ਜਗ੍ਹਾ ਨੂੰ ਤਲਾਸ਼ ਕਰਨ ਦਾ ਉਪਰਾਲਾ ਹੋਣਾ ਚਾਹੀਦਾ ਹੈ ਜਿਥੇ 'ਜੱਟ ਬੂਟ ਮੇਰੇ ਯਾਰ ਓ' (ਪ੍ਰੋ. ਪੂਰਨ ਸਿੰਘ) ਸੱਚਮੁੱਚ ਨਜ਼ਰ ਆਉਣ।

# ਸਨਿਫ!!! ਉਰਫ ਬੱਚਿਆਂ ਦਾ ਮੇਲਾ

**ਗੁਰਜੰਟ ਸਿੰਘ**

ਫਿਲਮ ਅਦਾਕਾਰ, ਨਿਰਦੇਸ਼ਕ ਅਤੇ ਲਿਖਾਰੀ ਅਮੋਲ ਗੁਪਤੇ ਆਪਣੀ ਵਿਲੱਖਣ ਪ੍ਰਤਿਭਾ ਸਦਕਾ ਇਕ ਵਾਰ ਫਿਰ ਚਰਚਾ ਵਿਚ ਹੈ। ਹੁਣੇ ਹੁਣੇ ਉਸ ਦੀ ਨਵੀਂ ਫਿਲਮ 'ਸਨਿਫ!!!' ਰਿਲੀਜ਼ ਹੋਈ ਹੈ। 'ਸਨਿਫ!!!' ਬੱਚਿਆਂ ਦੀ ਫਿਲਮ ਹੈ ਜਿਸ ਵਿਚ ਬਹੁਤ ਵੱਡਾ ਸੁਨੇਹਾ ਦਿੱਤਾ ਗਿਆ ਹੈ। ਕੁਝ ਫਿਲਮ ਆਲੋਚਕਾਂ ਨੇ ਕਿਹਾ ਹੈ ਕਿ ਫਿਲਮ ਹੋਰ ਬਿਹਤਰ ਬਣ ਸਕਦੀ ਸੀ, ਪਰ ਇਹ ਫਿਲਮ ਦਰਸ਼ਕਾਂ ਦਾ ਧਿਆਨ ਖਿੱਚਣ ਵਿਚ ਕਾਮਯਾਬ ਰਹੀ ਹੈ ਅਤੇ ਇਸ ਦੀ ਉਂਜ ਵੀ ਖੂਬ ਚਰਚਾ ਹੋਈ ਹੈ। ਉਸ ਨੂੰ ਇਸ ਕਰ ਕੇ ਵੀ ਸ਼ਾਬਾਸ਼ ਮਿਲ ਰਹੀ ਹੈ ਕਿ ਉਸ ਨੇ ਪਹਿਲਾਂ ਵਾਂਗ ਹੀ ਰੀਤ ਨਾਲੋਂ ਹਟ ਕੇ ਫਿਲਮ ਬਣਾਈ ਹੈ।




'ਸਨਿਫ!!!' ਰਾਹੀਂ ਖੁਸ਼ਮੀਤ ਗਿੱਲ ਦੇ ਰੂਪ ਵਿਚ ਫਿਲਮ ਸਨਅਤ ਨੂੰ ਇਕ ਹੋਰ ਚੰਗਾ ਕਲਾਕਾਰ ਵੀ ਮਿਲ ਗਿਆ ਹੈ। ਫਿਲਮ ਦੀ ਕਹਾਣੀ ਵੀ ਉਸੇ ਦੁਆਲੇ ਹੀ ਘੁੰਮਦੀ ਹੈ। ਉਸ ਦੀ ਸੁੰਘਣ ਸ਼ਕਤੀ ਸਿਫਰ ਹੈ, ਪਰ ਇਕ ਦਿਨ ਲੈਬਾਰਟਰੀ ਵਿਚ ਅਚਾਨਕ ਕੁਝ ਤੱਤਾਂ ਦੇ ਮਿਲਾਪ ਤੋਂ ਬਾਅਦ ਹੋਈ ਪ੍ਰਕਿਰਿਆ ਪਿਛੋਂ ਉਸ ਦਾ ਇਹ ਔਗੁਣ ਖਤਮ ਹੋ ਜਾਂਦਾ ਹੈ। ਹੁਣ ਤਾਂ ਉਹ ਬਹੁਤ ਦੂਰ ਤੋਂ ਕੁਝ ਵੀ ਸੁੰਘਣ ਦੇ ਸਮਰੱਥ ਹੋ ਜਾਂਦਾ ਹੈ! ਸਿੱਟੇ ਵਜੋਂ ਉਹ ਲੋਕਾਂ ਦੇ ਵਧੇਰੇ ਕੰਮ ਆਉਣ ਲੱਗ ਪੈਂਦਾ ਹੈ। ਸੁਸਾਇਟੀ ਦੀ ਚੋਰੀ ਹੋਈ ਕਾਰ ਲੱਭਣ ਲਈ ਅਮੋਲ ਗੁਪਤੇ ਨੇ ਇਸ ਫਿਲਮ ਵਿਚ ਜੋ ਬਿਰਤਾਂਤ ਪੇਸ਼ ਕੀਤਾ ਹੈ, ਉਹ ਕਮਾਲ ਹੈ। ਇਸ ਤੋਂ ਉਸ ਦੀ ਵਿਲੱਖਣ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਅਸਲ ਵਿਚ ਅਮੋਲ ਗੁਪਤੇ ਸਾਡੇ ਜੀਵਨ ਵਿਚੋਂ, ਸਾਡੇ ਹੀ ਕੁਝ ਪਲ ਚੋਰੀ ਕਰ ਕੇ ਪਰਦੇ ਉਤੇ ਪੇਸ਼ ਕਰ ਰਿਹਾ ਹੈ। ਹਰ ਕੋਈ ਆਪਣੇ ਆਪ ਨੂੰ ਇਨ੍ਹਾਂ ਪਲਾਂ ਨਾਲ ਜੁੜਿਆ ਮਹਿਸੂਸ ਕਰਦਾ ਹੈ।


ਅਮੋਲ ਗੁਪਤੇ

1962 ਵਿਚ ਮਹਾਰਾਸ਼ਟਰ ਵਿਚ ਜੰਮਿਆ ਅਮੋਲ ਗੁਪਤੇ 'ਤਾਰੇ ਜ਼ਮੀਨ ਪਰ' ਵਰਗੀ ਫਿਲਮ ਲਿਖ ਚੁੱਕਾ ਹੈ। ਮਸ਼ਹੂਰ ਅਦਾਕਾਰ ਆਮਿਰ ਖ਼ਾਨ ਦੀ ਇਹ ਫਿਲਮ ਵੀ ਬੱਚਿਆਂ ਬਾਰੇ ਹੀ ਸੀ। ਇਸ ਤੋਂ ਇਲਾਵਾ ਉਸ ਨੇ 'ਹਵਾਈ ਹਵਾਈ' ਅਤੇ 'ਸਟੇਨਲੀ ਕਾ ਢਾਬਾ' ਫਿਲਮਾਂ ਵੀ ਲਿਖੀਆਂ ਹਨ। 'ਸਨਿਫ!!!' ਤੋਂ ਇਲਾਵਾ ਉਸ ਨੇ 'ਏਕ ਤਾਰਾ', 'ਸਿੰਘਮ ਰਿਟਰਨਜ਼', 'ਭੇਜਾ ਫ੍ਰਾਈ', 'ਸਟੇਨਲੀ ਕਾ ਢਾਬਾ', 'ਊਰੂਮੀ', 'ਫਸ ਗਏ ਰੇ ਓਬਾਮਾ', 'ਕਮੀਨੇ', 'ਜੋ ਜੀਤਾ ਵਹੀ ਸਿਕੰਦਰ' ਅਤੇ 'ਹੋਲੀ' ਵਰਗੀਆਂ ਫਿਲਮਾਂ ਵਿਚ ਆਪਣੀ ਉਮਦਾ ਅਦਾਕਾਰੀ ਦੇ ਜੌਹਰ ਦਿਖਾਏ। 'ਤਾਰੇ ਜ਼ਮੀਨ ਪਰ' ਫਿਲਮ ਦਾ ਆਰਟ ਡਾਇਰੈਕਟਰ ਵੀ ਅਮੋਲ ਗੁਪਤੇ ਹੀ ਸੀ। ਇਸ ਫਿਲਮ ਦੀ ਆਰਟ ਡਾਇਰੈਕਸ਼ਨ ਦੀ ਖੂਬ ਚਰਚਾ ਹੋਈ ਸੀ। ਇਨ੍ਹਾਂ ਸਾਰੀਆਂ ਖੂਬੀਆਂ ਤੋਂ ਇਲਾਵਾ ਅਮੋਲ ਗੁਪਤੇ ਚੰਗਾ ਪ੍ਰਸ਼ਾਸਕ ਵੀ ਸਾਬਤ ਹੋਇਆ ਹੈ। ਉਸ ਨੇ 2012 ਤੋਂ 2015 ਤੱਕ ਚਿਲਡਰਨ'ਜ਼ ਫਿਲਮ ਸੁਸਾਇਟੀ ਦੇ ਮੁਖੀ ਵਜੋਂ ਵੀ ਸੇਵਾਵਾਂ ਨਿਭਾਈਆਂ। ਇਹ ਸੁਸਾਇਟੀ 1955 ਵਿਚ ਹੋਂਦ ਵਿਚ ਆਈ ਸੀ ਅਤੇ ਇਸ ਦਾ ਮੁੱਖ ਮਕਸਦ ਬੱਚਿਆਂ ਬਾਰੇ ਫਿਲਮਾਂ ਦਾ ਨਿਰਮਾਣ ਕਰਨਾ/ ਕਰਵਾਉਣਾ ਹੈ।


ਖੁਸ਼ਮੀਤ ਗਿੱਲ

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 1345 Bridgecreek Way, Hayward, CA 94544
2. 3322 Jericho ln, San Jose, CA 95117
3. 2365 Clairette Place, Manteca, CA 95337
4. 2775 Caminito Ave, Yuba City, CA 95991
5. 2497 Glen Exter Way, San Jose, CA 95148
6. 5828 Newgate Ct., San Jose, CA 95138
7. 3897 Mars Ct, San Jose, CA 95135
8. 133 Orchard Park Pl., Hayward, CA 94544
9. 4234 Monet Dr., Stockton, CA 95206

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner 2014, 2015 & 2016
Grand Master Award Winner 2012 & 2013

E-mail: jassi@jassigill.com
or
Visit us @ www.jassigill.com for hot listings

Follow us on zillow.com and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095



SIKH GURDWARA SAN JOSE
3636 Gurdwara Ave, San Jose, CA 95148
First Parkash Diwas
2nd Annual Nagar Kirtan
PARKING
GURDWARA AVE
GURDWARA AVE
QUIMBY RD
ABORN RD
RUBY AVE
Sunday, September 3, 2017
(Labor Day Weekend)
From 11 AM to 4 PM
Free Parking & Shuttle From Evergreen Valley High School, Chaboya Middle School & Carolyn Clark Elementary School.
ਭਾਈ ਸਰਬਜੀਤ ਸਿੰਘ ਜੀ
Bhai Mohinder Singh Bajwa
Head Granthi
Sikh Gurdwara San Jose
Bhai Dharam Singh Ji
Hazoori Ardaasia Darbar Sahib
Bhai Harcharan Singh Khalsa
Hazuri Ragi
Sri Darbar Sahib Amritsar
Bhai Jaswinder Singh Ji
Sabka Head Granthi
Sri Darbar Sahib, Amritsar
Katha By
Bhai Sahib Singh Ji
Canada Wale
Bhai Sarbjit Singh Laddi
Hazuri Ragi
Sri Darbar Sahib, Amritsar
Dhadi Jatha Bhai Amarjit Singh Johal
(Bidhipuria)
Writer of "Patta Patta Singhan Da Vairi"
Designed by:
MEEKA STUDIO
Jasvir Singh Powar
Radio Punjab
PTC PUNJABI
Program Schedule:
Special Kirtan & Katha Divaans From 8/20/2017 To 9/4/2017
8/20/17 To 9/4/2017- Kirtan Darbar Bhai Harcharan Singh Khalsa, Bhai Sarbjit Singh Laddi.
9/2/2017- Gatka Competion California Gatka Dal From 8 AM to 8 PM.
IN SERVICE OF SANGAT- SIKH GURDWARA SAN JOSE PARBANDHAK COMMITTEE
Event Co-ordinator
Surjit Singh Bains
408-394-3595
Event Co-ordinator
Jasvir Singh Powar
408-416-7200
Religious Affairs
Sukhdev Singh Baniwal
408-421-9463
Political Affairs
Bhuphindar (Bob) S. Dhillon
408-568-0034
General Enquiries
Amrinder Singh Jhajj
408-600-7857
Kirpal Singh Atwal
408-835-7712
Head Granthie
Bhai Mohinder Singh Bajwa
408-274-9373
For Langar Sewa Harjinder S. Ladhar 408-904-9158, Kuldeep Shergill 408-230-8319. For Booths Khuswinderpal Singh 408-507-1290
For more info visit www.sanjosegurdwara.org